**TAJ INSURANCE SERVICES**

*Local or Long Haul Trucking (48 States) *Personal or Commercial Lines *Standard or Non Satandard Market *Auto and Home package Available

To beat your rates, Visit or Call
**Gurdawar S. Mann Or Pal Rai**
37485 Fremont Blvd, #D, Fremont, CA 94536
Ph:(510)739-1700, Fax (510)740-3451
Note: Also Income Tax filing Available


Gurdawar S. Mann
Lic#0F34231

**Hardeep S.Rai** Attorney-at-Law
**ਇੰਮੀਗਰੇਸ਼ਨ ਵਕੀਲ**

➡ਨੌਂਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ ➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ

SAN FRANCISCO
TEL: 415.693.9131
FAX: 415.693.9135

rai@hsrai.com
www.hsrai.com

SAN JOSE
TEL: 408.280.1111
FAX: 408.280.1212

**ਇਮੀਗਰੇਸ਼ਨ ਸੇਵਾਵਾਂ**
**ਫੈਮਿਲੀ ਲਾਅ**

**Kuldip Singh Dhariwal**
Attorney At Law
Tel: (510) 744-1280
Fax: (510) 744-4192


ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538
E-mail: kuldipdhariwal@yahoo.com



Eleventh Year in Publication ਕੈਲੇਫੋਰਨੀਆ ਐਡੀਸ਼ਨ Price 50¢

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 11, Issue 7, February 13, 2010 20451 N Plum Grove Rd. Palatine, IL 60074 Ph:847-359-0746, Fax:847-705-9388



## ਸ਼ਾਹਰੁਖ ਤੇ ਰਾਹੁਲ ਸਾਹਮਣੇ ਠਾਕਰੇ ਲਾਣਾ ਮਾਤ

**ਬਿੰਦਰ ਬਸਰਾ**

ਮੁੰਬਈ ਵਿਚ ਮਰਾਠੀ ਅਤੇ ਗੈਰ ਮਰਾਠੀ ਦੇ ਮੁੱਦੇ 'ਤੇ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਵਲੋਂ ਸ਼ਿਵ ਸੈਨਾ ਨੂੰ ਉਸ ਦੇ ਘਰ ਜਾ ਕੇ ਚੁਣੌਤੀ ਦੇਣ ਪਿਛੋਂ ਬਾਲ ਠਾਕਰੇ ਦੇ ਤੇਵਰ ਕੁਝ ਢਿੱਲੇ ਪੈ ਗਏ ਨਜ਼ਰ ਆ ਰਹੇ ਹਨ। ਉਂਜ ਵੀ ਬਾਲ ਠਾਕਰੇ 'ਤੇ ਹੁਣ ਬੁਢੇਪਾ ਭਾਰੂ ਹੋਣ ਲੱਗਾ ਹੈ। ਸ਼ਿਵ ਸੈਨਾ ਪ੍ਰਮੁੱਖ ਬਾਲ ਠਾਕਰੇ ਅਤੇ ਫਿਲਮ ਅਭਿਨੇਤਾ ਸ਼ਾਹਰੁਖ ਖਾਨ ਵਿਚਾਲੇ ਛਿੜਿਆ ਵਿਵਾਦ ਵੀ ਉਸ ਵੇਲੇ ਪਿਛਲਖੁਰੀ ਹੋ ਗਿਆ ਜਦੋਂ ਸ਼ਿਵ ਸੈਨਾ ਨੇ ਸ਼ਾਹਰੁਖ ਦੀ ਫਿਲਮ 'ਮਾਈ ਨੇਮ ਇਜ਼ ਖਾਨ' ਦਾ ਵਿਰੋਧ ਨਾ ਕਰਨ ਦਾ ਐਲਾਨ ਕਰ ਦਿੱਤਾ ਪਰ ਆਈ.ਪੀ.ਐਲ 'ਚ ਪਾਕਿਸਤਾਨੀ ਖਿਡਾਰੀਆਂ ਦੇ ਹਿੱਸਾ ਲੈਣ ਨਾਲ ਜੁੜੀ ਟਿੱਪਣੀ ਲਈ ਉਨ੍ਹਾਂ ਨੂੰ ਗੱਦਾਰ ਕਰਾਰ ਦਿੱਤਾ। ਉਧਰ ਸ਼ਾਹਰੁਖ ਖਾਨ ਨੇ ਕਿਹਾ ਹੈ ਕਿ ਮੇਰੇ ਬਿਆਨ ਦਾ ਗਲਤ ਮਤਲਬ ਕੱਢਿਆ ਗਿਆ ਹੈ ਪਰ ਵਿਵਾਦ ਨੂੰ ਸੁਲਝਾਉਣ ਲਈ ਉਸ ਨੇ ਬਾਲ ਠਾਕਰੇ ਕੋਲ ਜਾਣ ਤੋਂ ਇਨਕਾਰ ਕੀਤਾ ਹੈ। ਇਸਦੇ ਬਾਵਜੂਦ ਮੀਡੀਆ ਦੇ ਕੁਝ ਹਿੱਸੇ ਦਾ ਮੰਨਣਾ ਹੈ ਕਿ ਸ਼ਾਹਰੁਖ ਅਤੇ ਸ਼ਿਵ ਸੈਨਾ 'ਚ ਗੁਪਤ ਸਮਝੌਤਾ ਹੋਇਆ ਹੈ।

'ਮੁੰਬਈ ਮੁੰਬਈ ਵਾਲਿਆਂ ਦੀ ਹੈ' ਅਤੇ 'ਮਰਾਠੀ ਮਾਨੁਸ਼' ਵਾਲੇ ਨਾਅਰੇ ਵਿਰੁਧ ਸ਼ਿਵ ਸੈਨਾ ਦੀਆਂ ਧਮਕੀਆਂ ਦਰਮਿਆਨ ਰਾਹੁਲ ਗਾਂਧੀ 5 ਫਰਵਰੀ ਨੂੰ ਮੁੰਬਈ ਦੌਰੇ 'ਤੇ ਗਏ, ਲੋਕਲ ਟਰੇਨ 'ਚ ਸਫਰ ਕੀਤਾ ਅਤੇ ਸ਼ਿਵ ਸੈਨਾ ਦੇ ਗੜ੍ਹ 'ਚ ਏ.ਟੀ.ਐਮ. 'ਚੋਂ ਪੈਸੇ ਕਢਵਾਏ। ਇਸ ਦੌਰਾਨ ਉਨ੍ਹਾਂ ਨੂੰ ਸ਼ਿਵ ਸੈਨਾ ਵਰਕਰਾਂ ਨੇ ਕਾਲੇ ਝੰਡੇ ਦਿਖਾਏ ਅਤੇ ਉਨ੍ਹਾਂ ਦੀ ਸਭਾ ਵਾਲੀ ਥਾਂ ਭਾਈਦਾਸ ਹਾਲ 'ਚ ਵੜਨ ਦੀ ਕੋਸ਼ਿਸ਼ ਕੀਤੀ ਪਰ ਪੁਖਤਾ ਸੁਰੱਖਿਆ ਪ੍ਰਬੰਧਾਂ ਕਾਰਨ ਰਾਹੁਲ ਗਾਂਧੀ ਦਾ ਪ੍ਰੋਗਰਾਮ ਸਫਲਤਾ ਨਾਲ ਸਿਰੇ ਚੜ੍ਹ ਗਿਆ।

ਰਾਹੁਲ ਗਾਂਧੀ ਨੇ ਉਥੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਅਖੰਡ ਭਾਰਤ ਦਾ ਨਾਅਰਾ ਦਿੱਤਾ ਅਤੇ ਕਿਹਾ ਕਿ ਮੇਰੇ ਪਿਤਾ ਮੁੰਬਈ 'ਚ ਪੈਦਾ ਹੋਏ ਤੇ ਮਾਂ ਇਟਲੀ 'ਚ। ਮੇਰੇ ਪੜਨਾਨਾ ਇਲਾਹਾਬਾਦ 'ਚ ਪੈਦਾ ਹੋਏ। ਉਹ ਮੂਲ ਤੌਰ ਤੇ ਜੰਮੂ ਕਸ਼ਮੀਰ ਦੇ ਸਨ। ਮੈਂ ਇਹ ਜਾਣਦਾ ਹਾਂ ਕਿ ਮੈਂ ਭਾਰਤੀ ਹਾਂ ਅਤੇ ਭਾਰਤ ਨਾਲ ਸਬੰਧ ਰੱਖਦਾ ਹਾਂ। ਸਾਨੂੰ ਵੱਖਵਾਦ ਦੀ ਸਿਆਸਤ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਤੋਂ ਡਰਨਾ ਨਹੀਂ ਚਾਹੀਦਾ।




ਇਥੇ ਜ਼ਿਕਰਯੋਗ ਹੈ ਕਿ ਸ਼ਿਵ ਸੈਨਾ ਵਲੋਂ ਧਮਕੀਆਂ ਦਾ ਦਿੱਤੇ ਜਾਣਾ ਕੋਈ ਨਵੀਂ ਗੱਲ ਨਹੀਂ। ਧਮਕੀਆਂ ਦਾ ਇਹ ਸਿਲਸਿਲਾ ਕਾਫੀ ਪੁਰਾਣਾ ਹੈ। ਬਾਲ ਠਾਕਰੇ ਨੇ ਸਭ ਤੋਂ ਪਹਿਲਾਂ ਸੁਪਰ ਸਟਾਰ ਅਮਿਤਾਭ ਬੱਚਨ, ਫਿਰ ਉਸ ਤੋਂ ਬਾਅਦ ਸਭ ਤੋਂ ਵੱਡੇ ਉਦਯੋਗਪਤੀ ਮੁਕੇਸ਼ ਅੰਬਾਨੀ, ਦੇਸ਼ ਦੇ ਸਭ ਤੋਂ ਵੱਡੇ ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ ਅਤੇ ਹੁਣ ਸ਼ਾਹਰੁਖ ਖਾਨ ਨੂੰ ਆਪਣੇ ਸ਼ਬਦੀ ਬਾਣਾਂ ਦਾ ਨਿਸ਼ਾਨਾ ਬਣਾਇਆ ਹੈ।

ਇਹ ਵੀ ਚੇਤੇ ਰਹੇ ਕਿ ਸ਼ਿਵ ਸੈਨਾ ਅਤੇ ਮਹਾਰਾਸ਼ਟਰ ਨਵ ਨਿਰਮਾਣ ਸੈਨਾ (ਮਨਸੇ) ਦਰਮਿਆਨ ਆਪਣੇ ਰਾਜਸੀ ਗਲਬੇ ਲਈ ਲੱਗੀਆਂ ਬੁਰਦਾਂ ਕਾਰਨ ਦੋਵੇਂ ਗੈਰ ਮਰਾਠੀਆਂ ਵਿਰੁਧ ਇਕ ਦੂਜੇ ਨਾਲੋਂ ਵਧ ਕੇ ਬਿਆਨ ਦਾਗਦੇ ਰਹਿੰਦੇ ਹਨ। ਰਾਹੁਲ ਗਾਂਧੀ ਨਾਲ ਟਕਰਾਉਣ ਦਾ ਸਬੱਬ ਵੀ ਸ਼ਿਵ ਸੈਨਾ ਦਾ 'ਮੁੰਬਈ ਮੁੰਬਈ ਵਾਲਿਆਂ ਦੀ

*(ਬਾਕੀ ਸਫਾ 2 'ਤੇ)*

## ਕੇਂਦਰ ਵੱਲੋਂ ਕਾਸ਼ਤ ਦੀ ਇਜਾਜ਼ਤ ਦੇਣ ਤੋਂ ਨਾਂਹ

**ਨਵੀਂ ਦਿੱਲੀ:** ਕੇਂਦਰ ਨੇ ਦੇਸ਼ ਵਿਚ ਬੀਟੀ ਬੈਂਗਣ ਦੀ ਵਪਾਰਕ ਖੇਤੀ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ ਹੈ। ਗੌਰਤਲਬ ਹੈ ਕਿ ਸਰਕਾਰ ਦੇ ਅੰਦਰੋਂ ਅਤੇ ਬਾਹਰੋਂ ਇਸ ਦਾ ਜ਼ੋਰਦਾਰ ਵਿਰੋਧ ਹੋ ਰਿਹਾ ਸੀ। ਬੈਂਗਣ ਦੇ ਜੈਨੇਟਿਕ ਆਧਾਰ ਉਤੇ ਸੋਧੇ ਹੋਏ ਇਸ ਰੂਪ ਨੂੰ ਕੀੜਿਆਂ ਦਾ ਵਧ ਮਜ਼ਬੂਤੀ ਨਾਲ ਮੁਕਾਬਲਾ ਕਰਨ ਦੇ ਸਮਰੱਥ ਦੱਸਿਆ ਜਾਂਦਾ ਹੈ।

ਸਰਕਾਰ ਦੇ ਇਸ ਫੈਸਲੇ ਦਾ ਐਲਾਨ ਇੱਥੇ ਵਾਤਾਵਰਣ ਅਤੇ ਜੰਗਲਾਤ ਮੰਤਰੀ ਜੈਰਾਮ ਰਮੇਸ਼ ਨੇ ਕੀਤਾ। 9 ਫਰਵਰੀ ਨੂੰ ਇਥੇ ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸਾਇੰਸਦਾਨਾਂ ਅਤੇ ਦੂਜੀਆਂ ਸਬੰਧਤ ਧਿਰਾਂ ਵਿਚ 'ਕੋਈ ਸਪਸ਼ਟ ਆਮ ਰਾਇ' ਨਹੀਂ ਬਣ ਸਕੀ ਤੇ ਇਸ ਲਈ ਬੀਟੀ ਬੈਂਗਣ ਦੀ ਕਾਸ਼ਤ ਨੂੰ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਇਸ ਲਈ ਹਾਲੇ ਹੋਰ ਅਧਿਐਨ ਦੀ ਲੋੜ ਹੈ।

ਕਾਹਲ ਵਿਚ ਸੱਦੀ ਪ੍ਰੈਸ ਕਾਨਫਰੰਸ ਦੌਰਾਨ ਸ੍ਰੀ ਰਮੇਸ਼ ਨੇ ਕਿਹਾ, "ਅਜਿਹੀ ਕੋਈ ਕਾਹਲ ਵਾਲੀ ਗੱਲ ਨਹੀਂ ਹੈ ਕਿ ਇਸ ਨੂੰ ਹੁਣੇ ਹੀ ਲਾਗੂ ਕੀਤਾ ਜਾਵੇ...ਜਦੋਂ ਲੋਕਾਂ ਦੀਆਂ

*(ਬਾਕੀ ਸਫਾ 2 'ਤੇ)*

## ਕੈਪਟਨ ਦੇ ਸਿਤਾਰੇ ਚਮਕੇ, ਬੇਅੰਤ ਸਿੰਘ ਪਰਿਵਾਰ ਹਮਾਇਤ 'ਤੇ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਕਾਂਗਰਸ ਹਾਈ ਕਮਾਨ ਦੀ ਦੁਬਿਧਾ ਦੀ ਭਾਵੇਂ ਛੇਤੀ ਕੀਤਿਆਂ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ ਪਰ ਜਿਸ ਕਿਸਮ ਦੇ ਆਸਾਰ ਬਣ ਰਹੇ ਹਨ ਉਸ ਤੋਂ ਇਹੋ ਜਾਪਦਾ ਹੈ ਕਿ ਆਖ਼ਿਰ ਕਾਂਗਰਸ ਹਾਈਕਮਾਨ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਫੜਾਉਣ ਦਾ ਮਨ ਬਣਾ ਰਹੀ ਹੈ। ਇਥੇ ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਮਹਿੰਦਰ ਸਿੰਘ ਕੇ ਪੀ ਅਤੇ ਬੀਬੀ ਰਜਿੰਦਰ ਕੌਰ ਭੱਠਲ ਦੇ ਧੜੇ ਵਲੋਂ ਪੰਜਾਬ ਵਿਚ ਕਾਂਗਰਸ ਦੀ ਵਿਆਪਕ ਮੈਂਬਰਸ਼ਿਪ ਭਰਤੀ ਕੀਤੇ ਜਾਣ ਦੀਆਂ ਖ਼ਬਰਾਂ ਛੱਪੀਆਂ ਸਨ ਅਤੇ ਇਸਦੇ ਨਾਲ ਹੀ ਇਸ ਮੈਂਬਰਸ਼ਿਪ ਦੇ ਜਾਅਲੀ ਹੋਣ ਦੇ ਖਦਸ਼ੇ ਵੀ ਜ਼ਾਹਿਰ ਕੀਤੇ ਗਏ ਸਨ। ਇਸ ਸਮੁੱਚੀ ਚਰਚਾ ਦੇ ਦਰਮਿਆਨ ਪੰਜਾਬ ਕਾਂਗਰਸ ਦੀ ਨਵੀਂ ਲੀਡਰਸ਼ਿਪ ਦੀ ਚਰਚਾ ਵੀ ਹਵਾ ਵਿਚ ਰਹੀ ਹੈ। ਇਹ ਕਿਹਾ ਜਾਣ ਲੱਗਾ ਸੀ ਕਿ ਕਿਉਂਕਿ ਕੇਪੀ-ਭੱਠਲ ਧੜੇ ਨੇ ਪੰਜਾਬ ਵਿਚ ਵਿਆਪਕ ਪੱਧਰ ਤੇ ਕਾਂਗਰਸ ਦੀ ਮੈਂਬਰਸ਼ਿਪ ਹਾਸਿਲ ਕਰ ਲਈ ਹੈ ਇਸ ਲਈ ਪੰਜਾਬ ਕਾਂਗਰਸ ਦੀ ਲੀਡਰਸ਼ਿਪ ਵੀ ਉਸ ਕੋਲ ਜਾ ਸਕਦੀ ਹੈ। ਪਰ ਹੁਣ ਇਹ ਸੰਕੇਤ ਸਾਹਮਣੇ ਆ ਰਹੇ ਹਨ ਕਿ ਪੰਜਾਬ ਵਿਚ ਕਾਂਗਰਸ ਦੀ ਲੀਡਰਸ਼ਿਪ ਹਾਈਕਮਾਨ ਦੀ ਮਰਜ਼ੀ ਨਾਲ ਹੀ ਸਥਾਪਿਤ ਕੀਤੀ ਜਾਵੇਗੀ। ਇਸ ਸਥਿਤੀ ਵਿਚ ਕੇਪੀ-ਭੱਠਲ ਧੜੇ ਵਲੋਂ ਵੱਡੀ ਪੱਧਰ 'ਤੇ ਭਰਤੀ ਕੀਤੀ ਗਈ ਕਥਿਤ ਮੈਂਬਰਸ਼ਿਪ ਬੇਮਾਇਨੇ ਹੋ ਕੇ

*(ਬਾਕੀ ਸਫਾ 6 'ਤੇ)*


Delo
Mobil Delvac
GILL EXPRESS
ROTELLA T
**WASH, TIRE & REPAIR**

CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO
WESTLEY @ HWY 5, JOE'S TRAVEL PLAZA

**ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ**
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਦਿਓ

**Call Gill 661-301-8978**

**ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ**

Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।

ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।

*Raja Indian Cuisine & Bar*
Ph: 510-264-9300
1275 W Winton Ave
Hayward, CA 94545

Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587

ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।

Call Makhan Bains or Ravinder Singh for your next party
Or visit us: www.rajasweets.com

**Law Offices Of Manpreet S. Gahra**

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ


*Manpreet S.Gahra*
*Attorney At Law*

*Berkeley Office*
*2161 Shattuck Ave. #304, Berkeley*
Ph. 510-841-4582
Fax: 510-217-6847

*Sacramento Office*
Call For Appointments
Ph. 916-924-1617
*Email:manpreet@gahralaw.com*

## ਕੇਂਦਰ ਵੱਲੋਂ ਕਾਸ਼ਤ ਦੀ ਇਜਾਜ਼ਤ ਦੇਣ ਤੋਂ ਨਾਂਹ

ਭਾਵਨਾਵਾਂ ਇਸ ਦੇ ਐਨੀਆਂ ਖਿਲਾਫ ਹਨ ਤਾਂ ਮੇਰਾ ਇਹ ਫਰਜ਼ ਹੈ ਕਿ ਮੈਂ ਇਸ ਮੁੱਤਲਕ ਚੌਕਸੀ, ਇਹਤਿਆਤ ਅਤੇ ਸਿਧਾਂਤ ਅਧਾਰਤ ਪਹੁੰਚ ਅਵਣਾਗਾਂ।'' ਗੌਰਤਲਬ ਹੈ ਕਿ ਪਹਿਲੇ ਪ੍ਰੋਗਰਾਮ ਮੁਤਾਬਕ ਇਹ ਪ੍ਰੈੱਸ ਕਾਨਫਰੰਸ ਬੁੱਧਵਾਰ ਨੂੰ ਹੋਣੀ ਸੀ।

ਉਨ੍ਹਾਂ ਕਿਹਾ 'ਮੈਂ ਉਦੋਂ ਤੱਕ ਇਸ ਦੇ ਹੱਕ ਵਿਚ ਫੈਸਲਾ ਨਹੀਂ ਲਵਾਂਗਾ ਜਦੋਂ ਤੱਕ ਆਜ਼ਾਦ ਵਿਗਿਆਨੀ ਖੋਜਾਂ ਤੋਂ ਇਹ ਤੈਅ ਨਹੀਂ ਹੋ ਜਾਂਦਾ ਕਿ ਇਸ ਸਬਜ਼ੀ ਦਾ ਲੰਮੇ ਸਮੇਂ ਦੌਰਾਨ ਮਨੁੱਖੀ ਸਿਹਤ ਉਤੇ ਕੋਈ ਮਾੜਾ ਅਸਰ ਨਹੀਂ ਪਵੇਗਾ।'' ਉਨ੍ਹਾਂ ਕਿਹਾ ਕਿ ਇਹ ਇਕ ਬੜਾ ਔਖਾ ਫੈਸਲਾ ਸੀ, ਜਿਸ ਵਿਚ ਉਨ੍ਹਾਂ ਨੂੰ ਸਾਇੰਸ, ਸਮਾਜ, ਉਤਪਾਦਕਾਂ ਅਤੇ ਖਪਤਕਾਰਾਂ ਨਾਲ ਸਬੰਧਤ ਅਨੇਕਾਂ ਮੁੱਦਿਆਂ ਦਾ ਖਿਆਲ ਰੱਖਣ ਦੀ ਲੋੜ ਸੀ।

ਉਨ੍ਹਾਂ ਨਾਲ ਹੀ ਸਪਸ਼ਟ ਕੀਤਾ ਕਿ ਸਰਕਾਰ ਦਾ ਇਹ ਫੈਸਲਾ ਸਿਰਫ ਬੀਟੀ ਬੈਂਗਣ ਉਤੇ ਹੀ ਲਾਗੂ ਹੋਵੇਗਾ। ਜੀਨ ਸੋਧਤ ਦੂਜੀਆਂ ਫਸਲਾਂ ਜਿਵੇਂ ਭਿੰਡੀ, ਬੰਦਗੋਭੀ ਅਤੇ ਝੋਨੇ ਆਦਿ ਦੇ 'ਤੇ ਭਵਿੱਖ ਵਿਚ ਇਸ ਦਾ ਕੋਈ ਅਸਰ ਨਹੀਂ ਪਵੇਗਾ।



ਸ੍ਰੀ ਰਮੇਸ਼ ਦਾ ਇਹ ਫੈਸਲਾ ਦੇਸ਼ ਭਰ ਦੇ ਸੱਤ ਸ਼ਹਿਰਾਂ ਵਿਚ ਹੋਏ ਵਿਚਾਰ-ਵਟਾਂਦਰੇ ਪਿੱਛੋਂ ਆਇਆ ਹੈ, ਜਿਨ੍ਹਾਂ ਵਿਚ ਆਮ ਕਰਕੇ ਇਸ ਦਾ ਵਿਰੋਧ ਕੀਤਾ ਗਿਆ। ਕਈ ਰਾਜ ਸਰਕਾਰਾਂ ਨੇ ਵੀ ਜਨਤਕ ਤੌਰ 'ਤੇ ਇਸਦਾ ਵਿਰੋਧ ਕੀਤਾ ਹੈ ਜਿਨ੍ਹਾਂ ਵਿਚ ਕਾਂਗਰਸ ਦੀ ਹਕੂਮਤ ਵਾਲੀ ਆਂਧਰਾ ਪ੍ਰਦੇਸ਼ ਸਰਕਾਰ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਲੈਂਦਿਆਂ ਉਨ੍ਹਾਂ ਦੋਵਾਂ ਸਾਇੰਸ ਤੇ ਸਮਾਜ ਨੂੰ ਧਿਆਨ ਵਿਚ ਰੱਖਿਆ ਹੈ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਭਾਰਤੀ ਸਾਇੰਸ ਕਾਂਗਰਸ ਵਿਚ ਬੀਤੇ ਮਹੀਨੇ ਦਿੱਤੇ ਭਾਸ਼ਣ ਦਾ ਪਾਲਣ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਇਸ ਮੁੱਦੇ ਉਤੇ ਸੰਸਦ ਅਤੇ ਕੌਮੀ ਵਿਕਾਸ ਕੌਂਸਲ ਵਿਚ ਖੁੱਲ੍ਹ ਕੇ ਵਿਚਾਰ ਕੀਤੀ ਜਾਵੇ।

ਹੈਦਰਾਬਾਦ-ਆਂਧਰਾ ਪ੍ਰਦੇਸ਼ ਦੀ ਮਾਹਰਾਂ ਦੀ ਇਕ ਕਮੇਟੀ ਨੇ ਸੁਝਾਅ ਦਿੱਤਾ ਕਿ ਬੀਟੀ. ਬੈਂਗਣ ਦੇ ਵੱਖੋ-ਵੱਖ ਪੱਖਾਂ ਬਾਰੇ ਜਨਤਕ ਅਦਾਰਿਆਂ ਵੱਲੋਂ ਹੋਰ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਇਸ ਉੱਚ ਪੱਧਰੀ ਕਮੇਟੀ ਨੇ ਖੇਤੀ ਵਿਗਿਆਨੀਆਂ, ਕਿਸਾਨਾਂ, ਐਨ.ਜੀ.ਓਜ਼ ਅਤੇ ਹੋਰਵੀ ਗਰੁੱਪਾਂ ਨਾਲ ਗੱਲਬਾਤ ਤੋਂ ਬਾਅਦ ਇਹ ਸਿੱਟਾ ਕੱਢਿਆ ਹੈ ਕਿ ਇਸ ਫਸਲ ਦੀ ਵਪਾਰਕ ਕਾਸ਼ਤ ਲਈ ਸਿਰਫ ਕੇਂਦਰ ਵੱਲੋਂ ਕਾਇਮ ਜੈਨੇਟਿਕ ਇੰਜੀਨੀਅਰਿੰਗ ਅਪੂਰਵਲ ਕਮੇਟੀ (ਜੀ.ਏ.ਏ.ਸੀ.) ਵੱਲੋਂ ਕੀਤੇ ਗਏ ਟੈਸਟ ਲਈ ਗਈ ਜਾਣਕਾਰੀ ਹੀ ਕਾਫੀ ਨਹੀਂ ਹੈ।

# ਸ਼ਾਹਰੁਖ ਤੇ ਰਾਹੁਲ ਵਿਰੁਧ ਠਾਕਰੇ ਲਾਣਾ ਮਾਤ

ਹੈ' ਬਿਆਨ ਹੀ ਬਣਿਆ। ਬਾਲ ਠਾਕੁਰੇ ਦੇ ਤਿੱਖੇ ਤੇਵਰਾਂ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਮਹਾਰਾਸ਼ਟਰ 'ਚ ਉਸ ਦੇ ਭਤੀਜੇ ਰਾਜ ਠਾਕਰੇ ਦਾ ਗਲਬਾ ਭਾਰੂ ਹੋ ਰਿਹਾ ਹੈ ਜਿਸਨੂੰ ਘੱਟ ਕਰਨ ਲਈ ਉਸਨੂੰ ਤਿੱਖਾ ਸੁਰ ਅਪਣਾਉਣਾ ਪੈ ਰਿਹਾ ਹੈ।

ਸ਼ਿਵ ਸੈਨਾ ਨੇ ਰਾਹੁਲ ਗਾਂਧੀ ਤੋਂ ਇਲਾਵਾ ਫਿਲਮ ਅਭਿਨੇਤਾ ਸ਼ਾਹਰੁਖ ਖਾਨ ਦੀ ਇਸ ਗੱਲੋਂ ਤਿੱਖੀ ਆਲੋਚਨਾ ਆਰੰਭ ਦਿੱਤੀ ਕਿ ਉਸਨੇ ਪਾਕਿਸਤਾਨੀ ਕ੍ਰਿਕਟ ਖਿਡਾਰੀਆਂ ਨੂੰ ਭਾਰਤ ਵਿਚ ਖੇਡਣ ਦਾ ਮੌਕਾ ਨਾ ਦੇਣ ਨੂੰ ਗਲਤ ਆਖਿਆ ਸੀ। ਸ਼ਾਹਰੁਖ ਖਾਨ ਨੂੰ ਇਥੋਂ ਤੱਕ ਕਹਿ ਦਿੱਤਾ ਗਿਆ ਕਿ, ''ਤੂੰ ਲਾਹੌਰ ਹੀ ਚਲਾ ਜਾਹ।'' ਇਸ ਤੋਂ ਅੱਗੇ ਵਧ ਕੇ ਉਸਦੇ ਆ ਰਹੀ ਨਵੀਂ ਫਿਲਮ 'ਮਾਈ ਨੇਮ ਇਜ਼ ਖਾਨ' ਨੂੰ ਮੁੰਬਈ ਦੇ ਸਿਨੇਮਾ ਘਰਾਂ 'ਚ ਨਾ ਲੱਗਣ ਦੇਣ ਦੀ ਧਮਕੀ ਵੀ ਦਿੱਤੀ ਗਈ। ਪਰ ਰਾਹੁਲ ਗਾਂਧੀ ਦੀ ਮੁੰਬਈ ਫੇਰੀ ਪਿਛੋਂ ਅਤੇ ਆਰ ਐਸ ਐਸ ਅਤੇ ਭਾਜਪਾ ਵਲੋਂ ਇਨ੍ਹਾਂ ਮੁੱਦਿਆਂ ਤੇ ਸ਼ਿਵ ਸੈਨਾ ਨਾਲੋਂ ਪਾਸਾ ਵੱਟੇ ਜਾਣ 'ਤੇ ਬਾਲ ਠਾਕਰੇ ਨੇ ਆਪਣੇ ਸਟੈਂਡ 'ਚ ਨਰਮੀ ਲੈ ਆਂਦੀ ਹੈ। ਸ਼ਿਵ ਸੈਨਾ ਦੇ ਮੁੱਖ ਅਖ਼ਬਾਰ 'ਸਾਮਨਾ' 'ਚ ਆਪਣੇ ਲੇਖ 'ਚ ਪਾਰਟੀ ਮੁਖੀ ਬਾਲ ਠਾਕਰੇ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਸ਼ਾਹਰੁਖ ਦੀ ਨਵੀਂ ਫਿਲਮ 'ਮਾਈ ਨੇਮ ਇਜ਼ ਖਾਨ' ਦਾ ਵਿਰੋਧ ਨਹੀਂ ਕਰੇਗੀ ਪਰ ਉਨ੍ਹਾਂ ਆਪਣੇ ਲੇਖ 'ਚ ਸ਼ਾਹਰੁਖ ਨੂੰ ਗੱਦਾਰ ਕਰਾਰ ਦਿੱਤਾ। ਬਾਲ ਠਾਕਰੇ ਨੇ ਕਿਹਾ ਕਿ 'ਗੱਦਾਰੋ, ਕਾਂਗਰਸ ਦੇ ਆਸ਼ੀਰਵਾਦ ਨਾਲ ਜੋ ਤੁਸੀਂ ਕਰਨਾ ਚਾਹੋ ਕਰੋ, ਸ਼ਿਵ ਸੈਨਾ ਤੁਹਾਨੂੰ ਨਹੀਂ ਰੋਕੇਗੀ। ਉਨ੍ਹਾਂ ਅਗੇ ਕਿਹਾ ਕਿ ਬਿਨਾਂ ਕਿਸੇ ਕਾਰਨ ਦੇ ਸ਼ਿਵ ਸੈਨਿਕਾਂ ਦੇ ਸਿਰਾਂ 'ਚੋਂ ਖ਼ੂਨ ਕਿਉਂ ਨਿਕਲੇ ਅਤੇ ਉਨ੍ਹਾਂ ਨੂੰ ਜੇਲ੍ਹ ਕਿਉਂ ਜਾਣਾ ਪਵੇ।'' ਠਾਕਰੇ ਨੇ ਇਹ ਵੀ ਕਿਹਾ ਕਿ ਭਾਵੇਂ ਅਸੀਂ ਕ੍ਰਿਕਟ ਦੇ ਪ੍ਰਸ਼ੰਸਕ ਹਾਂ, ਪਰ ਪਾਕਿਸਤਾਨੀ ਖਿਡਾਰੀਆਂ 'ਤੇ ਪਾਬੰਦੀ ਲਗਾਈ ਜਾਵੇ।

ਉਧਰ ਸ਼ਾਹਰੁਖ ਖਾਨ ਨੇ ਸ਼ਿਵ ਸੈਨਾ ਦੇ ਬਦਲੇ ਰੁਖ 'ਤੇ ਖੁਸ਼ੀ ਜ਼ਾਹਿਰ ਕੀਤੀ ਹੈ। 6 ਫਰਵਰੀ ਨੂੰ ਸ਼ਾਹਰੁਖ ਨੇ ਬਰਲਿਨ, ਨਿਊਯਾਰਕ ਲੰਡਨ ਤੋਂ ਫਿਲਮ ਦਾ ਪ੍ਰਚਾਰ ਕਰਕੇ ਪਰਤਣ ਪਿਛੋਂ ਕਿਹਾ ਕਿ ਮੈਂ ਕੋਈ ਰਾਸ਼ਟਰ ਵਿਰੋਧੀ ਗੱਲ ਨਹੀਂ ਕੀਤੀ। ਮੇਰੀ ਗੱਲ ਨੂੰ ਗਲਤ ਸਮਝਿਆ ਗਿਆ। ਉਨ੍ਹਾਂ ਕਿਹਾ ਕਿ ਸਾਡੀ ਇਕ ਜਨਮ ਜਾਤ ਪਛਾਣ ਹੁੰਦੀ ਹੈ। ਇਸ ਤੋਂ ਬਾਅਦ ਅਸੀਂ ਜਿਥੇ ਰਹਿੰਦੇ ਹਾਂ, ਜਿਥੇ ਕੰਮ ਕਰਦੇ ਹਾਂ, ਉਹ ਸਾਡੀ ਖੇਤਰੀ ਪਛਾਣ ਹੁੰਦੀ ਹੈ, ਪਰ ਇਨ੍ਹਾਂ ਸਭ ਤੋਂ ਉਪਰ ਸਾਡੀ ਰਾਸ਼ਟਰੀ ਪਛਾਣ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮੈਂ ਭਾਰਤੀ ਹਾਂ ਅਤੇ ਭਾਰਤੀ ਹੋਣ ਨਾਤੇ ਮੇਰੇ ਕੁਝ ਅਧਿਕਾਰ ਹਨ ਅਤੇ ਉਨ੍ਹਾਂ ਨੂੰ ਮੈਥੋਂ ਕੋਈ ਖੋਹ ਨਹੀਂ ਸਕਦਾ। ਉਨ੍ਹਾਂ ਅੱਗੇ ਕਿਹਾ ਇਸ ਮੁੱਦੇ 'ਤੇ ਉਸ ਨੂੰ ਸਫਾਈ ਦੇਣ ਲਈ ਬਾਲ ਠਾਕਰੇ ਕੋਲ ਜਾਣ ਦੀ ਜ਼ਰੂਰਤ ਨਹੀਂ, ਵੈਸੇ ਉਨ੍ਹਾਂ ਵਲੋਂ ਬੁਲਾਏ ਜਾਣ 'ਤੇ ਜਾਂਦਾ ਰਿਹਾ ਹਾਂ। ਗੱਦਾਰ ਕਹੇ ਜਾਣ 'ਤੇ ਉਨ੍ਹਾਂ ਸਿਰਫ ਏਨਾ ਹੀ ਕਿਹਾ ਕਿ 'ਉਹ ਬਜ਼ੁਰਗ ਹਨ, ਕਲਾਕਾਰ ਹਨ ਅਤੇ ਉਨ੍ਹਾਂ ਦਾ ਸਾਥ ਮੈਨੂੰ ਚੰਗਾ ਲਗਦਾ ਹੈ। ਉਨ੍ਹਾਂ ਦੇ ਬਿਆਨ ਤੇ ਜੇ ਮੈਂ ਕੋਈ ਪ੍ਰਤੀਕਿਰਿਆ ਕਰਾਂਗਾ ਤਾਂ ਉਨ੍ਹਾਂ ਨੂੰ ਬੁਰਾ ਲੱਗੇਗਾ। ਊਧਵ ਵੀ ਚੰਗੇ ਫੋਟੋਗਰਾਫਰ ਹਨ, ਪਰ ਸਾਡੇ ਵਿਚਾਲੇ ਬੌਧਿਕ ਵਿਚਾਰ-ਵਟਾਂਦਰਾ ਨਹੀਂ ਹੋਇਆ।' ਸ਼ਿਵ ਸੈਨਾ ਵਲੋਂ ਉਨ੍ਹਾਂ ਦੀ ਫਿਲਮ ਰਿਲੀਜ਼ ਹੋਣ ਤੋਂ ਨਾ ਰੋਕਣ 'ਤੇ ਪੁੱਛੇ ਜਾਣ 'ਤੇ ਸ਼ਾਹਰੁਖ ਨੇ ਕਿਹਾ ਕਿ ਵਿਵਾਦ ਮੇਰੀ ਫਿਲਮ ਨੂੰ ਲੈ ਕੇ ਨਹੀਂ ਹੈ। ਇਹ ਮੇਰੇ ਨਾਲ ਸਬੰਧਤ ਹੈ। ਮੈਂ ਸ਼ਿਵ ਸੈਨਾ ਦਾ ਬਹੁਤ ਸ਼ੁਕਰਗੁਜ਼ਾਰ ਹਾਂ। ਉਨ੍ਹਾਂ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਇਹ ਸਭ ਫਿਲਮ ਦੇ ਪ੍ਰਚਾਰ ਦਾ ਹੀ ਇਕ ਹਿੱਸਾ ਸੀ।

ਉਧਰ ਮਹਾਰਾਸ਼ਟਰ ਸਰਕਾਰ ਅਤੇ ਮੁੰਬਈ ਪੁਲਿਸ ਨੇ ਵਾਅਦਾ ਕੀਤਾ ਹੈ ਕਿ ਜਿਨ੍ਹਾਂ ਸਿਨਮਿਆਂ ਵਿਚ 'ਮਾਈ ਨੇਮ ਇਜ਼ ਖਾਨ' ਦਿਖਾਈ ਜਾਵੇਗੀ ਉਥੇ ਸੁਰੱਖਿਆ ਦਾ ਪੂਰਾ ਪ੍ਰਬੰਧ ਹੋਵੇਗਾ। ਸ਼ਾਹਰੁਖ ਨੇ ਕਿਹਾ ਕਿ ਮੈਂ ਜੋ ਕੁਝ ਵੀ ਹਾਂ, ਮੁੰਬਈ ਕਾਰਨ ਹੀ ਹਾਂ। ਮੈਂ ਮੁੰਬਈ ਵਿਚ ਹਰ ਕਿਸੇ ਨੂੰ ਖੁਸ਼ ਦੇਖਣਾ ਚਾਹੁੰਦਾ ਹਾਂ। ਉਨ੍ਹਾਂ ਕਿਹਾ ਮੈਨੂੰ ਲਗਦਾ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ ਮੰਦਭਾਗਾ ਹੈ।

## ਬਰਫ ਦੇ ਤੋਦੇ ਥੱਲੇ ਦਬ ਕੇ ਦੋ ਫੌਜੀ ਜਵਾਨ ਹਲਾਕ

**ਅੰਮ੍ਰਿਤਸਰ:** ਭਾਰਤੀ ਫੌਜ ਦੇ ਸ੍ਰੀਨਗਰ ਸਥਿਤ ਇਕ ਦਫਤਰ ਤੋਂ ਬੀਤੀ ਰਾਤ ਆਏ ਸੰਦੇਸ਼ ਨੇ ਜ਼ਿਲ੍ਹੇ ਦੇ ਦੋ ਪਰਿਵਾਰਾਂ ਦੇ ਘਰ ਮਾਤਮ ਫੈਲਾ ਦਿੱਤਾ। ਅੰਮ੍ਰਿਤਸਰ ਜ਼ਿਲੇ ਦੇ ਦੋ ਪਰਿਵਾਰਾਂ ਨੂੰ ਟੈਲੀਫੋਨ ਰਾਹੀਂ ਸੂਚਨਾ ਦਿੱਤੀ ਗਈ ਕਿ ਫੌਜ ਵਿਚ ਨੌਕਰੀ ਕਰ ਰਹੇ ਨਾਇਕ ਰਣਜੀਤ ਸਿੰਘ ਅਤੇ ਲਾਂਸ ਨਾਇਕ ਗੁਰਪ੍ਰੀਤ ਸਿੰਘ ਦੀ ਮੌਤ ਹੋ ਗਈ।

ਟੈਲੀਫੋਨ ਸੰਦੇਸ਼ ਰਾਹੀਂ ਮਜੀਠਾ ਵਾਸੀ ਸੁਖਵਿੰਦਰ ਸਿੰਘ ਨੂੰ ਦੱਸਿਆ ਗਿਆ ਕਿ ਉਨ੍ਹਾਂ ਦਾ ਬੇਟਾ ਲਾਂਸ ਨਾਇਕ ਗੁਰਪ੍ਰੀਤ ਸਿੰਘ ਸਵੇਰੇ ਗੁਲਮਰਗ ਤੋਂ ਉਪਰ ਖਿੱਲਨਮਰਗ ਵਿਖੇ ਬੋਰਫ ਦਾ ਭਾਰੀ ਤੋਦਾ ਡਿੱਗਣ ਕਾਰਨ ਵਾਪਰੀ ਘਟਨਾ ਦਾ ਸ਼ਿਕਾਰ ਹੋ ਗਿਆ। ਗੁਰਪ੍ਰੀਤ ਸਿੰਘ (22) ਆਪਣੇ ਪੰਜ ਭੈਣ ਭਰਾਵਾਂ ਵਿਚੋਂ ਸਭ ਤੋਂ ਵੱਡਾ ਸੀ। ਇਸੇ ਤਰ੍ਹਾਂ ਦਾ ਸੰਦੇਸ਼ ਚੌਕ ਮਹਿਤਾ ਨੇੜੇ ਪਿੰਡ ਖੱਬੇ ਰਾਜਪੂਤਾਂ ਦੇ ਵਾਸੀ ਨਾਇਕ ਰਣਜੀਤ ਸਿੰਘ ਦੇ ਘਰ ਪੁੱਜਾ। ਉਸਦੇ ਬਜ਼ੁਰਗ ਪਿਤਾ ਮੋਹਨ ਸਿੰਘ ਸਾਬਕਾ ਫੌਜੀ ਹਨ।

ਦੱਸਣਯੋਗ ਹੈ ਕਿ ਜੰਮੂ-ਕਸ਼ਮੀਰ ਦੇ ਬਾਰਾਮੁੱਲਾ ਜ਼ਿਲ੍ਹੇ ਦੇ ਗੁਲਮਰਗ ਤੋਂ ਕਰੀਬ ਦੋ ਕਿਲੋਮੀਟਰ ਉਪਰ ਖਿੱਲਨਮਰਗ ਵਿਖੇ ਸੋਮਵਾਰ ਸਵੇਰੇ ਵਾਪਰੀ ਘਟਨਾ ਵਿਚ ਫੌਜ ਦੇ ਚੱਲ ਰਹੇ ਸਿਖਲਾਈ ਕੈਂਪ ਦੀਆਂ ਬੈਰਕਾਂ ਉਪਰ ਬਰਫ ਦਾ ਤੋਦਾ ਡਿੱਗ ਪਿਆ ਸੀ, ਜਿਸ ਹੇਠ ਆਉਣ ਕਾਰਨ 16 ਫੌਜੀ ਜਾਵਨ ਮਾਰੇ ਗਏ ਅਤੇ 17 ਜ਼ਖਮੀ ਹੋ ਗਏ ਸਨ। ਇਸ ਘਟਨਾ 'ਚ ਮਾਰੇ ਗਏ ਫੌਜੀ ਜਵਾਨਾਂ ਵਿਚ ਦੋ ਜਵਾਨ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਹਨ। ਇਕ ਦੀ ਸ਼ਨਾਖਤ ਨਾਇਕ ਰਣਜੀਤ ਸਿੰਘ ਵਾਸੀ ਪਿੰਡ ਖੱਬੇ ਰਾਜਪੂਤਾਂ ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ। ਇਹ 8 ਲੱਖ ਲਾਈਟ ਇਨਫੈਂਟਰੀ ਦਾ ਜਵਾਨ ਸੀ। ਜਦਕਿ ਦੂਜਾ ਜਵਾਨ ਲਾਂਸ ਨਾਇਕ ਗੁਰਪ੍ਰੀਤ ਸਿੰਘ ਵਾਸੀ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਦਾ ਸੀ।






ੴ ਸਤਿਗੁਰ ਪ੍ਰਸਾਦਿ

# ਸੱਚ ਦਾ ਸਾਹਮਣਾ ਕਰਨ ਤੋਂ ਡਰਦੀ ਵਿਰੋਧੀ ਧਿਰ ਦੀਆਂ ਬੇਸਿਰਪੈਰ ਗੱਲਾਂ

## *ਹਥਿਆਰਾਂ ਨਾਲ ਲੈਸ ਬੇਲਗਾਮ ਵਿਅਕਤੀ ਦੀ ਤਰਫਦਾਰੀ ਕਿਉਂ?*

ਸੈਨ ਹੋਜ਼ੇ ਗੁਰੂਘਰ ਦੀ ਬਣ ਰਹੀ ਖੂਬਸੂਰਤ ਇਮਾਰਤ ਦੀ ਉਸਾਰੀ ਵਿਚ ਹਰ ਵੇਲੇ ਰੁਕਾਵਟਾਂ ਖੜ੍ਹੀਆਂ ਕਰਨ ਵਾਲੇ ਕਈ ਸੇਵਾਮੁਕਤ ਕਮੇਟੀ ਮੈਂਬਰਾਂ ਨੇ ਆਏ ਦਿਨ ਬੇ-ਏਰੀਆ ਤੋਂ ਛਪਦੇ ਇਕ ਪੰਜਾਬੀ ਅਖਬਾਰ ਵਿਚ ਝੂਠੀਆਂ ਅਤੇ ਮਨਘੜ੍ਹਤ ਖਬਰਾਂ ਛਪਵਾਉਣ ਦਾ ਠੇਕਾ ਹੀ ਲੈ ਰੱਖਿਆ ਜਾਪਦਾ ਹੈ। ਇਸ ਧਿਰ ਨੇ ਪਿਛਲੇ ਹਫਤੇ ਦੇ ਅੰਕ ਵਿਚ ਸੰਗਤ ਦੇ ਨਾਂ ਦੀ ਦੁਰਵਰਤੋਂ ਕਰਕੇ ਫਰਜ਼ੀ ਨਾਂਵਾਂ ਹੇਠ ਇਕ ਬਿਆਨ ਲਗਾ ਕੇ ਸਿੱਖੀ ਅਸੂਲਾਂ ਨੂੰ ਛਿੱਕੇ ਟੰਗਦਿਆਂ ਆਪਣੀ ਹੋਛੀ ਅਤੇ ਸੌੜੀ ਸੋਚ ਦਾ ਜਨਾਜ਼ਾ ਕੱਢਿਆ ਹੈ।



ਇਸ ਖਬਰ ਵਿਚ ਜਿਸ 84 ਸਾਲਾ ਵਿਧਵਾ ਮਾਈ ਦੀ ਗੱਲ ਕੀਤੀ ਗਈ ਹੈ, ਉਸਦੀ ਸਿਹਤ ਨਾ ਠੀਕ ਹੋਣ ਕਾਰਨ ਉਸ ਪਾਸੋਂ ਕਈ ਵਾਰ ਗੁਰੂ ਘਰ 'ਚ ਬੇਅਦਬੀ ਹੋਈ ਹੈ। ਗੁਰੂ ਕੇ ਲੰਗਰ ਵਿਚ ਜਿਹੜੀਆਂ ਬੀਬੀਆਂ ਸੇਵਾ ਕਰਦੀਆਂ ਹਨ ਉਨ੍ਹਾਂ ਨੂੰ ਕਈ ਵਾਰ ਗੰਦੀਆਂ ਗਾਲਾਂ ਵੀ ਕੱਢ ਦਿੰਦੀ ਹੈ। ਅਨੇਕ ਵਾਰ ਇਸ ਬੀਬੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਨੂੰ ਉਸਦੀ ਸੰਭਾਲ ਕਰਨ ਦੀ ਬੇਨਤੀ ਕੀਤੀ ਗਈ ਹੈ, ਪਰ ਹਰ ਕੋਸ਼ਿਸ਼ ਅਸਫਲ ਹੋਈ ਹੈ।

ਸੰਗਤ ਦੀ ਜਾਣਕਾਰੀ ਲਈ ਦੱਸਣਾ ਚਾਹੁੰਦੇ ਹਾਂ ਕਿ ਅੰਮ੍ਰਿਤ ਵੇਲੇ ਨਾਮ ਸਿਮਰਨ ਲਈ ਆਉਂਦੇ ਸਿੰਘਾਂ ਅਤੇ ਲੰਗਰ ਵਿਚ ਸੇਵਾ ਕਰਦੀਆਂ ਬੀਬੀਆਂ ਵਲੋਂ ਲਿਖਤੀ ਸ਼ਿਕਾਇਤ ਕਰਨ ਤੋਂ ਬਾਅਦ ਪੁਲਿਸ ਦੀ ਮਦਦ ਨਾਲ ਇਸ ਬੀਬੀ ਨੂੰ ਘਰ ਭੇਜਿਆ ਗਿਆ, ਗ੍ਰਿਫਤਾਰ ਨਹੀਂ ਕਰਵਾਇਆ ਗਿਆ। ਕੀ ਵਿਰੋਧੀ ਧਿਰ ਇਹ ਚਾਹੁੰਦੀ ਸੀ ਕਿ ਕੋਈ ਅਣਸੁਖਾਵੀਂ ਘਟਨਾ ਵਾਪਰਨ ਦਿੱਤੀ ਜਾਂਦੀ?

ਵਿਰੋਧੀ ਧਿਰ ਜਿਸ ਬੇਲਗਾਮ ਭੱਦਰਪੁਰਸ਼ ਦੇ ਖਿਲਾਫ ਆਰਡਰ ਲੈ ਕੇ ਦਾਖਲਾ ਬੰਦ ਕਰਨ ਦੀ ਗੱਲ ਕਰਦੀ ਹੈ, ਕੌਣ ਨਹੀਂ ਜਾਣਦਾ ਉਸ ਭੱਦਰਪੁਰਸ਼ ਨੂੰ? ਉਸ ਨੇ ਹੈਡ ਗ੍ਰੰਥੀ ਸਾਹਿਬ ਨੂੰ ਧਮਕੀਆਂ ਦਿੱਤੀਆਂ। ਉਹ ਆਏ ਦਿਨ ਗੁਰਦੁਆਰਾ ਸਾਹਿਬ ਵਿਚ ਹਥਿਆਰਾਂ ਦਾ ਪ੍ਰਦਰਸ਼ਨ ਕਰਕੇ ਇਹ ਧਮਕੀਆਂ ਦਿੰਦਾ ਰਿਹਾ ਹੈ ਕਿ ਉਸਦੀ ਮੈਗਜ਼ੀਨ ਵਿਚ ਪੰਦਰਾਂ ਗੋਲੀਆਂ ਹਨ ਪਰ ਕਮੇਟੀ ਦੇ ਮੈਂਬਰ ਇੱਕੀ ਹਨ, ਇਨ੍ਹਾਂ ਨੂੰ ਇੱਕ ਲਾਈਨ ਵਿਚ ਖੜ੍ਹਾ ਕਰਕੇ ਸੋਧਾ ਲਾਉਣਾ ਪਵੇਗਾ। ਜਿਸ ਦਿਨ ਪੁਲਿਸ ਨੇ ਇਸ ਭੱਦਰਪੁਰਸ਼ ਨੂੰ ਗੁਰਦੁਆਰਾ ਸਾਹਿਬ ਵਿਚੋਂ ਗ੍ਰਿਫਤਾਰ ਕੀਤਾ ਸੀ ਤਾਂ ਇਸ ਦੀ ਕਾਰ ਦੇ ਟਰੰਕ ਵਿਚੋਂ ਗੋਲੀਆਂ ਨਾਲ ਭਰੀ ਮੈਗਜ਼ੀਨ, ਕਿਰਪਾਨਾਂ, ਖੰਡੇ, ਬਰਛੇ ਅਤੇ ਇੱਕ ਸ਼ਰਾਬ ਦੀ ਬੋਤਲ ਮਿਲੀ ਸੀ।

ਕੀ ਖਫਾ ਹੋਏ ਸਾਬਕਾ ਕਮੇਟੀ ਮੈਂਬਰ ਅਤੇ ਇਨ੍ਹਾਂ ਵਲੋਂ ਪੈਦਾ ਕੀਤੀ ਫਰਜ਼ੀ ਸੰਗਤ ਦੇ ਕਥਿਤ ਨਿਮਾਣੇ ਸਿੱਖ ਇਨ੍ਹਾਂ ਗੱਲਾਂ ਦਾ ਜੁਆਬ ਦੇ ਸਕਦੇ ਹਨ? ਵਿਰੋਧੀ ਧਿਰ ਨੇ ਕਾਨੂੰਨ ਦੀ ਗੱਲ ਕੀਤੀ ਹੈ। ਸੱਚ-ਮੁੱਚ ਹੀ ਕਾਨੂੰਨ ਤੋਂ ਵੱਡਾ ਕੋਈ ਨਹੀਂ ਅਗਰ ਵਿਰੋਧੀ ਧਿਰ ਦਾ ਪਾਲਿਆ ਹੋਇਆ ਕੋਈ ਚਹੇਤਾ ਗੁਰਦੁਆਰਾ ਸਾਹਿਬ ਵਿਚ ਆ ਕੇ ਸ਼ਰਾਬ ਪੀ ਕੇ ਖਰੂਦ ਪਾਵੇਗਾ ਜਾਂ ਧਮਕੀਆਂ ਦੇਵੇਗਾ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਤਾਂ ਜਰੂਰੀ ਹੋਵੇਗੀ ਹੀ! ਇਕ ਗੱਲ ਹੋਰ ਵੀ ਹੈ ਕਿ ਗੁਰੂ ਘਰ ਦੇ ਅੰਦਰ ਤਾਂ ਇਸ ਸੱਜਣ ਨੇ ਖਰੂਦ ਪਾਇਆ, ਭਲਾ ਕੀ ਕੋਈ ਗੁਰੂ ਘਰ ਤੋਂ ਬਾਹਰ ਕਿਸੇ ਵੀ ਜਨਤਕ ਥਾਂ 'ਤੇ ਇਸ ਤਰ੍ਹਾਂ ਕਰ ਸਕਦਾ ਹੈ? ਕੀ ਵਿਰੋਧੀ ਧਿਰ ਇਹ ਚਾਹੁੰਦੀ ਹੈ ਕਿ ਕੋਈ ਅਣਹੋਣੀ, ਕੋਈ ਮਾੜੀ ਘਟਨਾ ਵਾਪਰ ਲੈਣ ਦਿੱਤੀ ਜਾਂਦੀ?

ਵਿਰੋਧੀ ਧਿਰ ਨੇ ਗੁਰੂ ਘਰ ਨੂੰ ਆਜ਼ਾਦ ਕਰਾਉਣ ਦੀ ਫੜ੍ਹ ਮਾਰੀ ਹੈ। ਗੁਰੂ ਘਰ ਤਾਂ ਹਮੇਸ਼ਾ ਹੀ ਆਜ਼ਾਦ ਹੁੰਦੇ ਹਨ। ਗੁਰੂ ਘਰ ਨੂੰ ਗੁਲਾਮ ਕੌਣ ਕਰ ਸਕਦਾ ਹੈ? ਅਜਿਹਾ ਤਾਂ ਸੋਚਣਾ ਵੀ ਪਾਪ ਹੈ। ਗੁਲਾਮ ਤਾਂ ਮਨੁੱਖ ਦੀ ਸੋਚ ਹੀ ਹੁੰਦੀ ਹੈ ਜੋ ਗੁਰੂ ਕੀ ਸੰਗਤ ਦੇ ਸਨਮੁੱਖ ਸੱਚ ਦਾ ਸਾਹਮਣਾ ਕਰਨ ਤੋਂ ਹਿਚਕਿਚਾਉਂਦੀ ਹੈ, ਸੇਵਾ ਦੀ ਬਜਾਏ ਅਹੁਦਿਆਂ ਅਤੇ ਮਾਈਕ ਦੀ ਲਾਲਸਾ ਵਿਚ ਵਿਲਕਦੀ ਤੇ ਤੜਫਦੀ ਰਹਿੰਦੀ ਹੈ।

ਸਾਡਾ ਜੀਵਨ ਤਾਂ ਇੱਕ ਖੁਲ੍ਹੀ ਕਿਤਾਬ ਵਾਂਗ ਹੈ ਜੋ ਅਸੀਂ ਕਰ ਰਹੇ ਹਾਂ। ਇਸ ਦਾ ਪ੍ਰਤੱਖ ਸਬੂਤ ਸੰਗਤ ਦੇ ਸਹਿਯੋਗ ਨਾਲ ਨਿਰਵਿਘਨ ਬਣ ਰਹੀ ਗੁਰੂ ਘਰ ਦੀ ਖੂਬਸੂਰਤ ਇਮਾਰਤ ਹੈ। ਗੁਰੂ ਘਰ ਦੇ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਵਲੋਂ ਪਹਿਲੇ ਫ਼ੇਜ਼ ਦੇ 60 ਲੱਖ ਡਾਲਰ ਖਾ ਜਾਣ ਦੀ ਖਬਰ ਵਿਰੋਧੀ ਧਿਰ ਦੇ ਭੁੱਲੜ ਅਤੇ ਈਰਖਾ ਵਿਚ ਗੜੂੰਦ ਅਹੁਦਿਆਂ ਤੋਂ ਮੁਕਤ ਹੋਏ ਆਗੂਆਂ ਦੇ ਮਨ ਦੀ ਕਾਢ ਮਾਤਰ ਹੈ। ਇਹ ਸੱਜਣ ਈਰਖਾਵਸ ਇਕ ਲੰਮੇ ਸਮੇਂ ਤੋਂ ਅਜਿਹੇ ਬੇਸਿਰਪੈਰ ਦੋਸ਼ ਲਾਈ ਚਲੇ ਜਾ ਰਹੇ ਹਨ। ਗੁਰੂ ਜਾਣੀਜਾਣ ਹੈ ਤੇ ਸਾਨੂੰ ਇਨ੍ਹਾਂ ਸੱਜਣਾਂ ਦੀਆਂ ਬੇਸਿਰ ਗੱਲਾਂ ਦਾ ਜੁਆਬ ਦੇਣ ਦੀ ਲੋੜ ਨਹੀਂ। ਸੰਗਤ ਜਾਣਦੀ ਹੈ ਕਿ ਪਿਛਲੇ ਪ੍ਰਬੰਧ ਲਈ ਸਾਬਕਾ ਐਗਜ਼ੈਕਟਿਵ ਪ੍ਰਬੰਧਕ ਹੀ ਜਿੰਮੇਵਾਰ ਹਨ ਕਿਉਂਕਿ ਉਹ ਆਪ ਹੀ ਪ੍ਰਬੰਧਕ ਕਮੇਟੀ ਦੇ ਕਰਤਾਧਰਤਾ ਸਨ। ਜੇ ਕੋਈ ਨੁਕਸ ਕੱਢਣਾ ਹੈ ਤਾਂ ਖੁਦ ਆਪਣੇ ਆਪ ਵਿਚ ਕੱਢਣ।

ਸਮੂਹ ਸੰਗਤਾਂ ਨੂੰ ਪਤਾ ਹੀ ਹੈ ਕਿ ਗੁਰੂ ਘਰ ਦੀ ਨਵੀਂ ਬਿਲਡਿੰਗ ਵਿਚ ਵੱਡਾ ਮੇਨ ਹਾਲ, ਵੱਡਾ ਲੰਗਰ ਹਾਲ ਤੇ ਰਸੋਈ, ਗ੍ਰੰਥੀ ਸਿੰਘਾਂ ਲਈ ਕੁਆਟਰ, ਜਥਿਆਂ ਲਈ ਰਿਹਾਇਸ਼ੀ ਕਮਰੇ, ਖਾਲਸਾ ਸਕੂਲ ਲਈ ਗਿਆਰਾਂ ਕਮਰੇ, ਸਕੂਲ ਦਾ ਹਾਲ, ਲਾਇਬ੍ਰੇਰੀ, ਦਫਤਰ, ਕਮੇਟੀ ਰੂਮ ਆਦਿ ਮੁਕੰਮਲ ਹੋ ਚੱਲੇ ਹਨ। ਇਸ ਵਾਸਤੇ ਸਮੂਹ ਸੰਗਤਾਂ ਅਤੇ ਗੁਰੂ ਮਹਾਰਾਜ ਦੇ ਸ਼ੁਕਰਗੁਜ਼ਾਰ ਹਾਂ। ਸੰਗਤ ਦਾ ਇੱਕ ਇੱਕ ਡਾਲਰ ਇਸ ਪ੍ਰੋਜੈਕਟ ਨੂੰ ਸੰਪੂਰਨ ਕਰਨ ਵਿਚ ਸਹਾਈ ਹੋ ਰਿਹਾ ਹੈ। ਆਉ! ਸਾਰੇ ਰਲ ਮਿਲ ਕੇ ਇਸ ਮਹਾਨ ਕਾਰਜ 'ਚ ਆਪਣਾ ਤਿਲਫੁਲ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ।

## ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਨ ਹੋਜ਼ੇ (ਕੈਲੀਫੋਰਨੀਆ)

**3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.com**

# ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ ਲਾਸ ਵੇਗਸ ਵਿਖੇ ਗੁਰਮਤਿ ਕੈਂਪ



**ਲਾਸ ਵੇਗਸ, ਨੇਵਾਡਾ:** ਇਥੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਵਿਖੇ ਕਲਗੀਧਰ ਟਰੱਸਟ ਬੜੂ ਸਾਹਿਬ ਦੇ ਸਹਿਯੋਗ ਨਾਲ ਭਾਈ ਹਰਪਾਲ ਸਿੰਘ ਦੀ ਦੇਖ ਰੇਖ ਹੇਠ ਇਕ ਗੁਰਮਤਿ ਕੈਂਪ ਲਾਇਆ ਗਿਆ ਜਿਸ ਵਿਚ "ਆਓ ਫਟਾ-ਫਟ ਪੰਜਾਬੀ ਸਿੱਖੋ" ਦੇ ਤਹਿਤ ਵੇਗਸ ਦੇ ਨੌਜਵਾਨ ਬੱਚਿਆਂ ਨੇ ਪੰਜਾਬੀ ਸਿੱਖ ਕੇ ਗੁਰਬਾਣੀ ਦੀ ਸੰਥਿਆ ਪ੍ਰਾਪਤ ਕੀਤੀ।

ਇਸ ਇਕ ਮਹੀਨੇ ਦੇ ਨਿਵੇਕਲੇ ਕੈਂਪ ਪ੍ਰਤੀ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਰਸਲ ਦੀਆਂ ਸੰਗਤਾਂ ਵਿਚ ਵੀ ਚੰਗਾ ਉਤਸ਼ਾਹ ਦੇਖਣ ਨੂੰ ਮਿਲਿਆ। ਕੈਂਪ ਦੌਰਾਨ ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਵੱਖ ਵੱਖ ਗੁਰਮਤਿ ਮੁਕਾਬਲੇ ਵੀ ਕਰਵਾਏ ਗਏ। ਸਭ ਤੋਂ ਪਹਿਲਾਂ ਬੱਚਿਆਂ ਦਾ ਗੁਰਮਤਿ ਪੇਂਟਿੰਗ ਮੁਕਾਬਲਾ ਕਰਵਾਇਆ ਜਿਸ ਵਿਚ ਬੱਚਿਆਂ ਦੀ ਉਸਾਰੂ ਸੋਚ ਦੀ ਸੰਗਤ ਨੇ ਕਾਫੀ ਸਰਾਹਣਾ ਕੀਤੀ। 31 ਜਨਵਰੀ ਨੂੰ ਕੈਂਪ ਦੀ ਸਮਾਪਤੀ 'ਤੇ ਬੱਚਿਆਂ ਦਾ ਗੁਰਮਤਿ ਗਿਆਨ ਮੁਕਾਬਲਾ ਕਰਵਾਇਆ ਗਿਆ ਜਿਸ ਵਿਚ ਸਿੱਖ ਇਤਿਹਾਸ, ਗੁਰਬਾਣੀ ਅਤੇ ਇਤਿਹਾਸਕ ਫੋਟੋਆਂ ਨਾਲ ਸਬੰਧਿਤ ਪ੍ਰਸ਼ਨ ਪੁੱਛੇ ਗਏ। ਜੱਜਾਂ ਦੀ ਸੇਵਾ ਸ. ਪ੍ਰਤਾਪ ਸਿੰਘ ਗਰੇਵਰ, ਦਵਿੰਦਰ ਸਿੰਘ ਝਾਵਰ ਤੇ ਰਾਮ ਸਰੂਪ ਸਿੰਘ ਨੇ ਨਿਭਾਈ। ਬੱਚਿਆਂ ਨੇ ਸਵਾਲਾਂ ਦੇ ਜਵਾਬ ਬੜੇ ਉਤਸ਼ਾਹ ਨਾਲ ਦਿੱਤੇ। ਪਹਿਲੇ ਸਥਾਨ 'ਤੇ ਆਈ ਟੀਮ ਨੂੰ ਪੰਜ ਸੌ ਡਾਲਰ ਇਨਾਮ ਅਤੇ ਦੂਜੇ ਤੇ ਤੀਜੇ ਥਾਂ ਆਈਆਂ ਟੀਮਾਂ ਨੂੰ ਕ੍ਰਮਵਾਰ ਤਿੰਨ ਸੌ ਅਤੇ ਦੋ ਸੌ ਡਾਲਰ ਤੇ ਗੁਰਬਾਣੀ ਮੋਮੈਂਟੋ ਨਾਲ ਸਨਮਾਨਿਤ ਕੀਤਾ ਗਿਆ। ਹਰੇਕ ਰਾਊਂਡ ਤੋਂ ਬਾਅਦ ਇਕ ਪ੍ਰਸ਼ਨ ਸੰਗਤਾਂ ਤੋਂ ਵੀ ਪੁਛਿਆ ਜਾਂਦਾ ਸੀ। ਕਲਗੀਧਰ ਟਰੱਸਟ ਬੜੂ ਸਾਹਿਬ ਵਲੋਂ ਚਲਾਏ ਜਾ ਰਹੇ ਵਿਦਿਅਕ ਅਦਾਰਿਆਂ ਤੇ ਸਮਾਜਿਕ ਕਾਰਜਾਂ ਦੀ ਜਾਣਕਾਰੀ ਦੇਣ ਲਈ ਡਾ. ਖੇਮ ਸਿੰਘ ਗਿੱਲ (ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸਾਬਕਾ ਵਾਈਸ ਚਾਂਸਲਰ) ਅਤੇ ਡਾ. ਬਲਵੰਤ ਸਿੰਘ ਸੇਖੋਂ ਉਚੇਚੇ ਤੌਰ 'ਤੇ ਪਹੁੰਚੇ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਗੁਰੂ ਨਾਨਕ ਸਾਹਿਬ ਦੇ ਮਹਾਨ ਉਪਦੇਸ਼ਾਂ ਨੂੰ ਪੂਰੀ ਮਨੁਖਤਾ ਤੱਕ ਪਹੁੰਚਾਉਣ ਲਈ ਆਪਣੇ ਬੱਚਿਆਂ ਨੂੰ ਗੁਰਮੁਖੀ ਦੇ ਨਾਲ ਜੋੜਨ ਲਈ ਅਜਿਹੇ ਕੈਂਪ ਲਾਏ ਜਾਣ ਦੀ ਬਹੁਤ ਲੋੜ ਹੈ। ਕੈਂਪ ਨੂੰ ਸਫਲ ਬਣਾਉਣ ਲਈ ਸ. ਤੇਜਾ ਸਿੰਘ ਮਾਂਗਟ, ਸ. ਰਾਜਵਿੰਦਰ ਸਿੰਘ ਧਾਲੀਵਾਲ, ਸ. ਜਸਪਾਲ ਸਿੰਘ, ਸ. ਸਰਬਦੀਪ ਸਿੰਘ, ਸ. ਬਹਾਦਰ ਸਿੰਘ ਗਰੇਵਾਲ, ਸ. ਗੁਰਮੀਤ ਸਿੰਘ ਅਤੇ ਸ. ਭੁਪਿੰਦਰ ਸਿੰਘ ਭੱਟੀ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਭਾਈ ਹਰਪਾਲ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਗੁਰੂ ਘਰ ਦੇ ਗ੍ਰੰਥੀ ਗਿਆਨੀ ਅਜੀਤ ਸਿੰਘ ਨੇ ਇਸ ਉਪਰਾਲੇ ਲਈ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਭਗਤ ਸਿੰਘ ਦੀ ਯਾਦ 'ਚ ਸਮਾਗਮ ਮਾਰਚ ਮਹੀਨੇ



**ਯੂਨੀਅਨ ਸਿਟੀ:** ਅੰਤਰਰਾਸ਼ਟਰੀ ਗਦਰ ਇਹਿਤਾਸਕ ਸਮੂਹ ਦੀ ਇਥੇ ਮਾਸਟਰ ਹਰਚਰਨ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਖੱਬੇਪੱਖੀ ਆਗੂ ਤੇ ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਜਯੋਤੀ ਬਸੂ ਦੇ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਮੀਟਿੰਗ ਵਿਚ ਸ਼ਹੀਦੀ ਭਗਤ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ ਪ੍ਰੋਗਰਾਮ ਆਉਂਦੀ ਮਾਰਚ ਵਿਚ ਕਰਨ ਦਾ ਫੈਸਲਾ ਲਿਆ ਗਿਆ ਜਿਸ ਵਿਚ ਫੰਡਰੇਜ਼ਰ ਵੀ ਕੀਤਾ ਜਾਏਗਾ। ਇਹ ਵੀ ਵਿਚਾਰ ਕੀਤਾ ਗਿਆ ਕਿ ਗਦਰ ਲਹਿਰ ਦੇ ਸੂਰਮਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੀ ਉਪਰਾਲੇ ਕੀਤੇ ਜਾਣ। ਮੀਟਿੰਗ ਵਿਚ ਪੰਜਾਬ ਵਿਚ ਵਿਦਿਆ ਦੇ ਪਾਸਾਰ ਅਤੇ ਸਮਾਜ ਭਲਾਈ ਦੇ ਕੰਮਾਂ ਲਈ ਸਰਗਰਮ ਹੋਣ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਮਦਦ ਕਰਨ ਦਾ ਵੀ ਫੈਸਲਾ ਲਿਆ ਗਿਆ। ਮੀਟਿੰਗ ਦਾ ਸੰਚਾਲਨ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਕੀਤਾ। ਹਾਜ਼ਰ ਸੱਜਣਾਂ ਵਿਚ ਬੀਬੀ ਹਰਸਿਮਰਤ ਕੌਰ ਖਾਲਸਾ, ਜੋਗਿੰਦਰ ਸਿੰਘ ਨਾਮਧਾਰੀ, ਹਿੰਮਤ ਸਿੰਘ ਹਿੰਮਤ, ਹਰਭਜਨ ਸਿੰਘ ਜੱਜ, ਕੇਵਲ ਸਿੰਘ ਲਾਂਬਾ, ਕੈਪਟਨ ਜੁਗਰਾਜ ਸਿੰਘ, ਸੁਦੇਸ਼ ਸਿੰਘ ਅਟਵਾਲ, ਚਾਰਲੀ ਚੀਮਾ, ਸੁਖਦੇਵ ਸਿੰਘ ਮੁੰਡੀਆਂ, ਪਿਆਰਾ ਸਿੰਘ ਥਾਣੇਦਾਰ, ਨੰਦਨ ਸਿੰਘ ਮਾਝੂ, ਇਕਬਾਲ ਸਿੰਘ ਢਿੱਲੋਂ, ਅਮਰਜੀਤ ਸਿੰਘ ਜੌਹਲ, ਸਤਪਾਲ ਸਿੰਘ ਮੰਡੇਰ, ਕਸ਼ਮੀਰ ਸਿੰਘ ਧੁੱਗਾ, ਸੇਵਾ ਸਿੰਘ ਸਰਾਂ, ਰਾਏ ਸਿੰਘ, ਮਾਸਟਰ ਸਤਵੰਤ ਸਿੰਘ, ਮਹਿੰਦਰ ਸਿੰਘ ਢਿੱਲੋਂ ਅਤੇ ਹਰਜੀਤ ਸਿੰਘ ਸ਼ਾਮਲ ਸਨ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਰਾਹੁਲ ਗਾਂਧੀ ਨੇ ਸ਼ਿਵ ਸੈਨਾ ਦੀ ਧਮਕੀ ਨੂੰ ਟਿੱਚ ਜਾਣ ਕੇ ਮੁੰਬਈ ਦੀਆਂ ਰੇਲ ਗੱਡੀਆਂ 'ਚ ਕੀਤਾ ਸਫਰ**

-ਜ਼ੈਡ ਸਕਿਉਰਿਟੀ ਨਾਲ ਸੀ, ਉਹ ਕਿਹੜਾ 'ਕੱਲਾ ਸੀ।

***ਜਿੰਨੀ ਸ਼ਾਂਤੀ ਮੈਨੂੰ ਗਊਸ਼ਾਲਾ ਆ ਕੇ ਮਿਲੀ ਕਿਸੇ ਵੀ ਧਾਰਮਿਕ ਸਥਾਨ 'ਤੇ ਨਹੀਂ ਮਿਲੀ-ਬਾਦਲ**

-ਦਰਬਾਰ ਸਾਹਿਬ ਗੇੜੇ ਮਾਰ ਮਾਰ ਕੇ ਐਵੇਂ ਸਮਾਂ ਬਰਬਾਦ ਕੀਤਾ।

***ਪ੍ਰੋ. ਦਰਸ਼ਨ ਸਿੰਘ ਦੇ ਸਮਾਗਮ ਪੰਜਾਬ ਵਿਚ ਨਹੀਂ ਹੋਣ ਦਿਆਂਗੇ-ਬਾਬਾ ਹਰਨਾਮ ਸਿੰਘ ਧੁੰਮਾ**

-ਪ੍ਰੇਮੀਆਂ ਦੀ ਨਾਮ ਚਰਚਾ ਭਾਵੇਂ ਹੋਈ ਜਾਵੇ।

***ਜਲਦ ਖਤਮ ਹੋਵੇਗੀ ਮਹਿੰਗਾਈ-ਡਾ. ਮਨਮੋਹਨ ਸਿੰਘ**

-ਉਦੋਂ ਤੱਕ ਬਲੈਕ ਮਾਰਕੀਟੀਏ ਕਰੋੜਾਂ ਕਮਾ ਲੈਣਗੇ।

***ਅਸ਼ਵਨੀ ਸ਼ਰਮਾ ਪੰਜਾਬ ਭਾਜਪਾ ਦੇ ਪ੍ਰਧਾਨ ਬਣੇ**

-ਸ਼ਰਮਾ ਸਾਹਿਬ! ਪਠਾਣਕੋਟ ਬੈਠੇ ਕੀ ਕਰਦੇ ਓ, ਸ਼੍ਰੋਮਣੀ ਕਮੇਟੀ ਵਾਲੇ ਤੁਹਾਨੂੰ ਸਿਰੋਪਾ ਦੇਣ ਲਈ ਦਰਬਾਰ ਸਾਹਿਬ ਬੈਠੇ ਉਡੀਕੀ ਜਾਂਦੇ ਆ।

***ਪੁਜਾਰੀਆਂ ਦਾ ਗੰਦੇ ਆਂਡਿਆਂ ਤੇ ਟਮਾਟਰਾਂ ਨਾਲ ਸਨਮਾਨ ਕੀਤਾ ਜਾਵੇ-ਪ੍ਰੋ. ਇੰਦਰ ਸਿੰਘ ਘੱਗਾ**

-ਠੀਕ! ਤੇ ਅੰਮ੍ਰਿਤ ਦੀਆਂ ਬਾਣੀਆਂ ਨੂੰ ਰੱਦ ਕਰਨ ਵਾਲੇ ਥੋਡੇ ਵਰਗੇ ਕੱਚ ਘਰੜ ਵਿਦਵਾਨਾਂ ਦਾ ਸਨਮਾਨ ਕਾਹਦੇ ਨਾਲ ਹੋਵੇ, ਇਹ ਵੀ ਦੱਸ ਦਿਓ!

***ਯੂ. ਕੇ. ਨੇ ਉਤਰ ਭਾਰਤ ਦੇ ਵਿਦਿਆਰਥੀ ਵੀਜ਼ੇ ਰੋਕੇ**

-ਕਿਉਂ? ਕਰਾ'ਤੇ ਨਾ ਹੱਥ ਖੜ੍ਹੇ, ਪੰਜਾਬੀਆਂ ਦੇ।


WELLS FARGO | HOME MORTGAGE

**Your goals deserve our attention**

Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit

- Priority Buyer ® preapproval
- Low down payment options for qualified borrowers
- Purchases and refinances



*Contact* ***Jag Jiwan Bhangu*** *to put your goals into action today.*
3010 Lava Ridge Ct. Roseville, CA
**Ph: 1-866-490-9758 (Ext. 127)**
**Fax: 1-866-972-2179**
**Cell: 408-598-9605, 916-759-1923**

EQUAL HOUSING LENDER

1. Available on qualified purchase transactions. Other terms and conditions apply. See a homemortgage consultant for details. Wells Fargo Home Mortgage is a division of Wells Fargo Bank, N.A.

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes


ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

**Gurbans Gill 209-815-1869**

# ਰਾਠੌਰ 'ਤੇ ਚਾਕੂ ਨਾਲ ਹਮਲਾ, ਵਧ ਸਜ਼ਾ ਦੀ ਮੰਗ

**ਚੰਡੀਗੜ੍ਹ:** ਹਰਿਆਣਾ ਦੇ ਸਾਬਕਾ ਡੀਜੀਪੀ ਅਤੇ ਬਹੁਚਰਚਿਤ ਰੁਚਿਕਾ ਛੇੜਛਾੜ ਮਾਮਲੇ ਵਿਚ ਮੁੱਖ ਦੋਸ਼ੀ ਐਸਪੀਐਸ ਰਾਠੌਰ 'ਤੇ ਇੱਥੇ 8 ਫਰਵਰੀ ਨੂੰ ਇੱਕ ਨੌਜਵਾਨ ਵਲੋਂ ਚਾਕੂ ਨਾਲ ਹਮਲਾ ਕਰ ਦਿੱਤਾ ਗਿਆ, ਜਿਸ ਕਾਰਨ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ।ਜ਼ਿਕਰਯੋਗ ਹੈ ਕਿ ਸ੍ਰੀ ਰਾਠੌਰ 'ਤੇ ਇਹ ਹਮਲਾ ਇੱਥੇ ਜ਼ਿਲ੍ਹਾ ਅਦਾਲਤ ਦੇ ਗੇਟ ਤੋਂ ਬਾਹਰ ਉਸ ਵੇਲੇ ਹੋਇਆ, ਜਦੋਂ ਉਹ ਰੁਚਿਕਾ ਮਾਮਲੇ ਵਿਚ ਪੇਸ਼ੀ 'ਤੇ ਜਾਣ ਲਈ ਕਾਰ 'ਚੋਂ ਉਤਰੇ। ਇਸੇ ਦੌਰਾਨ ਇੱਕ ਨੌਜਵਾਨ ਉਨ੍ਹਾਂ ਵਲ ਵਧਿਆ ਅਤੇ ਰਾਠੌਰ ਨੂੰ ਗਲ ਤੋਂ ਫੜ ਕੇ ਜੇਬ ਵਿਚੋਂ ਚਾਕੂ ਕੱਢ ਕੇ ਉਸ ਦੇ ਮੂੰਹ 'ਤੇ ਤਿੰਨ ਵਾਰ ਕੀਤੇ। ਇਸ ਸਮੇਂ ਉਨ੍ਹਾਂ ਦੀ ਵਕੀਲ ਪਤਨੀ ਆਭਾ ਰਾਠੌਰ ਵੀ ਮੌਜੂਦ ਸਨ। ਇਸ ਹਮਲੇ ਕਾਰਨ ਰਾਠੌਰ ਦੇ ਕੱਪੜੇ ਖ਼ੂਨ ਨਾਲ ਭਰ ਗਏ। ਇਸੇ ਦੌਰਾਨ ਰਾਠੌਰ ਨੂੰ ਪੁਲਿਸ ਕਰਮਚਾਰੀਆਂ ਨੇ ਸੰਭਾਲਿਆ ਅਤੇ ਹਮਲਾਵਰ ਨੂੰ ਧੱਕਾ ਮਾਰਦਿਆਂ ਮੌਕੇ 'ਤੇ ਹੀ ਦਬੋਚ ਲਿਆ। ਇਸ ਤੋਂ ਬਾਅਦ ਹਮਲਾਵਰ ਨੂੰ ਤੁਰੰਤ ਅਦਾਲਤ ਦੇ ਨੇੜੇ ਸਥਿਤ ਸੈਕਟਰ-17 ਦੇ ਥਾਣੇ 'ਚ ਲਿਜਾਇਆ ਗਿਆ, ਜਿੱਥੇ ਪੁੱਛਗਿੱਛ ਦੌਰਾਨ ਉਸ ਨੇ ਆਪਣਾ ਨਾਂ ਉਤਸਵ ਸ਼ਰਮਾ ਦੱਸਿਆ। ਪੁਲਿਸ ਅਨੁਸਾਰ ਇਹ ਨੌਜਵਾਨ ਅਹਿਮਦਾਬਾਦ ਦਾ ਰਹਿਣ ਵਾਲਾ ਹੈ। ਇਸੇ ਦੌਰਾਨ ਪੁਲਿਸ ਸ੍ਰੀ ਰਾਠੌਰ ਨੂੰ ਇਲਾਜ ਲਈ ਸੈਕਟਰ-16 ਦੇ ਜਨਰਲ ਹਸਪਤਾਲ ਲੈ ਗਈ। ਕੁਝ ਘੰਟਿਆਂ ਬਾਅਦ ਰਾਠੌਰ ਫ਼ਿਰ ਮੱਲ੍ਹਮ ਪੱਟੀ ਕਰਵਾ ਕੇ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਨੇ ਹਾਲਾਂਕਿ ਸੁਣਵਾਈ ਮੁਲਤਵੀ ਕਰਨ ਦੀ ਪੇਸ਼ਕਸ਼ ਕੀਤੀ, ਪਰ ਸ੍ਰੀ ਰਾਠੌਰ ਨੇ ਕਿਹਾ ਕਿ ਸੁਣਵਾਈ ਜਾਰੀ ਰਹਿਣ ਦਿਉ। ਅਦਾਲਤ 'ਚ ਕਰੀਬ ਅੱਧਾ ਘੰਟਾ ਬੰਦ ਕਮਰੇ ਵਿਚ ਸੁਣਵਾਈ ਹੋਈ। ਰਾਠੌਰ 'ਤੇ ਹੋਏ ਹਮਲੇ ਵਿਚ ਉਨ੍ਹਾਂ ਦੇ ਜੈਪੁਰ ਤੋਂ ਆਏ ਇਕ ਵਕੀਲ ਨਰੈਣ ਦੱਤ ਵੀ ਜ਼ਖ਼ਮੀ ਹੋ ਗਏ। ਉਨ੍ਹਾਂ ਨੂੰ ਵੀ ਸੈਕਟਰ-16 ਦੇ ਜਨਰਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਦੱਸਣਾ ਬਣਦਾ ਹੈ ਕਿ ਇਹ ਨੌਜਵਾਨ ਪੱਤਰਕਾਰ ਬਣ ਕੇ ਹੀ ਰਾਠੌਰ ਨੇੜੇ ਪਹੁੰਚਿਆ ਤੇ ਅਚਾਨਕ ਹਮਲਾ ਕਰ ਦਿੱਤਾ।ਦੂਜੇ ਪਾਸੇ ਸੀਬੀਆਈ ਦੀ ਅਦਾਲਤ ਵਲੋਂ ਰੁਚਿਕਾ ਮਾਮਲੇ ਵਿਚ ਸੁਣਾਈ ਗਈ 6 ਮਹੀਨੇ ਦੀ ਸਜ਼ਾ ਖਿਲਾਫ਼ ਰਾਠੌਰ ਦੀ ਅਪੀਲ 'ਤੇ ਪਹਿਲੇ ਦਿਨ ਦੀ ਸੁਣਵਾਈ ਹੋਈ।



ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਰਾਠੌਰ ਮਾਮਲੇ ਦੀ ਸੁਣਵਾਈ ਬੰਦ ਕਮਰੇ ਵਿਚ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਸਬੰਧ ਵਿਚ ਸ੍ਰੀ ਰਾਠੌਰ ਦੀ ਵਕੀਲ ਪਤਨੀ ਆਭਾ ਰਾਠੌਰ ਨੇ ਅਦਾਲਤ ਨੂੰ ਅਰਜ਼ੀ ਦਿੱਤੀ ਸੀ ਕਿ ਮੀਡੀਆ ਵਾਲੇ ਉਸ ਨੂੰ ਪ੍ਰੇਸ਼ਾਨ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਹ ਅਦਾਲਤ ਜਿੱਥੇ ਰਾਠੌਰ ਦੀ ਅਪੀਲ 'ਤੇ ਸੁਣਵਾਈ ਕਰ ਰਹੀ ਹੈ, ਉਥੇ ਸੀਬੀਆਈ ਦੀ ਉਸ ਅਰਜ਼ੀ 'ਤੇ ਵੀ ਸੁਣਵਾਈ ਕਰ ਰਹੀ ਹੈ, ਜਿਸ ਵਿਚ ਸੀਬੀਆਈ ਨੇ ਰਾਠੌਰ ਨੂੰ ਛੇੜਛਾੜ ਦੇ ਮਾਮਲੇ ਵਿਚ 2 ਸਾਲ ਦੀ ਕੈਦ ਕਰਨ ਦੀ ਮੰਗ ਕੀਤੀ ਹੈ।

**ਪੰਚਕੂਲਾ 'ਚ ਰਹਿ ਰਿਹਾ ਸੀ ਹਮਲਾਵਰ :** ਹਰਿਆਣਾ ਦੇ ਸਾਬਕਾ ਡੀਜੀਪੀ ਸ਼ੰਭੂ ਪ੍ਰਸ਼ਾਦ ਸਿੰਘ ਰਾਠੌਰ 'ਤੇ ਚੰਡੀਗੜ੍ਹ ਦੀ ਅਦਾਲਤ 'ਚ ਹਮਲਾ ਕਰਨ ਵਾਲਾ ਨੌਜਵਾਨ ਉਤਸਵ ਸ਼ਰਮਾ ਪਿਛਲੇ ਇੱਕ ਮਹੀਨੇ ਤੋਂ ਪੰਚਕੂਲਾ ਦੇ ਸੈਕਟਰ-6 ਸਥਿਤ ਜਾਟ ਧਰਮਸ਼ਾਲਾ 'ਚ ਰਹਿ ਰਿਹਾ ਸੀ। ਇਸ ਧਰਮਸ਼ਾਲਾ ਦੇ ਮੁਲਾਜ਼ਮਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਕਤ ਨੌਜਵਾਨ 13 ਜਨਵਰੀ ਤੋਂ ਇੱਥੇ ਰਹਿ ਰਿਹਾ ਸੀ ਅਤੇ ਧਰਮਸ਼ਾਲਾ ਦੇ ਨਿਯਮਾਂ ਅਨੁਸਾਰ ਰੋਜ਼ਾਨਾ 40 ਰੁਪਏ ਦੀ ਪਰਚੀ ਕਟਵਾਉਂਦਾ ਸੀ। ਧਰਮਸ਼ਾਲਾ ਦੇ ਮੁਲਾਜ਼ਮਾਂ ਅਨੁਸਾਰ ਇਹ ਵਿਅਕਤੀ ਅਕਸਰ ਕਹਿੰਦਾ ਸੀ ਕਿ ਉਹ ਰੁਚਿਕਾ ਅਤੇ ਸ਼ੰਭੂ ਪ੍ਰਸ਼ਾਦ ਰਾਠੌਰ ਦੇ ਮਾਮਲੇ ਸਬੰਧੀ ਪੂਰੀ ਗਹਿਰਾਈ ਤੱਕ ਜਾ ਕੇ ਇਸ 'ਤੇ ਫ਼ਿਲਮ ਬਣਾਉਣਾ ਚਾਹੁੰਦਾ ਹੈ। ਉਨ੍ਹਾਂ ਦੱਸਿਆ ਕਿ ਇਸ ਨੌਜਵਾਨ ਨੇ ਇੱਥੇ ਨੈਸ਼ਨਲ ਇੰਸਟੀਚਿਊਟ ਡਿਜ਼ਾਇਨ ਪਾਲੜੀ ਅਹਿਮਦਾਬਾਦ (ਗੁਜਰਾਤ) ਦਾ ਪਤਾ ਲਿਖਵਾਇਆ ਹੋਇਆ ਸੀ।ਜ਼ਿਕਰਯੋਗ ਹੈ ਕਿ ਹਰਿਆਣਾ ਦੇ ਸਾਬਕਾ ਡੀਜੀਪੀ ਐਸਪੀਐਸ ਰਾਠੌਰ ਦਾ ਘਰ ਵੀ ਪੰਚਕੂਲਾ ਵਿਖੇ ਸੈਕਟਰ-6 ਵਿਚ ਹੀ ਸਥਿਤ ਹੈ ਤੇ ਇਹ ਧਰਮਸ਼ਾਲਾ ਉਨ੍ਹਾਂ ਦੇ ਘਰ ਤੋਂ ਅੱਧਾ ਕਿਲੋਮੀਟਰ ਦੂਰ ਹੈ। ਦੱਸਣਾ ਬਣਦਾ ਹੈ ਕਿ ਇਸ ਧਰਮਸ਼ਾਲਾ ਵਿਚ ਰਹਿਣ ਵਾਲੇ ਵਿਅਕਤੀਆਂ ਦੀ ਸੂਚੀ ਨੇੜੇ ਦੇ ਪੁਲਿਸ ਥਾਣੇ ਨੂੰ ਦਿੱਤੀ ਜਾਂਦੀ ਹੈ, ਪਰ ਪੁਲਿਸ ਚੌਂਕੀ ਦੇ ਮੁਲਾਜ਼ਮਾਂ ਅਤੇ ਧਰਮਸ਼ਾਲਾ ਦੇ ਮੁਲਾਜ਼ਮਾਂ ਨੇ ਇਸ ਬਾਰੇ ਚੁੱਪ ਵੱਟੀ ਰੱਖੀ।

ਇਸ ਦੌਰਾਨ ਸੀ ਬੀ ਆਈ ਨੇ ਰੁਚਿਕਾ ਮਾਮਲੇ ਵਿਚ ਦੋਸ਼ੀ ਠਹਿਰਾਏ ਗਏ ਹਰਿਆਣਾ ਦੇ ਸਾਬਕਾ ਡੀ ਜੀ ਪੀ ਐਸ ਪੀ ਐਸ ਰਾਠੌਰ ਲਈ ਅਦਾਲਤ ਤੋਂ ਦੋ ਸਾਲ ਕੈਦ ਦੀ ਸਜ਼ਾ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਸਬੰਧਤ ਧਾਰਾ ਤਹਿਤ ਇਹ ਵਧ ਤੋਂ ਵਧ ਸਜ਼ਾ ਹੈ। ਰੁਚਿਕਾ ਦੇ ਪਰਿਵਾਰ ਦੇ ਵਕੀਲ ਪੰਕਜ ਭਾਰਦਵਾਜ ਨੇ ਕਿਹਾ ਕਿ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਆਰ ਐਸ ਅਤਰੀ ਨੇ ਸੀ ਬੀ ਆਈ ਦੀ ਦਲੀਲ 'ਤੇ ਅਤੇ ਇਸ ਅਰਜ਼ੀ ਨਾਲ ਸ਼ਿਕਾਇਤਕਰਤਾ ਮਧੂ ਪ੍ਰਕਾਸ਼ ਦੀ ਮੁੜ ਜਾਂਚ ਵਾਲੀ ਅਰਜ਼ੀ 'ਤੇ ਰਾਠੌਰ ਨੂੰ ਨੋਟਿਸ ਵੀ ਜਾਰੀ ਕੀਤਾ। ਜ਼ਿਕਰਯੋਗ ਹੈ ਕਿ 14 ਸਾਲਾ ਰੁਚਿਕਾ ਨਾਲ 1990 'ਚ ਕੀਤੀ ਛੇੜ ਛਾੜ ਦੇ ਮਾਮਲੇ ਵਿਚ ਰਾਠੌਰ ਨੂੰ ਸੁਣਾਈ ਗਈ 6 ਮਹੀਨੇ ਦੀ ਸਜ਼ਾ ਨੂੰ ਚੁਣੌਤੀ ਦਿੰਦਿਆਂ ਸੀ ਬੀ ਆਈ ਨੇ ਬੀਤੇ ਦਿਨੀਂ ਅਦਾਲਤ 'ਚ ਅਰਜ਼ੀ ਦਾਖ਼ਲ ਕੀਤੀ ਸੀ। ਦੱਸਣਾ ਬਣਦਾ ਹੈ ਕਿ ਸੀ ਬੀ ਆਈ ਅਦਾਲਤ ਦੇ ਮੈਜਿਸਟਰੇਟ ਜੇ ਐਸ ਸਿੱਧੂ ਨੇ ਬੀਤੇ 21 ਦਸੰਬਰ ਨੂੰ ਰਾਠੌਰ ਨੂੰ ਇਸ ਮਾਮਲੇ ਵਿਚ ਦੋਸ਼ੀ ਕਰਾਰ ਦਿੰਦਿਆਂ 10 ਹਜ਼ਾਰ ਰੁਪਏ ਜੁਰਮਾਨੇ ਦੇ ਨਾਲ 6 ਮਹੀਨੇ ਕੈਦ ਦੀ ਸਜ਼ਾ ਸੁਣਾਈ ਸੀ। ਇਹ ਸਜ਼ਾ ਘੱਟ ਹੋਣ ਕਾਰਨ ਲੋਕਾਂ ਨੇ ਕਾਫ਼ੀ ਨਾਰਾਜ਼ਗੀ ਪ੍ਰਗਟ ਕੀਤੀ ਸੀ।

## ਅਸਲ ਰਿਪੋਰਟ 'ਚ ਸਰਬਜੀਤ ਸਿੰਘ ਦਾ ਨਾਮ ਹੀ ਨਹੀਂ

**ਲਾਹੌਰ :** ਪਾਕਿਸਤਾਨ 'ਚ ਸਜ਼ਾਯਾਫ਼ਤਾ ਭਾਰਤੀ ਨਾਗਰਿਕ ਸਰਬਜੀਤ ਸਿੰਘ ਜਿਸ ਕਥਿਤ ਹਮਲੇ 'ਚ ਸ਼ਮੂਲੀਅਤ ਦੇ ਦੋਸ਼ ਹੇਠ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ, ਉਸ ਸਬੰਧੀ ਦਰਜ ਐਫ਼ ਆਈ ਆਰ 'ਚ ਉਸ ਦਾ ਨਾਂ ਹੀ ਨਹੀਂ ਹੈ। ਸਰਬਜੀਤ ਦੇ ਵਕੀਲ ਅਵੈਸ਼ ਸ਼ੇਖ ਨੇ ਇਹ ਖੁਲਾਸਾ ਕਰਦਿਆਂ ਕਿਹਾ



ਕਿ ਐਫ਼ ਆਈ ਆਰ 'ਚ ਸਰਬਜੀਤ ਦੀ ਬਜਾਏ ਕਿਸੇ ਮਨਜੀਤ ਸਿੰਘ ਦਾ ਨਾਂ ਲਿਖਿਆ ਹੋਇਆ ਹੈ। ਜਨਾਬ ਸ਼ੇਖ ਨੇ ਕਿਹਾ ਕਿ ਠੋਸ ਸਬੂਤ ਦੇ ਆਧਾਰ 'ਤੇ ਉਹ ਆਪਣੇ ਮੁਵੱਕਲ ਨੂੰ ਬਚਾਉਣ ਲਈ ਹਰ ਸੰਭਵ ਯਤਨ ਕਰ ਰਹੇ ਹਨ। ਸਰਬਜੀਤ ਦੇ ਵਕੀਲ ਨੇ ਦੱਸਿਆ ਕਿ ਦੋਹਾਂ ਦੇਸ਼ਾਂ (ਭਾਰਤ-ਪਾਕਿਸਤਾਨ) ਵਿਚਾਲੇ ਗੱਲਬਾਤ ਨਾ ਹੋਣ ਕਾਰਨ ਨਾਂ ਦੀ ਇਹ ਗਲਤਫਹਿਮੀ ਅਜੇ ਦੂਰ ਨਹੀਂ ਹੋ ਸਕੀ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਸਿਰਫ਼ ਐਫ਼ ਆਈ ਆਰ ਦੇ ਆਧਾਰ 'ਤੇ ਸਰਬਜੀਤ ਨੂੰ ਫਾਂਸੀ 'ਤੇ ਲਟਕਾਉਣਾ ਸਹੀ ਨਹੀਂ। ਲਾਹੌਰ 'ਚ ਇੱਕ ਪੱਤਰਕਾਰ ਸੰਮੇਲਨ ਦੌਰਾਨ ਜਨਾਬ ਸ਼ੇਖ ਨੇ ਦੱਸਿਆ ਕਿ ਭਾਰਤ 'ਚ ਕਈ ਲੋਕ ਸਰਬਜੀਤ ਨੂੰ ਬੇਗੁਨਾਹ ਮੰਨਦੇ ਹਨ ਤੇ ਖ਼ੁਦ ਉਨ੍ਹਾਂ ਨੇ ਆਪਣੀ ਭਾਰਤ ਯਾਤਰਾ ਦੌਰਾਨ ਸਰਬਜੀਤ ਦੀ ਬੇਗੁਨਾਹੀ ਬਾਰੇ ਕਈ ਠੋਸ ਸਬੂਤ ਇਕੱਠੇ ਕੀਤੇ ਹਨ। ਜ਼ਿਕਰਯੋਗ ਹੈ ਕਿ ਜਨਾਬ ਸ਼ੇਖ ਨੇ ਪਾਕਿ ਦੇ ਰਾਸ਼ਟਰਪਤੀ ਤੇ ਸੁਪਰੀਮ ਕੋਰਟ ਦੇ ਜੱਜ ਤੋਂ ਸਰਬਜੀਤ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਲਈ ਅਪੀਲ ਕੀਤੀ ਸੀ। ਇਸ ਅਪੀਲ ਦੇ ਸਾਹਮਣੇ ਆਉਣ ਉਪਰੰਤ ਪਾਕਿ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਇਸ ਮਾਮਲੇ 'ਚ ਦਖ਼ਲਅੰਦਾਜ਼ੀ ਕਰਕੇ ਸਰਬਜੀਤ ਦੀ ਸਜ਼ਾ ਨੂੰ ਅਣਮਿੱਥੇ ਸਮੇਂ ਲਈ ਰੋਕ ਦਿੱਤਾ ਸੀ, ਜਿਸ ਤੋਂ ਬਾਅਦ ਹੁਣ ਇਹ ਮਾਮਲਾ ਪਾਕਿ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਦੇ ਵਿਚਾਰ ਅਧੀਨ ਹੈ।

# ਪ੍ਰਸਿਧ ਲੇਖਕ ਸੰਤੋਖ ਸਿੰਘ ਧੀਰ ਸਵਰਗਵਾਸ

**ਚੰਡੀਗੜ੍ਹ :** ਲੋਕ ਪੱਖੀ ਅਤੇ ਪ੍ਰਗਤੀਵਾਦੀ ਲਹਿਰਾਂ ਨੂੰ ਪ੍ਰਣਾਏ ਪ੍ਰਤੀਬੱਧ ਲੇਖਕ ਸੰਤੋਖ ਸਿੰਘ ਧੀਰ ਨੇ 8 ਫਰਵਰੀ ਪੀਜੀਆਈ ਵਿਖੇ ਸ਼ਾਮੀ 5 ਵਜੇ ਆਖ਼ਰੀ ਸਾਹ ਲਿਆ। ਇਸ ਖ਼ਬਰ ਨਾਲ ਸਾਹਿਤਕ ਹਲਕਿਆਂ 'ਚ ਸੋਗ ਦੀ ਲਹਿਰ ਦੌੜ ਗਈ। ਉਨ੍ਹਾਂ ਦੇ ਤੁਰ ਜਾਣ ਨਾਲ ਇੱਕ ਲੇਖਕ ਹੀ ਨਹੀਂ ਇੱਕ ਯੁਗ ਤੁਰ ਗਿਆ ਹੈ। ਉਹ ਚਾਰ ਸਾਲ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਰਹੇ ਅਤੇ ਜਥੇਬੰਦੀ ਨੂੰ ਲਾਮਬੰਦ ਕਰਨ ਵਿਚ ਵੱਡੀ ਭੂਮਿਕਾ ਨਿਭਾਈ।



ਸ. ਧੀਰ ਦੀ ਸ਼ਖ਼ਸੀਅਤ ਸ਼ਬਦ ਤੇ ਸੰਘਰਸ਼ ਦਾ ਸੁਮੇਲ ਸੀ। ਲੇਖਕਾਂ ਅਤੇ ਲੋਕਪੱਖੀ ਲਹਿਰਾਂ ਨੂੰ ਅਗਵਾਈ ਕਰਨ 'ਚ ਧੀਰ ਜੀ ਦੀ ਭੂਮਿਕਾ ਬਹੁਤ ਵੱਡੀ ਰਹੀ ਹੈ, ਜਿਸ ਨੂੰ ਭੁਲਾਇਆ ਨਹੀਂ ਜਾ ਸਕਦਾ। ਧੀਰ ਸਾਹਿਬ ਮਿਹਨਤਕਸ਼ ਤੇ ਦੱਬੇ ਕੁਚਲੇ ਲੋਕਾਂ ਦੇ ਲੇਖਕ ਸਨ। ਉਨ੍ਹਾਂ ਨੇ ਸਮਾਜਿਕ ਇਨਕਲਾਬੀ ਜਾਗ੍ਰਿਤੀ ਪੈਦਾ ਕਰਨ ਅਤੇ ਨੌਜਵਾਨਾਂ ਨੂੰ ਸੇਧ ਦੇਣ 'ਚ ਅਹਿਮ ਰੋਲ ਅਦਾ ਕੀਤਾ। ਆਪਣੇ ਵਿਚਾਰਾਂ 'ਤੇ ਆਖਰ ਤੱਕ ਦ੍ਰਿੜ ਰਹੇ, ਡੋਲੇ ਨਹੀਂ, ਆਰਥਿਕ ਤੰਗੀਆਂ ਵੀ ਕੱਟੀਆਂ। ਆਪਣੀ ਵਿਚਾਰਧਾਰਾ 'ਤੇ ਕਾਇਮ ਰਹਿੰਦੇ ਸਦਾ ਲਿਖਦੇ ਰਹੇ। ਸ੍ਰੀ ਧੀਰ ਮਿਹਨਤੀ, ਸਿਰੜੀ ਅਤੇ ਅਣਖ ਨਾਲ ਜਿਊਣ ਵਾਲੇ ਵੱਡੇ ਲੇਖਕ ਸਨ। ਉਹ ਆਪਣੀਆਂ ਲਿਖਤਾਂ 'ਚ ਹਮੇਸ਼ਾ ਹੀ ਸ਼ੋਸ਼ਣ ਹੋਣ ਵਾਲੇ ਕਿਰਦਾਰਾਂ ਨਾਲ ਖੜਦੇ ਰਹੇ ਹਨ।ਸ੍ਰੀ ਧੀਰ ਦੀ ਸ਼ਖਸੀਅਤ ਅਤੇ ਲੇਖਣੀ ਨਾਲ ਸਬੰਧਤ ਇੱਕ ਹੋਰ ਪਹਿਲੂ ਬਹੁਤ ਉਘੜਵਾਂ ਹੈ ਕਿ ਉਨ੍ਹਾਂ ਕਦੇ ਕੋਈ ਕਮਾਊ ਕੰਮ ਜਾਂ ਰੁਜ਼ਗਾਰ ਨਹੀਂ ਛੂਹਿਆ ਅਤੇ ਸਾਰੀ ਉਮਰ ਪੰਜਾਬੀ ਮਾਂ ਬੋਲੀ ਦੀ ਸਿਰਜਣਾਤਮਕ ਸੇਵਾ ਨੂੰ ਸਮਰਪਤ ਰਹੇ। ਉਨ੍ਹਾਂ ਦੇ ਲਗਭਗ ਦਰਜਨ ਭਰ ਕਾਵਿ ਸੰਗ੍ਰਹਿਆਂ ਵਿਚ ਪਹੁ ਫੁਟਾਲਾ, ਧਰਤੀ ਮੰਗਦੀ ਮੀਂਹ ਵੇ, ਪੱਤ ਝੜੇ ਪੁਰਾਣੇ ਬਿਰਹੜੇ, ਅੱਗੇ ਦੇ ਪੱਤੇ, ਜਦੋਂ ਅਸੀਂ ਆਵਾਂਗੇ ਆਦਿ ਤੇ ਲਗਭਗ ਇੰਨੇ ਹੀ ਕਹਾਣੀ ਸੰਗ੍ਰਹਿਆਂ ਵਿਚ ਸਵੇਰ ਹੋਣ ਤੱਕ, ਸਾਂਝੀ ਕੰਧ, ਪੱਖੀ ਆਦਿ ਤੇ ਨਾਵਲਾਂ ਵਿਚ ਹਿੰਦੁਸਤਾਨ ਹਮਾਰਾ, ਨਵਾਂ ਜਨਮ, ਯਾਦਗਾਰ ਆਦਿ ਪ੍ਰਸਿੱਧ ਹਨ।

ਸ. ਧੀਰ ਸਿਰਫ਼ ਲਿਖਦੇ ਹੀ ਨਹੀਂ, ਸਗੋਂ ਆਪਣੇ ਲੋਕਾਂ ਲਈ ਲੜਦੇ ਵੀ ਸਨ। ਉਹ ਲੰਮੇ ਸਮੇਂ ਤੋਂ ਕਮਿਊਨਿਸਟ ਪਾਰਟੀ ਦੇ ਮੈਂਬਰ ਵੀ ਰਹੇ। ਉਹ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਰਬ ਉਚ ਅਦਾਰੇ ਪੰਜਾਬ ਸੂਬਾ ਕੌਂਸਲ ਦੇ ਵੀ ਮੈਂਬਰ ਰਹੇ। ਉਨ੍ਹਾਂ ਦੀ ਮ੍ਰਿਤਕਦੇਹ ਪੀ ਜੀ ਆਈ ਨੂੰ ਦਾਨ ਕੀਤੀ ਗਈ ਹੈ।

Prem Indian Cuisine & Sweets
Turlock, California
ਜਲਦ ਆ ਰਿਹਾ ਹੈ
ਸਾਨੂੰ ਨਵੇਂ ਖੁਲ੍ਹ ਰਹੇ ਇੰਡੀਅਨ ਕੁਜ਼ੀਨ ਐਂਡ ਸਵੀਟਸ ਰੈਸਟੋਰੈਂਟ ਲਈ ਤੰਦੂਰੀਏ, ਕੁਕ, ਵੇਟਰ ਅਤੇ ਹੈਲਪਰ ਚਾਹੀਦੇ ਹਨ।
ਕਾਲ ਕਰੋ: ਆਰਤੀ
ਫੋਨ:209-535-8642 ਜਾਂ 209-667-6200

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???
ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ

✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ
ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com
We Work in All 50 States

East to West Realty
A Real Estate & Investment Agency
ਦਿਆਨਤਦਾਰ ਅਤੇ ਭਰੋਸੇਮੰਦ ਰੀਅਲ ਐਸਟੇਟ ਸੇਵਾਵਾਂ ਲਈ ਕਾਲ ਕਰੋ
(916) 501-3974
(916) 729-5453
Email:nandsbrar@gmail.com
Hiring New Realtors

Nand S. Brar
Broker/Owner
DRE Lic No: 01816328

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਪਟਨ ਦੇ ਸਿਤਾਰੇ ਚਮਕੇ, ਬੇਅੰਤ ਸਿੰਘ ਪਰਿਵਾਰ ਹਮਾਇਤ 'ਤੇ

ਰਹਿ ਗਈ ਹੈ। ਉਧਰ ਨਵੇਂ ਸੰਕੇਤਾਂ ਦੇ ਮੱਦੇਨਜ਼ਰ ਬੀਬੀ ਰਜਿੰਦਰ ਕੌਰ ਭੱਠਲ ਨੇ ਵੀ ਆਨੀ ਬਹਾਨੀਂ ਕੈਪਟਨ ਦੇ ਹੱਕ ਵਿਚ ਬਿਆਨਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ ਹੈ। ਇਥੋਂ ਤੱਕ ਕਿ ਉਹ ਕੁਝ ਦਿਨ ਪਹਿਲਾਂ ਪਟਿਆਲੇ ਮੋਤੀ ਮਹਿਲ ਪਹੁੰਚ ਕੇ ਕੈਪਟਨ ਅਮਰਿੰਦਰ ਸਿੰਘ ਦੀ ਮਾਤਾ ਨੂੰ ਵੀ ਮਿਲ ਆਈ ਹੈ। ਇੰਜ ਜਾਪ ਰਿਹਾ ਹੈ ਕਿ ਬੀਬੀ ਰਜਿੰਦਰ ਕੌਰ ਭੱਠਲ ਨਵੇਂ ਹਾਲਾਤ ਦੇ ਮੱਦੇਨਜ਼ਰ ਕੈਪਟਨ ਨਾਲ ਆਪਣੀਆਂ ਨਜ਼ਦੀਕੀਆਂ ਮੁੜ ਤੋਂ ਪੈਦਾ ਕਰਨਾ ਚਾਹੁੰਦੀ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਬੀਬੀ ਪ੍ਰਨੀਤ ਕੌਰ, ਕੇਂਦਰੀ ਖੇਡ ਮੰਤਰੀ ਐਮ ਐਸ ਗਿੱਲ ਅਤੇ ਅੰਬਿਕਾ ਸੋਨੀ ਨੂੰ ਵੀ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੇਣ ਦੇ ਚਰਚੇ ਚੱਲ ਚੁਕੇ ਹਨ। ਪਰ ਇਨ੍ਹਾਂ ਚਰਚਿਆਂ ਵਿਚ ਕੋਈ ਬਹੁਤਾ ਦਮ ਵਿਖਾਈ ਨਹੀਂ ਦਿੰਦਾ। ਉਧਰ ਆਪਣੀ ਲੀਡਰਸ਼ਿਪ ਦੀ ਸੰਭਾਵਨਾ ਨੂੰ ਵੇਖਦਿਆਂ ਅਮਰਿੰਦਰ ਸਿੰਘ ਨੇ ਅਕਾਲੀਆਂ ਨਾਲ ਮਤਿੱਕਣ ਲਈ ਆਪਣੀ ਪਹੁੰਚ ਅਗੇ ਵਧਾਉਣੀ ਸ਼ੁਰੂ ਕਰ ਦਿੱਤੀ ਹੈ।

ਨੇੜ ਭਵਿੱਖ ਵਿਚ ਹੋ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੇ ਮੱਦੇਨਜ਼ਰ ਕੈਪਟਨ ਨੇ ਆਪਣੀ ਲਾਈਨ ਅਗੇ ਵਧਾਉਂਦਿਆਂ ਕਿਹਾ ਹੈ ਕਿ ਭਾਵੇਂ ਕਾਂਗਰਸ ਪਾਰਟੀ ਇਕ ਧਰਮ ਨਿਰਪੱਖ ਪਾਰਟੀ ਹੈ ਅਤੇ ਉਹ ਕਿਸੇ ਵੀ ਵਿਸ਼ੇਸ਼ ਧਰਮ ਦੇ ਪੱਖ ਜਾਂ ਵਿਰੋਧ ਵਿਚ ਨਹੀਂ ਹੈ ਪਰ ਪੰਜਾਬ ਵਿਚ ਆ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਅਕਾਲੀਆਂ ਦਾ ਗਲਬਾ ਤੋੜਨ ਦੇ ਹੱਕ ਵਿਚ ਹਨ। ਉਨ੍ਹਾਂ ਆਖਿਆ ਕਿ ਉਹ ਸ਼੍ਰੋਮਣੀ ਕਮੇਟੀ ਵਿਚੋਂ ਅਕਾਲੀ ਦਲ (ਬਾਦਲ) ਦੀ ਜੜ੍ਹ ਪੁੱਟਣ ਲਈ ਕਿਸੇ ਸਾਰਥਕ ਬਦਲ ਦੀ ਹਮਾਇਤ ਕਰਨ ਦੀ ਪਹੁੰਚ ਅਪਨਾਉਣਗੇ। ਇਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਪੰਜਾਬ ਕਾਂਗਰਸ ਦੇ ਮੌਜੂਦਾ ਐਕਟਿੰਗ ਪ੍ਰਧਾਨ ਸ੍ਰੀ ਕੇਪੀ ਨੇ ਕੁਝ ਸਮਾਂ ਪਹਿਲਾਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਅਜਿਹੀ ਹੀ ਪਹੁੰਚ ਅਪਨਾਉਣ ਦੇ ਕੈਪਟਨ ਦੇ ਬਿਆਨ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਕਾਂਗਰਸ ਨੂੰ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਦੀ ਕੋਈ ਜ਼ਰੂਰਤ ਨਹੀਂ ਹੈ ਅਤੇ ਨਾ ਹੀ ਉਸ ਵਲੋਂ ਅਜਿਹਾ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਚੋਣਾਂ ਵਿਚ ਕਾਂਗਰਸ ਪਾਰਟੀ ਨਿਰਪੱਖ ਰਹੇਗੀ। ਰਾਜਸੀ ਹਲਕਿਆਂ ਵਲੋਂ ਕੇਪੀ ਗੁੱਟ ਵਲੋਂ ਦਿੱਤੇ ਗਏ ਇਸ ਬਿਆਨ ਨੂੰ ਪੰਜਾਬ ਦੇ ਮੌਜੂਦਾ ਅਕਾਲੀ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਰਾਹਤ ਦੇਣ ਵਾਲਾ ਦੱਸਿਆ ਗਿਆ ਸੀ।

ਇਥੇ ਇਹ ਵੀ ਦੱਸਣਯੋਗ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਐਕਟਿੰਗ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਅਗਵਾਈ ਵਿਚ ਇਕ ਵਫ਼ਦ ਕੇਂਦਰੀ ਆਲ੍ਹਾ ਕਮਾਨ ਨੂੰ ਹਾਲ ਵੀ ਵਿਚ ਮਿਲਿਆ ਸੀ ਅਤੇ ਮੰਗ ਕੀਤੀ ਸੀ ਕਿ ਅਸੈਂਬਲੀ ਚੋਣਾਂ ਨੇੜੇ ਆਉਣ ਕਰਕੇ ਪੰਜਾਬ ਕਾਂਗਰਸ ਦਾ ਪ੍ਰਧਾਨ ਤੇ ਜ਼ਿਲ੍ਹਾ ਪ੍ਰਧਾਨ ਜਲਦੀ ਬਣਾਏ ਜਾਣ।

ਪਤਾ ਲੱਗਾ ਹੈ ਕਿ ਆਲ੍ਹਾ ਕਮਾਨ ਪੰਜਾਬ ਵਿਚ ਜਲਦੀ ਹੀ ਨਵਾਂ ਪ੍ਰਧਾਨ ਤੇ ਜ਼ਿਲ੍ਹਾ ਪ੍ਰਧਾਨ ਲਗਾਉਣ ਲਈ ਫੈਸਲਾ ਕਰ ਰਿਹਾ ਹੈ। ਇਹ ਪਤਾ ਲੱਗਾ ਹੈ ਕਿ ਕਾਂਗਰਸ ਆਲ੍ਹਾ ਕਮਾਨ ਪੰਜਾਬ ਕਾਂਗਰਸ ਦਾ ਨਵਾਂ ਪ੍ਰਧਾਨ ਅਤੇ ਜ਼ਿਲ੍ਹਿਆਂ ਦੇ ਪ੍ਰਧਾਨ ਭਰਤੀ ਦੇ ਆਧਾਰ 'ਤੇ ਵੋਟਾਂ ਪਾ ਕੇ ਨਹੀਂ ਚੁਣ ਰਹੀ, ਸਗੋਂ ਕਾਂਗਰਸ ਦੀ ਰਵਾਇਤ ਮੁਤਾਬਕ ਸਭ ਉਪਰ ਤੋਂ ਲਿਸਟਾਂ ਬਣ ਕੇ ਆਉਣਗੀਆਂ ਤੇ ਸਰਬ-ਸੰਮਤੀ ਕਰਕੇ ਚੋਣ ਪ੍ਰਕਿਰਿਆ ਵੀ ਪੂਰੀ ਕਰ ਲਈ ਜਾਵੇਗੀ।

ਇੰਜ ਕਾਂਗਰਸ ਆਲ੍ਹਾ ਕਮਾਨ ਦੇ ਇਸ ਗੁਪਤ ਫੈਸਲੇ ਅਤੇ ਉਪਰੋਂ ਨਿਯੁਕਤੀਆਂ ਕਰਨ ਦੇ ਆਦੇਸ਼ਾਂ ਨਾਲ ਪੰਜਾਬ ਵਿਚ ਕੀਤੀ ਭਰਤੀ ਪ੍ਰਕਿਰਿਆ ਦੀ ਪੂਰੀ ਤਰ੍ਹਾਂ ਫੂਕ ਨਿਕਲ ਗਈ ਹੈ।

ਉਧਰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਅਮਰਿੰਦਰ ਸਿੰਘ ਨੇ ਵੀ ਦਿੱਲੀ ਦੇ ਗੇੜੇ ਵਧਾ ਦਿੱਤੇ ਹਨ। ਜ਼ਿਲ੍ਹਾ ਪ੍ਰਧਾਨ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਰੇ ਅਹੁਦੇਦਾਰ ਉਨ੍ਹਾਂ ਦੀ ਹੀ ਸਹਿਮਤੀ ਨਾਲ ਨਿਯੁਕਤ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਜ਼ਿਲ੍ਹਿਆਂ ਦੇ ਨਵੇਂ ਪ੍ਰਧਾਨ ਨਿਯੁਕਤ ਕਰਨ ਲਈ ਆਪਣੀ ਇਕ ਗੁਪਤ ਲਿਸਟ ਕਾਂਗਰਸ ਆਲ੍ਹਾ ਕਮਾਨ ਨੂੰ ਪੇਸ਼ ਕੀਤੀ ਹੈ। ਬੀਤੇ ਦਿਨੀਂ ਕੈਪਟਨ ਅਮਰਿੰਦਰ ਸਿੰਘ ਦੇ ਕਈ ਹਮਾਇਤੀ ਦਿੱਲੀ ਵਿਚ ਆਲ੍ਹਾ ਕਮਾਨ ਨੂੰ ਮਿਲੇ, ਜਿਨ੍ਹਾਂ ਵਿਚ ਸਵ. ਬੇਅੰਤ ਸਿੰਘ ਦੇ ਪਰਿਵਾਰਕ ਮੈਂਬਰ ਵੀ ਸ਼ਾਮਲ ਹਨ, ਜਿਨ੍ਹਾਂ ਨੇ ਪੰਜਾਬ ਦਾ ਨਵਾਂ ਪ੍ਰਧਾਨ ਬਣਾਉਣ ਲਈ ਕੈਪਟਨ ਅਮਰਿੰਦਰ ਸਿੰਘ ਦੀ ਸਿਫਾਰਸ਼ ਕੀਤੀ ਹੈ। ਇਸ ਤੋਂ ਇਲਾਵਾ ਹੋਰ ਕਈ ਨੇਤਾ ਵੀ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ ਕਾਂਗਰਸ ਹਾਈ ਕਮਾਂਡ ਨੂੰ ਮਿਲ ਚੁੱਕੇ ਹਨ।



## ਕੈਪਟਨ ਨੂੰ ਮੈਂ ਕਾਂਗਰਸ 'ਚ ਲਿਆਂਦਾ – ਭੱਠਲ

**ਮਾਛੀਵਾੜਾ:** ਇਸੇ ਦਰਮਿਆਨ ਬੀਬੀ ਰਾਜਿੰਦਰ ਕੌਰ ਭੱਠਲ ਅਤੇ ਕੈਪਟਨ ਅਮਰਿੰਦਰ ਸਿੰਘ ਵਿਚਾਲੇ ਚੱਲ ਰਹੀ ਬਿਆਨਬਾਜ਼ੀ ਹੋਰ ਤੇਜ਼ ਹੋ ਗਈ ਜਾਪਦੀ ਹੈ। ਬੀਬੀ ਭੱਠਲ ਨੇ ਲੰਘੀ 6 ਫਰਵਰੀ ਨੂੰ ਇਥੇ ਕਿਹਾ, ''1997 ਵਿਚ ਜਦ ਕੈਪਟਨ ਅਮਰਿੰਦਰ ਸਿੰਘ ਨੂੰ ਅਕਾਲੀਆਂ ਨੇ ਟਿਕਟ ਦੇਣ ਤੋਂ ਇਨਕਾਰ ਕਰ ਦਿਤਾ ਸੀ ਤਾਂ ਉਸ ਸਮੇਂ ਕਾਂਗਰਸੀ ਕੈਪਟਨ ਨੂੰ ਪਾਰਟੀ ਵਿਚ ਸ਼ਾਮਲ ਨਹੀਂ ਕਰਨਾ ਚਾਹੁੰਦੇ ਸਨ। ਪਾਰਟੀ ਦੀ ਮਜ਼ਬੂਤੀ ਲਈ ਮੇਰੇ ਯਤਨਾਂ ਸਦਕਾ ਹੀ ਕੈਪਟਨ ਨੂੰ ਕਾਂਗਰਸ ਵਿਚ ਸ਼ਾਮਲ ਕੀਤਾ ਗਿਆ ਅਤੇ ਮੇਰੇ ਯਤਨਾਂ ਸਦਕਾ ਹੀ ਕੈਪਟਨ ਨੂੰ ਟਿਕਟ ਦਿਤੀ ਗਈ ਸੀ।''

ਉਨ੍ਹਾਂ ਕਿਹਾ, ''ਪੰਜਾਬ ਦੇ ਸੀਨੀਅਰ ਕਾਂਗਰਸੀ ਆਗੂਆਂ ਨੂੰ ਇਕ-ਦੂਜੇ ਨੂੰ ਅਹੁਦੇ ਦੇਣ ਦੀਆਂ ਨਸੀਹਤਾਂ ਦੇਣ ਦੀ ਬਜਾਏ ਇਕਜੁੱਟ ਹੋ ਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨ ਵਲ ਧਿਆਨ ਦੇਣਾ ਚਾਹੀਦਾ ਹੈ।'' ਪੰਜਾਬ ਕਾਂਗਰਸ ਦੀ ਪ੍ਰਧਾਨਗੀ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ, ''ਮੈਂ ਪ੍ਰਧਾਨਗੀ ਦੇ ਅਹੁਦੇ ਲਈ ਦਾਅਵੇਦਾਰ ਨਹੀਂ ਹਾਂ। ਕਾਂਗਰਸ ਹਾਈ ਕਮਾਨ ਜਿਸ ਨੂੰ ਵੀ ਪ੍ਰਧਾਨਗੀ ਦੇਵੇਗੀ, ਮੈਂ ਉਸ ਦਾ ਸਵਾਗਤ ਕਰਾਂਗੀ ਅਤੇ ਪਾਰਟੀ ਹਿਤਾਂ ਲਈ ਇਕਜੁੱਟ ਹੋ ਕੇ ਕੰਮ ਕਰਾਂਗੀ।'' ਉਨ੍ਹਾਂ ਕਿਹਾ ਕਿ ਜੇ ਹਾਈ ਕਮਾਨ ਉਨ੍ਹਾਂ ਨੂੰ ਇਹ ਜ਼ੁੰਮੇਵਾਰੀ ਸੌਂਪੇਗੀ ਤਾਂ ਉਹ ਇਸ ਨੂੰ ਨਿਭਾਉਣ ਲਈ ਵੀ ਤਿਆਰ ਹਨ।

# ਡੇਰਾ ਰੂੰਮੀ ਵੀ ਹੁਣ ਸਿਆਸੀ ਪਾਟੋਧਾੜ ਦਾ ਸ਼ਿਕਾਰ ਹੋਣ ਵਲ ਤੁਰਿਆ

**ਭੁੱਚੋ ਕਲਾਂ:** ਅਸਿੱਧੇ ਸਿਆਸੀ ਦਖਲ ਨੇ ਸਿੱਖ ਪੰਥ ਦੀ ਤਰਜ਼ 'ਤੇ ਡੇਰਾ ਰੂੰਮੀ ਦੇ ਨਾਂਅ ਨਾਲ ਜਾਣੀ ਜਾਂਦੀ ਉਸ ਧਾਰਮਿਕ ਸੰਸਥਾ ਨੂੰ ਵੀ ਦੋ ਧੜਿਆਂ ਵਿਚ ਵੰਡ ਦਿੱਤਾ, ਜਿਸ ਨੂੰ ਨਿਰਪੱਖਤਾ ਵਜੋਂ ਇਸ ਖੇਤਰ ਦੇ ਲੋਕ ਬਹੁਤ ਜ਼ਿਆਦਾ ਸਨਮਾਨ ਦਿੰਦੇ ਆ ਰਹੇ ਹਨ। ਬਾਬਾ ਹਰਨਾਮ ਸਿੰਘ ਧੁੰਮਾਂ ਦੀ ਅਗਵਾਈ ਹੇਠਲੇ ਸੰਤ ਸਮਾਜ ਨੇ ਡੇਰਾ ਰੂੰਮੀ ਦਾ ਮੁਖੀ ਬਾਬਾ ਸੁਖਦੇਵ ਸਿੰਘ ਸੁੱਖਾ ਨੂੰ ਥਾਪ ਦਿੱਤਾ ਹੈ, ਜਦਕਿ ਸੰਸਥਾ ਅਤੇ ਡੇਰੇ ਦੇ ਪ੍ਰਬੰਧਕਾਂ ਨੇ ਆਪਣੇ ਮਰਹੂਮ ਮੁਖੀ ਬਾਬਾ ਖੇਮ ਸਿੰਘ ਦੀ ਅੰਤਿਮ ਇੱਛਾ ਅਨੁਸਾਰ ਅਗਲੇ ਮੁਖੀ ਵਜੋਂ ਬਾਬਾ ਹਰਬੰਸ ਸਿੰਘ ਨੂੰ ਦਸਤਾਰ ਭੇਟ ਕਰ ਦਿੱਤੀ ਹੈ।

ਪਿਛਲੇ ਦਿਨੀਂ ਦਿੱਲੀ ਵਿਖੇ ਆਪਣੇ ਇਕ ਸੇਵਾਦਾਰ ਦੀ ਰਿਹਾਇਸ਼ ਵਿਖੇ ਅਕਾਲ ਚਲਾਣਾ ਕਰ ਚੁੱਕੇ ਡੇਰਾ ਰੂੰਮੀ ਵਾਲਾ ਦੇ ਮੁਖੀ ਬਾਬਾ ਖੇਮ ਸਿੰਘ ਨੇ ਜੋ ਆਪਣੀ ਅੰਤਿਮ ਵਸੀਅਤ ਲਿਖੀ ਸੀ, ਉਸ ਰਾਹੀਂ ਜਿੱਥੇ ਉਹਨਾ ਡੇਰੇ ਦੇ ਹੀ ਇਕ ਸੀਨੀਅਰ ਸੇਵਾਦਾਰ ਹਰਬੰਸ ਸਿੰਘ ਨੂੰ ਆਪਣਾ ਉਤਰਾਧਿਕਾਰੀ ਨਾਮਜ਼ਦ ਕੀਤਾ ਸੀ, ਉੱਥੇ ਆਪਣੇ ਅਨੁਯਾਈਆਂ ਨੂੰ ਇਹ ਵੀ ਹਦਾਇਤ ਕੀਤੀ ਸੀ ਕਿ ਨਾ ਤਾਂ ਉਹਨਾਂ ਦੀ ਕੋਈ ਯਾਦਗਾਰ ਸਥਾਪਤ ਕੀਤੀ ਜਾਵੇ ਅਤੇ ਨਾ ਹੀ ਬਰਸੀ ਮਨਾਈ ਜਾਵੇ। ਆਪਣੀ ਅੰਤਿਮ ਇੱਛਾ ਰਾਹੀਂ ਉਹਨਾਂ ਡੇਰੇ ਦਾ ਪ੍ਰਬੰਧ ਸਦੀਆਂ ਤੋਂ ਚਲ ਰਹੀ ਰਵਾਇਤ ਅਨੁਸਾਰ ਜਾਰੀ ਰੱਖਣ ਦੀ ਖਾਹਸ਼ ਪ੍ਰਗਟ ਕੀਤੀ ਸੀ।

ਬੀਤੀ 4 ਫਰਵਰੀ ਨੂੰ ਸਵੇਰੇ ਹਾਲਾਤ ਆਮ ਵਰਗੇ ਰਹੇ, ਲੇਕਿਨ ਸ਼ਾਮ ਦੇ 6 ਵਜੇ ਤੋਂ ਬਾਅਦ ਅਚਨਚੇਤ ਨਵੇਂ ਡੇਰਾ ਮੁਖੀ ਨੂੰ ਲੈ ਕੇ ਕਈ ਬਾਹਰੀ ਸ਼ਕਤੀਆਂ ਨੇ ਸਰਗਰਮੀ ਦਿਖਾਉਣੀ ਸ਼ੁਰੂ ਕਰ ਦਿੱਤੀ। ਜਿੱਥੋਂ ਤੱਕ ਡੇਰੇ ਦੇ ਪ੍ਰਬੰਧਕਾਂ ਦਾ ਸਵਾਲ ਹੈ, ਉਹ ਸ਼ਾਂਤ ਚਿੱਤ ਆਪਣੇ ਸਾਬਕਾ ਮੁਖੀ ਦੀ ਅੰਤਿਮ ਅਰਦਾਸ ਦੇ ਪ੍ਰਬੰਧਾਂ ਵਿਚ ਰੁੱਝੇ ਰਹੇ, ਸਾਰੀ ਰਾਤ ਦੇ ਕੀਰਤਨ ਉਪਰੰਤ ਲੰਘੀ 5 ਫਰਵਰੀ ਨੂੰ ਜਿਉਂ ਹੀ ਸ਼ਰਧਾਂਜਲੀਆਂ ਦਾ ਸਿਲਸਿਲਾ ਸ਼ੁਰੂ ਹੋਇਆ, ਤਾਂ ਕਈ ਸਿਆਸੀ ਤੇ ਸੰਵਿਧਾਨਕ ਸ਼ਖਸੀਅਤਾਂ ਤੋਂ ਇਲਾਵਾ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾਂ, ਸੰਤ ਬਲਜੀਤ ਸਿੰਘ ਦਾਦੂਵਾਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਕਰੀਬੀ ਵਜੋਂ ਜਾਣਿਆ ਜਾਣ ਵਾਲਾ ਅਮਰਜੀਤ ਸਿੰਘ ਚਾਵਲਾ, ਜੋ ਅੱਜ-ਕੱਲ੍ਹ ਅਕਾਲੀ ਦਲ ਬਾਦਲ ਦਾ ਸੀਨੀਅਰ ਆਗੂ ਹੈ, ਵਰਗੇ ਉਹ ਲੋਕ ਵੀ ਮੰਚ 'ਤੇ ਆ ਸੁਸ਼ੋਭਿਤ ਹੋਏ। ਉਨ੍ਹਾਂ ਨੇ ਇਸ ਤੋਂ ਪਹਿਲਾਂ ਕਦੇ ਵੀ ਡੇਰਾ ਰੂੰਮੀ ਵਾਲਾ ਦੇ ਮਾਮਲਿਆਂ ਪ੍ਰਤੀ ਦਿਲਚਸਪੀ ਨਹੀਂ ਸੀ ਦਿਖਾਈ। ਹਰਮੰਦਰ ਸਾਹਿਬ ਦੇ ਗ੍ਰੰਥੀ ਮੱਲ ਸਿੰਘ ਵੀ ਉਚੇਚੇ ਤੌਰ 'ਤੇ ਇਸ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਹੋਣ ਲਈ ਪਧਾਰੇ। ਜਦ ਮੰਚ 'ਤੇ ਵੱਖ-ਵੱਖ ਸਿੱਖ ਸੰਸਥਾਵਾਂ ਨਾਲ ਸੰਬੰਧਤ ਬਾਬਿਆਂ ਦਾ ਇਕੱਠ ਭਾਰੂ ਹੋ ਗਿਆ, ਤਾਂ ਅਚਨਚੇਤ ਇਹ ਅਨਾਊਂਸਮੈਂਟ ਹੋ ਗਈ ਕਿ ਬਾਬਾ ਖੇਮ ਸਿੰਘ ਦੀ ਥਾਂ 'ਤੇ ਉਹਨਾਂ ਦੇ ਅਨਿਨ ਸੇਵਾਦਾਰ ਸੁਖਦੇਵ ਸਿੰਘ ਸੁੱਖਾ ਨੂੰ ਮੁਖੀ ਥਾਪਣ ਦਾ ਫੈਸਲਾ ਹੋ ਚੁੱਕਾ ਹੈ। ਇਸ ਨਾਲ ਜਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਜੁੜੀ ਸੰਗਤ ਘੁਸਰ-ਮੁਸਰ ਕਰਨ ਲੱਗ ਪਈ, ਉੱਥੇ ਡੇਰਾ ਪ੍ਰਬੰਧਕਾਂ ਵਿਚ ਵੀ ਅਜੀਬ ਤਰ੍ਹਾਂ ਦੇ ਹਲਚਲ ਪੈਦਾ ਹੋ ਗਏ।

ਸਥਿਤੀ ਦੀ ਨਾਜ਼ੁਕਤਾ ਨੂੰ ਦੇਖਦਿਆਂ ਬਾਬਾ ਸੁੱਖਾ ਨੇ ਵੀ ਇਹ ਐਲਾਨ ਕਰ ਦਿੱਤਾ ਕਿ ਪ੍ਰਬੰਧਕਾਂ ਅਤੇ ਸਮੁੱਚੀ ਸੰਸਥਾ ਦੇ ਸਰਬ-ਸੰਮਤ ਫੈਸਲੇ ਤੋਂ ਬਿਨਾਂ ਉਹ ਅਜਿਹੀ ਸੇਵਾ ਸੰਭਾਲਣ ਲਈ ਉੱਕਾ ਹੀ ਤਿਆਰ ਨਹੀਂ। ਇਸੇ ਦੌਰਾਨ ਡੇਰੇ ਦੇ ਸੀਨੀਅਰ ਸੇਵਾਦਾਰਾਂ ਅਤੇ ਪ੍ਰਬੰਧਕਾਂ ਨੇ ਡੇਰੇ ਦੀ ਗੱਦੀ ਬਾਰੇ ਮੀਟਿੰਗ ਸ਼ੁਰੂ ਕਰ ਦਿੱਤੀ, ਜਿਸ ਵਿਚ ਮਰਹੂਮ ਬਾਬਾ ਖੇਮ ਸਿੰਘ ਦਿੱਲੀ ਵਾਲਿਆਂ ਦੀ ਲਿਖਤੀ ਅੰਤਿਮ ਵਸੀਅਤ ਪੜ੍ਹ ਕੇ ਸੁਣਾਈ ਗਈ।

ਜਦ ਪ੍ਰਬੰਧਕ ਆਪਣੇ ਮਰਹੂਮ ਮੁਖੀ ਦੀ ਇੱਛਾ ਅਨੁਸਾਰ ਗੱਦੀ ਦੇ ਪ੍ਰਮੁੱਖ ਸੇਵਾਦਾਰ ਬਾਬਾ ਹਰਬੰਸ ਸਿੰਘ ਨੂੰ ਉਹਨਾਂ ਦਾ ਅਗਲਾ ਵਾਰਸ ਚੁਣਨ ਦੇ ਅੰਤਿਮ ਪੜਾਅ ਵਿਚ ਸਨ, ਤਾਂ ਅਚਨਚੇਤ ਮੰਚ ਤੋਂ ਇਹ ਐਲਾਨ ਹੋ ਗਿਆ ਕਿ ਡੇਰਾ ਰੂੰਮੀ ਦੇ ਅਗਲੇ ਮੁਖੀ ਵਜੋਂ ਹਰਮੰਦਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਅਤੇ ਸੰਤ ਸਮਾਜ ਦੇ ਆਗੂ ਬਾਬਾ ਸੁਖਦੇਵ ਸਿੰਘ ਸੁੱਖਾ ਦੀ ਦਸਤਾਰਬੰਦੀ ਕਰਨਗੇ। ਇਹ ਸੁਣਦਿਆਂ ਹੀ ਸੰਗਤਾਂ ਵਿਚ ਰੋਲ-ਘਚੋਲੇ ਵਾਲੀ ਹਾਲਤ ਬਣ ਗਈ ਤੇ ਵੇਖਦਿਆਂ ਹੀ ਵੇਖਦਿਆਂ ਮੰਚ 'ਤੇ ਕਾਬਜ਼ ਬਾਹਰੀ ਧੜੇ ਨੇ ਬਾਬਾ ਸੁੱਖਾ ਨੂੰ ਅਗਲਾ ਮੁਖੀ ਨਿਯੁਕਤ ਕਰ ਦਿੱਤਾ। ਬਾਅਦ ਵਿਚ ਡੇਰੇ ਦੇ ਪ੍ਰਬੰਧਕਾਂ ਅਤੇ ਸੰਸਥਾ ਦੇ ਸੀਨੀਅਰ ਸੇਵਾਦਾਰਾਂ ਨੇ ਬਾਬਾ ਹਰਬੰਸ ਸਿੰਘ ਨੂੰ ਡੇਰਾ ਰੂੰਮੀ ਦਾ ਮੁਖੀ ਥਾਪਦਿਆਂ ਆਪਣੀਆਂ ਰਵਾਇਤਾਂ ਅਨੁਸਾਰ ਉਹਨਾਂ ਦੀ ਦਸਤਾਰਬੰਦੀ ਕਰ ਦਿੱਤੀ।

ਡੇਰੇ ਨਾਲ ਸੰਬੰਧਤ ਸੂਤਰਾਂ ਅਨੁਸਾਰ ਬਾਬਾ ਹਰਬੰਸ ਸਿੰਘ ਦੀ ਅਗਲੇ ਮੁਖੀ ਵਜੋਂ ਤਾਜਪੋਸ਼ੀ ਪਿੰਡ ਦੇ ਕਈ ਸਾਬਕਾ ਸਰਪੰਚਾਂ, ਨੰਬਰਦਾਰਾਂ ਅਤੇ ਪਤਵੰਤੇ ਸੱਜਣਾਂ ਤੇ ਆਧਾਰਿਤ ਪ੍ਰਬੰਧਕ ਕਮੇਟੀ ਨੇ ਕੀਤੀ। ਸੂਤਰਾਂ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਆਲੇ ਦੁਆਲੇ ਦੇ ਕਈ ਪਿੰਡਾਂ ਤੋਂ ਇਲਾਵਾ ਪਿੰਡ ਭੁੱਚੋ ਕਲਾਂ ਦੇ ਪੰਚਾਂ ਦੀ ਬਹੁਗਿਣਤੀ ਵੀ ਇਸ ਫੈਸਲੇ ਦੀ ਭਾਗੀਦਾਰ ਹੈ।

ਇੱਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਅਤੀਤ ਵਿਚ ਜਿੱਥੇ ਡੇਰਾ ਰੂੰਮੀ ਹਰ ਤਰ੍ਹਾਂ ਦੀਆਂ ਸਿਆਸੀ ਸਰਗਰਮੀਆਂ ਤੋਂ ਪੂਰੀ ਤਰ੍ਹਾਂ ਅਲੱਗ ਰਿਹਾ ਹੈ, ਉਥੇ ਦਰਸ਼ਨਾਂ ਲਈ ਆਉਣ ਵਾਲੀ ਹਰ ਸ਼ਖਸੀਅਤ ਨੂੰ ਇੱਕੋ ਅੱਖ ਨਾਲ ਦੇਖਿਆ ਜਾਂਦਾ ਰਿਹਾ ਹੈ, ਉਸ ਦੀ ਸਿਆਸੀ ਪਛਾਣ ਭਾਵੇਂ ਕੁਝ ਵੀ ਹੋਵੇ। ਸਿਆਸੀ ਵਿਸ਼ਲੇਸ਼ਕ ਇਸ ਘਟਨਾਕ੍ਰਮ ਨੂੰ ਇਕ ਅਜਿਹਾ ਰਾਜਨੀਤਕ ਗ੍ਰਹਿਣ ਸਮਝ ਰਹੇ ਹਨ, ਜੋ ਇਸ ਸਨਮਾਨਿਤ ਸੰਸਥਾ ਨੂੰ ਆਪਣੀਆਂ ਗੁੱਝੀਆਂ ਗਰਜਾਂ ਲਈ ਇਸਤੇਮਾਲ ਕਰਨ ਲਈ ਯਤਨਸ਼ੀਲ ਹੈ।

ਬਾਬਾ ਖੇਮ ਸਿੰਘ ਦੀ ਅੰਤਿਮ ਅਰਦਾਸ ਵਿਚ ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ, ਕਾਂਗਰਸ ਪਾਰਟੀ ਦੀ ਵਰਕਿੰਗ ਕਮੇਟੀ ਦੇ ਮੈਂਬਰ ਜਗਮੀਤ ਸਿੰਘ ਬਰਾੜ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੀਡੀਆ ਸਲਾਹਕਾਰ ਰਹਿ ਚੁੱਕੇ ਭਰਤਇੰਦਰ ਸਿੰਘ ਚਹਿਲ ਸਮੇਤ ਪਰਵਾਰ ਸ਼ਾਮਲ ਹੋਏ।

ਬਾਬਾ ਖੇਮ ਸਿੰਘ ਦੇ ਅੰਤਿਮ ਸਸਕਾਰ ਵੇਲੇ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਵੀ ਪਹੁੰਚੇ ਸਨ, ਲੇਕਿਨ ਬਾਦਲ ਪਰਵਾਰ ਦੇ ਕਿਸੇ ਵੀ ਮੈਂਬਰ ਵਲੋਂ ਹਾਜ਼ਰੀ ਨਾ ਭਰਨਾ ਜਿੱਥੇ ਆਮ ਜਨਤਾ ਦੀ ਚਰਚਾ ਦਾ ਵਿਸ਼ਾ ਰਿਹਾ, ਉਥੇ ਗੁੱਝੇ ਸੁਆਲਾਂ ਨੂੰ ਜਨਮ ਦੇਣ ਵਾਲਾ ਅਤੇ ਸਭ ਨੂੰ ਹੈਰਾਨ ਕਰਨ ਵਾਲਾ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਡਾ. ਵਿਨੋਦ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ

**ਬਠਿੰਡਾ:** ਉੱਘੇ ਮਾਰਕਸਵਾਦੀ ਚਿੰਤਕ ਨੇ ਵਿਦਵਾਨ ਡਾ.ਟੀ.ਆਰ.ਵਿਨੋਦ ਦਾ ਅੰਤਿਮ ਸੰਸਕਾਰ ਬੀਤੀ 4 ਫਰਵਰੀ ਨੂੰ ਇਥੋਂ ਦੇ ਰਾਮ ਬਾਗ ਵਿਚ ਕਰ ਦਿੱਤਾ ਗਿਆ। ਅੰਤਿਮ ਸੰਸਕਾਰ ਮੌਕੇ ਕੋਈ ਰਾਜਨੀਤਿਕ ਆਗੂ ਨਾ ਪੁੱਜਿਆ ਪਰ ਸਾਹਿਤਕ ਤੇ ਅਕਾਦਮਿਕ ਸ਼ਖਸੀਅਤਾਂ ਮੌਜੂਦ ਸਨ। ਆਲੋਚਨਾ ਦੇ ਖੇਤਰ ਵਿਚ 'ਬਾਬਾ ਬੋਹੜ' ਦੇ ਨਾਂ ਨਾਲ ਜਾਣੇ ਜਾਂਦੇ ਡਾ. ਵਿਨੋਦ ਪਿਛਲੇ ਕਈ ਸਾਲਾਂ ਤੋਂ ਬਿਮਾਰ ਸਨ। ਸੰਸਕਾਰ ਤੋਂ ਬਾਅਦ ਉਘੇ ਨਾਵਰਕਾਰ ਪ੍ਰੋ. ਗੁਰਦਿਆਲ ਸਿੰਘ ਨੇ ਕਿਹਾ ਕਿ ਡਾ. ਵਿਨੋਦ ਦੀ ਮੌਤ ਨਾਲ ਸਾਹਿਤ ਜਗਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਡਾ. ਵਿਨੋਦ ਦੇ ਇਲਾਜ ਲਈ ਸਿੱਖਿਆ ਮੰਤਰੀ ਉਪਿੰਦਰਜੀਤ ਕੌਰ ਨਾਲ ਗੱਲਬਾਤ ਕੀਤੀ ਸੀ ਤੇ ਉਨ੍ਹਾਂ ਵਲੋਂ ਇਲਾਜ ਦੇ ਪੂਰੇ ਰੁਪਏ ਭੇਜਣ ਦੀ ਬਜਾਏ ਸਿਰਫ ਇਕ ਲੱਖ ਰੁਪਏ ਦਾ ਹੀ ਚੈੱਕ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਬਦਕਿਸਮਤੀ ਦੀ ਗੱਲ ਇਹ ਕਿ ਉਹ ਚੈੱਕ ਡਾ. ਵਿਨੋਦ ਦੀ ਮੌਤ ਤੋਂ ਦੋ ਦਿਨ ਪਹਿਲਾਂ ਹੀ ਮਿਲਿਆ ਤੇ ਚੈੱਕ ਪੀੜਤ ਪਰਿਵਾਰ ਦੇ ਨਾਂ ਤੇ ਕੱਟਣ ਦੀ ਬਜਾਏ ਪੀ.ਜੀ.ਆਈ. ਦੇ ਡਾਇਰੈਕਟਰ ਦੇ ਨਾਂ ਤੇ ਕਟਿਆ ਅਤੇ ਡਾ. ਵਿਨੋਦ ਦੀ ਮ੍ਰਿਤਕ ਦੇਹ ਨੂੰ ਲੈਣ ਤੋਂ ਪਹਿਲਾਂ ਸਾਰਾ ਖਰਚਾ ਨਕਦ ਤਾਰਨਾ ਪਿਆ।

ਉੱਘੇ ਨਾਟਕਕਾਰ ਪ੍ਰੋ. ਅਜਮੇਰ ਔਲਖ ਨੇ ਕਿਹਾ ਕਿ ਡਾ. ਵਿਨੋਦ ਦੀ ਮੌਤ ਨਾਲ ਜਿਥੇ ਸਾਹਿਤ ਜਗਤ ਦਾ ਹੀਰਾ ਗੁਆ ਲਿਆ ਹੈ, ਉਥੇ ਉਨ੍ਹਾਂ ਆਪਣੇ ਪਰਮ ਮਿੱਤਰ ਅਤੇ ਵਧੀਆ ਮਾਰਗ ਦਰਸ਼ਕ ਵੀ ਗੁਆ ਲਿਆ ਹੈ। ਉਨ੍ਹਾਂ ਸਰਕਾਰ ਦੀ ਸਾਹਿਤਕਾਰਾਂ ਪ੍ਰਤੀ ਬੇਰੁਖੀ ਦੀ ਗੱਲ ਕਰਦਿਆਂ ਕਿਹਾ ਕਿ ਸਰਕਾਰ ਲੇਖਕਾਂ ਦੀ ਸੰਭਾਲ ਪ੍ਰਤੀ ਸੁਹਿਰਦ ਨਹੀਂ ਹੈ। ਡਾ. ਵਿਨੋਦ ਨੂੰ ਅੰਤਿਮ ਵਿਦਾਇਗੀ ਦੇਣ ਲਈ ਸਾਹਿਤਕਾਰਾਂ ਤੇ ਬੁੱਧੀਜੀਵੀਆਂ ਅਤੇ ਸ਼ਹਿਰ ਵਾਸੀਆਂ ਦਾ ਇਕੱਠ ਜੁੜਿਆ ਹੋਇਆ ਸੀ। ਪ੍ਰਸ਼ਾਸਨ ਵਲੋਂ ਵੀ ਸਿਰਫ ਤਹਿਸੀਲਦਾਰ ਅਵਤਾਰ ਸਿੰਘ ਆਏ ਹੋਏ ਸਨ।

# ਮਾਲਵਾ ਕੈਂਸਰ ਨੇ ਤਬਾਹ ਕੀਤਾ, ਸਰਕਾਰਾਂ ਬੇਫਿਕਰ

**ਬਠਿੰਡਾ:** ਬਠਿੰਡਾ ਜ਼ਿਲ੍ਹੇ ਦੀ ਤਹਿਸੀਲ ਤਲਵੰਡੀ ਸਾਬੋ ਦੇ ਪਿੰਡ ਸ਼ੇਖਪੁਰਾ ਦੀ ਫਿਰਨੀ 'ਤੇ ਆਪਣੇ ਛੋਟੇ ਜਿਹੇ ਘਰ ਵਿਚ ਟੁੱਟੇ ਵਾਣ ਦੀ ਮੰਜੀ 'ਤੇ ਪਿਆ 60 ਕੁ ਸਾਲ ਦਾ ਰੂਪ ਸਿੰਘ ਜ਼ਿੰਦਗੀ ਤੇ ਮੌਤ ਵਿਚਕਾਰ ਸੰਘਰਸ਼ ਲੜ ਰਿਹਾ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਸਨੂੰ ਅੰਤੜੀਆਂ ਦਾ ਕੈਂਸਰ ਹੈ। ਉਹ ਸਕੂਲ ਵਿਚ ਮਾਲੀ ਹੁੰਦਾ ਸੀ ਤੇ ਸੇਵਾਮੁਕਤੀ ਦਾ ਮਿਲਿਆ ਸਾਰਾ ਪੈਸਾ ਕੈਂਸਰ ਦੀ ਨਾਮੁਰਾਦ ਬਿਮਾਰੀ 'ਤੇ ਹੀ ਲੱਗ ਗਿਆ। ਬੀਕਾਨੇਰ ਤੇ ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਚਹਿਲ ਤੋਂ ਕਰਵਾਏ ਇਲਾਜ ਵਿਚ ਉਸ ਦੀ ਸਾਰੀ ਪੂੰਜੀ ਵਹਿ ਗਈ ਤੇ ਉਹ ਕਰਜ਼ਈ ਹੋ ਗਿਆ। ਰੂਪ ਸਿੰਘ ਦੇ ਘਰ ਦੇ ਸਾਹਮਣੇ ਵਾਲੇ ਘਰ ਵਿਚ 28 ਕੁ ਵਰ੍ਹਿਆਂ ਦੇ ਬਲਵਿੰਦਰ ਸਿੰਘ ਨੇ ਛੋਟੀ ਜਿਹੀ ਉਮਰ ਵਿਚ ਹੀ ਆਪਣਾ ਪਿਤਾ ਤੇ ਪਤਨੀ ਕੈਂਸਰ ਕਾਰਨ ਗੁਆ ਲਏ। ਉਸਦੇ ਘਰ ਨੂੰ ਕੈਂਸਰ ਨੇ ਵੀਰਾਨ ਕਰਕੇ ਰੱਖ ਦਿੱਤਾ। ਉਸਦਾ ਸੱਤ ਸਾਲ ਦਾ ਬੇਟਾ ਹੈ।

ਪਟਿਆਲਾ, ਡੱਬਵਾਲੀ, ਸਿਰਸਾ ਤੇ ਬੀਕਾਨੇਰ ਤੋਂ ਇਲਾਜ ਮੌਕੇ ਪਿਤਾ ਤੇ ਪਤਨੀ ਨੂੰ ਬਚਾਉਣ ਲਈ ਉਸਨੇ ਆਪਣਾ ਸਭ ਕੁਝ ਦਾਅ 'ਤੇ ਲਾ ਦਿੱਤਾ। ਪਰਿਵਾਰ ਦੇ ਦੋ ਮੈਂਬਰਾਂ ਨੂੰ ਗੁਆਉਣ ਤੇ ਢਾਈ ਲੱਖ ਦਾ ਕਰਜ਼ਈ ਹੋਣ ਤੋਂ ਬਾਅਦ ਉਹ ਹੁਣ ਦਿਹਾੜੀ ਕਰਨ ਲਈ ਮਜ਼ਬੂਰ ਹੈ। ਇਨ੍ਹਾਂ ਤੋਂ ਥੋੜ੍ਹੀ ਦੂਰੀ 'ਤੇ ਹੀ ਆਪਣੇ ਘਰ ਵਿਚ ਬੈਠਾ ਬਜ਼ੁਰਗ ਛੋਟਾ ਸਿੰਘ ਨਿਮੋਝੂਣਾ ਹੋਇਆ ਬੈਠਾ ਹੈ। ਪਤਾ ਲੱਗਿਆ ਕਿ ਉਸਦੇ ਜਵਾਨ ਪੁੱਤਰ ਸੁਖਵਿੰਦਰ ਸਿੰਘ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਨੇ ਆਪਣੇ ਕਲਾਵੇ ਵਿਚ ਲੈ ਲਿਆ। ਘਰ ਬਹਿ ਕੇ ਆਰਾਮ ਕਰਨ ਦੀ ਉਮਰੇ ਉਸਨੂੰ ਆਪਣੇ ਜਵਾਨ ਪੁੱਤ ਨੂੰ ਨਾਲ ਲੈ ਕੇ ਬੀਕਾਨੇਰ ਦੇ ਗੇੜੇ ਲਾਉਣੇ ਪਏ, ਪਰ ਹੱਥ ਪੱਲੇ ਕੱਖ ਨਾ ਆਇਆ। ਬੁੱਢੀ ਉਮਰੇ ਪੁੱਤਰ ਦੀ ਅਰਥੀ ਚੁੱਕਣੀ ਪਈ ਤੇ ਆੜ੍ਹਤੀਆਂ ਤੋਂ ਸਵਾ ਲੱਖ ਰੁਪਏ ਕਰਜ਼ਾ ਚੁੱਕਣਾ ਪਿਆ।

ਛੋਟਾ ਸਿੰਘ ਦੇ ਨਾਲ ਲੱਗਵੇਂ ਘਰ ਵਿਚ ਕਦੇ ਉਸਦਾ ਭਰਾ ਰਿਹਾ ਕਰਦਾ ਸੀ, ਉਹ ਵੀ ਆਪਣੀ ਔਲਾਦ ਨੂੰ ਰੋਂਦਿਆ ਛੱਡ ਗਿਆ। ਆਪਣੇ ਭਰਾ ਗੁਰਤੇਜ ਸਿੰਘ ਤੇ ਜਵਾਨ ਪੁੱਤ ਨੂੰ ਗੁਆ ਚੁੱਕੇ ਛੋਟਾ ਸਿੰਘ ਦੀ ਦੁਨੀਆਂ ਵੀਰਾਨ ਜਾਪਦੀ ਹੈ। ਦਸ ਕੁ ਘਰ ਛੱਡ ਕੇ ਕੈਂਸਰ ਨੇ ਫੇਰ ਆਪਣਾ ਖੌਫਨਾਕ ਰੰਗ ਵਿਖਾਇਆ। ਝੰਡਾ ਸਿੰਘ ਦੀ 32 ਸਾਲਾ ਪਤਨੀ ਹਰਦੇਵ ਕੌਰ ਦੀ ਕੈਂਸਰ ਨਾਲ ਮੌਤ ਹੋ ਗਈ। ਝੰਡਾ ਸਿੰਘ ਨੇ ਆੜ੍ਹਤੀਆਂ ਤੋਂ ਢਾਈ ਲੱਖ ਰੁਪਏ ਕਰਜ਼ਾ ਚੁੱਕਿਆ, ਪਰ ਆਪਣੀ ਪਤਨੀ ਨੂੰ ਬਚਾ ਨਾ ਸਕਿਆ। ਪਿੰਡ ਸ਼ੇਖਪੁਰਾ ਦਾ ਗੁਰਪ੍ਰੀਤ ਸਿੰਘ ਆਪਣੇ ਪਿਤਾ ਦਰਸ਼ਨ ਸਿੰਘ ਦੇ ਗਲੇ ਦੇ ਕੈਂਸਰ ਲਈ ਬੀਕਾਨੇਰ ਗਿਆ। ਪਿਤਾ ਦੇ ਇਲਾਜ ਲਈ ਉਸ ਨੂੰ 4 ਲੱਖ ਰੁਪਏ ਕਰਜ਼ਾ ਚੁੱਕਣਾ ਪਿਆ ਤੇ ਤਿੰਨ ਕਨਾਲ ਜ਼ਮੀਨ ਵੀ ਵੇਚਣੀ ਪਈ, ਪਰ ਪਿਤਾ ਦੀ ਜਾਨ ਨਾ ਬਚਾ ਸਕਿਆ।

ਇਸੇ ਪਿੰਡ ਦੀ ਫਿਰਨੀ 'ਤੇ ਆਪਣੇ ਘਰ ਵਿਚ ਫਿਕਰਾਂ 'ਚ ਬੈਠਾ ਮੇਵਾ ਸਿੰਘ ਰੋਮਾਣਾ ਤੇ ਥੋੜ੍ਹੀ ਦੂਰ ਮੰਜੀ 'ਤੇ ਬੈਠੀ ਛਾਤੀ ਦੇ ਕੈਂਸਰ ਤੋਂ ਪੀੜਤ ਉਸ ਦੀ ਪਤਨੀ ਪਰਮਜੀਤ ਕੌਰ। 2006 ਤੋਂ ਆਪਣੀ ਪਤਨੀ ਦੇ ਕੈਂਸਰ ਦਾ ਇਲਾਜ ਕਰਵਾਉਂਦੇ ਸਮੇਂ ਮੇਵਾ ਸਿੰਘ ਦਾ ਵੀ ਐਕਸੀਡੈਂਟ ਹੋ ਗਿਆ। ਉਹ ਵੀ ਕੰਮਕਾਰ ਤੋਂ ਬੈਠ ਗਿਆ। ਪਰਮਜੀਤ ਦੇ ਇਲਾਜ ਲਈ ਉਸਨੂੰ ਆਪਣੀ ਪੌਣੇ ਦੋ ਕਿਲ੍ਹੇ ਜ਼ਮੀਨ ਵੀ ਵੇਚਣੀ ਪੈ ਗਈ ਤੇ ਹੋਰ ਵੀ ਦੋ ਲੱਖ ਕਰਜ਼ਾ ਹਾਲੇ ਸਿਰ 'ਤੇ ਖੜ੍ਹਾ ਹੈ। ਪਿੰਡ ਸ਼ੇਖਪੁਰਾ ਦੇ ਬਲਦੇਵ ਸਿੰਘ ਦੇ ਪੁੱਤਰ ਗੁਰਮੀਤ ਸਿੰਘ ਦੀ ਪਤਨੀ ਸੁਖਪਾਲ ਕੌਰ ਵੀ ਕੈਂਸਰ ਦੀ ਬਿਮਾਰੀ ਤੋਂ ਪੀੜਤ ਹੈ। ਬੀਕਾਨੇਰ ਤੋਂ ਕੈਂਸਰ ਦੇ ਕਰਵਾਏ ਅਪਰੇਸ਼ਨ ਨਾਲ ਗੁਰਮੀਤ ਢਾਈ ਲੱਖ ਰੁਪਏ ਦਾ ਕਰਜ਼ਈ ਤਾਂ ਜ਼ਰੂਰ ਹੋ ਗਿਆ, ਪਰ ਪਤਨੀ ਫੇਰ ਵੀ ਠੀਕ ਨਹੀਂ ਹੋਈ ਤੇ ਉਸ ਦਾ ਕੈਂਸਰ ਦਾ ਜ਼ਖਮ ਹੁਣ ਵੀ ਰਿਸ ਰਿਹਾ ਹੈ।

ਇਸੇ ਪਿੰਡ ਦੀ ਫਿਰਨੀ 'ਤੇ ਰਹਿਣ ਵਾਲੇ ਚਾਨਣ ਸਿੰਘ ਦੀ ਪਤਨੀ ਸੁਰਜੀਤ ਕੌਰ ਵੀ ਛਾਤੀ ਦੇ ਕੈਂਸਰ ਤੋਂ ਪੀੜਤ ਹੈ। ਪਰਿਵਾਰਕ ਮੈਂਬਰਾਂ ਵਲੋਂ ਇਲਾਜ ਲਈ ਪਹਿਲਾਂ ਬੀਕਾਨੇਰ ਤੋਂ ਸੇਕੇ ਲਗਵਾਏ ਤੇ ਫੇਰ ਲੁਧਿਆਣਾ ਦੇ ਇਕ ਹਸਪਤਾਲ ਤੋਂ ਅਪਰੇਸ਼ਨ ਕਰਵਾਇਆ ਗਿਆ। ਸੁਰਜੀਤ ਕੌਰ ਦਾ ਇਲਾਜ ਪਿਛਲੇ 7 ਸਾਲਾਂ ਤੋਂ ਚੱਲ ਰਿਹਾ ਹੈ।

ਇਸ ਪਿੰਡ ਦੀ ਮਾਨਾਂ ਵਾਲੀ ਸੱਥ ਵਿਚ ਖੱਬੇ ਪਾਸੇ ਪਹਿਲੇ ਘਰ ਵਿਚ ਭੂਰਾ ਸਿੰਘ ਦੀ ਪਤਨੀ ਬਲਦੇਵ ਕੌਰ ਨੂੰ ਬੱਚੇਦਾਨੀ ਦਾ ਕੈਂਸਰ ਸੀ। ਆਪਣੀ ਮਾਤਾ ਬਲਦੇਵ ਕੌਰ ਨੂੰ ਸਿਹਤਯਾਬ ਬਣਾਉਣ ਲਈ ਉਸਦੀ ਔਲਾਦ ਪੈਸਾ ਪਾਣੀ ਵਾਂਗ ਵਹਾ ਰਹੀ ਹੈ ਤੇ ਉਸਦੇ ਇਲਾਜ 'ਤੇ 3 ਲੱਖ ਰੁਪਏ ਖਰਚ ਆ ਚੁੱਕਿਆ ਹੈ। ਇਸੇ ਤਰ੍ਹਾਂ ਜਗਸੀਰ ਸਿੰਘ ਦੀ ਪਤਨੀ ਨਸੀਬ ਕੌਰ ਦਾ ਪਿਛਲੇ ਤਿੰਨ ਸਾਲਾਂ ਤੋਂ ਕੈਂਸਰ ਦਾ ਇਲਾਜ ਚੱਲ ਰਿਹਾ ਹੈ। ਚੰਡੀਗੜ੍ਹ ਤੇ ਬੀਕਾਨੇਰ ਤੋਂ ਇਲਾਜ ਕਰਵਾਉਂਦਿਆਂ ਜਗਸੀਰ ਸਿੰਘ ਦੀ ਸਾਢੇ ਚਾਰ ਕਿਲ੍ਹੇ ਜ਼ਮੀਨ ਵਿਕ ਗਈ ਤੇ ਹਾਲੇ ਵੀ 3 ਲੱਖ ਰੁਪਏ ਸਿਰ 'ਤੇ ਕਰਜ਼ ਚੜ੍ਹਿਆ ਹੋਇਆ ਹੈ।

ਇਸੇ ਪਿੰਡ ਦੇ ਗੁਰਚਰਨ ਸਿੰਘ ਦੇ ਪੁੱਤਰ ਗੁਰਮੇਲ ਸਿੰਘ ਨੂੰ ਵੀ ਕੈਂਸਰ ਦੀ ਬਿਮਾਰੀ ਨੇ ਜਕੜਿਆ ਹੋਇਆ ਹੈ। ਪਹਿਲਾਂ ਉਸ ਦੇ ਪਿਤਾ ਗੁਰਚਰਨ ਸਿੰਘ ਤੇ ਭਰਜਾਈ ਹਰਦੇਵ ਕੌਰ ਨੂੰ ਕੈਂਸਰ ਨੇ ਨਿਗਲ ਲਿਆ। ਡੇਢ ਲੱਖ ਰੁਪਏ ਉਸ ਦੇ ਪਿਤਾ ਦੇ ਇਲਾਜ 'ਤੇ ਲੱਗ ਗਏ ਤੇ ਢਾਈ ਲੱਖ ਰੁਪਏ ਉਸਦੀ ਭਰਜਾਈ 'ਤੇ ਜਦੋਂ ਕਿ ਉਸਦੇ ਆਪਣੇ ਇਲਾਜ 'ਤੇ ਵੀ 3 ਲੱਖ ਰੁਪਏ ਖਰਚ ਆ ਚੁੱਕੇ ਹਨ।

## ਲੋਕਾਂ 'ਤੇ ਕਰੋੜਾਂ ਦਾ ਬੋਝ

**ਪਟਿਆਲਾ:** ਵੱਡੇ ਸ਼ਹਿਰਾਂ ਵਿਚ ਨਗਰ ਨਿਗਮਾਂ ਦੇ ਹੱਥ ਦਿੱਤਾ ਫੂਡ ਲਾਇਸੈਂਸ ਬਣਾਉਣ ਦਾ ਕੰਮ ਖੋਹ ਕੇ ਸਿਹਤ ਵਿਭਾਗ ਨੂੰ ਸੌਂਪਦਿਆਂ ਇਕ ਤੀਰ ਨਾਲ ਕਈ ਨਿਸ਼ਾਨੇ ਸੇਧ ਕੇ ਸਰਕਾਰ ਨੇ ਲੋਕਾਂ ਸਿਰ ਕਰੋੜਾਂ ਰੁਪਏ ਦਾ ਨਵਾਂ ਬੋਝ ਪਾ ਦਿੱਤਾ ਹੈ।

ਹੁਣ ਸਿਰਫ ਨਗਰ ਨਿਗਮ ਹੀ ਨਹੀਂ ਬਲਕਿ ਨਗਰ ਕੌਂਸਲਾਂ, ਨਗਰ ਪੰਚਾਇਤਾਂ, ਜ਼ਿਲਾ ਪ੍ਰੀਸ਼ਦਾਂ, ਨੋਟੀਫਾਈਡ ਏਰੀਆ ਕਮੇਟੀ, ਕੈਂਟੋਮੈਂਟ ਬੋਰਡ, ਬਲਾਕ ਸੰਮਤੀਆਂ ਹੀ ਨਹੀਂ ਬਲਕਿ ਪਿੰਡਾਂ ਵਿਚ ਪੰਚਾਇਤ ਖੇਤਰ ਵਿਚ ਖਾਣ ਪੀਣ ਦਾ ਸਾਮਾਨ ਵੇਚਣ ਵਾਲੇ ਹਰ ਅਦਾਰੇ ਨੂੰ ਇਸ ਨਵੀਂ ਲਾਇਸੰਸ ਫੀਸ ਦੀ ਲਪੇਟ ਵਿਚ ਲੈ ਲਿਆ ਗਿਆ ਹੈ। ਇਸ ਨਾਲ ਸਰਕਾਰ ਨੂੰ ਕਈ ਸੌ ਕਰੋੜ ਰੁਪਏ ਦੀ ਆਮਦਨ ਹੋਣ ਦਾ ਅਨੁਮਾਨ ਹੈ।

## Classified Ads

### Change of Name

"I Gobinder Singh Samrao son of Pritam Singh resident of Kothi No. 249, Urban Estate Phase 1 Patiala- 147002 (India), now residing at 1901 Halford Ave Aptt.# 59, Santa Clara, CA 95051 (USA), have changed my name from Gobinder Singh to Gobinder Singh Samrao. All concerned may please note."

## Matrimonials

Looking match for 25years old, 5 feet Ramgarhia Punjabi girl Dietician, Bsc, doing MBA in India. Reply with biodata (Phone) to hsingh2222@gmail.com

Parents seek professional, slim, attractive Sikh match for handsome Jat Sikh, Canadian born, non-smoker, non-drinker, 6.2', 32, cleanshaven, athletic son, working with energy company in San Diego CA, USA earning very high six figure salary, B.COM & MBA from well reputed Canadian varsities. Photos will be appreciated respond to info@victoriaairportshuttle.com

ਜੱਟ ਸਿੱਖ, 22 ਸਾਲ, 6 ਫੁੱਟ ਅਮਰੀਕਨ ਇਮੀਗ੍ਰਾਂਟ ਲੜਕੇ ਲਈ ਇੰਡੀਆ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦੇ ਇੰਡੀਆ ਰਹਿੰਦੇ ਇਕੱਲੇ ਭਰਾ, 24 ਸਾਲ, 5'12" ਲਈ ਅਮਰੀਕਨ ਸਿਟੀਜ਼ਨ ਲੜਕੀ ਦੀ ਜ਼ਰੂਰਤ ਹੈ। ਸੰਪਰਕ ਕਰੋ: 317-313-5909


ਵਧੀਆ ਭਾਅ 'ਤੇ ਭਰੋਸੇਮੰਦ ਹੈਲਥ ਤੇ ਲਾਈਫ ਇੰਸ਼ੋਰੈਂਸ ਲੈਣ ਲਈ ਮੇਰੇ ਨਾਲ ਸੰਪਰਕ ਕਰੋ।



ਜਗਰੂਪ ਸਿੰਘ ਤੱਖਰ
ਫੋਨ:209-485-1521

Get affordable coverage with the benefits you're looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.

Jagroop Singh Takhar
786 Empress Road,
Modesto, CA 95350
(209) 485-1521
jagroop209@aol.com
Health plans and insurance
California license No. 0D95393

Authorized Broker
blue of california
Blue Shield of California Life & Health Insurance Company

| Vital Shield Plus 2900 Generic Rx | | | |
|---|---|---|---|
| Age Range | Individual | Individual & Spouse | Family |
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

An independent Licensee of the Blue Shield Association A36145(1/09)

Call me now to learn more about Blue Shield plans

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.



Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਪਹਿਲਾਂ ਵੀ ਹੁੰਦੀ ਰਹੀ ਹੈ ਹੁਕਮਨਾਮਿਆਂ ਦੀ ਉਲੰਘਣਾ

**ਅੰਮ੍ਰਿਤਸਰ:** ਪ੍ਰੋ. ਦਰਸ਼ਨ ਸਿੰਘ ਨੂੰ ਇਕ ਮਾਮਲੇ ਵਿਚ 5 ਸਿੰਘ ਸਾਹਿਬਾਨ ਵਲੋਂ ਪੰਥ ਵਿਚੋਂ ਛੇਕੇ ਜਾਣ 'ਤੇ ਇਹ ਚਰਚਾ ਸ਼ੁਰੂ ਹੋਈ ਹੈ ਕਿ ਉਨ੍ਹਾਂ ਪਹਿਲਾਂ ਵੀ ਜਿਨ੍ਹਾਂ ਲੋਕਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਤਲਬ ਕੀਤੇ ਜਾਣ ਦੀ ਹੁਕਮਾਂ ਦੀ ਉਲੰਘਣਾ ਕੀਤੀ। ਉਨ੍ਹਾਂ ਖਿਲਾਫ ਕੋਈ ਕਾਰਵਾਈ ਕਿਉਂ ਨਹੀਂ ਕੀਤੀ ਗਈ।

ਅਹੁਦਾ ਸੰਭਾਲਦਿਆਂ ਹੀ ਉਪ੍ਰੋਕਤ ਸਿੰਘ ਸਾਹਿਬਾਨ ਨਾਲ ਵਿਚਾਰ ਕਰਕੇ ਗਿਆਨੀ ਪੂਰਨ ਸਿੰਘ ਵਲੋਂ 26 ਜਨਵਰੀ 2000 ਤੋਂ ਲੈ ਕੇ 28 ਮਾਰਚ 2000 ਤੱਕ ਆਦੇਸ਼ ਅਤੇ ਹੁਕਮਨਾਮੇ ਰੱਦ ਕਰ ਦਿੱਤੇ ਸਨ।

ਸਾਲ 2004 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਪ੍ਰਕਾਸ਼ ਦਿਵਸ ਨਾਲ ਸਬੰਧਤ ਮੁਕਤੀ, ਕਾਰਜਖੇਤਰ, ਭੱਤੇ ਆਦਿ ਬਾਰੇ ਸੇਵਾ ਨਿਯਮ ਤੈਅ ਕੀਤੇ ਜਾਣ। ਇਸ ਆਦੇਸ਼ 'ਤੇ ਸਿਰਫ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਹੀ ਅਮਲ ਕਰਦਿਆਂ ਭਾਈ ਜਸਬੀਰ ਸਿੰਘ ਖੰਨੇ ਵਾਲਿਆਂ ਦੀ ਅਗਵਾਈ ਹੇਠ ਇਕ ਕਮੇਟੀ ਦਾ ਗਠਨ ਕੀਤਾ ਪਰ ਜਥੇਦਾਰ ਟੌਹੜਾ ਦੇ ਸਵਰਗਵਾਸ ਹੋਣ 'ਤੇ ਇਹ ਕਮੇਟੀ ਵੀ ਠੰਡੇ ਬਸਤੇ ਵਿਚ ਪਾ ਦਿੱਤੀ ਗਈ।



ਜ. ਗੁਰਚਰਨ ਸਿੰਘ ਟੌਹੜਾ, ਜੋਗਿੰਦਰ ਸਿੰਘ ਵੇਦਾਂਤੀ, ਭਾਈ ਰਣਜੀਤ ਸਿੰਘ, ਬੀਬੀ ਜਾਗੀਰ ਕੌਰ ਤੇ ਪ੍ਰਕਾਸ਼ ਸਿੰਘ ਬਾਦਲ

30 ਦਸੰਬਰ 1998 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੇ ਇਕ ਆਦੇਸ਼ ਰਾਹੀਂ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਧੜੇ ਨੂੰ ਆਪਸੀ ਜੰਗ 14 ਅਪ੍ਰੈਲ 1999 ਤੱਕ ਰੋਕ ਦਿੱਤੇ ਜਾਣ ਦੀ ਗੱਲ ਕਹੀ ਸੀ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦਿਆਂ ਸ਼੍ਰੋਮਣੀ ਕਮੇਟੀ ਅੰਦਰਲੇ ਬਾਦਲ ਧੜੇ ਦੇ ਆਗੂਆਂ ਨੇ ਭਾਈ ਰਣਜੀਤ ਸਿੰਘ ਨੂੰ ਘਰ ਤੋਰ ਦਿੱਤਾ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਵੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਖਾਰਜ ਕਰ ਦਿੱਤਾ। 20 ਜਨਵਰੀ 2000 ਨੂੰ ਇਕ ਹੋਰ ਆਦੇਸ਼ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਤਕਾਲੀਨ ਜਥੇਦਾਰ ਗਿਆਨੀ ਪੂਰਨ ਸਿੰਘ ਨੇ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਾਗੀਰ ਕੌਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ, ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਕੇਵਲ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਜਸਵਿੰਦਰ ਸਿੰਘ ਐਡਵੋਕੇਟ, ਪ੍ਰੀਤਮ ਸਿੰਘ ਭਾਟੀਆ, ਸੂਬਾ ਸਿੰਘ ਡੱਬਵਾਲੀ, ਰਘੁਬੀਰ ਸਿੰਘ ਵਿਰਕ ਅਤੇ ਹੋਰ ਕਈ ਮੈਂਬਰਾਂ ਨੂੰ ਪੰਥ 'ਚੋਂ ਛੇਕ ਦਿੱਤਾ ਸੀ। ਲੇਕਿਨ 28 ਮਾਰਚ 2002 ਤੱਕ ਇਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਆਪਣੀ ਭੁੱਲ ਨਹੀਂ ਬਖਸ਼ਾਈ ਜਦੋਂਕਿ ਗਿਆਨੀ ਪੂਰਨ ਸਿੰਘ ਨੂੰ ਹੀ ਘਰ ਤੋਰ ਦਿੱਤਾ। 29 ਮਾਰਚ 2002 ਨੂੰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਸਮਾਗਮ ਮਨਾਉਂਦਿਆਂ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਆਰ.ਐਸ.ਐਸ. ਨੂੰ ਸਿੱਖ ਵਿਰੋਧੀ ਕਰਾਰ ਦੇ ਕੇ ਇਸ ਦੇ ਨੇਤਾਵਾਂ ਦੀ ਸ਼ਤਾਬਦੀ ਸਮਾਗਮਾਂ ਵਿਚ ਸ਼ਮੂਲੀਅਤ 'ਤੇ ਰੋਕ ਲਗਾ ਦਿੱਤੀ ਗਈ ਸੀ। ਪਰ ਇਸ ਦੇ ਉਲਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਸ਼੍ਰੋਮਣੀ ਕਮੇਟੀ ਨੇ ਇਕ ਸੈਮੀਨਾਰ ਦੀ ਪ੍ਰਧਾਨਗੀ ਇਕ ਆਰੀਆ ਸਮਾਜੀ ਨੇਤਾ ਪਾਸੋਂ ਕਰਵਾਈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ 500 ਸਾਲਾ ਸ਼ਹੀਦੀ ਪੁਰਬ ਮਨਾਉਂਦਿਆਂ ਭਾਜਪਾ ਦੀ ਤੇਜ਼ ਤਰਾਰ ਨੇਤਾ ਬੀਬੀ ਸੁਸ਼ਮਾ ਸਵਰਾਜ ਨੂੰ ਤਰਨਤਾਰਨ ਇਸਤਰੀ ਸੰਮੇਲਨ ਵਿਚ ਬੁਲਾਇਆ ਜਿਥੇ ਉਸਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਲਈ ਜ਼ਿੰਮੇਵਾਰ ਚੰਦੂ ਨੂੰ ਦੋਸ਼ ਮੁਕਤ ਕਰਾਰ ਦੇ ਦਿੱਤਾ। ਸਾਲ 2009 ਵਿਚ ਡੇਰਾ ਸੱਚਾ ਸੌਦਾ ਦੇ ਪੰਜਾਬ ਅੰਦਰਲੇ ਡੇਰੇ ਬੰਦ ਕਰਵਾਉਣ ਲਈ 17 ਮਈ 2007 ਨੂੰ ਤਲਵੰਡੀ ਸਾਬੋ ਤੋਂ 5 ਸਿੰਘ ਸਾਹਿਬਾਨ ਨੇ ਇਕ ਹੁਕਮਨਾਮਾ ਜਾਰੀ ਕੀਤਾ ਸੀ। ਜਿਸ ਉਤੇ ਅਜੇ ਤੱਕ ਨਾ ਤਾਂ ਸ਼੍ਰੋਮਣੀ ਨੇ ਅਮਲ ਕੀਤਾ ਅਤੇ ਨਾ ਹੀ ਅਕਾਲੀ ਦਲ ਬਾਦਲ ਨੇ। ਸਗੋਂ ਹਾਈਕੋਰਟ ਦੇ ਆਦੇਸ਼ ਰਾਹੀਂ ਡੇਰਾ ਸੱਚਾ ਸੌਦਾ ਦੇ ਪ੍ਰਚਾਰ ਲਈ ਸਰਕਾਰੀ ਸੁਰੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ, ਜੋ ਸਿੱਖ ਜਥੇਬੰਦੀਆਂ ਡੇਰਾ ਖਿਲਾਫ ਲੜ ਰਹੀਆਂ ਹਨ। ਉਨ੍ਹਾਂ ਦੇ ਵਰਕਰਾਂ ਨੂੰ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ। ਸਾਲ 2000 ਵਿਚ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 5 ਸਿੰਘ ਸਾਹਿਬਾਨ ਨੇ ਇਕ ਆਦੇਸ਼ ਰਾਹੀਂ ਸ਼੍ਰੋਮਣੀ ਕਮੇਟੀ ਨੂੰ ਹੁਕਮ ਕੀਤਾ ਸੀ ਕਿ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਸੇਵਾ

ਸਾਲ 2008 ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਇਕ ਹੁਕਮਨਾਮਾ ਜਾਰੀ ਕਰਕੇ ਤਤਕਾਲੀਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਜਥੇਦਾਰ ਵੇਦਾਂਤੀ, ਗਿਆਨੀ ਤਰਲੋਚਨ ਸਿੰਘ, ਗਿਆਨੀ ਬਲਵੰਤ ਸਿੰਘ ਨੰਦਗੜ੍ਹ ਅਤੇ ਉਸ ਵੇਲੇ ਦੇ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਮੌਜੂਦਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਗੁਰਬਚਨ ਸਿੰਘ ਨੂੰ ਮਹਾਦੋਸ਼ੀ ਕਰਾਰ ਦੇ ਦਿੱਤਾ ਸੀ। ਗਿਆਨੀ ਇਕਬਾਲ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਵੀ ਚੈਲੰਜ ਕਰ ਦਿੱਤਾ ਸੀ। ਇਹ ਦੋਵੇਂ ਹੁਕਮਨਾਮੇ ਅਜੇ ਤੱਕ ਵਾਪਸ ਨਹੀਂ ਹੋਏ।

ਸਾਲ 2003 ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਧਾਨਗੀ ਨਾਲ ਜਾਰੀ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ ਮੁੜ ਕੈਲੰਡਰ ਤਿਆਰ ਕਰਨ ਵਾਲੇ ਅਤੇ ਇਸ ਦੀ ਤਿਆਰੀ ਲਈ ਜ਼ਿੰਮੇਵਾਰ ਸਿੱਖ ਜਥੇਬੰਦੀਆਂ ਦੀ ਰਾਏ ਲਏ ਬਿਨਾਂ ਹੀ ਸੋਧ ਦਿੱਤਾ ਗਿਆ। ਜੋ ਅਜੇ ਤੱਕ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ। ਅਜਿਹੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਸਵੀਕਾਰਨ ਵਾਲੇ ਅਤੇ ਸ਼੍ਰੋਮਣੀ ਕਮੇਟੀ ਦੁਆਰਾ ਤਿਆਰ ਸਰਵ ਪ੍ਰਵਾਨਿਤ ਰਹਿਤ ਮਰਿਆਦਾ ਦੀ ਪਾਲਣਾ ਕਰਨ ਵਾਲੇ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਜੇਕਰ ਸ਼੍ਰੋਮਣੀ ਕਮੇਟੀ ਸ਼੍ਰੋਮਣੀ ਅਕਾਲੀ ਦਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਹੁਕਮਨਾਮਿਆਂ ਦੀ ਪਾਲਣਾ ਨਹੀਂ ਕਰਦਾ ਤਾਂ ਫਿਰ ਹੋਰ ਕੌਣ ਕਰੇਗਾ।

# ਅਕਾਲ ਤਖ਼ਤ ਦੀ ਮਹਾਨਤਾ ਮੁੜ ਸਥਾਪਤ ਕਰਨ ਲਈ ਯਤਨਾਂ 'ਤੇ ਜ਼ੋਰ



**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵਲੋਂ ਕੀਤੇ ਫੈਸਲਿਆਂ 'ਤੇ ਕਿੰਤੂ-ਪ੍ਰੰਤੂ ਕਰਕੇ ਸਰਵਉੱਚ ਸੰਸਥਾ ਦਾ ਮਾਣ-ਸਨਮਾਨ ਘੱਟ ਕੀਤੇ ਜਾਣ ਤੋਂ ਰੋਕਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸਮੂਹ ਸਿੱਖ ਵਿਦਿਅਕ ਸੰਸਥਾਵਾਂ ਸਮੇਤ ਹਰ ਇਕ ਸੰਸਥਾ ਨੂੰ ਅਪੀਲ ਕੀਤੀ ਹੈ ਕਿ ਫਤਿਹ ਅਤੇ ਜੈਕਾਰੇ ਦੇ ਨਾਲ ਹੁਣ ''ਅਕਾਲ ਤਖ਼ਤ ਮਹਾਨ ਹੈ, ਸਿੱਖ ਪੰਥ ਦੀ ਸ਼ਾਨ ਹੈ'' ਦਾ ਨਾਅਰਾ ਵੀ ਜ਼ਰੂਰ ਲਾਇਆ ਜਾਵੇ। ਇਕ ਮਤਾ ਪਾਸ ਕਰਕੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ ਪੰਥ 'ਚੋਂ ਛੇਕੇ ਜਾਣ ਦੇ ਵਿਰੋਧ ਵਿਚ ਕੀਤੇ ਜਾ ਰਹੇ ਪ੍ਰਚਾਰ ਦੀ ਨਿੰਦਾ ਕਰਦਿਆਂ ਸਿੱਖ ਸੰਗਤਾਂ ਨੂੰ ਪੰਥ ਵਿਰੋਧੀ ਸ਼ਕਤੀਆਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਸ੍ਰੀ ਗੁਰੂ ਨਾਨਕ ਨਿਵਾਸ ਵਿਖੇ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਉਪਰੰਤ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਕੁਝ ਪੰਥ ਵਿਰੋਧੀ ਸ਼ਕਤੀਆਂ ਵਲੋਂ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ ਪੰਥ 'ਚੋਂ ਛੇਕੇ ਜਾਣ ਅਤੇ ਨਾਨਕਸ਼ਾਹੀ ਕੈਲੰਡਰ 'ਚ ਕੀਤੀਆਂ ਸੋਧਾਂ ਦੇ ਖਿਲਾਫ ਸ੍ਰੀ ਅਕਾਲ ਤਖ਼ਤ ਸਾਹਿਬ ਬਾਰੇ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ। ਅਜਿਹੇ ਪ੍ਰਚਾਰ ਨਾਲ ਸਿੱਖਾਂ ਦੀ ਸਰਵਉਚ ਸੰਸਥਾ ਦੇ ਮਾਣ-ਸਨਮਾਨ ਨੂੰ ਢਾਹ ਲਗ ਰਹੀ ਹੈ, ਜਿਸ ਦਾ ਸਿੱਖਾਂ 'ਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਇਸ ਗਲਤ ਪ੍ਰਚਾਰ ਦੇ ਖਿਲਾਫ ਸਿੱਖਾਂ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਵਧੇਰੇ ਪਰਿਪੱਕ ਕਰਨ ਲਈ ''ਅਕਾਲ ਤਖ਼ਤ ਮਹਾਨ ਹੈ, ਸਿੱਖ ਪੰਥ ਦੀ ਸ਼ਾਨ ਹੈ'' ਦਾ ਨਾਅਰਾ ਲਾਇਆ ਜਾਵੇ। ਉਨ੍ਹਾਂ ਕਿਹਾ ਕਿ ਸਮੂਹ ਸਿੱਖ ਵਿਦਿਅਕ ਸੰਸਥਾਵਾਂ ਵਿਚ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਅਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਨਾਲ ਹੁਣ ਉਪਰੋਕਤ ਨਾਅਰਾ ਵੀ ਲਾਇਆ ਜਾਵੇ।

ਇਸ ਨਾਲ ਸਿੱਖ ਬੱਚਿਆਂ ਦੇ ਮਨਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਦਾ ਸਿਧਾਂਤ ਪਰਿਪੱਕ ਹੋਵੇਗਾ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਸਰਹੰਦ ਫਤਿਹ ਦੀ ਤੀਜੀ ਸ਼ਤਾਬਦੀ ਦੇ ਪ੍ਰੋਗਰਾਮਾਂ ਨੂੰ ਅੰਤਿਮ ਰੂਪ 'ਚ ਪ੍ਰਵਾਨਗੀ ਦੇਣ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਸ਼ਤਾਬਦੀ ਦੇ ਸਬੰਧ ਵਿਚ ਦੋ ਸੈਮੀਨਾਰ ਕੀਤੇ ਜਾਣਗੇ। ਇਕ ਸੈਮੀਨਾਰ ਦਿੱਲੀ ਵਿਖੇ ਅਤੇ ਇਕ ਫਤਿਹਗੜ੍ਹ ਸਾਹਿਬ ਵਿਖੇ ਹੋਵੇਗਾ। ਤਿੰਨ ਨਗਰ ਕੀਰਤਨ ਸਜਾਏ ਜਾਣਗੇ। ਇਕ ਨਗਰ ਕੀਰਤਨ ਨੰਦੇੜ ਸਾਹਿਬ ਤੋਂ ਫਤਿਹਗੜ੍ਹ ਸਾਹਿਬ ਅਤੇ ਤੀਜਾ ਮਹਿਰੌਲੀ (ਦਿੱਲੀ) ਤੋਂ ਫਤਿਹਗੜ੍ਹ ਸਾਹਿਬ ਵਿਖੇ ਆਵੇਗਾ। ਇਕ ਸ਼ਹੀਦੀ ਮਾਰਚ ਅਪ੍ਰੈਲ ਮਹੀਨੇ ਵਿਚ ਗੜ੍ਹੀ ਗੁਰਦਾਸ ਨੰਗਲ ਤੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਸਥਾਨ ਮਹਿਰੌਲੀ ਤਕ ਕੱਢਿਆ ਜਾਵੇਗਾ। ਇਸੇ ਤਰ੍ਹਾਂ ਚੱਪੜਚਿੜੀ ਦੇ ਅਸਥਾਨ ਤੋਂ ਸਰਹੰਦ ਤਕ ਫਤਿਹ ਮਾਰਚ ਕੱਢਿਆ ਜਾਵੇਗਾਸ਼ ਜਿਸ ਵਿਚ ਰਵਾਇਤੀ ਨਜ਼ਾਰਾ ਪੇਸ਼ ਕੀਤਾ ਜਾਵੇਗਾ। ਫਤਿਹ ਮਾਰਚ ਵਿਚ ਸਜੇ ਹੋਏ ਹਾਥੀ, ਘੋੜੇ ਤੇ ਊਠਾਂ ਤੇ ਸਿੱਖ ਫੌਜੀ ਜਵਾਨ ਸਵਾਰ ਹੋਣਗੇ। ਇਸ ਮੌਕੇ ਲਈ ਇਕ ਵਿਸ਼ੇਸ਼ ਮਾਰਸ਼ਲ ਧੁੰਨ ਤਿਆਰ ਕਰਵਾਈ ਜਾ ਰਹੀ ਹੈ, ਜੋ ਫਤਿਹ ਮਾਰਚ ਸਮੇਂ ਵਜਾਈ ਜਾਵੇਗੀ। ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ 'ਤੇ ਇਕ ਦਸਤਾਵੇਜ਼ੀ ਫਿਲਮ ਤਿਆਰ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਸੋਨੇ ਤੇ ਚਾਂਦੀ ਦੇ ਸਿੱਕੇ ਜਾਰੀ ਕੀਤੇ ਜਾਣਗੇ। ਇਹ ਸਿੱਕੇ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਉਸ ਸਮੇਂ ਗੁਰੂ ਸਾਹਿਬ ਦੇ ਨਾਂ 'ਤੇ ਜਾਰੀ ਕੀਤੇ ਸਿੱਕਿਆਂ ਦਾ ਰੂਪ ਹੋਣਗੇ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਸ਼ਤਾਬਦੀ ਸਮਾਗਮ ਸਮੇਂ 5 ਅਤੇ 10 ਰੁਪਏ ਦੀ ਇਕ ਯਾਦਗਾਰੀ ਟਿਕਟ ਜਾਰੀ ਕੀਤੀ ਜਾਵੇ। ਸਮਾਗਮਾਂ ਸਮੇਂ ਗੱਤਕਾ, ਫੁਟਬਾਲ, ਹਾਕੀ ਅਤੇ ਕਬੱਡੀ ਦੇ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਸਵਰਗੀ ਮੈਂਬਰ ਸ੍ਰੀ ਕਸ਼ਮੀਰ ਸਿੰਘ ਅਤੇ ਰਾਗੀ ਭਾਈ ਅਵਤਾਰ ਸਿੰਘ ਦਿੱਲੀ ਵਾਲਿਆਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਕ ਮਤਾ ਪਾਸ ਕਰਕੇ ਪ੍ਰੋ. ਦਰਸ਼ਨ ਸਿੰਘ ਵਲੋਂ ਗੁਰੂ ਸਾਹਿਬ ਬਾਰੇ ਕੀਤੀਆਂ ਗਈਆਂ ਇਤਰਾਜ਼ਯੋਗ ਟਿੱਪਣੀਆਂ ਬਾਰੇ ਸਪਸ਼ਟੀਕਰਨ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ ਦੀ ਥਾਂ ਸਿੰਘ ਸਾਹਿਬਾਨ ਬਾਰੇ ਨੀਵੇਂ ਪੱਧਰ ਦੀ ਸ਼ਬਦਾਵਲੀ ਦੀ ਵਰਤੋਂ ਕੀਤੇ ਜਾਣ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤੌਹੀਨ ਕਰਾਰ ਦਿੱਤਾ ਗਿਆ। ਇਕ ਮਤੇ ਵਿਚ ਪੰਜਾਬ ਸਰਕਾਰ ਵਲੋਂ ਗੁਰਮਤਿ ਸਾਹਿਤ ਨੂੰ ਮਾਨਤਾ ਦੇਣ ਲਈ ਭਾਸ਼ਾ ਵਿਭਾਗ ਵਲੋਂ ਗੁਰਮਤਿ ਸਾਹਿਤ ਦੇ ਲੇਖਕਾਂ ਨੂੰ ਮਾਣ-ਸਨਮਾਨ ਦੇਣ ਦਾ ਸਵਾਗਤ ਕੀਤਾ ਗਿਆ।

## ਗੁਰਬਾਣੀ ਪ੍ਰਸਾਰਣ 'ਚ ਘਪਲੇ ਵਿਰੁਧ ਸ਼ਿਕਾਇਤ

**ਅੰਮ੍ਰਿਤਸਰ :** ਸਿੱਖਾਂ ਦੇ ਕੇਂਦਰੀ ਸਥਾਨ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਕੀਤੇ ਜਾ ਰਹੇ ਪ੍ਰਸਾਰਣ ਵਿਚ ਵੀ ਵੱਡਾ ਘਪਲਾ ਸਾਹਮਣੇ ਆਇਆ ਹੈ। ਇਸ ਸਬੰਧੀ ਇਕ ਸ਼ਿਕਾਇਤ ਲੰਘੀ 5 ਫਰਵਰੀ ਨੂੰ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਜਸਟਿਸ ਅਜੀਤ ਸਿੰਘ ਬੈਂਸ ਨੇ ਇਥੇ ਸੀਨੀਅਰ ਪੁਲਿਸ ਕਪਤਾਨ ਨੂੰ ਕੀਤੀ ਅਤੇ ਘਪਲੇ ਵਿਚ ਸ਼ਾਮਲ ਲੋਕਾਂ ਵਿਰੁਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ। ਜਸਟਿਸ ਬੈਂਸ ਵਲੋਂ ਕੀਤੀ ਗਈ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਕਰਨ ਦੇ ਅਧਿਕਾਰ ਨਿੱਜੀ ਚੈਨਲ ਈ.ਟੀ.ਸੀ ਤੋਂ ਪੀ.ਟੀ.ਸੀ. ਨੂੰ ਤਬਦੀਲ ਕੀਤੇ ਗਏ ਸਨ, ਉਸ ਵਿਚ ਵੱਡੀ ਪੱਧਰ ਦੀ ਹੇਰਾਫੇਰੀ ਵਿਚ ਦੋਹਾਂ ਚੈਨਲਾਂ ਦੇ ਮਾਲਕਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਵੀ ਦੋਸ਼ੀ ਹਨ।

ਅਪਣੀ ਸ਼ਿਕਾਇਤ ਵਿਚ ਸ. ਬੈਂਸ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਾਗੀਰ ਕੌਰ ਨੇ ਦਰਬਾਰ ਸਾਹਿਬ ਤੋਂ ਕੀਰਤਨ ਦੇ ਸਿੱਧੇ ਪ੍ਰਸਾਰਣ ਦੇ ਅਧਿਕਾਰ 11 ਸਾਲ ਲਈ ਈ.ਟੀ.ਸੀ. ਨੈੱਟਵਰਕ ਰਾਹੀਂ ਸ. ਜਗਜੀਤ ਸਿੰਘ ਕੋਹਲੀ ਨੂੰ ਸੌਂਪੇ ਸਨ। ਉਨ੍ਹਾਂ ਲਿਖਿਆ ਹੈ ਕਿ ਇਸ ਸਬੰਧੀ ਹੋਏ ਸਮਝੌਤੇ ਵਿਚ ਇਹ ਮਦ ਸ਼ਾਮਲ ਸੀ ਕਿ ਇਹ ਹੱਕ ਕਿਸੇ ਤੀਜੀ ਧਿਰ ਨੂੰ ਤਬਦੀਲ ਨਹੀਂ ਕੀਤੇ ਜਾ ਸਕਦੇ। 2007 ਵਿਚ ਪੰਜਾਬ ਦੀ ਸੱਤਾ ਉਤੇ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਦੇ ਕਾਬਜ਼ ਹੋਣ ਤੋਂ ਬਾਅਦ ਬਿਜਲਈ ਮੀਡੀਆ 'ਤੇ ਕਬਜ਼ਾ ਕਰਨ ਦੀ ਸਾਜ਼ਸ਼ ਸ਼ੁਰੂ ਹੋ ਗਈ ਜਿਸ ਵਿਚ ਈ.ਟੀ.ਸੀ. ਚੈਨਲ ਦੇ ਸ. ਜਗਜੀਤ ਸਿੰਘ ਕੋਹਲੀ, ਰਬਿੰਦਰਾ ਨਰਾਇਣ ਅਤੇ ਬਾਦਲ ਪਰਵਾਰ ਦੇ ਵਫ਼ਾਦਾਰ ਗੁਰਦੀਪ ਸਿੰਘ ਲੁਧਿਆਣਾ ਦੇ ਨਾਲ-ਨਾਲ ਸਰਬਜੀਤ ਸਿੰਘ ਉਰਫ਼ ਰਾਜੂ ਨੇ ਅਹਿਮ ਭੂਮਿਕਾ ਨਿਭਾਈ। ਜਸਟਿਸ ਬੈਂਸ ਨੇ ਲਿਖਿਆ ਕਿ ਅਪਣੇ-ਆਪ ਨੂੰ ਪੰਥਕ ਅਖਵਾਉਣ ਵਾਲੀ ਅਕਾਲੀ ਸਰਕਾਰ ਨੇ ਹਰ ਉਹ ਜ਼ਿਆਦਤੀ ਕੀਤੀ ਜਿਸ ਨਾਲ ਮੀਡੀਆ 'ਤੇ ਕਬਜ਼ਾ ਕੀਤਾ ਜਾ ਸਕੇ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਸ਼ਾਸਨ ਨੇ ਵੀ ਬਾਦਲ ਪਰਵਾਰ ਦੀ ਹਰ ਹੀਲਾ ਵਰਤ ਕੇ ਮਦਦ ਕੀਤੀ ਜਿਸ ਨਾਲ ਮੀਡੀਆ 'ਤੇ ਕਬਜ਼ਾ ਹੋ ਸਕੇ। ਬਾਦਲ ਪਰਵਾਰ ਦੇ ਦਿਮਾਗ ਵਿਚ ਜਗਜੀਤ ਸਿੰਘ ਕੋਹਲੀ ਨੇ ਇਹ ਗੱਲ ਬਿਠਾ ਦਿਤੀ ਕਿ ਉਹ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਪੀ.ਟੀ.ਸੀ. ਚੈਨਲ ਵਿਚ ਤਬਦੀਲ ਕਰਵਾਉਣ ਨਾਲ ਹੀ ਕਾਮਯਾਬ ਹੋ ਸਕਦੇ ਹਨ ਅਤੇ ਬਾਦਲ ਪਰਵਾਰ ਨੇ ਇਸ ਕੰਮ ਲਈ ਸ. ਅਵਤਾਰ ਸਿੰਘ ਮੱਕੜ ਨੂੰ ਵਰਤਿਆ।


ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਜਸਟਿਸ ਬੈਂਸ ਉਤੇ ਉਮਰ ਦਰਾਜ ਹੋਣ ਅਤੇ ਕਾਨੂੰਨ ਭੁੱਲ ਜਾਣ ਦਾ ਦੋਸ਼ ਲਾਇਆ। ਮੱਕੜ ਨੇ ਕਿਹਾ ਕਿ ਉਨ੍ਹਾਂ ਜੋ ਵੀ ਕੰਮ ਕੀਤਾ ਹੈ, ਕਾਨੂੰਨ ਅਤੇ ਨਿਯਮਾਂ ਨੂੰ ਧਿਆਨ ਵਿਚ ਰੱਖ ਕੇ ਹੀ ਕੀਤਾ ਹੈ। ਉਨ੍ਹਾਂ ਕਿਹਾ ਕਿ ਜਸਟਿਸ ਬੈਂਸ ਵਿਰੋਧੀ ਲੋਕਾਂ ਦੇ ਹੱਥਾਂ ਵਿਚ ਖੇਡ ਰਿਹਾ ਹੈ ਅਤੇ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰ ਰਿਹਾ ਹੈ। ਮੈਨੂੰ ਕੀਤੇ ਹੋਏ ਕੰਮਾਂ ਲਈ ਕਿਸੇ ਤੋਂ ਚਿੱਟਾ ਪਰਵਾਨਾ ਲੈਣ ਦੀ ਲੋੜ ਨਹੀਂ।


# Realtor & Mortgage Specialist
# Bay Area & Central Valley

**ਚੰਗੀ ਜੁਗਤਤ-ਚਿੰਤਾ ਮੁਕਤਤ**

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

**ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ**



RAJ SINGH M.A., M.Ed
Retd. Principal
Realtor & Financial Adviser
Lic#01776459 & O622467

*ਬੇ-ਏਰੀਏ ਦੇ ਪੜ੍ਹੇ ਲਿਖਿਆਂ ਲਈ ਖੁਸ਼ਖਬਰੀ!*
*ਫਰੀ ਟਾਈਮ ਵਿਚ, ਫਰੀ ਸਿੱਖੋ ਕੰਮ*
*ਫਿਰ ਨਾ ਕਦੀ ਧੋਖਾ, ਨਾ ਕਦੀ ਗ਼ਮ।*

**Come For Free Learning**
**Go For Extra Earning**

**For Detail Cell**

# Raj Singh

**510-452-7370**

Notary Free

2PM to 7 PM (All Days) e-mail:singhrajpaul@yahoo.com

# ਜਲੰਧਰ ਦੇ ਡਿਪਟੀ ਮੇਅਰ ਦੇ ਕੁਟਾਪੇ ਪਿਛੋਂ ਦੋਹਾਂ ਧਿਰਾਂ ’ਚ ਸਮਝੌਤਾ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ ਤੇ ਨਿਗਮ ਯੂਨੀਅਨਾਂ ਦੇ ਵਿਚ ਚਲ ਰਹੇ ਵਿਵਾਦ ਨੂੰ ਸਰਕਾਰ ਨੇ 8 ਫਰਵਰੀ ਨੂੰ ਨਿਪਟਾ ਦਿੱਤਾ ਹੈ। ਡਾ. ਅੰਬੇਦਕਰ ਪ੍ਰਸ਼ਾਸਕੀ ਕੰਪਲੈਕਸ ਵਿਚ ਯੂਨੀਅਨ ਮੈਂਬਰਾਂ ਨੇ ਭਾਟੀਆ ਤੋਂ ਮਾਫੀ ਮੰਗੀ ਤੇ ਹਾਰ ਪਾ ਕੇ ਸਵਾਗਤ ਕੀਤਾ। ਇਸ ਪ੍ਰਕਰਣ ਦੇ ਮੁੱਖ ਦੋਸ਼ੀ ਨਿਗਮ ਸਚਿਵ ਅਸ਼ੋਕ ਸ਼ਰਮਾ ਨੂੰ ਸਸਪੈਂਡ ਵੀ ਕੀਤਾ ਗਿਆ ਹੈ। ਮੇਅਰ ਰਾਕੇਸ਼ ਰਾਠੌਰ ਨੇ ਇਸਦਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਇਹੋ ਜਿਹੀ ਘਟਨਾ ਦੁਬਾਰਾ ਨਾ ਹੋਵੇ ਇਸਦੇ ਲਈ ਅਨੁਸ਼ਾਸਨ ਬਣਾ ਕੇ ਰੱਖਣਾ ਚਾਹੀਦਾ ਹੈ। ਇਸ ਮੌਕੇ ਤੇ ਵਿਧਾਇਕ ਸਰਬਜੀਤ ਸਿੰਘ ਮੱਕੜ, ਵਿਧਾਇਕ ਕੇ.ਡੀ. ਭੰਡਾਰੀ, ਜਿਲਾ ਅਕਾਲੀ ਦਲ ਦੇ ਪ੍ਰਧਾਨ ਗੁਰਚਰਣ ਸਿੰਘ ਚੰਨੀ, ਲਘੂ ਉਦਯੋਗ ਬੋਰਡ ਦੇ ਚੇਅਰਮੇਨ ਮੋਹਿੰਦਰ ਭਗਤ, ਡਿਪਟੀ ਮੇਅਰ ਪ੍ਰਵੇਸ਼ ਟਾਂਗਰੀ, ਡੀਸੀ ਅਜੀਤ ਸਿੰਘ ਪਨੂੰ, ਏਸਏਸਪੀ ਆਰ.ਕੇ. ਜਾਯਸਵਾਲ, ਨਿਗਮ ਕਮਿਸ਼ਨਰ ਵਿਨੈ ਬੁਬਲਾਨੀ ਅਤੇ ਜਗਜੀਤ ਸਿੰਘ ਗਾਬਾ ਤੇ ਹੋਰ ਨੇਤਾ ਮੌਜੂਦ ਸੀ।

ਇਸ ਤੋਂ ਪਹਿਲਾਂ ਦੀ ਰਿਪੋਰਟ ਅਨੁਸਾਰ ਜਲੰਧਰ ਸ਼ਹਿਰ ਦੇ ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ ਨੂੰ ਸਫ਼ਾਈ ਕਰਮਚਾਰੀਆਂ ਨੇ ਨਗਰ ਨਿਗਮ ਕਮਿਸ਼ਨਰ ਦੇ ਦਫ਼ਤਰ ‘ਚ ਰੱਜ ਕੇ ਕੁਟਾਪਾ ਚਾੜ੍ਹਿਆ ਸੀ ਤੇ ਡਿਪਟੀ ਮੇਅਰ ਨੇ ਕਮਿਸ਼ਨਰ ਦਫ਼ਤਰ ਦੇ ਪਖ਼ਾਨੇ ਵਿਚ ਲੁਕ ਕੇ ਜਾਨ ਬਚਾਈ ਸੀ। ਇਹ ਸਾਰੀ ਘਟਨਾ ਬੀਤੀ 4 ਫਰਵਰੀ ਨੂੰ ਸਵੇਰੇ 11 ਵਜੇ ਦੇ ਕਰੀਬ ਨਗਰ ਨਿਗਮ ਦੇ ਨਵੇਂ ਬਣੇ ਆਲੀਸ਼ਾਨ ਦਫ਼ਤਰ ਵਿਚ ਵਾਪਰੀ ਸੀ। ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ ਨੂੰ ਜ਼ਖ਼ਮੀ ਹਾਲਤ ਵਿਚ ਸਥਾਨਕ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ। ਉਸ ਦੇ ਮੂੰਹ ਅਤੇ ਅੱਖਾਂ ‘ਤੇ ਕਾਫ਼ੀ ਸੱਟਾਂ ਲੱਗੀਆਂ।ਪੁਲਿਸ ਨੇ ਦੋਨਾ ਧਿਰਾਂ ਵਿਰੁਧ ਕੇਸ ਦਰਜ ਕਰ ਲਿਆ ਸੀ।

ਜ਼ਿਕਰਯੋਗ ਹੈ ਕਿ ਸਫ਼ਾਈ ਕਰਮਚਾਰੀਆਂ ਨੇ ਪਹਿਲਾਂ ਹੀ ਮਿੱਥੀ ਯੋਜਨਾ ਤਹਿਤ ਕਮਲਜੀਤ ਸਿੰਘ ਭਾਟੀਆ ‘ਤੇ ਹਮਲਾ ਕੀਤਾ ਸੀ। ਮਿਲੀ ਜਾਣਕਾਰੀ ਅਨੁਸਾਰ ਸਫ਼ਾਈ ਕਰਮਚਾਰੀ ਇਕ ਦਿਨ ਪਹਿਲਾਂ ਤੋਂ ਹੜਤਾਲ ‘ਤੇ ਸਨ। ਉਨ੍ਹਾਂ ਦਾ ਦੋਸ਼ ਸੀ ਕਿ ਕਮਲਜੀਤ ਸਿੰਘ ਭਾਟੀਆ ਨੇ ਨਗਰ ਨਿਗਮ ਦੇ ਸਕੱਤਰ ਅਸ਼ੋਕ ਸ਼ਰਮਾ ਨਾਲ ਦੁਰਵਿਵਹਾਰ ਕੀਤਾ। ਸ੍ਰੀ ਸ਼ਰਮਾ ਨੇ ਕੁਝ ਬੁਢਾਪਾ ਪੈਨਸ਼ਨਾਂ ਦੇ ਕੇਸ ਰੱਦ ਕਰ ਦਿੱਤੇ ਸਨ, ਜਿਸ ਤੋਂ ਸ੍ਰੀ ਭਾਟੀਆ ਭੜਕ ਉਠੇ ਸਨ। ਇਸੇ ਦੌਰਾਨ ਸ੍ਰੀ ਭਾਟੀਆ ਨੇ ਸ੍ਰੀ ਸ਼ਰਮਾ ਨਾਲ ਦੁਰਵਿਵਹਾਰ ਕੀਤਾ ਤੇ ਇਸ ਦੁਰਵਿਵਹਾਰ ਦਾ ਸਫ਼ਾਈ ਮੁਲਾਜ਼ਮਾਂ ਨੇ ਸਖ਼ਤ ਵਿਰੋਧ ਕਰਦਿਆਂ ਹੜਤਾਲ ਕਰ ਦਿੱਤੀ। ਭਾਵੇਂ ਦੋਹਾਂ ਧਿਰਾਂ ਦਰਮਿਆਨ ਸਮਝੌਤਾ ਕਰਵਾਉਣ ਲਈ ਕਮਿਸ਼ਨਰ ਨੇ ਉਨ੍ਹਾਂ ਨੂੰ ਦਫ਼ਤਰ ‘ਚ ਸੱਦਿਆ ਹੋਇਆ ਸੀ, ਪਰ 4 ਫਰਵਰੀ ਨੂੰ ਸਵੇਰੇ 11 ਵਜੇ ਉਸ ਸਮੇਂ ਹਾਲਾਤ ਕਾਬੂ ਤੋਂ ਬਾਹਰ ਹੋ ਗਏ, ਜਦੋਂ ਸੀਨੀਅਰ ਡਿਪਟੀ ਮੇਅਰ ਸ੍ਰੀ ਭਾਟੀਆ ਤੇ ਡਿਪਟੀ ਮੇਅਰ ਪ੍ਰਵੇਸ਼ ਟਾਂਗਰੀ ਦੇ ਦਫ਼ਤਰ ਵਿਚ ਦਾਖ਼ਲ ਹੁੰਦਿਆਂ ਹੀ ਸਫ਼ਾਈ ਮੁਲਾਜ਼ਮਾਂ ਨੇ ਉਨ੍ਹਾਂ ਦਾ ਕੁਟਾਪਾ ਚਾੜ੍ਹ ਦਿੱਤਾ। ਸਫ਼ਾਈ ਮੁਲਾਜ਼ਮਾਂ ਨੇ ਪਹਿਲਾਂ ਸ੍ਰੀ ਭਾਟੀਆ ਨੂੰ ਫੜ ਕੇ ਕਮਿਸ਼ਨਰ ਦੇ ਟੇਬਲ ‘ਤੇ ਲੰਮਾ ਪਾ ਲਿਆ ਤੇ ਉਥੇ ਕੁੱਟਮਾਰ ਕਰਨ ਤੋਂ ਬਾਅਦ ਉਸ ਨੂੰ ਥੱਲੇ ਲੰਮਾ ਪਾ ਕੇ ਠੁੱਡੇ ਵੀ ਮਾਰੇ। ਕਮਲਜੀਤ ਭਾਟੀਆ ਨੂੰ ਕੁੱਟ ਪੈਂਦੀ ਵੇਖ ਇਕ ਡਿਪਟੀ ਮੇਅਰ ਕਮਿਸ਼ਨਰ ਦਫ਼ਤਰ ਦੇ ਪਖ਼ਾਨੇ ਵਿਚ ਲੁਕ ਗਏ ਜਦਕਿ ਬਾਕੀ ਕੌਂਸਲਰ ਵੀ ਉਥੋਂ ਦੌੜ ਗਏ। ਸਫ਼ਾਈ ਮੁਲਾਜ਼ਮ 15 ਮਿੰਟ ਤੱਕ ਸੀਨੀਅਰ ਡਿਪਟੀ ਮੇਅਰ ਨੂੰ ਕੁਟਾਪਾ ਚਾੜ੍ਹਦੇ ਰਹੇ ਤੇ ਉਸ ਸਮੇਂ ਦੌਰਾਨ ਕੋਈ ਵੀ ਉਨ੍ਹਾਂ ਦੇ ਨੇੜੇ ਨਹੀਂ ਆਇਆ। ਬਾਅਦ ਵਿਚ ਪੁਲਿਸ ਨੇ ਮੌਕੇ ‘ਤੇ ਪਹੁੰਚ ਕੇ ਸ੍ਰੀ ਭਾਟੀਆ ਨੂੰ ਛੁਡਵਾਇਆ। ਇਸ ਸਬੰਧੀ ਜਦੋਂ ਸ੍ਰੀ ਟਾਂਗਰੀ ਨਾਲ ਸੰਪਰਕ ਕੀਤਾ



ਇੰਜ ਚੜ੍ਹਿਆ ਕੁਟਾਪਾ...

ਗਿਆ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕਮਿਸ਼ਨਰ ਸਾਹਿਬ ਨੇ ਉਥੇ ਬੁਲਾਇਆ ਸੀ ਪਰ ਕਮਿਸ਼ਨਰ ਸਾਹਿਬ ਆਪਣੇ ਮੁਲਾਜ਼ਮਾਂ ਨੂੰ ਸਮਝਾਉਣ ਵਿਚ ਨਾਕਾਮ ਰਹੇ। ਉਨ੍ਹਾਂ ਕਿਹਾ ਕਿ ਅਸੀਂ ਕਮਿਸ਼ਨਰ ‘ਤੇ ਵਿਸ਼ਵਾਸ ਕਰਕੇ ਹੀ ਇੱਥੇ ਆਏ ਸੀ।

ਘਟਨਾ ਤੋਂ ਅਗਲੇ ਦਿਨ ਲੰਘੀ 5 ਫਰਵਰੀ ਨੂੰ ਨਗਰ ਨਿਗਮ ਜਲੰਧਰ ਦੇ ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ ‘ਤੇ ਸਫਾਈ ਮੁਲਾਜ਼ਮਾਂ ਵਲੋਂ ਕੀਤੇ ਗਏ ਹਮਲੇ ਕਾਰਨ ਪੈਦਾ ਹੋਇਆ ਵਿਵਾਦ ਕਿਸੇ ਤਣ-ਪੱਤਣ ਨਹੀਂ ਲੱਗਾ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ, ਡਿਪਟੀ ਮੇਅਰ ਪ੍ਰਵੇਸ਼ ਟਾਂਗਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲਰਾਂ ਨੇ ਰੋਸ ਵਜੋਂ ਗੁਰੂ ਨਾਨਕ ਮਿਸ਼ਨ ਚੌਕ ਵਿਚ ਟ੍ਰੈਫਿਕ ਰੋਕਿਆ ਤੇ ਡਿਪਟੀ ਕਮਿਸ਼ਨਰ ਦੇ ਘਰ ਮੂਹਰੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਉੱਧਰ ਨਿਗਮ ਦੇ ਮੁਲਾਜ਼ਮਾਂ ਨੇ ਜੋਤੀ ਚੌਕ ਤੋਂ ਲੈ ਕੇ ਨਗਰ ਨਿਗਮ ਦੇ ਦਫ਼ਤਰ ਤੱਕ ਰੋਸ ਮਾਰਚ ਕੀਤਾ। ਦੋਹਾਂ ਧਿਰਾਂ ਨੇ ਇੱਕ ਦੂਜੇ ਵਿਰੁਧ ਕੇਸ ਦਰਜ ਕਰਨ ਦੀ ਮੰਗ ਕੀਤੀ। ਸਫ਼ਾਈ ਮੁਲਾਜ਼ਮਾਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਸੀਨੀਅਰ ਡਿਪਟੀ ਮੇਅਰ ਵਿਰੁਧ ਕੇਸ ਦਰਜ ਕਰਕੇ ਗ੍ਰਿਫਤਾਰ ਨਾ ਕੀਤਾ ਤਾਂ ਉਹ ਸੋਮਵਾਰ ਤੋਂ ਸ਼ਹਿਰ ਦੀ ਸਫ਼ਾਈ ਕਰਨੀ ਬੰਦ ਕਰ ਦੇਣਗੇ।ਉਧਰ ਭਾਟੀਆ ਸਮਰਥਕ ਕੌਂਸਲਰਾਂ ਨੇ ਨਗਰ ਨਿਗਮ ਦੇ ਕਮਿਸ਼ਨਰ ਵਿਰੁਧ ਤੇ ਹੋਰ ਯੂਨੀਅਨ ਆਗੂਆਂ ਵਿਰੁਧ ਕੇਸ ਦਰਜ ਕਰਨ ਦੀ ਜ਼ੋਰਦਾਰ ਮੰਗ ਕੀਤੀ। ਸਭ ਤੋਂ ਦਿਲਚਸਪ ਪਹਿਲੂ ਇਸ ਘਟਨਾ ਵਿਚ ਇਹ ਦੇਖਿਆ ਜਾ ਰਿਹਾ ਹੈ ਕਿ ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ ਨੂੰ ਕਮਿਸ਼ਨਰ ਦਫ਼ਤਰ ਵਿਚ ਕੁਟਾਪਾ ਚਾੜ੍ਹੇ ਜਾਣ ਵਿਰੁਧ ਜ਼ਿਲ੍ਹੇ ਦੇ ਸੀਨੀਅਰ ਅਕਾਲੀ ਆਗੂ ਕਿਧਰੇ ਵੀ ਰੋਸ ਪ੍ਰਦਰਸ਼ਨ ਵਿਚ ਨਜ਼ਰ ਨਹੀਂ ਆਏ। ਇਸ ਤੋਂ ਵੀ ਵਧ ਦਿਲਚਸਪ ਪਹਿਲੂ ਇਹ ਵੀ ਲੋਕਾਂ ਸਾਹਮਣੇ ਆਇਆ ਕਿ ਨਗਰ ਨਿਗਮ ਦੇ ਜਿਸ ਨਵੇਂ ਦਫ਼ਤਰ ਵਿਚ ਕਮਲਜੀਤ ਸਿੰਘ ਭਾਟੀਆ ਨੂੰ ਕੁੱਟਿਆ ਗਿਆ, ਕਮਿਸ਼ਨਰ ਦਾ ਦਫ਼ਤਰ ਭੰਨ੍ਹ ਤੋੜ ਦਿੱਤਾ ਗਿਆ, ਉਸ ਦਫਤਰ ਤੋਂ ਸਥਾਨਕ ਸਰਕਾਰਾਂ ਬਾਰੇ ਮੰਤਰੀ ਮਨੋਰੰਜਨ ਕਾਲੀਆ ਦੇ ਘਰ ਦਾ ਫਾਸਲਾ ਸਿਰਫ਼ 20 ਤੋਂ 25 ਫੁੱਟ ਦਾ ਹੀ ਹੈ। ਜਾਣਕਾਰੀ ਅਨੁਸਾਰ ਜਦੋਂ ਸੀਨੀਅਰ ਡਿਪਟੀ ਮੇਅਰ ਕਮਲਜੀਤ ਭਾਟੀਆ ਦੇ ਕੁਟਾਪਾ ਫਿਰ ਰਿਹਾ ਸੀ ਤੇ ਦਫ਼ਤਰ ਦੇ ਸ਼ੀਸ਼ੇ ਤੋੜੇ ਜਾ ਰਹੇ ਸਨ ਤਾਂ ਸਾਰੀ ਘਟਨਾ ਦੀ ਆਵਾਜ਼ ਮੰਤਰੀ ਮਨੋਰੰਜਨ ਕਾਲੀਆ ਦੇ ਘਰ ‘ਚ ਸਾਫ਼ ਸੁਣਾਈ ਦੇ ਰਹੀ ਸੀ। ਕਮਲਜੀਤ ਭਾਟੀਆ ਦੇ ਹੱਕ ਵਿਚ ਸੱਤਾਧਾਰੀ ਪਾਰਟੀ ਦੇ ਆਗੂਆਂ ਨੇ ਡਿਪਟੀ ਕਮਿਸ਼ਨਰ ਅਜੀਤ ਸਿੰਘ ਪਨੂੰ ਦੇ ਘਰ ਅੱਗੇ ਦੋ-ਢਾਈ ਘੰਟੇ ਰੋਸ ਪ੍ਰਦਰਸ਼ਨ ਕੀਤਾ। ਜਦੋਂ ਡਿਪਟੀ ਕਮਿਸ਼ਨਰ ਅਜੀਤ ਸਿੰਘ ਪਨੂੰ ਤੇ ਐਸ ਐਸ ਪੀ ਆਰ ਕੇ ਜਾਇਸਵਾਲ ਉਨ੍ਹਾਂ ਆਗੂਆਂ ਨੂੰ ਮਿਲਣ ਆਏ ਤਾਂ ਉਨ੍ਹਾਂ ਮੰਗ ਕੀਤੀ ਕਿ ਨਗਰ ਨਿਗਮ ਦੇ ਸਹਾਇਕ ਕਮਿਸ਼ਨਰ ਤੇ ਯੂਨੀਅਨ ਆਗੂ ਅਸ਼ੋਕ ਸ਼ਰਮਾ ਵਿਰੁਧ 307 ਦਾ ਮੁਕੱਦਮਾ ਦਰਜ ਕੀਤਾ ਜਾਵੇ।ਸਾਰੇ ਮਾਮਲੇ ਦੀ ਜਾਂਚ ਦਾ ਕੰਮ ਐਸ ਸੀ ਸਿਟੀ ਐਸ ਕੇ ਕਾਲੀਆ ਨੂੰ ਸੌਂਪਿਆ ਗਿਆ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਘਟਨਾ ਦੀ ਵੀਡੀਓ ਸੀਕਲ ਮੰਗਵਾਈ ਗਈ ਸੀ। ਉਧਰ ਮੁਲਾਜ਼ਮਾਂ ਨੇ ਆਪਣੀ ਇਕੱਜੁਟਤਾ ਦਾ ਪ੍ਰਗਟਾਵਾ ਕਰਦਿਆਂ ਭਗਵਾਨ ਵਾਲਮੀਕ ਚੌਕ ਤੋਂ ਲੈ ਕੇ ਨਗਰ ਨਿਗਮ ਦੇ ਦਫਤਰ ਤੱਕ ਰੋਸ ਮਾਰਚ ਕੀਤਾ ਸੀ।

# ਡਿਊਟੀ ਤੋਂ ਪਰਤਦੇ ਪ੍ਰਵਾਸੀਆਂ ਦੀ ਵੱਢ-ਟੁੱਕ

**ਜਲੰਧਰ:** ਸਥਾਨਕ ਫੋਕਲ ਪੁਆਇੰਟ ਵਿਖੇ ਫੈਕਟਰੀਆਂ ਵਿਚੋਂ ਰਾਤ ਦੀ ਡਿਊਟੀ ਤੋਂ ਛੁੱਟੀ ਕਰਕੇ ਵਾਪਸ ਪਰਤ ਰਹੇ ਪ੍ਰਵਾਸੀ ਮਜ਼ਦੂਰਾਂ ਨੂੰ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਵਲੋਂ ਤੇਜ਼ਧਾਰ ਹਥਿਆਰਾਂ ਨਾਲ ਜ਼ਖਮੀ ਕੀਤੇ ਜਾਣ ਨਾਲ ਫੋਕਲ ਪੁਆਇੰਟ ਖੇਤਰ ’ਚ ਸਥਿਤੀ ਤਣਾਅ-ਪੂਰਨ ਬਣ ਗਈ। ਪੁਲਸ ਕੋਲੋਂ ਮਿਲੀ ਜਾਣਕਾਰੀ ਅਨੁਸਾਰ ਅਣਪਛਾਤੇ ਨੌਜਵਾਨਾਂ ਵਲੋਂ ਕੀਤੇ ਗਏ ਵਹਿਸ਼ੀਆਨਾ ਹਮਲੇ ਵਿਚ 7 ਪ੍ਰਵਾਸੀ ਮਜ਼ਦੂਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਕ ਪ੍ਰਾਈਵੇਟ ਹਸਪਤਾਲ ’ਚ ਦਾਖਲ ਕਰਵਾ ਦਿੱਤਾ ਗਿਆ। ਇਸ ਘਟਨਾ ਤੋਂ ਰੋਹ ਵਿਚ ਆਏ ਸੈਂਕੜਿਆਂ ਦੀ ਗਿਣਤੀ ਵਿਚ ਮਜ਼ਦੂਰਾਂ ਨੇ ਇਕੱਠੇ ਹੋ ਕੇ ਸਵੇਰੇ ਹੀ ਰੋਸ ਪ੍ਰਦਰਨ ਸ਼ੁਰੂ ਕਰ ਦਿੱਤਾ, ਜਿਸ ਨਾਲ ਜ਼ਿਲ੍ਹਾ ਪੁਲਸ ਤੇ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਪੁਲਸ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਵਲੋਂ ਇਸ ਘਟਨਾ ਵਿਚ ਢੁਕਵੀਂ ਕਾਰਵਾਈ ਕੀਤੇ ਜਾਣ ਦਾ ਭਰੋਸਾ ਦਿੱਤੇ ਜਾਣ ਅਤੇ ਜ਼ਖਮੀਆਂ ਦੇ ਇਲਾਜ ਦਾ ਖਰਚਾ ਸਰਕਾਰ ਵਲੋਂ ਚੁੱਕੇ ਜਾਣ ਦੀ ਤਸੱਲੀ ਤੋਂ ਬਾਅਦ ਮਜ਼ਦੂਰਾਂ ਵਲੋਂ 48 ਘੰਟੇ ਦਾ ਅਲਟੀਮੇਟਮ ਦਿੱਤੇ ਜਾਣ ਨਾਲ ਇਹ ਮਾਮਲਾ ਸ਼ਾਂਤ ਹੋ ਗਿਆ। ਪੁਲਸ ਨੇ ਇਸ ਸੰਬੰਧ ਵਿਚ ਅਣਪਛਾਤੇ ਨੌਜਵਾਨਾਂ ਵਿਰੁਧ ਧਾਰਾ 307 ਦੇ ਤਹਿਤ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਮਜ਼ਦੂਰ ਯੂਨੀਅਨ ਆਗੂਆਂ ਅਨੁਸਾਰ 7 ਫਰਵਰੀ ਰਾਤ 10 ਵਜੇ ਦੇ ਕਰੀਬ ਦੋ ਮੋਟਰਸਾਈਕਲ ਸਵਾਰਾਂ ਨੇ ਕੰਮ ਤੋਂ ਛੁੱਟੀ ਕਰਕੇ ਆਪਣੇ ਘਰਾਂ ਨੂੰ ਪਰਤ ਰਹੇ ਮਜ਼ਦੂਰਾਂ ਉਤੇ ਕਿਰਪਾਨਾਂ ਨਾਲ ਹਮਲਾ ਕਰ ਦਿੱਤਾ। ਮਜ਼ਦੂਰਾਂ ਅਨੁਸਾਰ ਮੋਟਰਸਾਈਕਲ ਸਵਾਰ ਇਨ੍ਹਾਂ ਵਿਅਕਤੀਆਂ ਵਲੋਂ ਪਹਿਲਾਂ ਦੋ ਮਜ਼ਦੂਰਾਂ ਤੇ ਹਮਲਾ ਕੀਤਾ ਗਿਆ ਤੇ ਉਨ੍ਹਾਂ ਕੋਲੋਂ 300 ਰੁਪਏ ਖੋਹ ਲਏ। ਇਸ ਤੋਂ ਬਾਅਦ ਰਸਤੇ ਵਿਚ ਜਾਂਦੇ ਜਿਹੜੇ-ਜਿਹੜੇ ਮਜ਼ਦੂਰ ਉਕਤ ਵਿਅਕਤੀਆਂ ਦੇ ਸਾਹਮਣੇ ਆਏ, ਉਹ ਇਨ੍ਹਾਂ ਨੂੰ ਕਿਰਪਾਨਾਂ ਨਾਲ ਵੱਢਦੇ-ਕੱਟਦੇ ਗਏ। ਇਨ੍ਹਾਂ ਜ਼ਖਮੀਆਂ ਵਿਚ ਇਕ ਬੱਚਾ ਵੀ ਦੱਸਿਆ ਜਾ ਰਿਹਾ ਹੈ। ਯੂਨੀਅਨ ਆਗੂਆਂ ਅਨੁਸਾਰ ਜ਼ਖਮੀਆਂ ਦੀ ਗਿਣਤੀ ਵੱਧ ਦੱਸੀ ਜਾ ਰਹੀ ਹੈ। ਉਕਤ ਹਮਲੇ ਵਿਚ ਜ਼ਖਮੀ ਹੋਏ ਮਜ਼ਦੂਰ ਯੂ ਪੀ ਅਤੇ ਬਿਹਾਰ ਸੂਬਿਆਂ ਨਾਲ ਸੰਬੰਧਤ ਹਨ। ਪੁਲਸ ਅਨੁਸਾਰ ਜ਼ਖਮੀਆਂ ਦੀ ਗਿਣਤੀ 7 ਹੈ। ਪੂਰਵਾਚਲ ਵਿਕਾਸ ਮਹਾਂ ਸਭਾ ਦੇ ਸੂਬਾ ਪ੍ਰਧਾਨ ਸਚਿਦਾਨੰਦ ਅਤੇ ਚੇਅਰਮੈਨ ਦੀਨਾਨਾਥ ਨੇ ਕਿਹਾ ਕਿ ਪੁਲਿਸ ਨੂੰ 48 ਘੰਟੇ ’ਚ ਕਾਰਵਾਈ ਕਰਨ ਦਾ ਅਲਟੀਮੇਟਮ ਦਿੱਤਾ ਹੈ।













# ਡੇਰਾ ਬੱਲਾਂ ਦਾ ਮਾਮਲਾ ਉਲਝਿਆ, ਡੇਰੇ ਦੇ ਅੰਦਰੋਂ ਹੀ ਫੁੱਟ ਉਭਰੀ

## ਕਈ ਸੰਤ ਮਹਾਤਮਾਵਾਂ ਵਲੋਂ ਗੁਰੂ ਗ੍ਰੰਥ ਸਾਹਿਬ ਨਾਲ ਜੁੜੇ ਰਹਿਣ ਦਾ ਅਹਿਦ

**ਪੰਜਾਬ ਟਾਈਮਜ਼ ਬਿਊਰੋ**

**ਹੁਸ਼ਿਆਰਪੁਰ:** ਖਾਲਸਾ ਐਕਸ਼ਨ ਕਮੇਟੀ ਨਾਲ ਸਬੰਧਤ ਜਥੇਬੰਦੀਆਂ ਨੇ ਡੇਰਾ ਸੱਚਖੰਡ ਬੱਲਾਂ ਟਰੱਸਟ ਵਲੋਂ ਕਾਂਸ਼ੀ ਵਿਖੇ ਰਵਿਦਾਸ ਭਾਈਚਾਰੇ ਲਈ ਵੱਖਰੇ ਧਰਮ, ਗ੍ਰੰਥ, ਨਿਸ਼ਾਨ ਅਤੇ ਨਾਅਰਾ ਦੇਣ ਉੱਤੇ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਡੇਰਾ ਸਚਖੰਡ ਬੱਲਾਂ ਟਰੱਸਟ ਜਾਂ ਕਿਸੇ ਹੋਰ ਨੇ ਗੁਰੂ ਗ੍ਰੰਥ ਸਾਹਿਬ ਵਿਚ 'ਗੁਰੂ' ਦਾ ਦਰਜਾ ਪ੍ਰਾਪਤ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਕੱਚੀ ਬਾਣੀ ਨਾਲ ਰਲਾ ਕੇ ਵੱਖਰੀ ਜਿਲਦ ਵਿਚ ਪ੍ਰਕਾਸ਼ਤ ਕਰਨਾ ਚਾਹਿਆ ਤਾਂ ਖਾਲਸਾ ਪੰਥ ਇਸ ਦਾ ਵਿਰੋਧ ਕਰੇਗਾ ਜਿਸ ਦੇ ਨਤੀਜਿਆਂ ਦੀ ਜ਼ਿੰਮੇਵਾਰੀ ਡੇਰਾ ਸੱਚਖੰਡ ਬੱਲਾਂ ਟਰੱਸਟ ਦੇ ਸਿਰ ਹੋਵੇਗੀ।

ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ, ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ, ਜਨਰਲ ਸਕੱਤਰ ਡਾ. ਮਨਜਿੰਦਰ ਸਿੰਘ ਅਤੇ ਬੁਲਾਰੇ ਕੰਵਰਪਾਲ ਸਿੰਘ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਹਰਪਾਲ ਸਿੰਘ ਚੀਮਾ ਅਤੇ ਕੁਲਬੀਰ ਸਿੰਘ ਬੜਾ ਪਿੰਡ ਨੇ ਕਿਹਾ ਕਿ ਰਵਿਦਾਸੀਆ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਸਮਾਜ ਵਿਚ ਵੰਡੀਆਂ ਪਾਉਣ ਵਾਲੇ ਡੇਰਾ ਸੱਚਖੰਡ ਬੱਲਾਂ ਟਰੱਸਟ ਦੇ ਮਨਸੂਬੇ ਗੁੱਝੇ ਨਹੀਂ ਹਨ ਅਤੇ ਰਵਿਦਾਸੀਆਂ ਭਾਈਚਾਰਾ ਇਸ ਸਾਜ਼ਿਸ਼ ਨੂੰ ਚੰਗੀ ਤਰ੍ਹਾਂ ਪਛਾਣਦਾ ਹੈ।

ਉਨ੍ਹਾਂ ਕਿਹਾ ਕਿ ਵੱਖਰੇ ਧਰਮ ਅਤੇ ਗ੍ਰੰਥ ਦੀ ਗੱਲ ਕਰਨ ਲਈ ਜਾਣੇ ਜਾਂਦੇ ਡੇਰਾ ਸੱਚਖੰਡ ਬੱਲਾਂ ਟਰੱਸਟ ਪਹਿਲਾਂ ਵੀ ਸਿੱਖ ਰਹਿਤ ਮਰਿਆਦਾ ਤੋਂ ਬਾਗੀ ਹੀ ਸਨ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਆਸਥਾ ਰੱਖਣ ਵਾਲੇ ਰਵਿਦਾਸੀਏ ਸਿੱਖਾਂ ਉਤੇ ਅਜਿਹੇ ਪ੍ਰਾਪੇਗੰਡੇ ਦਾ ਕੋਈ ਅਸਰ ਨਹੀਂ ਹੋਇਆ। ਉਨ੍ਹਾਂ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਦੇ ਚੇਅਰਮੈਨ ਸੰਤ ਸਰਵਨ ਦਾਸ, ਪ੍ਰਧਾਨ ਸੰਤ ਨਿਰਮਲ ਦਾਸ, ਸਮੂਹ ਮੈਂਬਰ ਅਤੇ ਸਮਾਜ ਬਚਾਓ ਮੋਰਚਾ ਦੇ ਗਿਆਨ ਚੰਦ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਬਹਾਲ ਰੱਖਦੇ ਹੋਏ ਸਮਾਜ ਨੂੰ ਤੋੜਨ ਵਾਲੇ ਫੈਸਲੇ ਨੂੰ ਜੁਅਰਤ ਨਾਲ ਰੱਦ ਕੀਤਾ ਹੈ।

ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕਲੰਡਰ ਨੂੰ ਹਿੰਦੂ ਬਿਕਰਮੀ ਸੰਮਤ ਨਾਲ ਰਲਗਡ ਕਰਨ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕਣ ਅਤੇ ਹੁਣ ਰਵਿਦਾਸੀਆਂ ਲਈ ਵੱਖਰੇ ਧਰਮ ਅਤੇ ਗ੍ਰੰਥ ਵਰਗੇ ਉੱਠੇ ਸੰਵੇਦਨਸ਼ੀਲ ਵਿਵਾਦਾਂ ਨਾਲ ਨਜਿੱਠਣ ਵਿਚ ਗਿਆਨੀ ਗੁਰਬਚਨ ਸਿੰਘ ਜਥੇਦਾਰ ਅਕਾਲ ਤਖਤ ਸਾਹਿਬ ਅਤੇ ਅਵਤਾਰ ਸਿੰਘ ਮੱਕੜ ਪ੍ਰਧਾਨ ਸ਼੍ਰੋਮਣੀ ਕਮੇਟੀ ਅਸਫਲ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਹਾਂ ਦੀ ਵਾਗਡੋਰ ਬਾਦਲਕਿਆਂ ਦੇ ਹੱਥ ਵਿਚ ਹੈ ਜਿਨ੍ਹਾਂ ਦਾ ਸਿੱਖੀ ਨਾਲ ਕੋਈ ਵਾਸਤਾ ਨਹੀਂ। ਉਨ੍ਹਾਂ ਕਿਹਾ ਕਿ ਖਾਲਸਾ ਐਕਸ਼ਨ ਕਮੇਟੀ ਨਾਲ ਸਬੰਧਤ ਜਥੇਬੰਦੀਆਂ ਵਲੋਂ ਹੋਲੇ ਮਹੱਲੇ ਮੌਕੇ ਆਨੰਦਪੁਰ ਸਾਹਿਬ ਵਿਖੇ ਸਾਂਝੀ ਪੰਥਕ ਕਾਨਫਰੰਸ ਕੀਤੀ ਜਾਵੇਗੀ ਜਿਸ ਵਿਚ ਪੰਥ ਦੀ ਹੋਣੀ ਨਾਲ ਜੁੜੇ ਮੁੱਦਿਆਂ ਉੱਤੇ ਵਿਚਾਰ ਚਰਚਾ ਕਰਕੇ ਅਗਲਾ ਪ੍ਰੋਗਰਾਮ ਦਿੱਤਾ ਜਾਵੇਗਾ।

ਇਸ ਦੌਰਾਨ ਪਤਾ ਲਗਾ ਹੈ ਕਿ ਨਵੇਂ ਰਵਿਦਾਸੀਆ ਧਰਮ ਤੇ ਨਵੇਂ ਗ੍ਰੰਥ ਦੇ ਕੀਤੇ ਗਏ ਐਲਾਨ ਤੋਂ ਬਾਅਦ ਡੇਰਾ ਸੱਚਖੰਡ ਬੱਲਾਂ ਨੂੰ ਜਿੱਥੇ ਰਵਿਦਾਸੀਆਂ ਜਥੇਬੰਦੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਹੁਣ ਡੇਰੇ ਦੇ ਅੰਦਰੋਂ ਵੀ ਵਿਰੋਧ ਉਠ ਖੜਾ ਹੋਇਆ ਹੈ। ਡੇਰਾ ਮੁਖੀ ਸੰਤ ਨਰੰਜਣ ਦਾਸ ਤੋਂ ਬਾਅਦ ਸਭ ਤੋਂ ਸੀਨੀਅਰ ਸੰਤ ਸੁਰਿੰਦਰ ਦਾਸ ਨੇ ਗੱਲਬਾਤ ਕਰਦਿਆਂ ਸਪਸ਼ਟ ਕਿਹਾ ਕਿ ਉਹ ਇਸ ਨਾਲ ਸਹਿਮਤ ਨਹੀਂ ਤੇ ਇਸ ਸਾਰੀ ਕਾਰਵਾਈ ਦਾ ਉਹ ਬਾਈਕਾਟ ਕਰਦੇ ਹਨ। ਡੇਰਾ ਸੱਚਖੰਡ ਬੱਲਾਂ ਦੀ ਇੱਕ ਬ੍ਰਾਂਚ ਨੂਪੁਰ-ਢੇਪੁਰ ਨੇੜੇ ਅੱਡਾ ਕਠਾਰ 'ਚ ਉਨ੍ਹਾਂ ਗੱਲਬਾਤ ਦੌਰਾਨ ਦੱਸਿਆ ਕਿ ਉਨ੍ਹਾਂ ਦਾ ਵਿਸ਼ਵਾਸ ਤੇ ਆਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਹੈ। ਉਨ੍ਹਾਂ ਮੌਜੂਦਾ ਪੈਦਾ ਹੋਏ ਹਾਲਾਤਾਂ ਲਈ ਸਰਕਾਰ ਤੇ ਸਿੱਖਾਂ ਦੀ ਧਾਰਮਿਕ ਲੀਡਰਸ਼ਿਪ ਨੂੰ ਬਰਾਬਰ ਦੇ ਦੋਸ਼ੀ ਦੱਸਿਆ, ਜਿਨ੍ਹਾਂ ਨੇ ਰਵਿਦਾਸੀਆ ਭਾਈਚਾਰੇ ਨਾਲ ਹੋ ਰਹੇ ਵਿਤਕਰਿਆਂ ਨੂੰ ਦੂਰ ਕਰਨ ਲਈ ਕੋਈ ਠੋਸ ਕਾਰਵਾਈ ਨਹੀਂ ਕੀਤੀ। ਨਵੇਂ ਧਰਮ ਤੇ ਨਵੇਂ ਗ੍ਰੰਥ ਸਬੰਧੀ ਪੁੱਛੇ ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਇਹ ਮਾਮਲਾ ਸਮਾਜ ਦੇ ਲੋਕਾਂ 'ਚ ਵਿਚਾਰਨ ਲਈ ਖੁੱਲ੍ਹਾ ਛੱਡਣਾ ਚਾਹੀਦਾ ਸੀ। ਇਸ ਬਾਰੇ ਲੰਬਾ ਸਮਾਂ ਚਰਚਾ ਕਰਵਾਉਣੀ, ਸੈਮੀਨਾਰ ਕਰਵਾਉਣੇ ਤੇ ਵਿਦਵਾਨਾਂ ਦੀ ਰਾਏ ਲੈਣੀ ਚਾਹੀਦੀ ਸੀ। ਸੰਤ ਸੁਰਿੰਦਰ ਦਾਸ ਨੇ ਕਿਹਾ ਕਿ ਹੁਣ ਜੋ ਕੁਝ ਹੋ ਰਿਹਾ ਹੈ, ਉਹ ਸੰਤ ਰਾਮਾਨੰਦ ਦੀ ਵਿਚਾਰਧਾਰਾ ਦੇ ਅਨਕੂਲ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਸੰਤ ਰਾਮਾਨੰਦ ਨੇ ਆਪਣੀ ਸ਼ਹਾਦਤ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪ੍ਰਚਾਰ ਕੀਤਾ। ਉਹ ਡੇਰੇ 'ਚ ਵੀ ਬੱਚਿਆਂ ਨੂੰ ਗੁਰਬਾਣੀ ਦਾ ਪਾਠ ਪੜ੍ਹਾਉਂਦੇ ਸਨ। ਉਨ੍ਹਾ ਗੱਲਬਾਤ ਦੌਰਾਨ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਇਕੱਲੇ ਸਿੱਖਾਂ ਦਾ ਹੀ ਗ੍ਰੰਥ ਨਹੀਂ ਹੈ। ਉਨ੍ਹਾਂ ਦੀ ਧਾਰਮਿਕ ਲੀਡਰਸ਼ਿਪ ਤੇ ਖਾਸ ਕਰਕੇ ਜਥੇਦਾਰਾਂ ਦੀ ਤਿੱਖੀ ਅਲੋਚਨਾ ਕੀਤੀ ਕਿ ਜਿਨ੍ਹਾਂ ਨੇ ਜਾਤਪਾਤ ਖਤਮ ਕਰਨ ਲਈ ਕੁਝ ਵੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਧਾਰਮਿਕ ਲੀਡਰਸ਼ਿਪ ਰਵਿਦਾਸ ਭਾਈਚਾਰੇ ਤੇ ਹੋਰ ਨੀਵੀਂ ਜਾਤੀ ਦੇ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫਲਸਫ਼ੇ ਅਨੁਸਾਰ ਬਰਾਬਰਤਾ ਦਾ ਹੱਕ ਦੁਆਉਣ ਵਿਚ ਫੇਲ੍ਹ ਰਹੀ ਹੈ ਤੇ ਇਨ੍ਹਾਂ ਹਾਲਤਾਂ ਨੇ ਹੀ ਮੌਜੂਦਾ ਸਥਿਤੀ ਪੈਦਾ ਕਰਨ ਦੀ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਮੌਜੂਦਾ ਪੈਦਾ ਹੋਏ ਹਾਲਾਤ ਬਾਰੇ ਸਾਨੂੰ ਸਾਰਿਆਂ ਨੂੰ ਹਾਂ ਪੱਖੀ ਸੋਚ ਅਪਣਾਉਣ ਦੀ ਲੋੜ ਹੈ। ਤਦ ਹੀ ਮਸਲੇ ਹੱਲ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਦੋਵਾਂ ਭਾਈਚਾਰਿਆਂ ਨੂੰ ਬੜੇ ਖੁੱਲ੍ਹੇ ਮਨ ਨਾਲ ਇਨ੍ਹਾਂ ਮਸਲਿਆਂ ਨੂੰ ਵਿਚਾਰਨਾ ਚਾਹੀਦਾ ਹੈ ਤਾਂ ਜੋ ਆਪਸੀ ਭਾਈਚਾਰਕ ਸਾਂਝ ਬਣੀ ਰਹੇ। ਉਨ੍ਹਾਂ ਇੰਗਲੈਂਡ ਵਿਚ ਚਲੇ ਇੱਕ ਕੇਸ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਡੇਰਾ ਸੱਚਖੰਡ ਬੱਲਾਂ ਵਲੋਂ ਅਦਾਲਤ ਵਿਚ ਪੇਸ਼ ਹੋਏ ਸਨ, ਜਿਸ ਵਿਚ ਉਨ੍ਹਾਂ ਨੂੰ ਇੱਕ ਗਵਾਹ ਵਜੋਂ ਗਵਾਹੀ ਲਈ ਸੱਦਿਆ ਗਿਆ ਸੀ। ਇਸ ਗਵਾਹੀ ਦੌਰਾਨ ਉਨ੍ਹਾਂ ਜਿਹੜਾ ਹਲਫ਼ਨਾਮਾ ਦਿੱਤਾ ਸੀ ਉਸ ਵਿਚ ਸਪੱਸ਼ਟ ਕਿਹਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਾਡਾ ਪਵਿੱਤਰ ਗ੍ਰੰਥ ਹੈ, ਇਸ ਵਿਚ ਸ੍ਰੀ ਗੁਰੂ ਰਵਿਦਾਸ ਜੀ 'ਤੇ ਹੋਰ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ ਹੈ ਜੋ ਊਚ -ਨੀਚ ਦਾ ਭੇਦ ਭਾਵ ਖ਼ਤਮ ਕਰਦੀ ਹੈ ਤੇ ਬਰਾਬਰੀ ਤੇ ਸਰਬਤ ਦੇ ਭਲੇ ਦਾ ਸੁਨੇਹਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਇਸ ਮਸਲੇ ਦੇ ਹੱਲ ਲਈ ਹਾਂ ਪੱਖੀ ਸੋਚ ਅਪਣਾਏ ਜਾਣ ਦੀ ਲੋੜ ਹੈ। ਇਸ ਲਈ ਸਰਕਾਰ, ਸਿੱਖ ਧਾਰਮਿਕ ਲੀਡਰਸ਼ਿਪ ਤੇ ਸਮਾਜ ਖੁੱਲੇ ਮਨ ਨਾਲ ਸੋਚ ਵਿਚਾਰ ਕਰੇ ਕਿ ਆਪਸੀ ਭਾਈਚਾਰੇ ਦੀਆਂ ਹੱਦਾਂ ਕਿਵੇਂ ਮਜ਼ਬੂਤ ਕਰਨੀਆਂ ਹਨ।

**ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ 'ਚ 4 ਗ੍ਰਿਫ਼ਤਾਰ:** ਡੇਰਾ ਸੱਚਖੰਡ ਬੱਲਾਂ ਵਾਲਿਆਂ ਵਲੋਂ ਨਵਾਂ ਰਵਿਦਾਸੀਆ ਧਰਮ ਐਲਾਨ ਜਾਣ ਤੋਂ ਬਾਅਦ ਪੈਦਾ ਹੋਏ ਹਾਲਾਤਾਂ ਦੇ ਮੱਦੇਨਜ਼ਰ ਪੁਲਿਸ ਨੇ ਬੀਤੇ ਦਿਨੀਂ ਬਸਪਾ ਸਮੇਤ ਰਵਿਦਾਸੀਆ ਭਾਈਚਾਰੇ ਨਾਲ ਸਬੰਧਤ 9 ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ। ਬਾਅਦ ਦੁਪਹਿਰ 4 ਵਿਅਕਤੀਆਂ ਨੂੰ ਛੱਡ ਕੇ ਦੂਜਿਆਂ ਨੂੰ ਚਿਤਾਵਨੀ ਦੇ ਕੇ ਭੇਜ ਦਿੱਤਾ ਗਿਆ। ਫੜੇ ਗਏ ਵਿਅਕਤੀਆਂ 'ਚ ਸੁਖਵਿੰਦਰ ਟੋਨੀ, ਬ੍ਰਿਜੇਸ਼, ਡਾ. ਕਮਲ ਅਤੇ ਹਰਭਜਨ ਸੁਮਨ ਸ਼ਾਮਲ ਹਨ। ਸੁਖਵਿੰਦਰ ਸਿੰਘ ਕੋਟਲੀ ਨੂੰ ਬਾਅਦ ਦੁਪਹਿਰ ਛੱਡ ਦਿੱਤਾ ਗਿਆ। ਇਸ ਮਾਮਲੇ ਨੂੰ ਲੈ ਕੇ ਸ਼ਹਿਰ ਵਿਚ ਤਣਾਅ ਵੀ ਵਧ ਗਿਆ ਸੀ। ਪੁਲਿਸ ਨੇ ਸ਼ਹਿਰ ਅਤੇ ਸੰਵੇਦਨਸ਼ੀਲ ਪਿੰਡਾਂ ਵਿਚ ਪਹਿਲਾਂ ਹੀ ਚੌਕਸੀ ਵਧਾ ਦਿੱਤੀ ਸੀ। ਹੁਣ ਤੱਕ 6 ਪਿੰਡਾਂ 'ਚ ਨਵਾਂ ਗ੍ਰੰਥ ਪ੍ਰਕਾਸ਼ ਹੋ ਚੁੱਕਾ ਹੈ।

ਇਸ ਦੌਰਾਨ ਭਗਤ ਰਵੀਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ ਵਲੋਂ ਇਕ ਅਹਿਮ ਇਕੱਤਰਤਾ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਅਟੁੱਟ ਆਸਥਾ ਪ੍ਰਗਟ ਕਰਨ ਦੇ ਐਲਾਨ ਨਾਲ ਕੁਝ ਰਾਹਤ ਭਰਿਆ ਵਾਤਾਵਰਣ ਪੈਦਾ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਉਕਤ ਸਭਾ ਨਾਲ ਲਗਪਗ 350 ਸਾਧੂ, 'ਸੰਤ' ਤੇ ਹੋਰ ਮਹਾਂ ਪੁਰਸ਼ ਸਬੰਧਤ ਹਨ। 150 ਦੇ ਕਰੀਬ ਧਾਰਮਕ ਸਥਾਨਾਂ 'ਤੇ ਉਨ੍ਹਾਂ ਦਾ ਪ੍ਰਭਾਵ ਹੈ। ਪਿੰਡ ਰਾਏਪੁਰ ਰਸੂਲਪੁਰ ਵਿਖੇ ਡੇਰਾ ਬਾਬਾ ਜੌੜਾ ਵਿਚ ਲਗਪਗ 6 ਘੰਟੇ ਮੀਟਿੰਗ ਕਰਨ ਉਪਰੰਤ ਉਪਰੋਕਤ ਧਾਰਮਕ ਸਭਾ ਨੇ ਸਪੱਸ਼ਟ ਕਿਹਾ ਕਿ ਕਾਂਸ਼ੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੁਰਾਤਨ ਪ੍ਰੰਪਰਾ ਅਨੁਸਾਰ ਹੀ ਪ੍ਰਕਾਸ਼ ਹੋਣਾ ਚਾਹੀਦਾ ਹੈ ਅਤੇ ਮਰਿਆਦਾ ਕਾਇਮ ਰਹਿਣੀ ਚਾਹੀਦੀ ਹੈ। ਉਨ੍ਹਾਂ ਭਗਤ ਰਵਿਦਾਸ ਦੇ ਪ੍ਰਕਾਸ਼ ਪੁਰਬ ਮੌਕੇ ਇਕ ਡੇਰੇ ਵਲੋਂ ਕਾਂਸ਼ੀ ਵਿਖੇ ਕੀਤੇ ਗਏ ਭਗਤ ਰਵਿਦਾਸ ਦੀ ਬਾਣੀ ਨਾਲ ਸਬੰਧਤ 'ਅੰਮ੍ਰਿਤਬਾਣੀ' ਨਾਮੀ ਧਾਰਮਕ ਗ੍ਰੰਥ ਦੇ ਐਲਾਨ ਬਾਰੇ ਕਿਹਾ ਕਿ ਜਦੋਂ ਵੀ ਕਿਸੇ ਭਾਈਚਾਰੇ ਬਾਰੇ ਕੋਈ ਫ਼ੈਸਲਾ ਲੈਣਾ ਹੁੰਦਾ ਹੈ ਤਾਂ ਉਸ ਭਾਈਚਾਰੇ ਨਾਲ ਸਬੰਧਤ ਸੰਤਾਂ-ਮਹਾਂ ਪੁਰਸ਼ਾਂ, ਵਿਦਵਾਨਾਂ, ਉਘੇ ਚਿੰਤਕਾਂ ਤੇ ਸਿਆਸੀ ਆਗੂਆਂ ਦਾ ਇਕੱਠ ਬੁਲਾ ਕੇ ਹਰ ਇਕ ਦੀ ਰਾਏ ਲੈਂਦਿਆਂ, ਸਮਾਜ ਦੇ ਪਿਛੋਕੜ, ਵਰਤਮਾਨ ਤੇ ਭਵਿਖ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ। ਅਜਿਹੇ ਫ਼ੈਸਲੇ ਲੰਬੇ ਸਮੇਂ ਦੀ ਵਿਚਾਰ-ਚਰਚਾ ਮੰਗਦੇ ਹਨ ਜਿਸ ਲਈ ਮਹਾਂ ਪੁਰਖਾਂ, ਸੂਰਬੀਰਾਂ ਦੀ ਵਿਰਾਸਤ ਨੂੰ ਨਜ਼ਰਅੰਦਾਜ਼ ਬਿਲਕੁਲ ਨਹੀਂ ਕੀਤਾ ਜਾ ਸਕਦਾ। ਆਗੂਆਂ ਵਲੋਂ ਬਾਬਾ ਨਿਰਮਲ ਦਾਸ ਨੇ ਐਲਾਨ ਕੀਤਾ ਕਿ ਕਾਂਸ਼ੀ ਵਿਖੇ ਡੇਰਾ ਸੱਚਖੰਡ ਬੱਲਾਂ ਵਲੋਂ ਭਗਤ ਰਵਿਦਾਸ ਦੇ ਪ੍ਰਕਾਸ਼ ਪੁਰਬ ਮੌਕੇ ਰਵੀਦਾਸੀਆ ਧਰਮ ਅਤੇ ਵਖਰੇ ਗ੍ਰੰਥ ਦੇ ਐਲਾਨ ਬਾਰੇ ਸੰਤ ਸਮਾਜ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ। ਉਨ੍ਹਾਂ ਨੇ ਅਪਣੇ-ਆਪ ਨੂੰ ਆਦਿ ਧਰਮ ਨਾਲ ਸਬੰਧਤ ਦਸਦਿਆਂ ਸਪੱਸ਼ਟ ਕੀਤਾ ਕਿ ਰਵੀਦਾਸੀਆ ਭਾਈਚਾਰੇ ਬਾਰੇ ਹੋਇਆ ਫ਼ੈਸਲਾ ਵੀ ਉਨ੍ਹਾਂ ਨੂੰ ਮਨਜ਼ੂਰ ਨਹੀਂ ਅਤੇ ਜਿਥੇ ਕਿਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਪ੍ਰਕਾਸ਼ ਕੀਤੇ ਜਾ ਚੁੱਕੇ ਹਨ, ਉਨ੍ਹਾਂ ਨੂੰ ਹਟਾਉਣ ਦਾ ਜ਼ਬਰਦਸਤ ਵਿਰੋਧ ਕੀਤਾ ਜਾਏਗਾ।

## ਡੇਰਾ ਸੱਚਖੰਡ ਬੱਲਾਂ ਲਈ ਸੀ.ਆਰ.ਪੀ. ਤੇ ਪੀ.ਏ.ਪੀ. ਤਾਇਨਾਤ ਕਰਨ ਦਾ ਫੈਸਲਾ

**ਜਲੰਧਰ:** ਡੇਰਾ ਸੱਚਖੰਡ ਬੱਲਾਂ ਵਲੋਂ ਪਿਛਲੇ ਦਿਨੀਂ ਰਵਿਦਾਸੀਆ ਭਾਈਚਾਰੇ ਲਈ ਵੱਖਰਾ ਧਰਮ ਤੇ ਪਛਾਣ ਬਣਾਉਣ ਦੇ ਬਨਾਰਸ ਵਿਚ ਕੀਤੇ ਗਏ ਐਲਾਨ ਤੋਂ ਬਾਅਦ ਪੈਦਾ ਹੋ ਰਹੇ ਵਿਵਾਦ ਨੂੰ ਦੇਖਦੇ ਹੋਏ ਪੰਜਾਬ ਪੁਲਸ ਨੇ ਡੇਰੇ ਦੀ ਸੁਰੱਖਿਆ ਵਧਾਉਣ ਦਾ ਫੈਸਲਾ ਕੀਤਾ ਹੈ।

ਉੱਚ ਪੁਲਸ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪੰਜਾਬ ਪੁਲਸ ਮੁਖੀ ਪਰਮਜੀਤ ਸਿੰਘ ਗਿੱਲ ਬੀਤੀ 5 ਫਰਵਰੀ ਨੂੰ ਅਚਾਨਕ ਪੀ.ਏ.ਪੀ. ਕੰਪਲੈਕਸ ਪਹੁੰਚੇ ਤੇ ਉਨ੍ਹਾਂ ਨੇ ਉਥੇ ਉੱਚ ਪੁਲਸ ਅਤੇ ਸਿਵਲ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ ਕੀਤੀ ਜੋ ਕਿ 3 ਘੰਟੇ ਚੱਲੀ। ਇਸ ਵਿਚ ਪੀ.ਏ.ਪੀ. ਦੇਡੀ.ਜੀ.ਪੀ. ਸ਼ਸ਼ੀਕਾਂਤ, ਡਿਪਟੀ ਕਮਿਸ਼ਨਰ ਅਜੀਤ ਸਿੰਘ ਪੰਨੂੰ, ਐੱਸ.ਐੱਸ.ਪੀ. ਸ੍ਰੀ ਆਰ.ਕੇ. ਜਾਇਸਵਾਲ ਤੇ ਹੋਰ ਪੁਲਸ ਅਧਿਕਾਰੀ ਸ਼ਾਮਲ ਹੋਏ। ਸੂਤਰਾਂ ਨੇ ਦੱਸਿਆ ਕਿ ਡੇਰੇ ਨੂੰ ਲੈ ਕੇ ਕਿਸੇ ਵੀ ਕਿਸਮ ਦੇ ਟਕਰਾਅ ਨੂੰ ਟਾਲਣ ਦੇ ਉਦੇਸ਼ ਨਾਲ ਡੇਰੇ ਤੇ ਆਲੇ-ਦੁਆਲੇ ਦੀ ਸੁਰੱਖਿਆ ਲਈ ਸੀ.ਆਰ.ਪੀ.ਬੁਲਾਉਣ ਦਾ ਫੈਸਲਾ ਲਿਆ ਗਿਆ ਹੈ। ਪੀ.ਏ.ਪੀ. ਤੋਂ ਵੀ 20 ਕੰਪਨੀਆਂ ਜਲੰਧਰ ਤੇ ਆਲੇ-ਦੁਆਲੇ ਤਾਇਨਾਤ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਅੰਦਰੂਨੀ ਸੁਰੱਖਿਆ ਨੂੰ ਕਿਸੇ ਤਰ੍ਹਾਂ ਦਾ ਖਤਰਾ ਪੈਦਾ ਨਾ ਹੋਵੇ।

## ਭਗਤ ਰਵਿਦਾਸ ਜੀ ਦੇ ਗੁਰਦੁਆਰਿਆਂ ਤੇ ਮੰਦਰਾਂ ਦੀ ਸੂਚੀ ਤਿਆਰ ਕਰਨ ਦੀ ਹਦਾਇਤ

**ਜਲੰਧਰ :** ਪਿਛਲੇ ਸਾਲ ਦੀਆਂ ਹਿੰਸਕ ਘਟਨਾਵਾਂ ਨੂੰ ਵੇਖਦੇ ਹੋਏ ਜ਼ਿਲਾ ਪ੍ਰਸ਼ਾਸਨ ਕਿਸੇ ਵੀ ਤਰ੍ਹਾਂ ਦਾ ਰਿਸਕ ਲੈਣ ਨੂੰ ਤਿਆਰ ਨਹੀਂ ਹੈ। ਜ਼ਿਲਾ ਪੁਲਸ ਅਤੇ ਪ੍ਰਸ਼ਾਸਨ ਵਲੋਂ ਹਰ ਤਰ੍ਹਾਂ ਨਾਲ ਚੌਕਸੀ ਵਰਤੀ ਜਾ ਰਹੀ ਹੈ। ਲੰਘੀ 7 ਫਰਵਰੀ ਨੂੰ ਡੀ.ਸੀ. ਨੇ ਜ਼ਿਲੇ ਦੇ ਸਾਰੇ ਰੈਵੇਨਿਊ ਅਫਸਰਾਂ ਨੂੰ ਆਪਣੇ-ਆਪਣੇ ਇਲਾਕੇ ਵਿਚ ਪੈਂਦੇ ਗੁਰੂ ਰਵਿਦਾਸ ਮਹਾਰਾਜ ਦੇ ਮੰਦਿਰਾਂ ਅਤੇ ਗੁਰਦੁਆਰਿਆਂ ਦੀਆਂ ਲਿਸਟਾਂ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਜ਼ਿਲਾ ਪੁਲਸ ਵਲੋਂ ਹਰ ਸਥਿਤੀ ਨਾਲ ਨਜਿੱਠਣ ਲਈ ਸਖਤ ਸੁਰੱਖਿਆ ਇੰਤਜ਼ਾਮ ਕੀਤੇ ਗਏ ਹਨ। ਸੂਤਰਾਂ ਮੁਤਾਬਕ ਡੀ.ਸੀ. ਅਜੀਤ ਸਿੰਘ ਪੰਨੂ ਨੇ ਜ਼ਿਲੇ ਦੇ ਰੈਵੀਨਿਊ ਅਫਸਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਸਾਰੇ ਪਟਵਾਰੀਆਂ ਤੋਂ ਰਿਪੋਰਟ ਲਈ ਜਾਵੇ ਕਿ ਉਨ੍ਹਾਂ ਦੇ ਹਲਕੇ ਵਿਚ ਕਿੰਨੇ ਮੰਦਿਰ ਤੇ ਗੁਰਦੁਆਰਾ ਸਾਹਿਬ ਹਨ ਅਤੇ ਉਥੋਂ ਦੇ ਹਾਲਾਤ ਕੀ ਹਨ? ਇਸ ਸੰਬੰਧੀ ਸੰਪਰਕ ਕਰਨ 'ਤੇ ਤਹਿਸੀਲਦਾਰ ਰਾਜੇਸ਼ ਸ਼ਰਮਾ ਨੇ ਦੱਸਿਆ ਕਿ ਡੀ.ਸੀ. ਦੇ ਨਿਰਦੇਸ਼ਾਂ 'ਤੇ ਲਿਸਟਾਂ ਲਗਭਗ ਤਿਆਰ ਹੋ ਚੁੱਕੀਆਂ ਹਨ।

## ਐਨ.ਆਰ.ਆਈ. ਸਭਾ ਦੀ ਚੋਣ ਮੁਲਤਵੀ

**ਜਲੰਧਰ:** 14 ਫਰਵਰੀ ਨੂੰ ਹੋਣ ਵਾਲੀ ਐਨ.ਆਰ.ਆਈ. ਸਭਾ ਦੀ ਪ੍ਰਧਾਨ ਦੇ ਅਹੁਦੇ ਲਈ ਚੋਣ ਨੂੰ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁਲਤਵੀ ਕਰ ਦਿਤਾ ਗਿਆ ਹੈ। ਇਸ ਨਾਲ ਐਨ.ਆਰ.ਆਈਜ਼ ਵਿਚ ਨਿਰਾਸ਼ਾ ਪਾਈ ਜਾ ਰਹੀ ਹੈ ਕਿਉਂਕਿ ਆਪਣਾ ਕੰਮ ਛੱਡ ਕੇ ਚੋਣ ਪ੍ਰਚਾਰ ਲਈ ਹਜ਼ਾਰਾਂ ਐਨ.ਆਰ.ਆਈਜ਼ ਅਮਰੀਕਾ, ਯੂਰਪ ਤੇ ਇੰਗਲੈਂਡ ਆਦਿ ਦੇਸ਼ਾਂ ਤੋਂ ਪੰਜਾਬ ਪਹੁੰਚੇ ਸਨ। ਚੋਣ ਮੁਲਤਵੀ ਹੋਣ ਦਾ ਮੁੱਖ ਕਾਰਨ ਰਵਿਦਾਸ ਭਾਈਚਾਰੇ ਵਿਚ ਪੈਦਾ ਹੋਏ ਮਤਭੇਦਾਂ ਨੂੰ ਮੰਨਿਆ ਜਾ ਰਿਹਾ ਹੈ। ਕਿਉਂਕਿ ਦੋਆਬਾ ਵਿਚ ਹਾਲਾਤ ਠੀਕ ਨਹੀਂ ਹਨ ਇਸ ਲਈ ਸਰਕਾਰ ਫਿਲਹਾਲ ਕਿਸੇ ਹੋਰ ਵਿਵਾਦ ਵਿਚ ਨਹੀਂ ਪੈਣਾ ਚਾਹੁੰਦੀ। ਪਿਛਲੀ ਵਾਰ ਹੋਈਆਂ ਚੋਣਾਂ ਵਿਚ ਵੀ ਕਾਫੀ ਵਿਵਾਦ ਪੈਦਾ ਹੋਇਆ ਸੀ। ਮੁੱਖ ਮੰਤਰੀ ਤੋਂ ਮਿਲੇ ਹੁਕਮਾਂ ਨੂੰ ਡਵੀਜ਼ਨਲ ਕਮਿਸ਼ਨਰ ਐੱਸ.ਆਰ.ਲੱਧੜ ਨੇ ਐੱਨ.ਆਰ. ਆਈ. ਸਭਾ ਤਕ ਪਹੁੰਚਾ ਦਿੱਤਾ ਹੈ ਅਤੇ ਨਵੇਂ ਪ੍ਰਧਾਨ ਦੀ ਚੋਣ ਹੋਣ ਤਕ ਕਮਲਜੀਤ ਸਿੰਘ ਹੇਅਰ ਕਾਰਜਕਾਰੀ ਪ੍ਰਧਾਨ ਵਜੋਂ ਸੇਵਾਵਾਂ ਦਿੰਦੇ ਰਹਿਣਗੇ।






## ਵਾੜ ਹੀ ਖੇਤ ਖਾਣ ਲੱਗੀ

### ਬੀ.ਐਸ.ਐਫ਼. ਦਾ ਅਫ਼ਸਰ 5 ਕਰੋੜੀ ਹੈਰੋਇਨ ਸਣੇ ਕਾਬੂ

**ਅੰਮ੍ਰਿਤਸਰ :** ਬੀ.ਐਸ.ਐਫ਼. ਦੇ ਇਕ ਬਰਖ਼ਾਸਤ ਡਿਪਟੀ ਕਮਾਡੈਂਟ ਨੂੰ ਬੀਤੀ 3 ਫ਼ਰਵਰੀ ਨੂੰ ਵਿਸ਼ੇਸ਼ ਅਪਰੇਸ਼ਨ ਸੈੱਲ ਨੇ 5 ਕਰੋੜ ਰੁਪਏ ਮੁੱਲ ਦੀ ਇਕ ਕਿਲੋ ਹੈਰੋਇਨ ਸਣੇ ਗ੍ਰਿਫ਼ਤਾਰ ਕਰ ਲਿਆ। ਸਰਕਾਰੀ ਅਧਿਕਾਰੀ ਅਨੁਸਾਰ ਗ੍ਰਿਫ਼ਤਾਰ ਵਿਅਕਤੀ ਹਰਪ੍ਰੀਤ ਸਿੰਘ ਇਹ ਹੈਰੋਇਨ ਅਪਣੀ ਕਾਰ ਵਿਚ ਲੈ ਕੇ ਜਾ ਰਿਹਾ ਸੀ ਜਦੋਂ ਪੁਲਿਸ ਨੇ ਸ਼ਹਿਰ ਦੇ ਮੁੱਖ ਬੱਸ ਅੱਡੇ ਨੇੜਿਉਂ ਗ੍ਰਿਫ਼ਤਾਰ ਕਰ ਲਿਆ। ਮੁਢਲੀ ਪੁਛਗਿਛ ਮਗਰੋਂ ਪਤਾ ਲੱਗਾ ਕਿ ਉਹ ਗੁਰਦਾਸਪੁਰ ਸੈਕਟਰ 'ਚ ਬੀ.ਐਸ.ਐਫ਼. ਦਾ ਡਿਪਟੀ ਕਮਾਡੈਂਟ ਸੀ ਅਤੇ ਨਸ਼ੇ ਦੀ ਤਸਕਰੀ ਦੇ ਮਾਮਲੇ ਵਿਚ ਪਹਿਲਾਂ ਗ੍ਰਿਫ਼ਤਾਰ ਹੋ ਚੁੱਕਾ ਹੈ। ਨਵੀਂ ਦਿੱਲੀ 'ਚ ਉਸ ਦੇ ਡਰਾਈਵਰ ਨੂੰ 23 ਕਿਲੋ ਹੈਰੋਇਨ ਸਣੇ ਗ੍ਰਿਫ਼ਤਾਰ ਕਰਨ ਮਗਰੋਂ 2005 ਵਿਚ ਉਸ ਨੂੰ ਬੀ.ਐਸ.ਐਫ਼. ਤੋਂ ਮੁਅੱਤਲ ਕਰ ਦਿਤਾ ਗਿਆ ਸੀ। ਤਿਹਾੜ ਜੇਲ 'ਚ ਹਿਰਾਸਤ ਦੌਰਾਨ ਉਹ ਇਕ ਤਸਕਰ ਦੇ ਸੰਪਰਕ ਵਿਚ ਆਇਆ ਅਤੇ ਪਿਛਲੇ ਸਾਲ ਰਿਹਾਅ ਹੋਣ ਪਿੱਛੋਂ ਉਸ ਨੇ ਅਪਣੀਆਂ ਸਰਗਰਮੀਆਂ ਜਾਰੀ ਰਖੀਆਂ। ਹਰਪ੍ਰੀਤ ਸਿੰਘ ਵਿਰੁਧ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਇਸ ਮਾਮਲੇ 'ਚ ਹੋਰ ਗ੍ਰਿਫ਼ਤਾਰੀਆਂ ਹੋ ਸਕਦੀਆਂ ਹਨ। ਦੋਸ਼ੀ ਤੋਂ ਸਰਹੱਦ ਰਾਹੀਂ ਨਸ਼ਾ ਲਿਆਉਣ ਵਾਲੇ ਰਸਤਿਆਂ ਬਾਰੇ ਵੀ ਪੁਛਗਿਛ ਕੀਤੀ ਜਾ ਰਹੀ ਹੈ।

**ਹੈਰੋਇਨ ਚੋਰੀ ਕਰਦਾ ਹੌਲਦਾਰ ਕਾਬੂ:** ਸੀ ਆਈ ਏ ਸਟਾਫ਼ ਫਿਰੋਜ਼ਪੁਰ ਨੇ ਪੰਜਾਬ ਪੁਲਿਸ ਦੇ ਇੱਕ ਹੌਲਦਾਰ ਨੂੰ ਮਾਲਖ਼ਾਨੇ ਵਿਚੋਂ 830 ਗਰਾਮ ਹੈਰੋਇਨ ਚੋਰੀ ਕਰਦੇ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ, ਜਿਸ ਦੀ ਕੌਮਾਂਤਰੀ ਬਾਜ਼ਾਰ ਵਿਚ ਕੀਮਤ 4 ਕਰੋੜ ਰੁਪਏ ਬਣਦੀ ਹੈ। ਦੋਸ਼ੀ ਵਿਰੁਧ ਥਾਣਾ ਛਾਉਣੀ ਫਿਰੋਜ਼ਪੁਰ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

# ਸੋਧਿਆ ਨਾਨਕਸ਼ਾਹੀ ਕੈਲੰਡਰ ਪ੍ਰਵਾਨ ਨਹੀਂ-ਸਰਨਾ

**ਪਟਿਆਲਾ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਦਲਾਂ ਤੋਂ ਮੁਕਤ ਕਰਵਾਉਣ ਲਈ ਉਹ ਸ਼੍ਰੋਮਣੀ ਕਮੇਟੀ ਵਿਚ ਆਈ ਗਿਰਾਵਟ ਨੂੰ ਦੂਰ ਕਰਨ ਦੀ ਹਾਮੀ ਭਰਨ ਵਾਲੀ ਹਰ ਪਾਰਟੀ ਅਤੇ ਧੜੇ ਦਾ ਸਾਥ ਲੈਣ ਲਈ ਆਪ ਚੱਲ ਕੇ ਜਾਣਗੇ। ਸ੍ਰੀ ਸਰਨਾ ਨੇ ਇਹ ਪ੍ਰਗਟਾਵਾ ਪਿੰਡ ਢੋਲਣਵਾਲ ਵਿਖੇ ਇਕ ਸਮਾਰੋਹ ਵਿਚ ਹਿੱਸਾ ਲੈਣ ਤੋਂ ਬਾਅਦ ਪੰਜਾਬ ਨਾਲ ਸੰਬੰਧਤ ਆਗੂਆਂ ਨਾਲ ਹੋਈ ਮੀਟਿੰਗ ਸਮੇਂ ਕੀਤਾ।

ਉਨ੍ਹਾਂ ਕਿਹਾ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸਵਰਗਵਾਸ ਹੋਣ ਤੋਂ ਬਾਅਦ ਜੋ ਹੁਣ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਹਰ ਪੱਖੋਂ ਗਿਰਾਵਟ ਆਈ ਹੈ, ਉਸ ਨੂੰ ਸਿੱਖ ਕਦੇ ਵੀ ਨਹੀਂ ਭੁੱਲਣਗੇ। ਉਨ੍ਹਾਂ ਕਿਹਾ ਕਿ ਪਤਿਤਪੁਣੇ ਵਿਚ ਵਾਧਾ ਵੀ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਅਵਤਾਰ ਸਿੰਘ ਮੱਕੜ ਦੇ ਸਮੇਂ ਹੀ ਹੋਇਆ ਹੈ। ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕਰਕੇ ਬੜੀ ਹੀ ਨਿੰਦਣਯੋਗ ਕਾਰਵਾਈ ਕੀਤੀ ਗਈ ਹੈ, ਜਿਸ ਦਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਦਿੱਲੀ ਵਿਚ ਕਿਸੇ ਕੀਮਤ 'ਤੇ ਸੋਧ ਵਾਲਾ ਨਾਨਕਸ਼ਾਹੀ ਕੈਲੰਡਰ ਜਾਰੀ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਚ ਹੋਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਉਨ੍ਹਾਂ ਸ਼੍ਰੋਮਣੀ ਦਿੱਲੀ ਅਕਾਲੀ ਦਲ ਵਲੋਂ ਜਥੇਦਾਰ ਜਸਵਿੰਦਰ ਸਿੰਘ ਬਲੀਏਵਾਲ ਨੂੰ ਪੰਜਾਬ ਦਾ ਇੰਚਾਰਜ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਪੰਜਾਬ ਦੇ ਵਿਚ ਰਸਮੀ ਤੌਰ 'ਤੇ ਸ਼੍ਰੋਮਣੀ ਕਮੇਟੀ ਦੀ ਸ਼ੁਰੂਆਤ ਕਰ ਦਿੱਤੀ ਹੈ। ਸ੍ਰੀ ਸਰਨਾ ਨੇ ਕਿਹਾ ਕਿ ਦਿੱਲੀ ਵਿਖੇ ਸੰਸਾਰ ਭਰ ਦੇ ਸਿੱਖਾਂ ਦੀ ਮੀਟਿੰਗ ਮਾਰਚ ਜਾਂ ਅਪ੍ਰੈਲ ਵਿਚ ਬੁਲਾਈ ਜਾ ਰਹੀ ਹੈ, ਜਿਸ ਦੀ ਪ੍ਰਧਾਨਗੀ ਵੀ ਵਿਦੇਸ਼ ਵਿਚ ਰਹਿੰਦਾ ਸਿੱਖ ਹੀ ਕਰੇਗਾ। ਇਸ ਮੀਟਿੰਗ ਵਿਚ ਜਸਵਿੰਦਰ ਸਿੰਘ ਬਲੀਏਵਾਲ, ਸੋਹਣ ਸਿੰਘ ਢੋਲਣਵਾਲ, ਸਤਵਿੰਦਰ ਸਿੰਘ ਗਿੱਲ ਹੈਪੀ, ਸੁਰਿੰਦਰਪਾਲ ਸਿੰਘ ਸਕੱਤਰ ਸ਼੍ਰੋਮਣੀ ਅਕਾਲੀ ਦਲ ਦਿੱਲੀ ਵੀ ਹਾਜ਼ਰ ਸਨ।

## ਕਿਸਾਨ ਵਲੋਂ ਖੁਦਕੁਸ਼ੀ

**ਜਲਾਲਾਬਾਦ:** ਵੇਚੀ ਹੋਈ ਜ਼ਮੀਨ ਦੀ ਰਕਮ ਆੜ੍ਹਤੀ ਵਲੋਂ ਨਾ ਦਿੱਤੇ ਜਾਣ ਅਤੇ ਉਲਟਾ ਸੰਬੰਧਤ ਆੜ੍ਹਤੀ ਵਲੋਂ ਵਾਰ-ਵਾਰ ਕਥਿਤ ਤੰਗ ਕੀਤੇ ਜਾਣ ਕਾਰਨ ਪ੍ਰੇਸ਼ਾਨ ਹੋਏ ਪਿੰਡ ਸਰੂਪੇ ਵਾਲਾ ਦੇ ਕਿਸਾਨ ਜਸਪਾਲ ਸਿੰਘ ਨੇ ਬੀਤੀ 4 ਫਰਵਰੀ ਨੂੰ ਦੇਰ ਸ਼ਾਮ ਨੂੰ ਆਪਣੇ ਘਰ ਵਿਖੇ ਹੀ ਕੋਈ ਜ਼ਹਿਰੀਲੀ ਦਵਾਈ ਨਿਗਲ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਜਸਵੰਤ ਸਿੰਘ ਨੇ ਪੁਲਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੇ ਆਪਣੀ ਦੋ ਏਕੜ ਦੇ ਕਰੀਬ ਜ਼ਮੀਨ ਕੁਝ ਸਾਲ ਪਹਿਲਾਂ ਗੁਰੂ-ਹਰਸਹਾਏ ਦੇ ਸੰਬੰਧਤ ਆੜ੍ਹਤੀ ਨੂੰ ਵੇਚੀ ਸੀ ਅਤੇ ਉਸ ਸਮੇਂ ਉਨ੍ਹਾਂ ਨੂੰ ਸਿਰਫ 45 ਹਜ਼ਾਰ ਰੁਪਏ ਦੀ ਰਕਮ ਹੀ ਦਿੱਤੀ ਗਈ ਸੀ। ਬਾਕੀ ਦੀ ਰਕਮ ਆੜ੍ਹਤੀ ਵਲੋਂ ਕੁਝ ਮਹੀਨੇ ਬਾਅਦ ਦੇਣ ਦਾ ਕਰਾਰ ਕੀਤਾ ਗਿਆ ਸੀ। ਆੜ੍ਹਤੀ ਵਲੋਂ ਦਿੱਤੇ ਸਮੇਂ ਦੇ ਅਨੁਸਾਰ ਜਦੋਂ ਉਸਦਾ ਭਰਾ ਆੜ੍ਹਤੀ ਦੇ ਕੋਲੋਂ ਪੈਸੇ ਮੰਗਣ ਲਈ ਗਿਆ ਤਾਂ ਉਸਨੇ ਟਾਲ ਮਟੋਲ ਸ਼ੁਰੂ ਕਰ ਦਿੱਤੀ।

# ਅਸ਼ਵਨੀ ਸ਼ਰਮਾ ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਸੂਬਾ ਜਨਰਲ ਸਕੱਤਰ ਤੇ ਸੀਨੀਅਰ ਆਗੂ ਅਸ਼ਵਨੀ ਸ਼ਰਮਾ ਨੇ ਲੰਘੀ 4 ਫਰਵਰੀ ਨੂੰ ਇੱਥੇ ਪਾਰਟੀ ਮੁੱਖ ਦਫ਼ਤਰ ਵਿਖੇ ਸਰਬਸੰਮਤੀ ਨਾਲ ਪ੍ਰਧਾਨ ਐਲਾਨੇ ਜਾਣ ਤੋਂ ਬਾਅਦ ਪਾਰਟੀ ਦੀ ਕਮਾਂਡ ਸੰਭਾਲ ਲਈ। ਇਸ ਸਬੰਧੀ ਪਾਰਟੀ ਦੇ ਸਥਾਨਕ ਮੁੱਖ ਦਫ਼ਤਰ ਵਿਖੇ 11 ਵਜੇ ਪਾਰਟੀ ਦੇ ਸੀਨੀਅਰ ਆਗੂਆਂ ਦੀ ਇੱਕ ਮੀਟਿੰਗ ਹੋਈ ਅਤੇ ਸਾਰਿਆਂ ਨੇ ਪਾਰਟੀ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਦੇ ਹੁਕਮਾਂ 'ਤੇ ਮੋਹਰ ਲਗਾਉਂਦਿਆਂ ਸਰਬਸੰਮਤੀ ਨਾਲ ਅਸ਼ਵਨੀ ਸ਼ਰਮਾ ਦੇ ਨਾਂ ਦਾ ਐਲਾਨ ਕਰ ਦਿੱਤਾ।



ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਉਹ ਸਾਰੇ ਪਾਰਟੀ ਆਗੂਆਂ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਐਨੀ ਵੱਡੀ ਜ਼ਿੰਮੇਵਾਰੀ ਸੌਂਪ ਕੇ ਉਨ੍ਹਾਂ 'ਤੇ ਭਰੋਸਾ ਜਿਤਾਇਆ ਹੈ। ਉਨ੍ਹਾਂ ਕਿਹਾ ਕਿ ਮੈਂ ਸਾਰੇ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਨਾਲ ਲੈ ਕੇ ਪਾਰਟੀ ਦੀ ਬਿਹਤਰੀ ਲਈ ਪੂਰੀ ਤਨਦੇਹੀ ਨਾਲ ਕੰਮ ਕਰਾਂਗਾ।

ਅਕਾਲੀ-ਭਾਜਪਾ ਸਬੰਧਾਂ ਬਾਰੇ ਪੁੱਛੇ ਸਵਾਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ ਭਾਜਪਾ ਵਿਚਕਾਰ ਭਰਾ-ਭਰਾ ਵਾਲਾ ਰਿਸ਼ਤਾ ਹੈ ਅਤੇ ਜਦੋਂ ਵੀ ਲੋਕ ਹਿੱਤ ਦੇ ਮੁੱਦਿਆਂ 'ਤੇ ਲੋੜ ਮਹਿਸੂਸ ਹੁੰਦੀ ਹੈ ਤਾਂ ਅਸੀਂ ਅਕਾਲੀ ਦਲ ਦੇ ਭਰਾ ਹੋਣ ਦੇ ਨਾਤੇ ਉਸ ਨੂੰ ਸੁਝਾਅ ਜ਼ਰੂਰ ਦਿੰਦੇ ਹਾਂ ਅਤੇ ਦਿੰਦੇ ਰਹਾਂਗੇ। ਉਨ੍ਹਾਂ ਕਿਹਾ ਕਿ ਹਰੇਕ ਸੰਗਠਨ 'ਚ ਕੁਝ ਨਾ ਕੁਝ ਕਮੀਆਂ ਤਾਂ ਜ਼ਰੂਰ ਹੁੰਦੀਆਂ ਹਨ, ਪ੍ਰੰਤੂ ਇਨ੍ਹਾਂ ਨੂੰ ਜੇ ਸਾਰੇ ਚਾਹੁਣ ਤਾਂ ਮਿਲ ਕੇ ਬੜੇ ਹੀ ਸੁਚੱਜੇ ਢੰਗ ਨਾਲ ਦੂਰ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ-ਭਾਜਪਾ ਦੋਵੇਂ ਪਾਰਟੀਆਂ ਮਿਲ ਕੇ ਮੁੜ ਪੰਜਾਬ 'ਚ ਅਗਲੀ ਸਰਕਾਰ ਬਣਾਉਣਗੀਆਂ। ਇਸ ਮੌਕੇ ਜਿੱਥੇ ਪੰਜਾਬ ਭਰ 'ਚੋਂ ਵੱਡੀ ਗਿਣਤੀ ਵਿਚ ਅਸ਼ਵਨੀ ਸ਼ਰਮਾ ਦੇ ਸਮਰਥਕ, ਭਾਜਪਾ ਵਰਕਰ ਤੇ ਆਗੂ ਮੌਜੂਦ ਸਨ, ਉਥੇ ਪਾਰਟੀ ਦੇ ਸੀਨੀਅਰ ਨੇਤਾ ਸਾਬਕਾ ਮੰਤਰੀ ਬਲਰਾਜ ਜੀ ਦਾਸ ਟੰਡਨ, ਸੀਨੀਅਰ ਨੇਤਾ ਬਲਬੀਰ ਪੁੰਜ, ਐਮ ਪੀ ਨਵਜੋਤ ਸਿੱਧੂ, ਸਾਬਕਾ ਪ੍ਰਧਾਨ ਪ੍ਰੋ. ਰਾਜਿੰਦਰ ਭੰਡਾਰੀ, ਵਿਜੇ ਸਾਂਪਲਾ, ਭਾਜਪਾ ਦੇ ਮੰਤਰੀ ਮਨੋਰੰਜਨ ਕਾਲੀਆ, ਮਾਸਟਰ ਮੋਹਨ ਲਾਲ ਸਮੇਤ ਲਗਭਗ ਸਾਰੇ ਮੰਤਰੀ ਹਾਜ਼ਰ ਸਨ।

## ਪੰਜਾਬ ਭਾਜਪਾ ਸੁਖਬੀਰ ਦੀ ਕਾਰਵਾਈ 'ਤੇ ਨਾਰਾਜ਼

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਵਲੋਂ ਬੀਤੇ ਦਿਨੀਂ ਡਿਪਟੀ ਕਮਿਸ਼ਨਰਾਂ ਨੂੰ ਅਕਾਲੀ ਆਗੂਆਂ ਦੀ ਸੁਣਵਾਈ ਕਰਨ ਲਈ ਦਿੱਤੇ ਗਏ ਨਿਰਦੇਸ਼ਾਂ ਨੂੰ ਲੈ ਕੇ ਪੈਦਾ ਹੋਇਆ ਵਿਵਾਦ ਤੂਲ ਫੜਦਾ ਦਿਖਾਈ ਦੇ ਰਿਹਾ ਹੈ। ਹੁਣ ਭਾਵੇਂ ਸ਼੍ਰੋਮਣੀ ਅਕਾਲੀ ਦਲ ਵਲੋਂ ਅਜਿਹੇ ਨਿਰਦੇਸ਼ ਦੇਣ ਸਬੰਧੀ ਲਿਖਤੀ ਬਿਆਨ ਰਾਹੀਂ ਆਪਣਾ ਸਪਸ਼ਟੀਕਰਨ ਦਿੰਦਿਆਂ ਅਜਿਹੀ ਕਿਸੇ ਗੱਲ ਤੋਂ ਇਨਕਾਰ ਕੀਤਾ ਗਿਆ ਹੈ ਪਰ ਅਕਾਲੀ ਦਲ ਦੀ ਸਰਕਾਰ'ਚ ਭਾਈਵਾਲ ਭਾਜਪਾ ਨੇ ਹੀ ਇਸ ਮਾਮਲੇ ਉੱਪਰ ਸੁਖਬੀਰ'ਤੇ ਅਸਿੱਧੇ ਤੌਰ 'ਤੇ ਨਿਸ਼ਾਨਾ ਸਾਧਦਿਆਂ ਆਪਣੀ ਨਰਾਜ਼ਗੀ ਖੁੱਲ੍ਹੇਆਮ ਪ੍ਰਗਟਾ ਦਿੱਤੀ ਹੈ। ਸੁਖਬੀਰ ਦੇ ਇਨ੍ਹਾਂ ਨਿਰਦੇਸ਼ਾਂ ਤੋਂ ਇਲਾਵਾ ਸਰਕਾਰੀ ਇਸ਼ਤਿਹਾਰਾਂ ਦੀ ਮੁਹਿੰਮ 'ਚੋਂ ਭਾਜਪਾ ਨੂੰ ਨਜ਼ਰਅੰਦਾਜ਼ ਕੀਤੇ ਜਾਣ ਖਿਲਾਫ ਵੀ ਰੋਸ ਪ੍ਰਗਟਾਇਆ ਗਿਆ ਹੈ। ਭਾਜਪਾ ਦੇ ਨਵੇਂ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਇੱਥੇ ਪਾਰਟੀ ਆਗੂਆਂ ਦੀ ਪਲੇਠੀ ਬੈਠਕ 'ਚ ਤਾਜ਼ਾ ਰਾਜਨੀਤਕ ਸਥਿਤੀ ਉੱਪਰ ਚਰਚਾ ਕਰਦਿਆਂ ਵਿਸ਼ੇਸ਼ ਤੌਰ 'ਤੇ ਸੁਖਬੀਰ ਵਲੋਂ ਡਿਪਟੀ ਕਮਿਸ਼ਨਰਾਂ ਨੂੰ ਦਿੱਤੇ ਗਏ ਨਿਰਦੇਸ਼ਾਂ ਬਾਰੇ ਚਰਚਾ ਕੀਤੀ ਗਈ।

ਇਸ ਬੈਠਕ 'ਚ ਪ੍ਰਧਾਨ ਤੋਂ ਇਲਾਵਾ ਸਾਬਕਾ ਪ੍ਰਧਾਨ ਪ੍ਰੋ. ਰਜਿੰਦਰ ਭੰਡਾਰੀ, ਕੈਬਨਿਟ ਮੰਤਰੀ ਮਨੋਰੰਜਨ ਕਾਲੀਆ, ਮੈਂਬਰ ਪਾਰਲੀਮੈਂਟ ਨਵਜੋਤ ਸਿੰਘ ਸਿੱਧੂ, ਸਾਬਕਾ ਮੰਤਰੀ ਮਦਨ ਮੋਹਨ ਮਿੱਤਲ, ਬਲਰਾਮਜੀ ਦਾਸ ਟੰਡਨ ਤੇ ਕੇਂਦਰ ਵਲੋਂ ਨਿਯੁਕਤ ਸੰਗਠਨ ਦੇ ਜਨਰਲ ਸਕੱਤਰ ਅਜੇ ਜੈਮਵਾਲ ਮੌਜੂਦ ਸਨ। ਇਨ੍ਹਾਂ ਆਗੂਆਂ ਨੇ ਸੁਖਬੀਰ ਵਲੋਂ ਸਿਰਫ ਅਕਾਲੀ ਆਗੂਆਂ ਦੀ ਸੁਣਵਾਈ ਕਰਨ ਲਈ ਡਿਪਟੀ ਕਮਿਸ਼ਨਰਾਂ ਨੂੰ ਦਿੱਤੀਆਂ ਗਈਆਂ ਹਦਾਇਤਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਮਾਮਲਾ ਹਾਈਕਮਾਂਡ ਕੋਲ ਉਠਾਉਣ ਦਾ ਫੈਸਲਾ ਕੀਤਾ ਹੈ। ਪਾਰਟੀ ਦੀ ਰਾਸ਼ਟਰੀ ਚੋਣ ਦੇ ਸੰਬੰਧ 'ਚ ਹੋਣ ਵਾਲੀ ਬੈਠਕ 'ਚ ਭਾਗ ਲੈਣ ਲਈ ਪੰਜਾਬ ਦੇ ਆਗੂ ਦਿੱਲੀ ਜਾ ਰਹੇ ਹਨ। ਕਿਹਾ ਗਿਆ ਕਿ ਅਕਾਲੀ-ਭਾਜਪਾ ਦੋਵਾਂ ਦੇ ਵਰਕਰਾਂ ਤੇ ਆਗੂਆਂ ਨਾਲ ਇਕਸਾਰ ਵਿਹਾਰ ਹੋਣਾ ਚਾਹੀਦਾ ਹੈ।







# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਾਸਤੇ ਅਮਲ ਹੋਇਆ ਤੇਜ਼

**ਚੰਡੀਗੜ੍ਹ:** ਗੁਰਦਵਾਰਾ ਚੋਣ ਕਮਿਸ਼ਨ ਵਲੋਂ ਸਾਰੇ ਜ਼ਿਲ੍ਹਿਆਂ 'ਚ 80 ਲੱਖ ਤੋਂ ਵਧ ਵੋਟਰ ਫ਼ਾਰਮ ਭੇਜਣ ਦੀ ਹਦਾਇਤ ਜਾਰੀ ਕਰਨ ਨਾਲ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਚੋਣਾਂ ਦੀ ਪ੍ਰਕਿਰਿਆ ਤੇਜ਼ ਹੋ ਗਈ ਹੈ। ਸੂਤਰਾਂ ਅਨੁਸਾਰ ਚੀਫ਼ ਕਮਿਸ਼ਨਰ ਜਸਟਿਸ ਹਰਫੂਲ ਸਿੰਘ ਬਰਾੜ ਨੇ ਅਗਲੇ ਹਫ਼ਤੇ ਪੁਰਾਣੇ ਪੰਜਾਬ ਅਰਥਾਤ ਤਿੰਨ ਰਾਜਾਂ ਤੇ ਇਕ ਯੂ.ਟੀ. ਪ੍ਰਸ਼ਾਸਨ ਚੰਡੀਗੜ੍ਹ ਦੇ ਚੋਣ ਕਮਿਸ਼ਨਰਾਂ ਦੀ ਮੀਟਿੰਗ ਸੱਦ ਲਈ ਹੈ। ਇਹ ਮੀਟਿੰਗ 16 ਜਾਂ 17 ਫ਼ਰਵਰੀ ਨੂੰ ਸੈਕਟਰ 8 ਦੇ ਗੁਰਦਵਾਰਾ ਚੋਣ ਕਮਿਸ਼ਨ ਦੇ ਦਫ਼ਤਰ 'ਚ ਹੋਵੇਗੀ। ਸੂਤਰਾਂ ਨੇ ਇਹ ਵੀ ਦਸਿਆ ਕਿ ਵੱਖ ਵੱਖ ਸਿੱਖ ਜਥੇਬੰਦੀਆਂ ਵਲੋਂ ਸਿੱਖ ਵੋਟਰਾਂ ਲਈ ਫ਼ਾਰਮ ਅਤੇ ਫ਼ੋਟੋ ਲਈ ਚੁੱਕੇ ਗਏ ਇਤਰਾਜ਼ ਸਬੰਧੀ ਗੰਭੀਰ ਵਿਚਾਰ ਵਟਾਂਦਰਾ ਹੋਵੇਗਾ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਪੰਥਕ ਕੌਂਸਲ, ਅਕਾਲੀ ਦਲ ਲੌਂਗੋਵਾਲ, ਅਕਾਲੀ ਦਲ ਪੰਚ ਪ੍ਰਧਾਨੀ, ਅਕਾਲੀ ਦਲ ਅੰਮ੍ਰਿਤਸਰ, ਅਕਾਲੀ ਦਲ 1920 ਨੇ ਚੋਣ ਕਮਿਸ਼ਨ ਨੂੰ ਮਿਲ ਕੇ ਇਹ ਵੀ ਮੰਗ ਕੀਤੀ ਸੀ ਕਿ ਦੋ ਵਿਧਾਨ, ਇਕ ਧਾਰਮਕ ਤੇ ਦੂਜਾ ਸੈਕੂਲਰ ਵਿਧਾਨ ਰੱਖਣ ਵਾਲੀ ਪਾਰਟੀ ਅਕਾਲੀ ਦਲ ਬਾਦਲ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਤੋਂ ਵਰਜਿਆ ਜਾਵੇ।


ਭਾਵੇਂ ਇਸ ਮੁੱਦੇ 'ਤੇ ਚੀਫ਼ ਕਮਿਸ਼ਨਰ ਜਸਟਿਸ ਬਰਾੜ ਚੁੱਪ ਹਨ ਅਤੇ ਸਾਰੀ ਜ਼ਿੰਮੇਵਾਰੀ ਗੁਰਦਵਾਰਾ ਐਕਟ 1925 ਤੇ ਕੇਂਦਰ ਸਰਕਾਰ 'ਤੇ ਹੀ ਪੈਂਦੀ ਹੈ ਪਰ ਲਗਦਾ ਹੈ ਕਿ ਫ਼ਰਵਰੀ ਦੇ ਅੱਧ 'ਚ ਹੋਣ ਵਾਲੀ ਕਮਿਸ਼ਨਰਾਂ ਦੀ ਮੀਟਿੰਗ 'ਚ ਥੋੜ੍ਹੀ ਬਹੁਤ ਚਰਚਾ ਇਸ ਮਸਲੇ 'ਤੇ ਜ਼ਰੂਰ ਹੋਵੇਗੀ। ਅਕਾਲੀ ਦਲ ਬਾਦਲ ਵਿਰੋਧੀ ਸਿੱਖ ਜਥੇਬੰਦੀਆਂ ਵਲੋਂ ਉਭਾਰੇ ਗਏ ਮੁੱਦੇ ਕਿ ਸਾਬਤ ਸੂਰਤ ਸਿੱਖ ਮਰਦ ਅਤੇ ਬੀਬੀਆਂ ਦੀਆਂ ਹੀ ਵੋਟਾਂ ਬਣਨ, ਫ਼ੋਟੋ ਸਮੇਤ ਕਾਰਡ ਬਣਨ ਅਤੇ ਪਟਵਾਰੀ ਜਾਂ ਮਿਊਂਸਪਲ ਕਰਮਚਾਰੀ ਸਹੀ ਵੋਟਰ ਨੂੰ ਹੀ ਤਸਦੀਕ ਕਰੇ, ਬਾਰੇ ਇਸ ਅਹਿਮ ਮੀਟਿੰਗ 'ਚ ਚਰਚਾ ਹੋਵੇਗੀ ਜਿਸ ਦਾ ਚੀਫ਼ ਕਮਿਸ਼ਨਰ ਵਲੋਂ ਕੋਈ ਹੱਲ ਕੱਢੇ ਜਾਣ ਦੀ ਸੰਭਾਵਨਾ ਹੈ। ਗੁਰਦਵਾਰਾ ਚੋਣ ਕਮਿਸ਼ਨ ਦੇ ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਪੰਜਾਬੀ ਅਤੇ ਹਿੰਦੀ ਦੋਵੇਂ ਭਾਸ਼ਾਵਾਂ 'ਚ 20 ਹਜ਼ਾਰ ਤੋਂ ਵਧ ਫ਼ਾਰਮ ਚੰਡੀਗੜ੍ਹ ਤੇ ਹਿਮਾਚਲ 'ਚ ਪਹੁੰਚਾਉਣ, 3 ਲੱਖ ਤੋਂ ਵਧ ਹਰਿਆਣਾ ਦੇ ਜ਼ਿਲ੍ਹਿਆ 'ਚ ਜਦੋਂ ਕਿ 70 ਲੱਖ ਤੋਂ ਵੀ ਵਧ ਕੇਵਲ ਪੰਜਾਬੀ ਭਾਸ਼ਾ 'ਚ ਫ਼ਾਰਮ ਪੰਜਾਬ ਦੇ ਸਾਰੇ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨੂੰ ਭੇਜਣ ਦਾ ਬੰਦੋਬਸਤ ਹੋ ਗਿਆ ਹੈ। ਪਿਛਲੇ ਦਿਨੀਂ ਸ. ਮਨਜੀਤ ਸਿੰਘ ਕਲਕੱਤਾ, ਸ. ਬਲਦੇਵ ਸਿੰਘ ਮਾਨ ਅਤੇ ਹੋਰਨਾਂ ਵਲੋਂ ਚੁੱਕੇ ਗਏ ਇਤਰਾਜ਼ ਕਿ ਸੱਤਾਧਾਰੀ ਅਕਾਲੀ ਦਲ ਬਾਦਲ ਧੱਕੇ ਨਾਲ ਅਪਣੇ ਅਧਿਕਾਰੀਆਂ ਰਾਹੀਂ ਜਾਅਲੀ ਵੋਟਾਂ ਬਣਾ ਲੈਣਗੇ, ਬਾਰੇ ਵੀ ਇਸ ਮੀਟਿੰਗ 'ਚ ਕੋਈ ਨਾ ਕੋਈ ਰਾਹ ਕਢਿਆ ਜਾਵੇਗਾ ਤਾਂ ਕਿ ਤਸਦੀਕ ਕਰਨ ਵਾਲੇ ਕਰਮਚਾਰੀ ਉਤੇ ਕੋਈ ਸਰਕਾਰੀ ਜਾਂ ਸਿਆਸੀ ਦਬਾਅ ਨਾ ਪਵੇ।

ਮੀਟਿੰਗ 'ਚ ਸਿੱਖ ਬੀਬੀਆਂ ਦੀਆਂ ਵੋਟਾਂ ਬਣਾਉਣ ਬਾਰੇ ਉਠੇ ਇਤਰਾਜ਼ ਕਿ ਨਾਂ ਦੇ ਪਿੱਛੇ ਜ਼ਰੂਰ ਹੀ 'ਕੌਰ' ਹੋਵੇ, ਸਬੰਧੀ ਭਾਵੇਂ ਚਰਚਾ ਹੋਣ ਦੀ ਸੰਭਾਵਨਾ ਹੈ ਪਰ ਗੁਰਦਵਾਰਾ ਐਕਟ 'ਚ ਸਿੱਖ ਬੀਬੀਆਂ ਦੇ ਨਾਂ ਪਿੱਛੇ 'ਰਾਣੀ, ਦੇਵੀ, ਕਾਂਤਾ' ਆਦਿ ਲਿਖਣ 'ਤੇ ਕੋਈ ਇਤਰਾਜ਼ ਨਹੀਂ ਹੈ ਅਤੇ ਵੋਟਰ ਫ਼ਾਰਮ ਨੰਬਰ ਇਕ 'ਚ ਸਿਰਫ਼ 5 ਸ਼ਰਤਾਂ 'ਤੇ ਹੀ ਜ਼ੋਰ ਦੇਣ ਦੀ ਗੱਲ ਹੋਵੇਗੀ। ਹਰ 21 ਸਾਲ ਤੋਂ ਵੱਧ ਉਮਰ ਵਾਲੇ ਮਰਦ ਅਤੇ ਔਰਤ ਨੂੰ ਵੋਟ ਬਣਾਉਣ ਲਈ ਹਲਫ਼ੀਆ ਬਿਆਨ ਦੇਣਾ ਪਏਗਾ ਕਿ ਉਹ ਕੇਸਾਧਾਰੀ ਸਿੱਖ ਹੈ, ਵਾਲ ਜਾਂ ਦਾੜ੍ਹੀ ਨਹੀਂ ਕਟਦਾ, ਕੁੱਠਾ ਹਲਾਲ ਨਹੀਂ ਖਾਂਦਾ, ਸ਼ਰਾਬ, ਤੰਮਾਕੂ, ਸਿਗਰਟ ਦਾ ਸੇਵਨ ਨਹੀਂ ਕਰਦਾ ਅਤੇ ਪਤਿਤ ਸਿੱਖ ਨਹੀਂ ਹੈ। ਇਹ ਵੀ ਦਸਣਾ ਬਣਦਾ ਹੈ ਕਿ 2004 ਦੀਆਂ ਪਿਛਲੀਆਂ ਚੋਣਾਂ 'ਚ ਪੰਜਾਬ ਦੀਆਂ 110 ਸੀਟਾਂ ਲਈ 5054617 ਵੋਟਾਂ, ਹਰਿਆਣੇ ਦੀਆਂ 8 ਸੀਟਾਂ ਲਈ 286707 ਵੋਟਾਂ ਜਦ ਕਿ ਹਿਮਾਚਲ ਤੇ ਚੰਡੀਗੜ੍ਹ ਦੀ ਇਕ ਇਕ ਸੀਟ ਲਈ 15407 ਅਤੇ 14507 ਵੋਟਾਂ ਹੀ ਬਣੀਆਂ ਸਨ। ਪੰਜਾਬ ਰਾਜ ਪੁਨਰਗਠਨ ਐਕਟ ਤੋਂ ਪਹਿਲਾਂ 1953, 1959 ਅਤੇ 1964 'ਚ ਸ਼੍ਰੋਮਣੀ ਕਮੇਟੀ ਚੋਣਾਂ ਹੋਈਆਂ ਸਨ। ਫਿਰ 15 ਸਾਲ ਬਾਅਦ 1979 'ਚ ਜਿਸ ਤੋਂ ਬਾਅਦ 17 ਸਾਲਾਂ ਮਗਰੋਂ 1996 'ਚ ਵੋਟਾਂ ਪਈਆਂ ਸਨ। ਜਦੋਂ 8 ਸਾਲ ਬਾਅਦ 2004 'ਚ ਚੋਣਾਂ ਹੋਈਆਂ ਤਾਂ ਸਹਿਜਧਾਰੀ ਸਿੱਖਾਂ ਦੀਆਂ ਵੋਟਾਂ 'ਤੇ ਲੀਕ ਮਾਰ ਦਿਤੀ ਗਈ ਸੀ ਜਿਸ ਬਾਰੇ ਕੇਸ ਅਜੇ ਵੀ ਹਾਈ ਕੋਰਟ 'ਚ ਲਟਕ ਰਿਹਾ ਹੈ। 1953 ਦੀਆਂ ਚੋਣਾਂ 'ਚ ਕੁਲ 112 ਸੀਟਾਂ ਸਨ ਜਿਨ੍ਹਾਂ 'ਚ 20 ਦੋਹਰੀ ਮੈਂਬਰਸ਼ਿਪ ਵਾਲੀਆਂ ਸਨ ਜਿਥੋਂ ਕੁਲ 132 ਮੈਂਬਰ ਚੁਣੇ ਜਾਂਦੇ ਸਨ। ਮਗਰੋਂ 1979 ਤਕ ਕੁਲ 120 ਸੀਟਾਂ ਤੋਂ 140 ਮੈਂਬਰ ਕੀਤੇ ਗਏ ਜਦੋਂ ਕਿ 1996 ਦੀਆਂ ਚੋਣਾਂ 'ਚ 120 ਸੀਟਾਂ ਕਰ ਦਿਤੀਆਂ ਗਈਆਂ ਜਿਨ੍ਹਾਂ 'ਚ 50 ਡਬਲ ਮੈਂਬਰਾਂ ਵਾਲੀਆਂ ਸਨ, ਵਿਚੋਂ 30 ਬੀਬੀਆਂ ਲਈ ਵੀ ਰਾਖਵੀਆਂ ਕਰ ਦਿਤੀਆਂ ਅਤੇ ਉਹੀ ਸਿਲਸਿਲਾ ਹੁਣ ਵੀ ਜਾਰੀ ਹੈ।

ਇਸ ਦੌਰਾਨ ਮਿਲੀ ਇਕ ਹੋਰ ਰਿਪੋਰਟ ਅਨੁਸਾਰ ਗੁਰਦਵਾਰਾ ਚੋਣਾਂ ਨੂੰ ਲੈ ਕੇ ਸਿਆਸੀ ਪਾਰਟੀਆਂ ਤਾਂ ਅਜੇ ਜੋੜਤੋੜ ਦੀ ਰਾਜਨੀਤੀ ਖੇਡਣ ਵਿਚ ਹੀ ਲਗੀਆਂ ਹੋਈਆਂ ਹਨ ਪਰ ਸੰਤ ਸਮਾਜ ਨੇ ਪਿਛਲੇ ਸਮੇਂ ਪੰਜਾਬ ਦੀ ਸੱਤਾ ਉੱਤੇ ਕਾਬਜ਼ ਸਿਆਸੀ ਧਿਰ ਨਾਲ ਵੱਖ-ਵੱਖ ਮੌਕਿਆਂ ਉੱਤੇ ਨਿਭਾਈ ਭਾਈਵਾਲੀ ਦਾ ਮੁਲ ਮੰਗਣਾ ਸ਼ੁਰੂ ਕਰ ਦਿਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਦੀਆਂ ਕੁਲ 170 ਸੀਟਾਂ ਵਿਚੋਂ ਸੰਤ ਸਮਾਜ ਨੇ 30 ਸੀਟਾਂ ਉੱਤੇ ਅਪਣਾ ਹੱਕ ਜਤਾਉਣਾ ਸ਼ੁਰੂ ਕਰ ਦਿਤਾ ਹੈ। ਇਹ ਵੀ ਪਤਾ ਲੱਗਾ ਹੈ ਕਿ ਵਧੇਰੇ ਸੀਟਾਂ ਦੀ ਦਾਅਵੇਦਾਰੀ ਲੁਧਿਆਣਾ ਨੇੜੇ ਸਥਿਤ ਡੇਰਾ ਨਾਨਕਸਰ ਨੇ ਹੀ ਕੀਤੀ ਹੈ। ਜ਼ਿਕਰਯੋਗ ਹੈ ਕਿ ਸੰਤ ਸਮਾਜ 6 ਦਹਾਕਿਆਂ ਤੋਂ ਸ਼੍ਰੋਮਣੀ ਕਮੇਟੀ ਦੀ ਮੈਂਬਰੀ ਲਈ ਤਰਲੋਮੱਛੀ ਹੁੰਦਾ ਰਿਹਾ ਪਰ ਹਰ ਵਾਰ ਸੰਗਤ ਗੁਰਦਵਾਰਿਆਂ ਦੇ ਪ੍ਰਬੰਧ ਵਿਚ ਸਾਧਾਂ ਦੀ ਭਾਈਵਾਲੀ ਨੂੰ ਅਪ੍ਰਵਾਨ ਕਰਦੀ ਰਹੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ 1955 ਵਿਚ ਪਹਿਲੀ ਵਾਰ ਜਦ ਗੁਰਦਵਾਰਾ ਚੋਣ ਹੋਈ ਤਾਂ ਸਾਧ ਸੰਤਾਂ ਨੇ ਕੋਸ਼ਿਸ਼ ਕੀਤੀ ਪਰ ਸਿੱਖ ਸੰਗਤ ਨੇ ਉਹ ਕੋਸ਼ਿਸ਼ ਪਹਿਲੇ ਹੱਲੇ ਹੀ ਨਕਾਰ ਦਿਤੀ। 1960 ਵਿਚ ਹੋਈਆਂ ਚੋਣਾਂ ਵਿਚ ਸਿੱਖ ਸਿਆਸਤ ਦੇ ਮਾਹਰ ਗਿਆਨੀ ਕਰਤਾਰ ਸਿੰਘ, ਗਿਆਨ ਸਿੰਘ ਰਾੜੇ ਵਾਲਾ ਅਤੇ ਪ੍ਰਤਾਪ ਸਿੰਘ ਕੈਰੋਂ ਦੀ ਸਹਿਮਤੀ ਨਾਲ ਸਾਧ ਸੰਗਤ ਬੋਰਡ ਦੇ ਨਾਮ ਹੇਠ ਸਾਧਾਂ ਨੇ ਚੋਣ ਮੈਦਾਨ ਵਿਚ ਪੈਰ ਧਰਿਆ। ਕਿਉਂਕਿ ਉਸ ਵੇਲੇ ਸ. ਕੈਰੋਂ ਮੁੱਖ ਮੰਤਰੀ ਸਨ, ਸਰਕਾਰੀ ਪ੍ਰਭਾਵ ਹੇਠ ਸੰਤ ਸਮਾਜ 4 ਸੀਟਾਂ ਜਿੱਤਣ ਵਿਚ ਸਫ਼ਲ ਹੋ ਗਿਆ। 1979 'ਚ ਹੋਈਆਂ ਚੋਣਾਂ 'ਚ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਬੁੱਢਾ ਦਲ ਅਤੇ ਖ਼ਾਲਿਸਤਾਨ ਦੇ ਆਪੇ ਬਣੇ ਰਾਸ਼ਟਰਪਤੀ ਸ. ਜਗਜੀਤ ਸਿੰਘ ਚੌਹਾਨ ਨੇ ਮਿਲ ਕੇ ਚੋਣ ਲੜੀ। ਇਸ ਚੋਣ ਵਿਚ ਵੀ ਭਾਈ ਅਮਰੀਕ ਸਿੰਘ ਵਰਗੇ ਸੂਝਵਾਨ ਤੇ ਦੂਰ-ਦ੍ਰਿਸ਼ਟੀ ਵਾਲੇ ਵਿਦਿਆਰਥੀ ਨੇਤਾ ਚੋਣ ਹਾਰ ਗਏ ਸਨ, ਭਾਵੇਂ ਉਨ੍ਹਾਂ ਨੂੰ ਹਰਾਉਣ ਵਿਚ ਸਭ ਤੋਂ ਵੱਡਾ ਹੱਥ ਅਕਾਲੀ ਦਲ ਦਾ ਸੀ। ਇਨ੍ਹਾਂ ਚੋਣਾਂ ਵਿਚ ਸਿਰਫ਼ ਭਾਈ ਸੁਜਾਨ ਸਿੰਘ ਮਨਾਵਾਂ ਹੀ ਸਫ਼ਲ ਹੋਏ ਸਨ।

1996 ਵਿਚ ਹੋਈ ਗੁਰਦਵਾਰਾ ਚੋਣ ਵਿਚ ਸੰਤ ਸਮਾਜ ਇਕ ਵਾਰ ਫਿਰ ਤੋਂ ਕਮਰਕੱਸਾ ਕਰ ਕੇ ਮੈਦਾਨ ਵਿਚ ਨਿਤਰਿਆ। ਇਸ ਸਮੇਂ ਪ੍ਰੋ. ਦਰਸ਼ਨ ਸਿੰਘ ਰਾਗੀ ਵੀ ਸਾਧਾਂ ਦੇ ਨਾਲ ਖੜੇ ਸਨ ਅਤੇ ਸਰਬਜੋਤ ਸਿੰਘ ਬੇਦੀ ਦੀ ਅਗਵਾਈ ਹੇਠ ਮੋਰਚਾਬੰਦੀ ਕਰੀ ਬੈਠੀ ਸਨ। ਪਰ ਸੰਗਤ ਨੇ ਸੰਤਾਂ ਨੂੰ ਇਕ ਵਾਰ ਫਿਰ ਰੱਦ ਕਰ ਦਿੱਤਾ। ਇਸ ਚੋਣ ਵਿਚ ਵੀ ਸੰਤ ਸਮਾਜ ਕੋਈ ਸੀਟ ਜਿੱਤਣ ਵਿਚ ਸਫ਼ਲ ਨਹੀਂ ਸਨ ਹੋਏ। 2004 ਦੀਆਂ ਚੋਣਾਂ ਵਿਚ ਵੀ ਸੰਤ ਸਮਾਜ ਹਾਰ ਗਿਆ ਸੀ। ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਵਿਚ ਮਾਲਵੇ ਤੋਂ ਇਕ ਡੇਰੇਦਾਰ ਦੀਆਂ ਵੋਟਾਂ ਕਾਰਨ ਹਾਰ ਦਾ ਮੂੰਹ ਵੇਖਣ ਵਾਲੇ ਅਕਾਲੀ ਦਲ ਬਾਦਲ ਨੇ ਇਸ ਵਾਰ ਡੇਰਿਆਂ ਦੇ ਚੱਕਰ ਲਗਾ ਕੇ ਸਾਧਾਂ ਸੰਤਾਂ ਨੂੰ ਆਕਸੀਜਨ ਦੇ ਦਿਤੀ ਹੈ ਅਤੇ ਸ਼੍ਰੋਮਣੀ ਕਮੇਟੀ ਵਲੋਂ ਨਾਨਕਸ਼ਾਹੀ ਕੈਲੰਡਰ ਰੱਦ ਕਰਨ ਨਾਲ ਸੰਤ ਸਮਾਜ ਨੂੰ ਅਪਣਾ ਪਾਲੜਾ ਕੁੱਝ ਭਾਰੀ ਲਗਦਾ ਹੈ। ਉਸ ਨੇ ਸ਼੍ਰੋਮਣੀ ਕਮੇਟੀ ਦੀ ਮੈਂਬਰੀ ਹਾਸਲ ਕਰ ਕੇ ਪੰਜਾਬ ਦੀ ਸਰਗਰਮ ਸਿਆਸਤ ਵਿਚ ਇਕ ਵਾਰ ਫਿਰ ਤੋਂ ਪੈਰ ਧਰਨ ਦਾ ਮਨ ਬਣਾ ਲਿਆ ਲਗਦਾ ਹੈ।

## ਝੀਂਡਾ ਅਤੇ ਸਾਥੀਆਂ ਦੀ ਤਨਖ਼ਾਹ ਪੂਰੀ, ਦੇਗ ਚੜ੍ਹਾ ਕੇ ਕੀਤੀ ਅਰਦਾਸ



**ਅੰਮ੍ਰਿਤਸਰ :** ਵੱਖਰੀ ਹਰਿਆਣਾ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਤੇ ਉਨ੍ਹਾਂ ਦੇ ਸਾਥੀਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ 3 ਮਹੀਨੇ ਪਹਿਲਾਂ ਸੁਣਾਈ ਗਈ ਸਜ਼ਾ ਪੂਰੀ ਕਰਕੇ ਅਕਾਲ ਤਖ਼ਤ 'ਤੇ ਦੇਗ ਚੜ੍ਹਾ ਕੇ ਅਰਦਾਸ ਕੀਤੀ। ਇਸ ਦੌਰਾਨ ਕੰਵਲਜੀਤ ਸਿੰਘ ਅਜਰਾਣਾ, ਅਵਤਾਰ ਸਿੰਘ ਚੱਕੂ, ਹਜ਼ੂਰ ਸਿੰਘ ਨੰਬਰਦਾਰ ਸ਼ਾਮਲ ਹੋਏ, ਜਦਕਿ ਝੀਂਡਾ ਅਤੇ ਜੋਗਾ ਸਿੰਘ ਕਿਸੇ ਕਾਰਨ ਵੱਸ ਨਹੀਂ ਪੁੱਜ ਸਕੇ। ਜ਼ਿਕਰਯੋਗ ਹੈ ਝੀਂਡਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ 13 ਜੁਲਾਈ 2009 ਨੂੰ ਕੁਰੂਕਸ਼ੇਤਰ ਦੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਚ ਜਬਰਦਸਤੀ ਸੇਵਾ ਸੰਭਾਲ ਦੇ ਮਾਮਲੇ ਵਿਚ ਅਕਾਲ ਤਖ਼ਤ 'ਤੇ ਤਲਬ ਕੀਤਾ ਗਿਆ ਸੀ।

ਅਰਦਾਸ ਤੋਂ ਬਾਅਦ ਪੱਤਰਕਾਰਾਂ ਨੂੰ ਕੰਵਲਜੀਤ ਸਿੰਘ ਅਜਰਾਣਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਵਲੋਂ ਭਾਵੇਂ ਉਨ੍ਹਾਂ ਨੂੰ ਨਿਰਦੋਸ਼ ਹੋਣ ਦੇ ਬਾਵਜੂਦ ਸਖ਼ਤ ਸਜ਼ਾ ਸੁਣਾਈ ਗਈ ਸੀ ਪਰ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਧਿਆਨ ਵਿਚ ਰਖਦਿਆਂ ਇਸ ਸਜ਼ਾ ਨੂੰ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਤਨਖ਼ਾਹ ਦੇ ਸਮੇਂ ਦੌਰਾਨ ਉਨ੍ਹਾਂ ਨੂੰ ਅਕਾਲ ਪੁਰਖ ਨੇ ਇਨਾ ਬਲ ਬਖ਼ਸ਼ਿਆ ਹੈ ਕਿ ਉਨ੍ਹਾਂ ਨੂੰ ਹਰ ਜਗ੍ਹਾ ਸਨਮਾਨ ਅਤੇ ਸਹਿਯੋਗ ਮਿਲ ਰਿਹਾ ਹੈ। ਇਸ ਕਾਰਨ ਹੁਣ ਉਹ ਭਵਿੱਖ ਵਿਚ ਵੀ ਆਪਣੇ ਅਧੂਰੇ ਮਿਸ਼ਨ ਨੂੰ ਪੂਰਾ ਕਰਨ ਵਿਚ ਤੇਜੀ ਨਾਲ ਜੁਟ ਜਾਣਗੇ। ਉਨ੍ਹਾਂ ਦੇ ਇਹ ਵੀ ਵਿਚਾਰ ਸਨ ਕਿ ਅਕਾਲ ਤਖ਼ਤ ਸਾਹਿਬ 'ਤੇ ਜੇਕਰ ਪੇਸ਼ ਹੋਣ ਦਾ ਹੁਕਮ ਦਿੱਤਾ ਜਾਵੇ ਤਾਂ ਸਿੱਖਾਂ ਨੂੰ ਨਿਮਰਤਾ ਨਾਲ ਜ਼ਰੂਰ ਪੇਸ਼ ਹੋਣਾ ਚਾਹੀਦਾ ਹੈ। ਪ੍ਰੋ. ਦਰਸ਼ਨ ਸਿੰਘ ਦੇ ਮਾਮਲੇ ਵਿਚ ਉਨ੍ਹਾਂ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਏ ਸਨ ਅਤੇ ਉਨ੍ਹਾਂ ਇਸਦੀ ਮਰਿਆਦਾ ਨੂੰ ਠੇਸ ਨਹੀਂ ਪੁੱਜਣ ਦਿੱਤੀ ਪਰ ਇਸਦੇ ਬਾਵਜੂਦ ਸਿੰਘ ਸਾਹਿਬਾਨ ਨੇ ਉਨ੍ਹਾਂ ਦੀ ਭਾਵਨਾ ਨੂੰ ਨਹੀਂ ਸਮਝਿਆ। ਉਨ੍ਹਾਂ ਇਸ ਨੂੰ ਜਲਦਬਾਜ਼ੀ ਵਿਚ ਲਿਆ ਗਿਆ ਫੈਸਲਾ ਕਰਾਰ ਦਿੱਤਾ। ਉਨ੍ਹਾਂ ਨੇ ਹਰਿਆਣਾ ਕਮੇਟੀ ਬਾਰੇ ਕਿਹਾ ਕਿ ਇਸਦੇ ਲਈ ਉਨ੍ਹਾਂ ਵਲੋਂ ਅਗਲੀ ਰਣਨੀਤੀ ਤਿਆਰ ਕਰ ਲਈ ਗਈ ਹੈ।

## ਕਮੇਟੀ ਚੋਣਾਂ 'ਚੋਂ ਬਾਦਲ ਦਲ ਨੂੰ ਬਾਹਰ ਕਰਨ ਦੀ ਮੰਗ

**ਚੰਡੀਗੜ੍ਹ:** ਜੁਲਾਈ-ਅਗਸਤ ਤਕ ਹੋਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਾਸਤੇ ਜਿਥੇ ਗੁਰਦਵਾਰਾ ਚੋਣ ਕਮਿਸ਼ਨ ਨੇ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ 'ਚ ਵੋਟਰ ਫ਼ਾਰਮ ਭੇਜ ਕੇ ਪ੍ਰਕਿਰਿਆ ਸ਼ੁਰੂ ਕਰ ਦਿਤੀ ਹੈ, ਉਥੇ ਗ਼ੈਰ ਬਾਦਲ ਦਲੀਏ ਸ਼੍ਰੋਮਣੀ ਪੰਥਕ ਕੌਂਸਲ ਦੇ ਝੰਡੇ ਥੱਲੇ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ ਕਿ 170 ਮੈਂਬਰੀ ਜਨਰਲ ਹਾਊਸ ਵਾਸਤੇ ਸਿੱਖ ਵੋਟਰਾਂ ਨੂੰ ਜਾਗਰੁਕ ਕੀਤਾ ਜਾਵੇ ਅਤੇ ਹਰ ਹੀਲੇ ਵੋਟਾਂ ਬਨਾਉਣ ਵਿਚ ਸ਼ੱਕੀ ਗੜਬੜੀ ਨੂੰ ਰੋਕਿਆ ਜਾਵੇ ਤਾਂ ਕਿ ਬਾਦਲ ਦਲ ਦਾ ਕਬਜ਼ਾ ਤੋੜਿਆ ਜਾ ਸਕੇ।

ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ, ਅਕਾਲੀ ਦਲ ਲੌਂਗੋਵਾਲ ਦੇ ਨੇਤਾ ਬਲਦੇਵ ਸਿੰਘ ਮਾਨ, ਪੰਚ ਪ੍ਰਧਾਨੀ ਅਕਾਲੀ ਦਲ ਦੇ ਕਮਿੱਕਰ ਸਿੰਘ, ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ ਦੇ ਜਸਵੰਤ ਸਿੰਘ ਮਾਨ ਸਮੇਤ ਇਕ ਦੋ ਹੋਰ ਸਿੱਖ ਨੇਤਾਵਾਂ ਨੇ ਗੁਰਦਵਾਰਾ ਚੋਣ ਕਮਿਸ਼ਨ ਦੇ ਚੀਫ਼ ਕਮਿਸ਼ਨਰ ਜਸਟਿਸ ਹਰਫੂਲ ਸਿੰਘ ਬਰਾੜ ਨਾਲ ਮੁਲਾਕਾਤ ਕਰ ਕੇ ਸਿੱਖ ਵੋਟਰਾਂ ਅਤੇ ਉਮੀਦਵਾਰਾਂ ਸਬੰਧੀ ਅਹਿਮ ਮੁੱਦੇ ਉਠਾਏ। ਸ. ਕਲਕੱਤਾ ਨੇ ਦਸਿਆ ਕਿ ਉਨ੍ਹਾਂ ਇਸ ਮਹੱਤਵਪੂਰਨ ਨੁਕਤੇ 'ਤੇ ਜ਼ੋਰ ਦਿਤਾ ਕਿ ਦੋ ਵਿਧਾਨ ਰੱਖਣ ਵਾਲੀ ਸਿਆਸੀ ਪਾਰਟੀ ਬਾਦਲ ਅਕਾਲੀ ਦਲ ਨੂੰ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਤੋਂ ਵਰਜਿਆ ਜਾਵੇ ਕਿਉਂਕਿ ਬਤੌਰ ਸਿਆਸੀ ਦਲ ਇਕੋ ਚੋਣ ਨਿਸ਼ਾਨ 'ਤੇ ਬਾਦਲ ਦਲ ਦੇ ਉਮੀਦਵਾਰ ਨਿਯਮਾਂ ਅਨੁਸਾਰ ਇਨ੍ਹਾਂ ਧਾਰਮਕ ਚੋਣਾਂ ਵਿਚ ਹਿੱਸਾ ਨਹੀਂ ਲੈ ਸਕਦੇ। ਸ. ਕਲਕੱਤਾ ਨੇ ਕਿਹਾ ਕਿ ਬਾਦਲ ਇਕ ਪਾਸੇ ਤਾਂ ਕਾਂਗਰਸ ਉਤੇ ਦੋਸ਼ ਲਾਉਂਦੇ ਹਨ ਕਿ ਧਾਰਮਕ ਮਾਮਲਿਆਂ ਅਤੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਦਖ਼ਲ ਅੰਦਾਜ਼ੀ ਕਰ ਰਹੀ ਹੈ, ਦੂਜੇ ਪਾਸੇ ਖ਼ੁਦ ਸਿਆਸੀ ਪਾਰਟੀ ਹੁੰਦੇ ਹੋਏ 1920 ਦੇ ਵਿਧਾਨ ਅਨੁਸਾਰ ਗੁਰਦਵਾਰਾ ਚੋਣਾਂ ਵਿਚ ਇਕ ਚੋਣ ਨਿਸ਼ਾਨ ਦੀ ਮੰਗ ਕਰਦੇ ਹਨ।

ਵੋਟਰ ਸ਼ਨਾਖ਼ਤੀ ਕਾਰਡ ਅਤੇ ਫ਼ਾਰਮ ਸਬੰਧੀ ਉਠੇ ਵਿਵਾਦ ਬਾਰੇ ਸ. ਕਲਕੱਤਾ ਨੇ ਗੁਰਦਵਾਰਾ ਚੋਣ ਕਮਿਸ਼ਨ ਨੂੰ ਜ਼ੋਰ ਦੇ ਕੇ ਆਖਿਆ ਕਿ ਹਰ ਸਿੱਖ ਵੋਟਰ ਭਾਵ ਸਾਬਤ ਸੂਰਤ ਸਿੱਖ ਅਤੇ ਬੀਬੀ ਨੂੰ ਹਲਫ਼ਨਾਮਾ ਦੇ ਕੇ ਫ਼ੋਟੋ ਸਮੇਤ ਪੰਜ ਸ਼ਰਤਾਂ ਵਾਲੇ ਫ਼ਾਰਮ 'ਤੇ ਦਸਤਖ਼ਤਾਂ ਦੀ ਜ਼ਰੂਰਤ ਹੈ ਅਤੇ ਸ਼੍ਰੋਮਣੀ ਕਮੇਟੀ ਵਲੋਂ ਗੋਲਡਨ ਆਫ਼ਸੈਟ ਪ੍ਰੈੱਸ ਅੰਮ੍ਰਿਤਸਰ ਦੇ ਛਾਪੇ ਫ਼ਾਰਮਾਂ 'ਤੇ ਪਾਬੰਦੀ ਲਗਣੀ ਚਾਹੀਦੀ ਹੈ। ਜਸਟਿਸ ਐਚ.ਐਸ. ਬਰਾੜ ਤੋਂ ਬਰਾਬਰ ਦਾ ਖੇਡ ਮੈਦਾਨ ਭਾਵ ਦੋਹਾਂ ਧਿਰਾਂ ਲਈ ਇਕਸਾਰ ਸਹੂਲਤਾਂ ਦੀ ਮੰਗ ਕਰਦੇ ਹੋਏ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਨੇ ਜ਼ੋਰ ਦੇ ਕੇ ਕਿਹਾ ਕਿ ਬਾਦਲ ਦਲ ਵਲੋਂ ਪਿਛਲੀਆਂ 2004 ਦੀਆਂ ਚੋਣਾਂ ਮੌਕੇ ਕੀਤੀ ਧਧੀਕੀ, ਹੇਰਾ ਫੇਰੀ ਅਤੇ ਗ਼ੈਰ ਸਿੱਖਾਂ ਵਲੋਂ ਬਣਾਈਆਂ ਵੋਟਾਂ ਵਾਂਗ ਐਤਕੀਂ ਪਿੰਡ-ਪਿੰਡ ਵਿਚ ਜਾ ਕੇ ਸਿੱਖਾਂ ਨੂੰ ਜਾਗ੍ਰਿਤ ਕੀਤਾ ਜਾਵੇਗਾ।

## ਨਾਨਕਸ਼ਾਹੀ ਕੈਲੰਡਰ ਦੇ ਮਾਮਲੇ 'ਚ ਅੰਤ੍ਰਿੰਗ ਕਮੇਟੀ ਨੂੰ ਕਾਨੂੰਨੀ ਨੋਟਿਸ

**ਅੰਮ੍ਰਿਤਸਰ :** ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕੀਤੇ ਜਾਣ ਦੇ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਵਲੋਂ ਲੰਘੀ 6 ਫਰਵਰੀ ਨੂੰ ਅੰਤ੍ਰਿੰਗ ਕਮੇਟੀ ਦੇ ਕੁਝ ਜ਼ਿੰਮੇਵਾਰ ਮੈਂਬਰਾਂ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਚ ਪ੍ਰਧਾਨੀ ਦੇ ਕੌਮੀ ਸਕੱਤਰ ਭਾਈ ਬਲਦੇਵ ਸਿੰਘ ਸਿਰਸਾ ਨੇ ਕੁਝ ਚੋਣਵੇਂ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਆਰ ਐਸ ਐਸ ਦੇ ਇਸ਼ਾਰੇ 'ਤੇ ਨਾਨਕਸ਼ਾਹੀ ਕੈਲੰਡਰ ਨੂੰ ਬਿਕਰਮੀ ਸੰਮਤ ਅਨੁਸਾਰ ਢਾਲਣ ਲਈ ਪੱਬਾਂ ਭਾਰ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਲਈ ਹੀ ਅੰਤ੍ਰਿੰਗ ਕਮੇਟੀ ਦੇ ਜ਼ਿੰਮੇਵਾਰ ਮੈਂਬਰਾਂ ਨੂੰ ਕਾਨੂੰਨੀ ਨੋਟਿਸ ਜਾਰੀ ਕਰਕੇ ਸੋਧ ਦੀ ਲੋੜ ਬਾਰੇ ਪੁੱਛਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਐਡਵੋਕੇਟ ਐਸ ਐਸ ਰੰਧਾਵਾ ਰਾਹੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਸਕੱਤਰ ਦਿਲਮੇਘ ਸਿੰਘ, ਮੈਂਬਰ ਅੰਤ੍ਰਿੰਗ ਕਮੇਟੀ ਬੀਬੀ ਰਵਿੰਦਰ ਕੌਰ, ਕਰਨੈਲ ਸਿੰਘ ਪੰਜੋਲੀ ਅਤੇ ਸੁਖਦੇਵ ਸਿੰਘ ਭੌਰ ਨੂੰ ਕਾਨੂੰਨੀ ਨੋਟਿਸ ਭੇਜ ਕੇ ਕੈਲੰਡਰ ਦੀ ਮੌਜੂਦਾ ਹੋਂਦ ਦੀ ਕਾਨੂੰਨੀ ਚਾਰਾਜੋਈ ਕਰਨ ਦੀ ਸ਼ੁਰੂਆਤ ਕਰ ਦਿੱਤੀ ਹੈ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ


*Attorny At Law*

*Law Offices Of Jaspreet Singh*

*37-18, 73 Street, Suite 401*
*(Near Subzi Mandi)*
*Jackson Hts, NY-11372*
*Ph:718-533-8444*
*Fax: 718-533-8460*

*44790 S. Grimmer*
*Blvd. #204*
*Fremont CA-94538*
*Ph:510-657-6444*
*Fax: 510-657-6443*

*2945 W. Capitol Ave,*
*Sacramento CA-95691*
*Ph: 916-372-4448*
*Fax: 916-372-4440*



**Wraich Transport LLS**
**North American Truck Stop**

**14320 Slover Ave., Fontana, CA 92337**



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 9093-350-3310

GILL
DIGITAL VIDEO







Harry Gill 209-648-9716
Jaji 916-470-9781

ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ, ਗਰੈਜੂਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ ਦੇ ਸਮਾਗਮਾਂ ਲਈ ਵਧੀਆ ਅਤੇ ਭਰੋਸੇਮੰਦ ਸੇਵਾਵਾਂ ਪ੍ਰਦਾਨ ਕਰਦੇ ਹਾਂ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ

www.gilldigitalvideo.com
email: gillvideo@yahoo.com




JAGDEEP SINGH
INSURANCE AGENCY

ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ

*We Can Beat Any Rates*

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ



Jagdeep Singh
CA Lic #0E42884

Ph : 559.277.5580
Fax : (888) 227-6988
email: jagdeep@jsinghagency.com
www.jsinghagency.com

Fresno Location : 4491 W. Shaw Ave. #300A Fresno CA 93722

Our New Location : GOLD RIVER
Ph : 916-220-2128
2377 Gold Meadow, Ste #157, Gold River CA 95670



ਸਮੋਗ ਚੈਕ ਸਮੋਗ ਚੈਕ

SMOG
SMOG CHECK
STATE OF CALIFORNIA LICENSED

ਜੇਕਰ ਤੁਹਾਨੂੰ ਕਿਸੇ ਵੀ ਕਾਰ, ਟਰੱਕ ਜਾਂ ਮੋਟਰਹੋਮ ਆਟੋ ਦੀ ਸਮੋਗ ਚਾਹੀਦੀ ਹੋਵੇ ਤਾਂ Bakersfield ਅਤੇ Fresno Location ਤੁਹਾਡੀ ਸੇਵਾ ਵਿਚ ਹਾਜ਼ਰ ਹਨ ।

Big Christmas Special
39.75
Big+DMV Certificate
Free Repair Upto $500
Ask for Tech

- 901 California Ave & P : 661.325-6666
- 1629 California Ave & H : 661.323.3333
- 406 S. Chester Ave & Terrace Way (Inside Gas Station) : 661.832.4444
- 5333 Whtie Ln & Grissom (Inside Big Brand Tire) : 661396.7664 (Smog)
- 1017 Bearmountain Blvd (Arvin) : 661.854.7664 (Smog)
- 1222 Golden State & M : 661.326.0346
- 1506 N. Black Stone & Mckinley (Fresno) : 559.268.7574
- 2597 N Black Stone (Fresno) (Between Clinton & Shield) : 559.222.9999
- 1161-I Street Reedley &12th St : 559.638.9017
- 416 Orisi Ca & 63 Hwy : 559.528.6848
- 2420 Whiteson Ave & Thompson (By Kragen Auto Parts) Selma : 559.896.5555
- 646 Dinuba Ave (Reedley) (By the DMV 3073) : 559.638.3243

1512 Dairy Ave Corcoran CA : 559.922.4500

MOST CARS

ਤੁਹਾਡੀ ਕਾਰ ਨੂੰ ਕਿਸੇ ਵੀ ਤਰ੍ਹਾਂ ਦੀ Problem ਹੋਵੇ ਤਾਂ ਤੁਸੀਂ ਸਮੋਗ ਕਰਵਾਉਣ ਤੋਂ ਪਹਿਲਾਂ ਸਲਾਹ ਲੈ ਸਕਦੇ ਹੋ । ਹਰ Location ਤੇ ਤੁਹਾਨੂੰ ਪੰਜਾਬੀ ਬੋਲਣ ਵਾਲਾ ਮਿਲੇਗਾ ।



Grand Opening
ALL TIRE 4 LESS

ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ । ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ ਤਰੀਕੇ ਨਾਲ ਕਰਦੇ ਹਾਂ ।



24 Hours Road Service
NEW & USED TIRE SALE & SERVICE

ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ

710 South Hwy 59 Merced CA 95304

ਕਾਲ ਕਰੋ
Shop ▸ 209.384.0424
Hardeep S. Rai ▸ Cell:209.678.6176

bigrigtire@yahoo.com
www.alltire4less.com

ਪੰਜਾਬ ਟਾਈਮਜ਼

ਸਨਿਚਰਵਾਰ, 13 ਫਰਵਰੀ 2010

ਅੱਖਾਂ ਵਾਲਾ ਇਨਸਾਨ ਤਰਸ ਦਾ ਪਾਤਰ ਹੈ, ਜਿਸ ਕੋਲ ਦ੍ਰਿਸ਼ਟੀ ਨਹੀਂ। -ਹੇਲਨ ਕੀਲਰ

## ਭਾਰਤ-ਪਾਕਿ ਗੱਲਬਾਤ ਲਈ ਰਾਹ ਪੱਧਰਾ

ਭਾਰਤ ਅਤੇ ਪਾਕਿਸਤਾਨ ਵਿਚਾਲੇ ਗੱਲਬਾਤ ਦਾ ਰਾਹ ਇਕ ਵਾਰੀ ਫਿਰ ਖੁੱਲ੍ਹਦਾ ਨਜ਼ਰ ਆ ਰਿਹਾ ਹੈ। ਪਿਛਲੇ ਕਾਫੀ ਸਮੇਂ ਤੋਂ, ਖਾਸ ਕਰਕੇ 26 ਨਵੰਬਰ 2008 ਦੇ ਮੁੰਬਈ ਵਿਚ ਹੋਏ ਹਮਲਿਆਂ ਤੋਂ ਪਿਛੋਂ ਦੋਹਾਂ ਮੁਲਕਾਂ ਵਿਚਾਲੇ ਕਿਸੇ ਸਾਵੀਂ-ਪੱਧਰੀ ਗੱਲਬਾਤ ਦਾ ਇਹ ਸ਼ਾਇਦ ਪਹਿਲਾ ਮੌਕਾ ਹੋਵੇਗਾ। ਪਾਕਿਸਤਾਨ ਨਾਲ ਸੰਬੰਧਾਂ ਵਿਚ ਨਰਮੀ ਲਿਆਉਣ ਦੇ ਮਨਸ਼ੇ ਨਾਲ ਭਾਰਤ ਨੇ ਅਤਿਵਾਦ ਅਤੇ ਦੂਸਰੇ ਮੁੱਦਿਆਂ 'ਤੇ ਵਿਚਾਰ ਲਈ ਪਾਕਿਸਤਾਨ ਦੇ ਵਿਦੇਸ਼ ਸਕੱਤਰ ਨੂੰ ਗੱਲਬਾਤ ਲਈ ਸੱਦਾ ਦਿੱਤਾ ਹੈ, ਜਿਸ ਦਾ ਪਾਕਿਸਤਾਨ ਨੇ ਸਵਾਗਤ ਵੀ ਕਰ ਦਿੱਤਾ ਹੈ। ਭਾਰਤ ਦੀ ਵਿਦੇਸ਼ ਸਕੱਤਰ ਨਿਰੁਪਮਾ ਰਾਓ ਨੇ ਪਾਕਿਸਤਾਨ ਦੇ ਵਿਦੇਸ਼ ਸਕੱਤਰ ਸਲਮਾਨ ਰਸ਼ੀਦ ਨੂੰ ਗੱਲਬਾਤ ਲਈ ਦਿੱਲੀ ਆਉਣ ਦਾ ਸੱਦਾ ਦਿੰਦਿਆਂ ਕਿਹਾ ਹੈ ਕਿ ਉਹ ਪਾਕਿਸਤਾਨ ਦੇ ਜਵਾਬ ਦਾ ਬੇਸਬਰੀ ਨਾਲ ਇੰਤਜ਼ਾਰ ਕਰਨਗੇ। ਉਧਰੋਂ ਪਾਕਿਸਤਾਨ ਨੇ ਭਾਰਤ ਦੀ ਇਸ ਪੇਸ਼ਕਸ਼ ਦਾ ਭਰਵਾਂ ਹੁੰਗਾਰਾ ਦਿੱਤਾ ਹੈ।

ਇਥੇ ਜ਼ਿਕਰਯੋਗ ਹੈ ਕਿ ਇਨ੍ਹੀਂ ਦਿਨੀਂ ਭਾਰਤ, ਪਾਕਿਸਤਾਨ ਨਾਲ ਇਸ ਆਧਾਰ 'ਤੇ ਗੱਲਬਾਤ ਸ਼ੁਰੂ ਕਰਨ ਦਾ ਇੱਛੁਕ ਹੈ ਕਿ ਪਾਕਿਸਤਾਨ ਮੁੰਬਈ ਹਮਲਿਆਂ ਦੀ ਜਾਂਚ ਲਈ ਤਸੱਲੀਪੂਰਨ ਕਦਮ ਚੁੱਕੇ। ਭਾਰਤ ਦਾ ਵਿਸ਼ਵਾਸ ਹੈ ਕਿ ਇਸੇ ਨਾਲ ਹੀ ਦੋਨਾਂ ਮੁਲਕਾਂ ਵਿਚਕਾਰ ਆਮ ਵਰਗੇ ਸੰਬੰਧ ਬਣਾਉਣ ਵਿਚ ਮੱਦਦ ਮਿਲੇਗੀ। ਇਸ ਤੋਂ ਇਲਾਵਾ ਸਾਰਕ ਸੰਮੇਲਨ ਵਿਚ ਹਿੱਸਾ ਲੈਣ ਲਈ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਨੇ ਇਸ ਮਹੀਨੇ ਦੇ ਅਖੀਰ ਵਿਚ ਪਾਕਿਸਤਾਨ ਜਾਣਾ ਹੈ। ਇਸ ਮੀਟਿੰਗ ਵਿਚ ਵੀ ਭਾਰਤ-ਪਾਕਿਸਤਾਨ ਸੰਬੰਧਾਂ ਉਪਰ ਭਰਵੀਂ ਚਰਚਾ ਹੋਵੇਗੀ। ਇਹ ਵੀ ਦਿਲਚਸਪ ਤੱਥ ਹੈ ਕਿ ਮੁੰਬਈ ਹਮਲਿਆਂ ਪਿਛੋਂ ਕਿਸੇ ਭਾਰਤੀ ਮੰਤਰੀ ਦੀ ਇਹ ਪਹਿਲੀ ਪਾਕਿਸਤਾਨੀ ਫੇਰੀ ਹੋਵੇਗੀ। ਇਸ ਦੌਰਾਨ ਵਿਦੇਸ਼ ਮੰਤਰੀ ਐਸ. ਐਮ. ਕ੍ਰਿਸ਼ਨਾ ਨੇ ਵੀ ਪਾਕਿਸਤਾਨ ਪ੍ਰਤੀ ਸਜਰੀ ਪਹੁੰਚ ਅਪਨਾਉਣ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਵੀ ਕਿਹਾ ਹੈ ਕਿ ਮੁੰਬਈ ਹਮਲਿਆਂ ਸੰਬੰਧੀ ਜਾਂਚ ਦੇ ਮਾਮਲੇ ਵਿਚ ਪਾਕਿਸਤਾਨ ਜੇ ਕੋਈ ਵੀ ਸਾਰਥਕ ਕਦਮ ਚੁੱਕਦਾ ਹੈ ਤਾਂ ਇਸ ਨਾਲ ਦੋਹਾਂ ਮੁਲਕਾਂ ਦੇ ਸੰਬੰਧਾਂ ਦੇ ਮਾਮਲੇ ਵਿਚ ਹਾਂ-ਪੱਖੀ ਤਬਦੀਲੀ ਆਵੇਗੀ। ਇਹ ਗੱਲ ਵੀ ਯਾਦ ਕਰਨੀ ਬਣਦੀ ਹੈ ਕਿ ਭਾਰਤ ਨੇ ਮੁੰਬਈ ਹਮਲਿਆਂ ਤੋਂ ਪਿਛੋਂ ਦੋਨਾਂ ਮੁਲਕਾਂ ਵਿਚਕਾਰ ਚੱਲ ਰਹੀ ਅਮਨ-ਵਾਰਤਾ ਤੋੜ ਦਿੱਤੀ ਸੀ ਅਤੇ ਆਖਿਆ ਸੀ ਕਿ ਪਾਕਿਸਤਾਨ ਨਾਲ ਸਾਂਝੀ ਗੱਲਬਾਤ ਉਦੋਂ ਤਕ ਦੁਬਾਰਾ ਸ਼ੁਰੂ ਨਹੀਂ ਕੀਤੀ ਜਾ ਸਕਦੀ, ਜਦੋਂ ਤਕ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਕਟਹਿਰੇ ਵਿਚ ਖੜ੍ਹਾ ਨਹੀਂ ਕੀਤਾ ਜਾਂਦਾ। ਦੋਨਾਂ ਮੁਲਕਾਂ ਵਿਚਕਾਰ ਆਪਸੀ ਗੱਲਬਾਤ ਸ਼ੁਰੂ ਕਰਨ ਦਾ ਮਾਮਲਾ ਉਸ ਸਮੇਂ ਦੁਬਾਰਾ ਉਠਿਆ ਹੈ ਜਦੋਂ ਦੇਸ਼ ਵਿਚ, ਖਾਸ ਕਰਕੇ ਮਹਾਰਾਸ਼ਟਰ ਵਿਚ ਪਾਕਿਸਤਾਨੀ ਕ੍ਰਿਕਟ ਖਿਡਾਰੀਆਂ ਅਤੇ ਸ਼ਾਹਰੁਖ਼ ਖ਼ਾਨ ਜਿਹੇ ਐਕਟਰਾਂ ਦੇ ਖਿਲਾਫ਼ ਇਕ ਅੰਦੋਲਨ ਚੱਲ ਰਿਹਾ ਹੈ। ਸ਼ਿਵ ਸੈਨਾ ਅਤੇ ਰਾਜ ਠਾਕਰੇ ਦੀ ਅਗਵਾਈ ਵਾਲੀ ਮਨਸੇ ਵਲੋਂ ਇਕ-ਦੂਜੇ ਤੋਂ ਵਧ ਕੇ ਤਿੱਖੀ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਅਤੇ ਇਸ ਮੁੱਦੇ ਨੂੰ ਲੈ ਕੇ ਇਹ ਪਾਰਟੀਆਂ ਕਾਂਗਰਸ ਪਾਰਟੀ ਨਾਲ ਭਿੜ ਰਹੀਆਂ ਹਨ।

ਉਧਰ ਇੰਡੀਅਨ ਪ੍ਰੀਮੀਅਰ ਲੀਗ ਕ੍ਰਿਕਟ ਟੂਰਨਾਮੈਂਟ ਵਿਚ ਪਾਕਿਸਤਾਨੀ ਖਿਡਾਰੀਆਂ ਦੀ ਸ਼ਮੂਲੀਅਤ ਖ਼ਤਮ ਕਰਨ ਦੇ ਮੁੱਦੇ ਨੂੰ ਲੈ ਕੇ ਉਠੇ ਵਿਵਾਦ ਵਿਚ ਪ੍ਰਸਿਧ ਅਦਾਕਾਰ ਸ਼ਾਹਰੁਖ਼ ਖ਼ਾਨ ਵੀ ਘਿਰਿਆ ਵਿਖਾਈ ਦੇ ਰਿਹਾ ਹੈ। ਇਸ ਟੂਰਨਾਮੈਂਟ ਵਿਚ ਪਾਕਿਸਤਾਨੀ ਖਿਡਾਰੀਆਂ ਨੂੰ ਕਿਸੇ ਵੀ ਟੀਮ ਦੇ ਪ੍ਰਬੰਧਕਾਂ ਨੇ ਨਹੀਂ ਸੀ ਖਰੀਦਿਆ। ਇਸ ਕਾਰਨ ਸ਼ਾਹਰੁਖ਼ ਖ਼ਾਨ ਦਾ ਆਖਣਾ ਸੀ ਕਿ ਪਾਕਿਸਤਾਨੀ ਖਿਡਾਰੀ ਕਿਉਂਕਿ ਵਿਸ਼ਵ ਚੈਂਪੀਅਨ ਹਨ, ਇਸ ਲਈ ਉਨ੍ਹਾਂ ਨੂੰ ਇਸ ਟੂਰਨਾਮੈਂਟ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਸੀ। ਸ਼ਾਹਰੁਖ਼ ਖ਼ਾਨ ਦੇ ਇਸ ਬਿਆਨ ਨੂੰ ਲੈ ਕੇ ਸ਼ਿਵ ਸੈਨਾ ਨੇ ਉਸ ਦੀ ਫ਼ਿਲਮ 'ਮਾਈ ਨੇਮ ਇਜ਼ ਖ਼ਾਨ' ਖਿਲਾਫ਼ ਵਿਆਪਕ ਮੁਹਿੰਮ ਛੇੜ ਰੱਖੀ ਹੈ ਅਤੇ ਸਿਨਮਾ ਮਾਲਕਾਂ ਨੂੰ ਇਸ ਫ਼ਿਲਮ ਨੂੰ ਨਾ ਵਿਖਾਉਣ ਲਈ ਕਿਹਾ ਹੈ। ਫ਼ਿਲਮ ਦੇ ਪੋਸਟਰ ਪਾੜੇ ਜਾ ਰਹੇ ਹਨ। ਦੂਜੇ ਪਾਸੇ ਸ਼ਾਹਰੁਖ਼ ਖ਼ਾਨ ਦਾ ਆਖਣਾ ਹੈ ਕਿ ਉਨ੍ਹਾਂ ਇਹ ਬਿਆਨ ਠੀਕ ਦਿੱਤਾ ਹੈ ਅਤੇ ਅਗਾਂਹ ਵੀ ਉਹ ਇਸ 'ਤੇ ਖਲੋਤੇ ਰਹਿਣਗੇ। ਉਨ੍ਹਾਂ ਕਿਹਾ ਕਿ ਭਾਰਤੀ ਰਵਾਇਤ ਮਹਿਮਾਨਨਿਵਾਜ਼ੀ ਦੀ ਹੈ ਅਤੇ ਪਾਕਿਸਤਾਨੀ ਖਿਡਾਰੀਆਂ ਨਾਲ ਕੀਤਾ ਗਿਆ ਵਿਤਕਰਾ ਨਿੰਦਣਯੋਗ ਹੈ। ਸ਼ਾਹਰੁਖ ਨੇ ਕਿਹਾ ਕਿ ਮੇਰੇ ਬਿਆਨ ਨੂੰ ਲੈ ਕੇ ਮੇਰੀ ਫ਼ਿਲਮ ਖਿਲਾਫ਼ ਮੁਹਿੰਮ ਨਹੀਂ ਛੇੜੀ ਜਾਣੀ ਚਾਹੀਦੀ, ਕਿਉਂਕਿ ਇਸ ਫ਼ਿਲਮ ਵਿਚ ਮੈਥੋਂ ਇਲਾਵਾ ਹੋਰ ਕਲਾਕਾਰਾਂ ਨੇ ਵੀ ਕੰਮ ਕੀਤਾ ਹੈ। ਇਸੇ ਦਰਮਿਆਨ ਰਾਹੁਲ ਗਾਂਧੀ ਵੀ ਮਾਮਲੇ ਦੀ ਲਪੇਟ ਵਿਚ ਆ ਗਏ ਹਨ। ਉਨ੍ਹਾਂ ਪਿਛਲੇ ਦਿਨੀਂ ਆਖਿਆ ਸੀ ਕਿ ਮੁੰਬਈ ਸਾਰੇ ਭਾਰਤੀਆਂ ਦੀ ਹੈ ਅਤੇ ਭਾਰਤ ਦਾ ਕੋਈ ਵੀ ਬਾਸ਼ਿੰਦਾ, ਕਿਸੇ ਵੀ ਖੇਤਰ ਵਿਚ ਜਾ ਕੇ ਵਸ ਸਕਦਾ ਹੈ । ਰਾਹੁਲ ਗਾਂਧੀ ਦਾ ਜਵਾਬ ਦਿੰਦਿਆਂ ਬਾਲ ਠਾਕਰੇ ਨੇ ਆਖਿਆ ਕਿ ਮੁੰਬਈ ਰਾਹੁਲ ਗਾਂਧੀ ਦੀ ਇਟੈਲੀਅਨ ਮੰਮੀ ਦੀ ਨਹੀਂ ਹੈ। ਰਾਜ ਠਾਕਰੇ, ਬਾਲ ਠਾਕਰੇ ਤੋਂ ਵੀ ਇਕ ਕਦਮ ਅੱਗੇ ਨਿਕਲ ਗਿਆ ਅਤੇ ਉਸ ਨੇ ਕਿਹਾ ਕਿ ਜੇ ਉਨ੍ਹਾਂ ਨੂੰ ਮਹਾਰਾਸ਼ਟਰ ਨੂੰ ਦੇਸ਼ ਤੋਂ ਅਲੱਗ ਕਰਨਾ ਪਿਆ ਤਾਂ ਇਸ ਦੀ ਜ਼ਿੰਮੇਵਾਰੀ ਕੇਂਦਰ ਦੀ ਹੋਵੇਗੀ। ਇਹ ਵੀ ਦਿਲਚਸਪ ਗੱਲ ਹੈ ਕਿ ਜੇ ਇਹੋ ਗੱਲ ਪੰਜਾਬ ਵਿਚ ਕਿਸੇ ਸਿੱਖ ਆਗੂ ਵਲੋਂ ਕਹੀ ਗਈ ਹੁੰਦੀ ਤਾਂ ਸਾਰੀ ਸਿੱਖ ਕੌਮ ਨੂੰ ਝੱਟ ਵੱਖਵਾਦੀ ਕਰਾਰ ਦੇ ਦਿੱਤਾ ਜਾਣਾ ਸੀ। ਇਨ੍ਹਾਂ ਹਾਲਤ 'ਚ ਪਾਕਿਸਤਾਨ ਨਾਲ ਗੱਲਬਾਤ ਅੱਗੇ ਤੁਰ ਰਹੀ ਹੈ। ਜਾਪਦਾ ਹੈ ਕਿ ਕੱਟੜਪੰਥੀ ਤਾਕਤਾਂ ਵਲੋਂ ਕੀਤੀ ਜਾ ਰਹੀ ਦੇਸ਼ ਦੀ ਕੌਮਾਂਤਰੀ ਬਦਨਾਮੀ ਨੂੰ ਧੋਣ ਲਈ ਕੇਂਦਰ ਸਰਕਾਰ ਕੋਈ ਤਰੀਕਾ ਅਪਨਾਉਣਾ ਚਾਹੁੰਦੀ ਹੈ ਅਤੇ ਇਸ ਦਾ ਰਾਹ ਉਸ ਨੇ ਪਾਕਿਸਤਾਨ ਨਾਲ ਗੱਲਬਾਤ ਨੂੰ ਅੱਗੇ ਵਧਾਉਣ ਵਿਚ ਵੇਖਿਆ ਹੈ। ਇਹ ਗੱਲਬਾਤ ਲੱਗਦਾ ਹੈ ਇਕ ਪਾਸੇ ਅੰਦਰੂਨੀ ਰਾਜਨੀਤਕ ਦਬਾਅ ਅਤੇ ਦੂਜੇ ਪਾਸੇ ਕੌਮਾਤਰੀ ਰਣਨੀਤਕ ਸਥਿਤੀਆਂ ਦਾ ਸਿੱਟਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਿਪਰ ਦੀ ਇਕ ਹੋਰ ਚਾਲ!*

ਗੁਰੂ ਗ੍ਰੰਥ ਗੁਲਦਸਤਾ ਰੂਹਾਨੀਅਤ ਦਾ ਸਤਿ-ਸੰਤੋਖ ਦਾ ਭਰਿਆ ਇਹ ਥਾਲ ਆਇਆ।
ਬ੍ਰਹਮ ਗਿਆਨ ਦਾ ਏਹੋ ਵਿਸ਼ਾਲ ਸਾਗਰ ਟੁੱਭੀ ਮਾਰ ਜੱਗ ਲੱਭਦਾ ਲਾਲ ਆਇਆ।
ਮਾਨਸ ਜਾਤਿ ਦਾ ਕਰੇ ਕਲਿਆਣ ਬਾਣੀ ਜੁਦਾ ਹੋਣ ਦਾ ਕਾਸ ਤੋਂ ਖਿਆਲ ਆਇਆ?
ਇਸ਼ਟ ਜਿਨ੍ਹਾਂ ਨੇ ਦਿਲੋਂ ਇਹ ਧਾਰਿਆ ਏ ਉਨ੍ਹਾਂ ਵਾਸਤੇ ਕਹਿਰ ਭੁਚਾਲ ਆਇਆ।
ਤੋੜ ਸ਼ਬਦ ਤੋਂ ਨਾਲ ਬੁੱਤ-ਪੂਜਕਾਂ ਦੇ ਗੰਢਣ ਵਾਸਤੇ ਬਿਪਰ ਬੇਤਾਲ ਆਇਆ।
ਬੁੱਧੀ ਭ੍ਰਿਸ਼ਟ ਜਦ ਖਿੱਲੀਆਂ ਪਾਉਣ ਲੱਗੇ ਸਮਝ ਲਓ ਵਿਨਾਸ਼ ਦਾ ਕਾਲ ਆਇਆ!

# ਡਾਲਰਾਂ ਦੇ ਸੁਫਨਿਆਂ ਦੇ ਮਾਰੇ ਪੰਜਾਬੀ ਨੌਜਵਾਨ

*ਕ੍ਰਿਸਮਸ ਦੇ ਮੁਕੱਦਸ ਦਿਹਾੜੇ 'ਤੇ ਜਦੋਂ ਰਾਸਤਬਾਜ਼ੀ ਦੇ ਸੂਰਜ ਦੀ ਰੌਸ਼ਨੀ ਮਾਨਣ ਲਈ ਅਸੀਂ ਮਨੋਕਾਮਨਾ ਕਰਦੇ ਹਾਂ ਤਾਂ ਮੈਂ ਉਸ ਨੌਜਵਾਨ ਵਰਗ ਦੀ ਖੁਸ਼ਹਾਲੀ ਲਈ ਦੁਆ ਕਰਦਾ ਹਾਂ, ਜੋ ਯੋਰਪ ਦੀਆਂ ਮੰਡੀਆਂ ਵਿਚ ਰੁਜ਼ਗਾਰ ਦੀ ਭਾਲ ਵਿਚ ਦਰ-ਦਰ ਦੀਆਂ ਠੋਕਰਾਂ ਖਾ ਰਿਹਾ ਹੈ ਅਤੇ ਉਹ ਵਿਦਿਆਰਥੀ, ਖ਼ਾਸ ਤੌਰ 'ਤੇ ਮੇਰੇ ਪੰਜਾਬ ਦੀਆਂ ਲੜਕੀਆਂ, ਜੋ ਬਦੇਸ਼ੀ ਡਿਗਰੀਆਂ ਦੀ ਜਿਗਿਆਸਾ ਲੈ ਕੇ ਬਦੇਸ਼ੀ ਯੂਨੀਵਰਸਿਟੀਆਂ ਵਿਚ ਪੜ੍ਹਨ ਗਈਆਂ, ਵਕਤ ਦੀ ਗਰਦਸ਼ ਅਤੇ ਏਜੰਟਾਂ ਦੀ ਕਮੀਨਗੀ ਕਾਰਨ ਯੋਰਪੀਨ ਮਾਸ ਦੀਆਂ ਮੰਡੀਆਂ ਦਾ ਸ਼ਿਕਾਰ ਹੋਣ ਲਈ ਮਜਬੂਰ ਹੋ ਗਈਆਂ। ਉਹ ਨਾ ਘਰ ਪਰਤ ਸਕੀਆਂ ਅਤੇ ਨਾ ਹੀ ਉਹਨਾਂ ਦੇ ਬੇਵੱਸ ਮਾਂ-ਬਾਪ ਕੁਝ ਕਰ ਸਕੇ, ਕਿਉਂਕਿ ਸਾਡੀ ਸਰਕਾਰ ਖੁਦ ਠੱਗਾਂ ਦੀ ਟੋਲੀ ਹੈ।*

**ਡੇਵਿਡ ਐਲਿਨ ਲੌਂਗਫੈਲੋ**

ਆਸਟਰੇਲੀਅਨ ਸਰਕਾਰ ਦੀ ਸੂਝ ਤੋਂ ਸੱਖਣੀ ਬਿਆਨਬਾਜ਼ੀ ਵਿਚ ਬੇਸ਼ਰਮੀ ਜਾਂ ਢੀਠਤਾ ਦੀ ਹੱਦ ਤੋਂ ਟੱਪਿਆ ਕੋਝਾ ਮਜ਼ਾਕ ਹੈ, ਜਿਵੇਂ ਭਾਰਤੀ ਨੌਜਵਾਨ ਇਕ ਚੰਗੇ ਇਨਸਾਨ ਨਾ ਹੋ ਕੇ ਗੁਲਾਮ ਜਾਂ ਡੰਗਰ ਪਸ਼ੂ ਹੋਣ। ਆਸਟਰੇਲੀਅਨ ਉੱਪ-ਪ੍ਰਧਾਨ ਮੰਤਰੀ ਨੇ ਹਮਦਰਦੀ ਦੀ ਥਾਂ ਗੱਲ ਚੱਬਦਿਆਂ ਕਿਹਾ ਕਿ ਦੁਨੀਆਂ ਦੇ ਸਭ ਤੋਂ ਵੱਡੇ-ਵੱਡੇ ਸ਼ਹਿਰਾਂ ਵਿਚ ਹਿੰਸਾ ਦੇ ਸੰਗੀਨ ਅਪਰਾਧਾਂ ਵਿਚ ਵਾਧਾ ਸੁਭਾਵਕ ਹੈ, ਕਿਉਂਕਿ ਗੋਰੇ-ਕਾਲੇ ਦੀ ਨਫਰਤ ਦੀ ਅਸਹਿਣਸ਼ੀਲਤਾ ਅਪਰਾਧਾਂ ਪ੍ਰਤੀ ਉਤਸ਼ਾਹ ਦਾ ਮੁੱਖ ਕਾਰਨ ਹੈ। ਯੋਰਪੀਨ ਲੋਕਾਂ ਦੀ ਥਾਣੇਦਾਰੀ ਇਕ ਪਾਸੇ ਸ਼ਾਂਤੀ ਅਤੇ ਪਿਆਰ ਦੇ ਦਮਗਜਿਆਂ ਦੀ ਡੀਂਗ ਮਾਰਦੀ ਹੈ ਤੇ ਦੂਸਰੇ ਪਾਸੇ ਅਜਿਹੀ ਸਿਆਸੀ ਬੇਤੁਕੀ ਵਿਚੋਂ ਮੂਰਖਤਾ ਦੀ ਹਉਮੈ ਭਰੀ ਸੜ੍ਹਿਆਂਦ ਮਾਰਦੀ ਹੈ। ਹੀਣ ਭਾਵਨਾ ਦਾ ਉਲਟ ਉੱਚੀਆਂ ਭਾਵਨਾਵਾਂ ਦਾ ਰਾਜਨੀਤਕ ਅਫਰੇਵਾਂ।

ਇਹਨਾਂ ਹਾਲਾਤ ਵਿਚ ਸਾਡੇ ਨੌਜਵਾਨਾਂ ਲਈ ਨਾਕਾਬਲੇ ਇਤਬਾਰ ਤਰ੍ਹਾਂ ਦੀ ਹੋਛੀ ਨੀਚ ਇਸ਼ਤਿਹਾਰਬਾਜ਼ੀ ਵਿਚ ਨਾ ਫਸਣਾ ਜ਼ਰੂਰੀ ਹੋ ਗਿਆ ਹੈ। ਵਪਾਰ ਤੇ ਪੜ੍ਹਾਈ ਲਈ ਯੂਨੀਵਰਸਿਟੀਆਂ ਦੇ ਇਸ਼ਤਿਹਾਰ, ਰੁਜ਼ਗਾਰ ਦੇ ਮੌਕੇ ਆਦਿ, ਇਹ ਚਾਹੇ ਆਸਟਰੇਲੀਆ ਦੇ ਹੋਣ ਜਾਂ ਕਿਸੇ ਹੋਰ ਯੋਰਪੀਨ ਮੁਲਕ ਦੇ, ਇਹਨਾਂ ਦੀ ਚਮਕ-ਦਮਕ ਦਾ ਛਲਾਵਾ ਨੌਜਵਾਨਾਂ ਦੇ ਗਲੇ ਦਾ ਫੰਦਾ ਬਣਦਾ ਜਾ ਰਿਹਾ ਹੈ। ਡਾਲਰਾਂ ਦੀ ਚਕਾਚੌਂਧ ਵਿਚ ਕਈ ਭੰਗ ਦੇ ਭਾੜੇ ਇਸ ਦੁਨੀਆ ਤੋਂ ਚਲੇ ਗਏ, ਜਿਨ੍ਹਾਂ ਨੂੰ ਅਸੀਂ ਅਜਨਬੀਆਂ ਵਾਂਗ ਭੁੱਲ ਚੁੱਕੇ ਹਾਂ। ਆਸਟਰੇਲੀਆ ਵਿਚ ਇੱਕ ਹਫਤੇ ਵਿਚ ਦੋ ਪੰਜਾਬੀ ਨੌਜਵਾਨਾਂ ਦਾ ਕਤਲ ਕਿਸੇ ਭਿਆਨਕ ਸੰਕਟ ਦਾ ਸੰਦੇਸ਼ ਦਿੰਦਾ ਹੈ। ਇਸ ਤੋਂ ਪਹਿਲਾਂ ਕਈ ਵਾਰਦਾਤਾਂ ਹੋ ਚੁੱਕੀਆਂ ਹਨ। ਇੱਕ ਉੱਚ ਕੋਟੀ ਦਾ ਭਾਰਤੀ-ਮੁਸਲਮਾਨ ਡਾਕਟਰ ਸ਼ੱਕ ਦੇ ਘੇਰੇ ਵਿਚ ਆ ਗਿਆ। ਜੇਕਰ ਵਾਰਦਾਤ ਰੰਗੀਨ ਹੋ ਕੇ ਸਿਆਸੀ ਰੰਗ ਨਾ ਫੜਦੀ ਤਾਂ ਉਹਨਾਂ ਨੇ ਭਾਰਤੀ ਡਾਕਟਰ ਨੂੰ ਵੀ ਪਾਰ ਬੁਲਾ ਦੇਣਾ ਸੀ। ਵਾਪਰ ਰਹੇ ਦੁਖਾਂਤਾਂ ਤੋਂ ਇਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਆਸਟਰੇਲੀਆ ਵਿਚ ਚਾਹੇ ਡਾਲਰਾਂ ਦੀ ਕਮਾਈ ਦਾ ਝਲਕਾਰਾ ਮੋਹਿਤ ਕਰਦਾ ਹੋਵੇ, ਪਰ ਭਵਿੱਖ ਅਨਿਸ਼ਚਿਤ ਹੈ।

ਮੈਂ ਯੋਰਪੀਨ ਅੱਤਵਾਦ ਜਾਂ ਸਕਿੰਨ-ਹੈੱਡ ਦੇ ਸੰਦਰਭ ਵਿਚ ਕਈ ਕਿਤਾਬਾਂ ਬਾਹਰੋਂ ਮੰਗਵਾ ਕੇ ਪੜ੍ਹੀਆ ਹਨ। ਉਨ੍ਹਾਂ ਵਿਚ ਨਫਰਤ ਦਾ ਮੁੱਖ ਕਾਰਨ ਸਿਰਫ ਚਮੜੀ ਦਾ ਰੰਗ ਹੈ। ਜਦੋਂ ਕਦੇ ਵੀ ਅਜਿਹੇ ਲੋਕਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਤਾਂ ਇਹੋ ਤੱਤ ਸਾਹਮਣੇ ਆਉਂਦੇ ਹਨ ਕਿ ''ਮੈਨੂੰ ਕਾਲੀ ਚਮੜੀ ਚੰਗੀ ਨਹੀਂ ਲੱਗਦੀ। ਕਾਲੀ ਚਮੜੀ ਨਫਰਤ ਉਤੇਜਤ ਕਰਦੀ ਹੈ ਅਤੇ ਉੱਬਲਦੀ ਨਫਰਤ ਜਾਨੋਂ ਮਾਰਨ ਤੱਕ ਮਜਬੂਰ ਕਰਦੀ ਹੈ।''

ਇਕ ਗੱਲ ਤਾਂ ਉਪ੍ਰੋਕਤ ਪ੍ਰਸੰਗ ਤੋਂ ਸਪੱਸ਼ਟ ਹੋ ਜਾਂਦੀ ਹੈ ਕਿ ਅਫਰੀਕਾ ਵਿਚ ਨਸਲਵਾਦ ਪੈਦਾ ਕਰਨ ਵਾਲੇ ਯੋਰਪ ਦੇ ਲੋਕਾਂ ਦੀ ਦਿਮਾਗੀ ਸਿਹਤ ਦਿਨ-ਪ੍ਰਤੀ ਦਿਨ ਵਿਗੜ ਰਹੀ ਹੈ। ਸ਼ਾਂਤੀ ਅਤੇ ਪਿਆਰ ਦੇ ਮਿਸ਼ਨਰੀ ਭੇਜਣ ਵਾਲੇ ਇਹ ਲੋਕ ਕਰੋੜਾਂ ਰੁਪਿਆ ਖਰਚ ਕਰ ਕੇ ਵੀ ਕਪਟ ਵਿੱਦਿਆ ਦਾ ਦਿਖਾਵਾ ਕਰਦੇ ਹਨ। ਕਬੀਰ ਸਾਹਿਬ ਅਜਿਹੇ ਲੋਕਾਂ ਦੀਆਂ ਕਰਤੂਤਾਂ ਨੂੰ ਨੰਗਾ ਕਰਦਿਆਂ ਲਿਖਦੇ ਹਨ;

ਪੰਡਤ ਔਰ ਮਿਸ਼ਾਲਚੀ, ਦੋਨੋਂ ਸੂਝੇ ਨਾ
ਔਰਨ ਕੋ ਕਰ ਚਾਂਦਨਾ ਆਪ ਹਨੇਰੇ ਮਾ।

ਕੀਨੀਆ ਦੇ ਪ੍ਰਸਿੱਧ ਆਜ਼ਾਦੀ ਘੁਲਾਟੀਏ ਜੋਮੀਓ ਕਨਿਆਟਾ ਨੇ ਇੱਕ ਵਾਰ ਕਿਹਾ ਸੀ ਕਿ ਅਫਰੀਕਾ ਵਿਚ ਹਜ਼ਾਰਾਂ ਗੋਰੇ ਹੱਥ ਵਿਚ ਸਿਰਫ਼ ਬਾਈਬਲ ਫੜ ਕੇ ਖ਼ਾਲੀ ਆਏ ਸਨ। ਸਮਾਂ ਪੈਣ 'ਤੇ ਉਹਨਾਂ ਨੇ ਬਾਈਬਲ ਅਫਰੀਕਨ ਲੋਕਾਂ ਦੇ ਹੱਥ ਫੜਾ ਦਿੱਤੀ ਤੇ ਆਪ ਹਜਾਰਾਂ ਏਕੜ ਜ਼ਮੀਨ ਦੇ ਮਾਲਕ ਬਣ ਬੈਠੇ, ਜਿਸ ਦੀ ਸਾਰੀ ਆਮਦਨ ਉਹ ਆਪਣੇ ਦੇਸ਼ ਭੇਜਦੇ ਰਹੇ। ਕੁਰਬਾਨੀ ਦੇ ਪੁਤਲੇ, ਪੁੰਜ ਅਤੇ ਆਦਰਸ਼ ਸਿਰਫ ਹਿੰਦੋਸਤਾਨੀ ਰਹੇ ਹਨ, ਜਿਨ੍ਹਾਂ ਦੇ ਖ਼ੂਨ ਵਿਚ ਅਪਣੱਤ ਦੀ ਸਾਂਝ, ਰੱਬ ਦਾ ਡਰ, ਮਿੱਟੀ ਦਾ ਮੋਹ ਅਤੇ ਹੋਰਨਾਂ ਪ੍ਰਤੀ ਸ਼ਰਧਾ ਜਾਂ ਹਮਦਰਦੀ ਹੈ, ਜੋ ਮਹਿਮਾਨ ਨੂੰ ਵੀ ਰੱਬ ਦਾ ਰੂਪ ਸਮਝ ਕੇ ਆਪਣੀ ਜਾਨ ਤੱਕ ਨਿਛਾਵਰ ਕਰ ਦਿੰਦੇ ਹਨ।

ਯੋਰਪ ਸਿਰਫ ਚਮਕ-ਦਮਕ ਦਾ ਹੁਜਰਾ, ਸ਼ਰਾਬ ਦਾ ਮਹਿਖਾਨਾ, ਨਾਚਘਰ, ਜੂਏਖਾਨਾ ਅਤੇ ਚੱਕਲਿਆਂ ਦੇ ਸ਼ਹਿਰਾਂ ਦਾ ਸਮੂਹ ਹੈ, ਜਦੋਂਕਿ ਸਾਡਾ ਦੇਸ਼ ਪਰੀਆਂ ਦਾ ਨਖਲਿਸਤਾਨ, ਭੂਤ-ਨਿਵਾਜ਼, ਬਾਬਿਆਂ ਦਾ ਕੁੰਭ-ਨਿਵਾਸ ਹੈ, ਜਿੱਥੇ ਅੰਮ੍ਰਿਤ-ਕਲਸ ਦੀ ਇਸ਼ਤਿਹਾਰੀ ਮਸ਼ਹੂਰੀ ਕੀਤੀ ਜਾਂਦੀ ਹੈ, ਪਰ ਪੀਣ ਨੂੰ ਮਿਲਾਵਟੀ ਜ਼ਹਿਰ ਹੀ ਨਸੀਬ ਹੁੰਦਾ ਹੈ। ਸਵਾਮੀ ਵਿਵੇਕਾਨੰਦ ਨੇ ਵਰਲਡ ਪਾਰਲੀਮੈਂਟ ਆਫ਼ ਰਿਲੀਜ਼ਨ ਵਿਚ ਵਿਅੰਗ ਕੱਸਦਿਆਂ ਯੋਰਪੀਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ, ''ਤੁਹਾਡੇ ਪੁਰਖੇ ਅਥਵਾ ਵੱਡੇ ਵਡੇਰੇ ਜੰਗਲਾਂ ਵਿਚ ਅਸੱਭਿਆ ਘੁੰਮਦੇ ਸਨ, ਜਦੋਂਕਿ ਸਾਡੇ ਪੁਰਖੇ ਉੱਚ-ਕੋਟੀ ਦੀ ਸੱਭਿਅਤਾ ਹਾਸਲ ਕਰ ਚੁੱਕੇ ਸਨ।'' ਅਸੀਂ ਸੱਭਿਅਤਾ ਦੇ ਸਾਰੇ ਸਿਧਾਂਤ ਛਿੱਕੇ ਟੰਗ ਕੇ ਸਿਰਫ ਨਕਲਚੀ ਬਣ ਗਏ, ਫੁੱਟ ਘਰ ਕਰ ਗਈ, ਬੇਈਮਾਨੀ ਆ ਵੱਸੀ ਤੇ ਨਤੀਜਾ ਗ਼ੁਲਾਮੀ, ਗ਼ੈਰਾਂ ਦੀ ਪ੍ਰਸੰਸਾਂ ਤੇ ਆਪਣਿਆਂ ਨਾਲ ਅਸਹਿ ਨਫਰਤ ਦੇ ਰੂਪ ਵਿਚ ਨਿਕਲਿਆ।



ਹੁਣੇ-ਹੁਣੇ ਦੁਬਈ ਤੋਂ ਪਰਤੇ ਕੁਝ ਕਿਰਤੀ-ਕਾਮਿਆਂ ਦੇ ਬਿਆਨ ਸਥਿਤੀ ਨੂੰ ਸਪੱਸ਼ਟ ਕਰ ਕੇ ਕੁਝ ਸੋਚਣ ਲਈ ਮਜਬੂਰ ਕਰਦੇ ਹਨ। ਕਈਆਂ ਨੇ ਘਰੇਲੂ ਆਮਦਨ ਦਾ ਵਸੀਲਾ ਬਣੀ ਥੋੜ੍ਹੀ ਜਿਹੀ ਜ਼ਮੀਨ ਕੌਡੀਆਂ ਦੇ ਭਾਅ ਵੇਚ ਕੇ ਏਜੰਟਾਂ ਦੀ ਝੋਲੀ ਪਾ ਦਿੱਤੀ ਤੇ ਜ਼ਿਆਦਾ ਕਮਾਉਣ ਦੀ ਲਾਲਸਾ ਉਹਨਾਂ ਨੇ ਬੁਰੀ ਤਰ੍ਹਾਂ ਲੈ ਡੁੱਬੀ। ਇੱਕ ਭਾਰਤੀ ਮੁਸਲਮਾਨ ਮਜ਼ਦੂਰ ਦਾ ਕਹਿਣਾ ਹੈ ਕਿ ਬਾਹਰ ਨਾਲੋਂ ਘਰ ਦੀ ਅੱਧੀ ਖਾਣੀ ਹੀ ਬਿਹਤਰ ਹੈ। ਕ੍ਰਿਸਮਸ ਦੇ ਮੁਕੱਦਸ ਦਿਹਾੜੇ 'ਤੇ ਜਦੋਂ ਰਾਸਤਬਾਜ਼ੀ ਦੇ ਸੂਰਜ ਦੀ ਰੌਸ਼ਨੀ ਮਾਨਣ ਲਈ ਅਸੀਂ ਮਨੋਕਾਮਨਾ ਕਰਦੇ ਹਾਂ ਤਾਂ ਮੈਂ ਉਸ ਨੌਜਵਾਨ ਵਰਗ ਦੀ ਖੁਸ਼ਹਾਲੀ ਲਈ ਦੁਆ ਕਰਦਾ ਹਾਂ, ਜੋ ਯੋਰਪ ਦੀਆਂ ਮੰਡੀਆਂ ਵਿਚ ਰੁਜ਼ਗਾਰ ਦੀ ਭਾਲ ਵਿਚ ਦਰ-ਦਰ ਦੀਆਂ ਠੋਕਰਾਂ ਖਾ ਰਿਹਾ ਹੈ ਅਤੇ ਉਹ ਵਿਦਿਆਰਥੀ, ਖ਼ਾਸ ਤੌਰ 'ਤੇ ਮੇਰੇ ਪੰਜਾਬ ਦੀਆਂ ਲੜਕੀਆਂ, ਜੋ ਬਦੇਸ਼ੀ ਡਿਗਰੀਆਂ ਦੀ ਜਿਗਿਆਸਾ ਲੈ ਕੇ ਬਦੇਸ਼ੀ ਯੂਨੀਵਰਸਿਟੀਆਂ ਵਿਚ ਪੜ੍ਹਨ ਗਈਆਂ, ਵਕਤ ਦੀ ਗਰਦਸ਼ ਅਤੇ ਏਜੰਟਾਂ ਦੀ ਕਮੀਨਗੀ ਕਾਰਨ ਯੋਰਪੀਨ ਮਾਸ ਦੀਆਂ ਮੰਡੀਆਂ ਦਾ ਸ਼ਿਕਾਰ ਹੋਣ ਲਈ ਮਜਬੂਰ ਹੋ ਗਈਆਂ। ਉਹ ਨਾ ਘਰ ਪਰਤ ਸਕੀਆਂ ਅਤੇ ਨਾ ਹੀ ਉਹਨਾਂ ਦੇ ਬੇਵੱਸ ਮਾਂ-ਬਾਪ ਕੁਝ ਕਰ ਸਕੇ, ਕਿਉਂਕਿ ਸਾਡੀ ਸਰਕਾਰ ਖੁਦ ਠੱਗਾਂ ਦੀ ਟੋਲੀ ਹੈ। ਕਿਸੇ ਦੀ ਵਿਅਕਤੀਗਤ ਦੁਆ ਕਿਸੇ ਧਰਮ-ਫ਼ਿਰਕੇ ਜਾਂ ਸੰਪਰਦਾਇ ਦੀ ਮਲਕੀਅਤ ਨਹੀਂ, ਸਗੋਂ ਤੜਫਦੇ ਕਲੇਜੇ ਵਿਚੋਂ ਨਿਕਲੀ ਇੱਕ ਦਰਦਨਾਕ ਹੂਕ ਹੈ। ਦੁਆ ਤਾਂ ਕਾਮਰੇਡ ਵੀ ਕਰਦੇ ਹਨ, ਜੋ ਸ਼ੁੱਭ ਇੱਛਾਵਾਂ ਦੇ ਭੁਲਾਂਦਰੇ ਹੇਠ ਦੁਖੀ ਹਿਰਦਿਆਂ ਲਈ ਮਰਹਮ ਦਾ ਕੰਮ ਕਰਦੀ ਹੈ।

ਮੇਰੀ ਚਿਰੋਕਣੀ ਤਮੰਨਾ ਰਹੀ ਹੈ ਕਿ ਮੈਂ ਸੰਘਰਸ਼ ਵਿੱਢ ਕੇ ਨੌਜਵਾਨ ਮਾਸੂਮ ਵਰਗ ਲਈ ਕੁਝ ਕਰ ਸਕਾਂ। ਉਮਰਾਂ ਦੀ ਚੰਦਰੀ ਦੀਮਕ ਨੇ ਮੇਰੇ ਹੱਡ ਅਜਿਹੇ ਖੋਖਲੇ ਕਰ ਦਿੱਤੇ ਹਨ ਕਿ ਬੀਮਾਰੀ ਦੀ ਹਾਲਤ ਵਿਚ ਮੈਂ ਕਈ ਵਾਰ ਮੌਤ ਮੰਗਣ ਲਈ ਮਜਬੂਰ ਹੋ ਜਾਂਦਾ ਹਾਂ। ਕ੍ਰਿਸਮਸ ਦਾ ਸੁੱਚਾ ਸੰਦੇਸ਼ ਵੀ ਇਹੋ ਹੈ ਕਿ ਜਿੱਥੋਂ ਤੱਕ ਹੋ ਸਕੇ, ਲੋੜਵੰਦਾਂ ਅਤੇ ਗ਼ਰੀਬਾਂ ਦੇ ਕੰਮ ਆਓ। ਦੁਖੀਆਂ ਦਾ ਦੁੱਖ ਵੰਡੋ। ਇਸ ਧਰਤੀ 'ਤੇ ਦੁੱਖ-ਦਰਦ ਦਲਿੱਦਰ ਨਾਂਅ ਦੀ ਕੋਈ ਚੀਜ਼ ਨਾ ਬਚੇ।

ਅਸੀਂ ਜੋ ਕਾਮਨਾਵਾਂ ਪੰਜਾਬ ਦੀਆਂ ਬੇਟੀਆਂ ਲਈ ਕਰਦੇ ਹਾਂ, ਉਹ ਵੀ ਸੱਤ ਸਮੁੰਦਰੋਂ ਪਾਰ ਬੈਠੀਆਂ ਹਨ, ਇੱਕ ਪ੍ਰਾਪਤੀ ਲਈ, ਇਕ ਖੋਜ ਲਈ। ਕਾਸ਼! ਅਜਿਹਾ ਹੋ ਸਕਦਾ। ਨੌਜਵਾਨ ਵਰਗ ਲਈ ਮੇਰੀਆਂ ਕੋਟਿ-ਕੋਟਿ ਸ਼ੁੱਭ ਕਾਮਨਾਵਾਂ ਤੋਂ ਬਾਅਦ ਮੈਂ ਪ੍ਰਸੰਗ ਦੇ ਸਿਰਲੇਖ ਵੱਲ ਮੋੜਾ ਖਾਂਦਾ ਹਾਂ। ਇਹ ਉਦਾਹਰਣਾਂ ਮੈਂ ਬਦੇਸ਼ੀ ਅਤੇ ਦੇਸੀ ਮੀਡੀਆ ਰਾਹੀਂ ਪੜ੍ਹੀਆਂ ਹਨ। ਇਸਤੋਂ ਇਲਾਵਾ ਮੇਰੇ ਸ਼ਹਿਰ ਦਾ ਕੋਈ ਨਾ ਕੋਈ ਵਪਾਰੀ ਯੋਰਪ ਵਿਚ ਤੁਰਿਆ ਹੀ ਰਹਿੰਦਾ ਹੈ। ਅੱਖੀਂ ਡਿੱਠੇ ਦੁਖਾਂਤ 'ਤੇ ਸ਼ੱਕ ਕਰਨਾ ਨਿਰੀ-ਪੁਰੀ ਨਾ ਸਮਝੀ ਹੋ ਹੋਵੇਗੀ। ਹਰ ਰੋਜ਼ ਅਸੀਂ ਧੋਖੇਬਾਜ਼ੀ ਦੇ ਹਜ਼ਾਰਾਂ ਦੀ ਕੇਸ ਪੜ੍ਹਦੇ ਹਾਂ ਕਿ ਕਿਵੇਂ ਪੰਜਾਬੀ ਨੌਜਵਾਨ ਧੋਖੇ ਦਾ ਸ਼ਿਕਾਰ ਹੋਕੇ ਬਦੇਸ਼ਾਂ ਦੀਆਂ ਜੇਲ੍ਹਾਂ ਵਿੱਚ ਸੜਨ ਲਈ ਬੇਵੱਸ ਹੋ ਜਾਂਦੇ ਹਨ। ਫਿਰ ਵੀ ਉਹ ਬਦੇਸ਼ਾਂ ਵਿਚ ਜਾਣ ਦਾ ਫ਼ਤੂਰ ਨਹੀਂ ਛੱਡਦੇ। ਸੱਚ ਤਾਂ ਇਹ ਹੈ ਕਿ ਬਾਦਲ ਸਾਹਿਬ ਦੇ ਕਈ ਅਕਾਲੀ ਚਹੇਤੇ ਧੋਖੇਬਾਜ਼ ਟਰੈਵਲ ਏਜੰਟਾਂ ਨਾਲ ਘਿਓ-ਖਿਚੜੀ ਹਨ। ਧੋਖੇਬਾਜ਼ ਟਰੈਵਲ ਏਜੰਟਾਂ ਦੀ ਵਧ ਰਹੀ ਫੌਜ ਨੂੰ ਨੱਥ ਪਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਕਨੂੰਨ ਬਣਾ ਕੇ ਨੌਜਵਾਨ ਵਰਗ ਦੀ ਰਾਖੀ ਕਰੇ। ਰੁਜ਼ਗਾਰ ਦੇ ਅਵਸਰ ਘੱਟ ਹੋਣ ਕਰਕੇ ਅਤੇ ਮਹਿੰਗਾਈ ਦੇ ਬੇਤੁਕੇ ਵਾਧੇ ਕਾਰਨ ਨੌਜਵਾਨਾਂ ਵਿਚ ਬਾਹਰ ਜਾਣ ਦੀ ਲਾਲਸਾ ਦਿਨ ਪ੍ਰਤੀ ਦਿਨ ਵਧੇਗੀ। ਭਾਰਤ ਯੋਰਪ ਦੀ ਤਰ੍ਹਾਂ ਖੁਸ਼ਹਾਲ ਹੋ ਸਕਦਾ ਹੈ, ਜੇ ਇਸਨੂੰ ਸੂਦਖੋਰ ਬਾਣੀਆਂ ਅਤੇ ਲੋਟੂ ਸਿਆਸਤਦਾਨਾਂ ਦੇ ਹੱਥੋਂ ਆਜ਼ਾਦ ਕਰਵਾ ਲਿਆ ਜਾਵੇ।

ਮਾਲਟਾ ਦੁਖਾਂਤ ਸਾਡੇ ਸਭ ਦੇ ਸਾਹਮਣੇ ਹੈ। ਬਦੇਸ਼ਾਂ ਵਿਚ ਨੌਕਰੀ ਕਰਨ ਦੇ ਮਾਇਆਜਾਲ ਦਾ ਗੋਰਖਧੰਦਾ ਇਕ ਗਿਣੀ ਮਿੱਥੀ ਸਾਜ਼ਿਸ਼ ਅਧੀਨ ਸ਼ੁਰੂ ਹੁੰਦਾ ਹੈ। ਆਮ ਆਦਮੀ ਨੂੰ ਇਸ ਦੀ ਕੋਈ ਸਮਝ ਨਹੀਂ ਪੈਂਦੀ। ਭੇਜਣ ਦਾ ਝਾਂਸਾ ਜਰਮਨ ਦਾ ਦਿੱਤਾ ਜਾਂਦਾ ਹੈ, ਪਰ ਜਾਣ ਵਾਲਾ ਸਿੰਘਾਪੁਰ ਦੇ ਹੋਟਲਾਂ ਵਿਚ ਭਾਂਡੇ ਮਾਂਜਦਾ ਹੈ। ਕਿਉਂ ਨੌਜਵਾਨ ਵਰਗ ਜਾਣ ਤੋਂ ਪਹਿਲਾਂ ਵਿਵੇਕਸ਼ੀਲ ਹੋ ਕੇ ਤੱਥਾਂ ਨੂੰ ਜਾਣਨ ਦੀ ਕੋਸ਼ਿਸ਼ ਨਹੀਂ ਕਰਦਾ ?

ਸਾਡੇ ਦੇਸ਼ ਵਿਚ ਫੈਲਿਆ ਭ੍ਰਿਸ਼ਟਾਚਾਰ, ਸਿਆਸੀ ਬੰਧੂ-ਪੋਸ਼ਣ ਰੋਜ਼ਗਾਰ ਦੇ ਅਵਸਰਾਂ ਦਾ ਅਜਿਹਾ ਸ਼ੋਸ਼ਣ ਕਰਦਾ ਹੈ ਕਿ ਚਪੜਾਸੀ ਦੀ ਨੌਕਰੀ ਲੈਣ ਲਈ ਵੀ ਰਿਸ਼ਵਤ ਦੇ ਨੋਟਾਂ ਦੇ ਨਾਲ ਸਿਫਾਰਸ਼ ਦੀ ਵੀ ਲੋੜ ਪੈਂਦੀ ਹੈ। ਸਿਰਫ਼ ਵਿਧਾਇਕਾਂ ਦੇ ਰਿਸ਼ਤੇਦਾਰ ਹੀ ਨੌਕਰੀਆਂ ਲਈ ਯੋਗ ਉਮੀਦਵਾਰ ਸਮਝੇ ਜਾਂਦੇ ਹਨ। ਅਜਿਹਾ ਕਿਉਂ? ਹਾਈ ਕੋਰਟ ਦੇ ਇੱਕ ਕਥਿਤ ਜੱਜ ਦੀ ਬੇਟੀ ਬੀ ਏ ਦੀ ਕੰਪਾਰਟਮੈਂਟ ਕਲੀਅਰ ਕਰ ਨਹੀਂ ਸੀ ਸਕੀ ਤੇ ਪੀ ਸੀ ਐੱਸ ਲਈ ਸਿਲੈਕਟ ਹੋ ਗਈ ਸੀ। ਮੀਡੀਆ ਨੇ ਮਸਲਾ ਉਠਾਇਆ, ਪਰ ਟਾਏਂ-ਟਾਏਂ ਫਿਸ਼, 'ਤੂੰ ਮੇਰੇ ਐਬ ਛੁਪਾ ਅਤੇ ਮੈਂ ਤੇਰੇ ਦੇ ਅਧਾਰ 'ਤੇ ਗਲ ਵੱਟੇ ਖਾਤੇ ਪੈ ਗਈ। ਜ਼ਿਆਦਾਤਰ ਟਰੈਵਲ ਏਜੰਟਾਂ ਦੇ ਠੱਗੀ ਦੇ ਦਫਤਰ ਜਲੰਧਰ ਜਾਂ ਚੰਡੀਗੜ੍ਹ ਵਿਖੇ ਹਨ। ਇਹ ਭਾਵੇਂ ਕਰੋੜਾਂ ਰੁਪਏ ਦੀ ਠੱਗੀ ਮਾਰ ਜਾਣ, ਪਰ ਅੱਜ ਤੱਕ ਜੇਲ੍ਹ ਜਾਂਦਾ ਕੋਈ ਵੀ ਨਹੀਂ ਦੇਖਿਆ। ਕਈ ਵਾਰ ਨੌਜਵਾਨ ਹੈਰਾਨੀਜਨਕ ਤਰਸ ਭਰੀ ਸਥਿਤੀ ਵਿਚੋਂ ਗੁਜ਼ਰਦੇ ਹਨ, ਪਰ ਸਬਕ ਫਿਰ ਵੀ ਨਹੀਂ ਸਿੱਖਦੇ।

# ਕਿੰਨੀ ਕੁ ਜਾਇਜ਼ ਹੈ ਜੰਮੂ-ਕਸ਼ਮੀਰ ਵਾਸਤੇ ਰਾਇਸ਼ੁਮਾਰੀ ਦੀ ਮੰਗ

**ਗੋਪਾਲ ਸੱਚਰ**


ਕਸ਼ਮੀਰ ਦੇ ਨੇਤਾ ਸਵ: ਸ਼ੇਖ ਮੁਹੰਮਦ ਅਬਦੁੱਲਾ ਨੇ 1975 'ਚ ਦੁਬਾਰਾ ਸੱਤਾ ਸੰਭਾਲਣ ਤੋਂ ਬਾਅਦ ਭਾਵੇਂ ਆਪਣੇ ਸੰਗਠਨ ਮਹਾਜ ਰਾਇਸ਼ੁਮਾਰੀ ਨੂੰ ਦਫਨਾ ਦਿੱਤਾ ਸੀ ਪਰ ਕੁਝ ਤੱਤਾਂ ਵਲੋਂ ਸੂਬੇ ਦੇ ਭਵਿੱਖ ਦੇ ਅੰਤਿਮ ਫ਼ੈਸਲੇ ਲਈ ਰਾਇਸ਼ੁਮਾਰੀ ਕਰਵਾਉਣ ਦੇ ਨਾਅਰੇ ਅੱਜ ਵੀ ਲਗਾਏ ਜਾ ਰਹੇ ਹਨ, ਜਿਸ ਲਈ ਅੰਤਰਰਾਸ਼ਟਰੀ ਸੰਸਥਾ ਸੁਰੱਖਿਆ ਪ੍ਰੀਸ਼ਦ ਨੂੰ 5 ਜਨਵਰੀ 1949 ਦੇ ਪ੍ਰਸਤਾਵ ਦਾ ਹਵਾਲਾ ਦਿੱਤਾ ਜਾ ਰਿਹਾ ਹੈ। ਅਜਿਹੇ ਨਾਅਰੇ ਲਗਾਉਣ ਵਾਲਿਆਂ 'ਚ ਪਾਕਿਸਤਾਨ ਸਮਰਥਕ ਤੱਤ ਸਭ ਤੋਂ ਅੱਗੇ ਦਿਖਾਈ ਦੇ ਰਹੇ ਹਨ। ਪਰ ਕਾਨੂੰਨੀ ਮਾਹਿਰਾਂ ਅਨੁਸਾਰ ਸੁਤੰਤਰਤਾ ਨਾਲ ਸੰਬੰਧਿਤ ਬ੍ਰਿਟਿਸ਼ ਇੰਡੀਆ ਐਕਟ 1935 ਤਹਿਤ ਭਾਰਤ ਦੇ 550 ਤੋਂ ਵਧੇਰੇ ਸੂਬਿਆਂ ਦੇ ਰਾਜਿਆਂ ਤੇ ਨਵਾਬਾਂ ਨੂੰ ਇਹ ਅਧਿਕਾਰ ਪ੍ਰਾਪਤ ਸੀ ਕਿ ਦੇਸ਼ ਦੇ ਬਟਵਾਰੇ ਤੋਂ ਬਾਅਦ ਉਹ ਭਾਰਤ ਜਾਂ ਫਿਰ ਵਜੂਦ 'ਚ ਆਉਣ ਵਾਲੇ ਨਵੇਂ ਰਾਜ ਪਾਕਿਸਤਾਨ ਨਾਲ ਸਥਿਤੀ ਅਨੁਸਾਰ ਆਪਣੀ ਵਿਲੀਨਤਾ ਕਰ ਸਕਦੇ ਹਨ ਜਾਂ ਫਿਰ ਕੋਈ ਸੁਤੰਤਰ ਵੀ ਰਹਿ ਸਕਦਾ ਹੈ।

ਅਗਸਤ 1947 ਵਿਚ ਭਾਰਤ ਦੀ ਫਿਰਕੂ ਵੰਡ ਤੋਂ ਬਾਅਦ ਜੰਮੂ-ਕਸ਼ਮੀਰ ਦੇ ਮਹਾਰਾਜਾ ਹਰੀ ਸਿੰਘ ਨੂੰ ਆਪਣੇ ਸੂਬੇ ਦੇ ਭਵਿੱਖ ਦਾ ਜਲਦੀ ਕੋਈ ਫ਼ੈਸਲਾ ਕਰਨ ਦੀ ਰਾਹ 'ਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਣਾ ਸੀ। ਆਖਿਰ ਉਹ ਕੋਈ ਫੈਸਲਾ ਕਰਨ ਤੋਂ ਪਹਿਲਾਂ ਕੁਝ ਸਮੇਂ ਲਈ ਭਾਰਤ ਤੇ ਪਾਕਿਸਤਾਨ ਨਾਲ ਜਿਉਂ ਦੀ ਤਿਉਂ ਸਥਿਤੀ ਬਣਾਈ ਰੱਖਣਾ ਚਾਹੁੰਦੇ ਸਨ ਪਰ ਪਾਕਿਸਤਾਨ ਨੇ ਇਸਨੂੰ ਮੰਨਣ ਤੋਂ ਬਾਅਦ ਵੀ ਇਸ ਸੂਬੇ ਨੂੰ ਜ਼ਬਰਦਸਤੀ ਹਥਿਆਉਣ ਲਈ ਕਬਾਇਲੀਆਂ ਦੀ ਸਹਾਇਤਾ ਨਾਲ ਹਮਲਾ ਕਰ ਦਿੱਤਾ, ਜਿਸ ਦਾ ਸੂਬੇ ਦੇ ਲੋਕਾਂ ਨੇ ਵਿਰੋਧ ਕੀਤਾ ਪਰ ਹਮਲਾ ਇੰਨਾ ਵੱਡਾ ਸੀ ਕਿ ਮਹਾਰਾਜਾ ਸਾਹਮਣੇ ਭਾਰਤ 'ਚ ਰਲਣ ਤੋਂ ਬਗੈਰ ਕੋਈ ਰਸਤਾ ਨਹੀਂ ਬਚਿਆ ਸੀ, ਕਿਉਂਕਿ ਭਾਰਤ ਸਰਕਾਰ ਉਸੇ ਸਥਿਤੀ 'ਚ ਆਪਣੀ ਫ਼ੌਜ ਇਸ ਸੂਬੇ 'ਚ ਭੇਜ ਸਕਦੀ ਸੀ, ਜਦੋਂ ਇਸ ਦਾ ਰਲੇਵਾਂ ਭਾਰਤ ਨਾਲ ਕੀਤਾ ਜਾਂਦਾ। ਆਖਿਰ ਮਹਾਰਾਜਾ ਹਰੀ ਸਿੰਘ ਨੇ ਸੂਬੇ ਦੇ ਕਈ ਵੱਡੇ ਨੇਤਾਵਾਂ ਦੇ ਕਹਿਣ 'ਤੇ ਫਿਰਕੂ ਆਧਾਰ 'ਤੇ ਬਣਾਏ ਗਏ ਨਵੇਂ ਸੂਬੇ ਪਾਕਿਸਤਾਨ ਨਾਲ ਰਲਣ ਦੀ ਬਜਾਏ ਧਰਮ ਨਿਰਪੱਖ ਤੇ ਲੋਕਤੰਤਰਿਕ ਭਾਰਤ ਨਾਲ ਰਲਣ ਦੇ ਪੱਤਰ 'ਤੇ ਦਸਤਖ਼ਤ ਕੀਤੇ। ਇਹ ਉਹੀ ਦਸਤਾਵੇਜ਼ ਸਨ, ਜਿਸ 'ਤੇ ਹੋਰ ਰਾਜਿਆਂ-ਮਹਾਰਾਜਿਆਂ ਤੇ ਨਵਾਬਾਂ ਨੇ ਦਸਤਖ਼ਤ ਕੀਤੇ ਸਨ।

ਇਸ ਰਲੇਵੇਂ ਨੂੰ ਸਵੀਕਾਰ ਕਰਨ ਤੋਂ ਬਾਅਦ ਭਾਰਤ ਨੇ ਹਮਲਾਵਰਾਂ ਨੂੰ ਕੱਢਣ ਲਈ ਆਪਣੇ ਫ਼ੌਜੀ ਜੰਮੂ-ਕਸ਼ਮੀਰ ਭੇਜੇ, ਜਿਨ੍ਹਾਂ ਨੇ ਤੇਜ਼ੀ ਨਾਲ ਕਬਾਇਲੀਆਂ ਤੇ ਪਾਕਿਸਤਾਨੀ ਫ਼ੌਜੀਆਂ ਨੂੰ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ ਪਰ ਭਾਰਤ ਦੇ ਸੱਤਾਧਾਰੀ ਕਾਂਗਰਸੀ ਨੇਤਾਵਾਂ ਨੇ ਇਸ ਮੌਕੇ 'ਤੇ ਵੱਡੀ ਗਲਤੀ ਇਹ ਕਰ ਦਿੱਤੀ ਕਿ ਪਾਕਿਸਤਾਨ ਦੇ ਹਮਲੇ ਵਿਰੁਧ ਸ਼ਿਕਾਇਤ ਸੁਰਖਿਆ ਪ੍ਰੀਸ਼ਦ 'ਚ ਦਰਜ ਕਰਵਾ ਦਿੱਤੀ। ਸੁਰੱਖਿਆ ਪ੍ਰੀਸ਼ਦ ਵਿਚ ਉਨ੍ਹਾਂ ਹੀ ਤੱਤਾਂ ਦਾ ਗ਼ਲਬਾ ਸੀ, ਜਿਨ੍ਹਾਂ ਨੇ ਇਸ ਵੱਡੇ ਦੇਸ਼ ਦਾ ਬਟਵਾਰਾ ਕਰਵਾਇਆ ਸੀ। ਆਖਿਰ ਸੁਰੱਖਿਆ ਪ੍ਰੀਸ਼ਦ ਨੇ ਇਕ ਪਾਸੇ ਰਹੱਸਮਈ ਪ੍ਰਸਥਿਤੀਆਂ 'ਚ ਭਾਰਤ ਤੇ ਪਾਕਿਸਤਾਨ ਵਿਚਾਲੇ ਯੁੱਧ ਵਿਰਾਮ ਕਰਵਾਇਆ ਤਾਂ ਦੂਜੇ ਪਾਸੇ ਰਾਇਸ਼ੁਮਾਰੀ ਨਾਲ ਫ਼ੈਸਲਾ ਕਰਨ ਦੇ ਸੰਬੰਧ 'ਚ ਪ੍ਰਸਤਾਵ ਪਾਸ ਕਰ ਦਿੱਤਾ ਪਰ ਇਸ ਪ੍ਰਸਤਾਵ 'ਚ ਵੱਡੀ ਸ਼ਰਤ ਇਹ ਵੀ ਸ਼ਾਮਲ ਸੀ ਕਿ ਪਾਕਿਸਤਾਨ ਨੂੰ ਕਸ਼ਮੀਰ ਦੇ ਅਧਿਕਾਰ ਵਾਲੇ ਖੇਤਰਾਂ ਨੂੰ ਖਾਲੀ ਕਰਨਾ ਪਵੇਗਾ ਅਤੇ ਰਾਇਸ਼ੁਮਾਰੀ ਲਈ ਇਕ ਉਚਿਤ ਵਾਤਾਵਰਣ ਪੈਦਾ ਕਰਨਾ ਪਵੇਗਾ ਤਾਂ ਕਿ ਹਮਲੇ ਦੇ ਕਾਰਨ ਉਜੜਨ ਵਾਲੇ ਲੋਕ ਆਪਣੇ ਖੇਤਰਾਂ ਵਿਚ ਵਾਪਿਸ ਆ ਕੇ ਰਹਿ ਸਕਣ।



ਮਹਾਰਾਜਾ ਹਰੀ ਸਿੰਘ




ਪਾਕਿਸਤਾਨ ਨੇ ਸੁਰੱਖਿਆ ਪ੍ਰੀਸ਼ਦ ਦੇ ਇਸ ਪ੍ਰਸਤਾਵ 'ਤੇ ਅਮਲ ਕਰਨ ਦੀ ਬਜਾਏ ਸਭ ਤੋਂ ਪਹਿਲਾਂ ਜਨਸੰਖਿਆ ਦਾ ਅਨੁਪਾਤ ਬਦਲ ਦਿੱਤਾ। ਹਿੰਦੂ, ਸਿੱਖਾਂ ਨੂੰ ਮਾਰ ਭਜਾਉਣ ਤੋਂ ਇਲਾਵਾ ਘੱਟਗਿਣਤੀ ਭਾਈਚਾਰਿਆਂ ਨਾਲ ਸੰਬੰਧ ਰੱਖਣ ਵਾਲੇ ਜੋ ਪਰਿਵਾਰ ਬਚ ਗਏ ਸਨ, ਉਨ੍ਹਾਂ ਨੂੰ ਧਰਮ ਪਰਿਵਰਤਨ ਲਈ ਮਜ਼ਬੂਰ ਕਰ ਦਿੱਤਾ ਅਤੇ ਅੱਜ ਸਥਿਤੀ ਇਹ ਹੈ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ 'ਚ ਕੋਈ ਹਿੰਦੂ, ਸਿੱਖ ਲੱਭਣ 'ਤੇ ਵੀ ਨਹੀਂ ਮਿਲ ਸਕਦਾ। ਘੱਟ ਗਿਣਤੀਆਂ ਦੇ ਧਾਰਮਿਕ ਸਥਾਨ ਤਕ ਮਿਟਾ ਦਿੱਤੇ ਗਏ ਹਨ, ਜਦਕਿ ਇਨ੍ਹਾਂ ਕਬਜ਼ੇ ਵਾਲੇ ਖੇਤਰਾਂ 'ਚ ਘੱਟਗਿਣਤੀਆਂ ਦੀ ਜਨਸੰਖਿਆ 25 ਤੋਂ 30 ਫੀਸਦੀ ਵਿਚਾਲੇ ਸੀ।

ਪਾਕਿਸਤਾਨੀ ਹਮਲੇ ਤੋਂ ਪਹਿਲਾਂ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ 'ਚ ਜ਼ਿਆਦਾਤਰ ਸ਼ਹਿਰਾਂ ਤੇ ਕਸਬਿਆਂ 'ਚ ਹਿੰਦੂ, ਸਿੱਖਾਂ ਅਤੇ ਹੋਰ ਘੱਟਗਿਣਤੀਆਂ ਦੀ ਜਨਸੰਖਿਆ 60 ਤੋਂ ਲੈ ਕੇ 75 ਫੀਸਦੀ ਸੀ। ਇਸ ਵਿਚ ਮੀਰਪੁਰ, ਭਿੰਬਰ, ਕੋਟਲੀ, ਮੁਜ਼ੱਫਰਾਬਾਦ, ਮਨਾਵਰ ਅਤੇ ਕੁਝ ਹੋਰ ਵਿਚ ਤਾਂ ਇਨ੍ਹਾਂ ਭਾਈਚਾਰਿਆਂ ਦੀ ਜਨਸੰਖਿਆ 80 ਫੀਸਦੀ ਦੇ ਲੱਗਭਗ ਸੀ ਪਰ ਇਨ੍ਹਾਂ ਸ਼ਹਿਰਾਂ ਦੀ ਜਨਸੰਖਿਆ ਦਾ ਅਨੁਪਾਤ ਹੀ ਨਹੀਂ, ਇੱਥੋਂ ਤਕ ਕਿ ਰੂਪ-ਰੇਖਾ ਤਕ ਵਿਗਾੜ ਕੇ ਰੱਖ ਦਿੱਤੀ ਗਈ।

ਇਸ ਸੰਬੰਧ 'ਚ ਜ਼ਿਕਰਯੋਗ ਹੈ ਕਿ ਜੇਹਲਮ ਨਦੀ 'ਤੇ ਪਾਕਿਸਤਾਨ ਲਈ ਬਿਜਲੀ ਤੇ ਸਿੰਜਾਈ ਲਈ ਇਕ ਬਹੁਤ ਵੱਡਾ ਬੰਨ੍ਹ ਉਸਾਰਿਆ ਗਿਆ ਹੈ। ਮੰਗਲ ਡੈਮ ਪ੍ਰਾਜੈਕਟ ਦੇ ਪੂਰਾ ਹੋਣ ਕਾਰਨ ਹੀ ਵੀਰਪੁਰ ਸ਼ਹਿਰ ਤੇ ਇਸ ਦੇ ਗੁਆਂਢ ਦੇ ਦਰਜਨਾਂ ਪਿੰਡ ਡੁੱਬ ਗਏ ਹਨ ਅਤੇ ਮੀਰਪੁਰ ਨਾਂ ਨਾਲ ਇਕ ਨਵਾਂ ਸ਼ਹਿਰ ਕਈ ਮੀਲ ਦੀ ਦੂਰੀ 'ਤੇ ਵਸਾਇਆ ਗਿਆ ਹੈ, ਜਿਸ ਵਿਚ ਪੁਰਾਣੇ ਕੁਝ ਪਰਿਵਾਰਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਾਕਿਸਤਾਨੀ ਆ ਕੇ ਰਹਿ ਰਹੇ ਹਨ ਅਤੇ ਫਿਰ ਕਬਜ਼ੇ ਵਾਲੇ ਕਸ਼ਮੀਰ 'ਚ ਕਈ ਅਜਿਹੀਆਂ ਬਸਤੀਆਂ ਵੀ ਵਸਾਈਆਂ ਗਈਆਂ ਹਨ, ਜਿਨ੍ਹਾਂ ਵਿਚ ਪਾਕਿਸਤਾਨੀਆਂ ਨਾਲ ਵੱਡੀ ਗਿਣਤੀ ਵਿਚ ਅਫ਼ਗਾਨੀ ਸ਼ਰਨਾਰਥੀਆਂ ਨੂੰ ਵੀ ਵਸਾਇਆ ਗਿਆ ਹੈ। 1971 ਦੀ ਜੰਗ ਤੋਂ ਬਾਅਦ ਸ਼ਿਮਲਾ ਸਮਝੌਤੇ ਸਮੇਂ ਸੂਬੇ ਦਾ ਇੱਕ ਵੱਡਾ ਖੇਤਰ ਜੋ ਛੰਭ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਦੇ ਲੱਗਭਗ 50 ਪਿੰਡ ਪਾਕਿਸਤਾਨ ਨੂੰ ਇਹ ਕਹਿ ਕੇ ਦੇ ਦਿੱਤੇ ਗਏ ਕਿ ਅਜਿਹਾ ਸ਼ਾਂਤੀ ਤੇ ਮਿੱਤਰਤਾ ਲਈ ਕੀਤਾ ਜਾ ਰਿਹਾ ਹੈ। ਇਨ੍ਹਾਂ ਖੇਤਰਾਂ ਦੀ ਸੌ ਫੀਸਦੀ ਜਨਸੰਖਿਆ ਸ਼ਰਨਾਰਥੀ ਬਣ ਕੇ ਰਹਿ ਗਈ ਹੈ।

ਇਨ੍ਹਾਂ ਹਿੰਦੂ ਤੇ ਸਿੱਖ ਪਰਿਵਾਰਾਂ ਨੂੰ ਜੰਮੂ ਦੇ ਸਰਹੱਦੀ ਖੇਤਰਾਂ 'ਚ ਨਾਮਾਤਰ ਸਹਾਇਤਾ ਨਾਲ ਵਸਾਇਆ ਗਿਆ ਹੈ। ਪਾਕਿ ਦੇ ਕਬਜ਼ੇ ਵਾਲੇ ਖੇਤਰਾਂ 'ਚ ਪਾਕਿਸਤਾਨ ਨੇ ਪੰਜਾਬੀ ਮੁਸਲਮਾਨਾਂ ਤੋਂ ਇਲਾਵਾ ਅਫ਼ਗਾਨੀਆਂ ਅਤੇ ਹੋਰਾਂ ਦਾ ਪੁਨਰਵਾਸ ਕੀਤਾ ਹੈ ਤੇ ਹਿੰਦੂ, ਸਿੱਖ ਨਾਂ ਦਾ ਕੋਈ ਵਿਅਕਤੀ ਉਥੇ ਬਚਿਆ ਹੀ ਨਹੀਂ।

ਪਾਕਿ ਕਬਜ਼ੇ ਵਾਲੇ ਕਸ਼ਮੀਰ ਦਾ ਨਕਸ਼ਾ ਬਦਲਣ ਲਈ ਪਾਕਿਸਤਾਨ ਨੇ ਇਸ ਸੂਬੇ ਦਾ ਇਕ ਵੱਡਾ ਖੇਤਰ ਚੀਨ ਦੇ ਕਬਜ਼ੇ ਹੇਠ ਦੇ ਦਿੱਤਾ ਹੈ ਤੇ ਹਜ਼ਾਰਾਂ ਵਰਗ ਮੀਲ 'ਤੇ ਫੈਲਿਆ ਗਿਲਗਿਤ ਅਸਕਰਦੂ ਖੇਤਰ ਨਿਯਮਤ ਤੌਰ 'ਤੇ ਪਾਕਿਸਤਾਨ 'ਚ ਸ਼ਾਮਲ ਕਰਕੇ ਇਸਨੂੰ ਆਪਣੇ ਇਕ ਨਵੇਂ ਸੂਬੇ ਦਾ ਦਰਜਾ ਦੇ ਦਿੱਤਾ ਹੈ।

ਪਾਕਿਸਤਾਨ ਦੇ ਕਬਜ਼ੇ ਵਾਲੇ ਖੇਤਰਾਂ ਦੀ ਰੂਪਰੇਖਾ ਵਿਗਾੜਨ ਤੋਂ ਇਲਾਵਾ ਭਾਰਤ ਵਿਚ ਸ਼ਾਮਲ ਖੇਤਰਾਂ ਵਿਚ ਵੀ ਵੱਡੇ ਪੱਧਰ 'ਤੇ ਫੇਰ-ਬਦਲ ਹੋਇਆ ਹੈ। ਵੱਡੀ ਗਿਣਤੀ ਵਿਚ ਪਾਕਿ ਕਬਜ਼ੇ ਵਾਲੇ ਕਸ਼ਮੀਰ ਦੇ ਉਜੜੇ ਲੋਕ ਇਸ ਸੂਬੇ ਤੋਂ ਬਾਹਰ ਦਿੱਲੀ ਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਜਾ ਕੇ ਰਹਿ ਰਹੇ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਕਾਨੂੰਨੀ ਤੇ ਸੰਵਿਧਾਨਕ ਤੌਰ 'ਤੇ ਜੰਮੂ-ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੋਣ ਦੇ ਬਾਅਦ ਵੀ ਕਸ਼ਮੀਰ ਘਾਟੀ ਅਤੇ ਜੰਮੂ ਦੇ ਕਈ ਖੇਤਰਾਂ ਵਿਚ ਵੀ ਘੱਟ ਗਿਣਤੀਆਂ ਨੂੰ ਦੇਸ਼ ਦੇ ਅੰਦਰ ਹੀ ਉਜੜਨਾ ਪਿਆ ਹੈ ਅਤੇ ਅਜਿਹੇ ਉਜੜਨ ਵਾਲੇ ਲੋਕਾਂ ਦੀ ਗਿਣਤੀ 5 ਲੱਖ ਤੋਂ ਵੀ ਵਧੇਰੇ ਹੈ, ਜਿਸ 'ਚੋਂ ਹਜ਼ਾਰਾਂ ਪਰਿਵਾਰ ਇਸ ਸੂਬੇ 'ਚੋਂ ਬਾਹਰ ਚਲੇ ਗਏ ਹਨ।

ਇਸ ਸੰਬੰਧ 'ਚ ਕਸ਼ਮੀਰ ਘਾਟੀ ਦੀ ਸਥਿਤੀ ਤਾਂ ਭਾਰਤ ਦੇ ਧਰਮ ਨਿਰਪੱਖ ਦ੍ਰਿਸ਼ਟੀਕੋਣ 'ਤੇ ਹੀ ਸਵਾਲੀਆ ਨਿਸ਼ਾਨ ਲਗਾ ਦਿੰਦੀ ਹੈ ਕਿਉਂਕਿ 62 ਸਾਲਾਂ ਦੌਰਾਨ ਜੰਮੂ-ਕਸ਼ਮੀਰ 'ਚ ਇਸੇ ਦ੍ਰਿਸ਼ਟੀਕੋਣ ਦੇ ਦਾਅਵੇਦਾਰਾਂ ਦੀ ਹੀ ਸਰਕਾਰ ਰਹੀ ਹੈ ਕਿਉਂਕਿ 1947 ਵਿਚ ਕਸ਼ਮੀਰ ਘਾਟੀ 'ਚ ਘੱਟਗਿਣਤੀਆਂ ਦਾ ਅਨੁਪਾਤ 14 ਫੀਸਦੀ ਸੀ, ਜੋ ਹੁਣ 1 ਫੀਸਦੀ ਤੋਂ ਵੀ ਘਟ ਗਿਆ ਹੈ। ਭਾਵੇਂ ਇਸ ਲੰਮੇ ਸਮੇਂ ਦੌਰਾਨ ਜੰਮੂ-ਕਸ਼ਮੀਰ ਦੀ ਜਨਸੰਖਿਆ ਅਤੇ ਇਸ ਦੀ ਰੂਪਰੇਖਾ ਵਿਚ ਭਾਰੀ ਤਬਦੀਲੀ ਆਈ ਹੈ, ਜਿਸ ਨੂੰ ਸੁਰਖਿਆ ਪ੍ਰੀਸ਼ਦ ਦੇ ਜ਼ਿੰਮੇਵਾਰ ਲੋਕ ਵੀ ਮੰਨਦੇ ਹਨ ਅਤੇ 5 ਜਨਵਰੀ 1949 ਨੂੰ ਪਾਸ ਕੀਤੇ ਗਏ ਪ੍ਰਸਤਾਵ ਨੂੰ ਪੂਰਾ ਨਾ ਹੋਣ ਵਾਲਾ ਤੇ ਅਰਥਹੀਣ ਸਵੀਕਾਰ ਕਰਦੇ ਹਨ ਪਰ ਪਾਕਿਸਤਾਨ ਸਮਰਥਕ ਤੱਤ ਅੱਜ ਵੀ ਸੂਬੇ ਦੇ ਭਵਿੱਖ ਦਾ ਅੰਤਿਮ ਫੈਸਲਾ ਕਰਨ ਲਈ ਰਾਇਸ਼ੁਮਾਰੀ ਦੀ ਰਟ ਲਾਈ ਜਾ ਰਹੇ ਹਨ।

ਭਾਵੇਂ ਇਸ ਪ੍ਰਸਤਾਵ 'ਤੇ ਪਾਕਿਸਤਾਨ ਨੇ ਖੁਦ ਕੋਈ ਅਮਲ ਨਹੀਂ ਕੀਤਾ ਅਤੇ ਪ੍ਰਸਤਾਵ ਦਾ ਮਜ਼ਾਕ ਉਡਾਉਂਦਿਆਂ ਮੰਗਲਾ ਡੈਮ ਵਰਗਾ ਗੈਰਕਾਨੂੰਨੀ ਨਿਰਮਾਣ ਕੀਤਾ ਹੈ। ਜਨਸੰਖਿਆ ਦਾ ਅਨੁਪਾਤ ਵਿਗਾੜਨ 'ਚ ਕੋਈ ਕਸਰ ਨਹੀਂ ਛੱਡੀ, ਸੂਬੇ ਦੇ ਵੱਡੇ ਖੇਤਰ ਨੂੰ ਚੀਨ ਦੇ ਕਬਜ਼ੇ ਵਿਚ ਦੇ ਦਿੱਤਾ ਗਿਆ ਹੈ ਤੇ ਫਿਰ ਗਿਲਗਿਤ ਵਰਗੇ ਜੰਗੀ ਮਹੱਤਵ ਨਾਲ ਇਕ ਵੱਡੇ ਹਿੱਸੇ ਨੂੰ ਨਿਯਮਤ ਤੌਰ 'ਤੇ ਪਾਕਿਸਤਾਨ ਦਾ ਇਕ ਸੂਬਾ ਬਣਾ ਲਿਆ ਹੈ। ਅਨੋਖੀ ਗੱਲ ਇਹ ਹੈ ਕਿ ਪਾਕਿਸਤਾਨ ਵਲੋਂ ਇੰਨੀਆਂ ਅਹਿਮ ਅਨਿਯਮਤਤਾਵਾਂ ਤੋਂ ਬਾਅਦ ਵੀ ਨਵੀਂ ਦਿੱਲੀ ਦੀ ਸਰਕਾਰ ਨੇ ਕੋਈ ਸਪੱਸ਼ਟ ਦ੍ਰਿਸ਼ਟੀਕੋਣ ਨਹੀਂ ਅਪਨਾਇਆ, ਜਿਸ ਦਾ ਨਤੀਜਾ ਕਈ ਜਟਿਲ ਸਮੱਸਿਆਵਾਂ ਦਾ ਕਾਰਨ ਬਣ ਰਿਹਾ ਹੈ।

# ਸਾਈਬਰ ਅਪਰਾਧਾਂ ਦਾ ਨਵਾਂ ਜਗਤ

**ਅਚਿਨ ਜਾਖੜ**

ਸਾਈਬਰ ਅਪਰਾਧਾਂ ਨੂੰ ਕੰਟਰੋਲ ਕਰਨ ਲਈ ਵਿਆਪਕ ਕਾਨੂੰਨ ਬਣਾਉਣ ਦੇ ਕੇਂਦਰ ਸਰਕਾਰ ਦੇ ਹਾਲ ਦੇ ਯਤਨ ਸੱਚੀ-ਮੁੱਚੀ ਬੇਹੱਦ ਸ਼ਲਾਘਾਯੋਗ ਹਨ। ਕੁਝ ਹਫਤੇ ਪਹਿਲਾਂ ਹੀ ਤਤਕਾਲੀਨ ਰਾਸ਼ਟਰੀ ਸੁਰਖਿਆ ਸਲਾਹਕਾਰ ਐਮ ਕੇ ਨਾਰਾਇਣਨ ਨੇ ਖੁਲਾਸਾ ਕੀਤਾ ਸੀ ਕਿ ਚੀਨ ਦੇ ਹੈਕਰਾਂ ਨੇ ਪ੍ਰਧਾਨ ਮੰਤਰੀ ਦੇ ਦਫਤਰ ਨੂੰ ਘੇਰਨ ਦਾ ਯਤਨ ਕੀਤਾ ਸੀ। ਇਹ ਦਸੰਬਰ ਦੇ ਆਸ-ਪਾਸ ਦੀ ਗੱਲ ਹੈ, ਜਦੋਂ ਇਥੋਂ ਤੱਕ ਕਿ ਅਮਰੀਕਾ ਨੂੰ ਵੀ ਚੀਨ ਦੇ ਸਾਈਬਰ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਵੱਡੇ ਪੈਮਾਨੇ ਤੇ ਹੋ ਰਹੇ ਇਹ ਸੰਗਠਿਤ ਹੈਕਿੰਗ ਆਪਰੇਸ਼ਨ ਅੱਖਾਂ ਖੋਲ੍ਹਣ ਵਾਲੇ ਹਨ ਅਤੇ ਦੁਨੀਆਂ ਭਰ ਵਿਚ ਅਲੱਗ-ਅਲੱਗ ਦੇਸ਼ਾਂ ਦੇ ਸਾਹਮਣੇ ਪੇਸ਼ ਆ ਰਹੇ ਗੰਭੀਰ ਖਤਰੇ ਦੀ ਚਿਤਾਵਨੀ ਦਿੰਦੇ ਹਨ। ਜੇਕਰ ਇਸ ਈ-ਟੈਰੋਰਿਜ਼ਮ (ਈ-ਅਤਿਵਾਦ) ਨੂੰ ਸਮਾਂ ਰਹਿੰਦੇ ਰੋਕਿਆ ਨਹੀਂ ਗਿਆ ਤਾਂ ਇਹ ਸਾਡੇ ਦੇਸ਼ ਲਈ ਸੀਮਾ ਪਾਰ ਦੇ ਅਤਿਵਾਦ ਤੋਂ ਵੀ ਕਿਤੇ ਜ਼ਿਆਦਾ ਖਤਰਨਾਕ ਸਾਬਿਤ ਹੋ ਸਕਦੇ ਹਨ।

ਸੰਸਾਰ ਪੱਧਰ 'ਤੇ ਹੈਕਰਸ ਕਾਰੋਬਾਰੀ ਸੰਸਥਾਵਾਂ, ਮਾਨਵਾਧਿਕਾਰ ਸਮੂਹਾਂ ਅਤੇ ਸਰਕਾਰੀ ਏਜੰਸੀਆਂ ਨੂੰ ਨਿਸ਼ਾਨਾ ਬਣਾਉਣ ਵਿਚ ਸਫਲ ਰਹੇ ਹਨ। ਸਾਲ 2007 ਵਿਚ ਅਮਰੀਕਾ ਦੇ ਪੈਂਟਾਗਨ ਦੀ ਈ-ਮੇਲ ਪ੍ਰਣਾਲੀ ਅਤੇ ਵਰਲਡ ਬੈਂਕ ਦੀ ਵਿੱਤੀ ਸੂਚਨਾ ਪ੍ਰਣਾਲੀ ਵਿਚ ਸਾਈਬਰ ਘੁਸਪੈਠ ਦੇ ਪਿੱਛੇ ਚੀਨੀ ਹੱਥ ਦੀ ਸ਼ੰਕਾ ਜਤਾਈ ਗਈ ਸੀ। ਹੈਕਰਸ ਨੇ ਅਮਰੀਕੀ ਰਾਸ਼ਟਰਪਤੀ ਚੋਣ ਦੌਰਾਨ ਬਰਾਕ ਓਬਾਮਾ ਅਤੇ ਮੈਕਕੇਨ ਦੇ ਪ੍ਰਚਾਰ ਅਭਿਆਨਾਂ ਨੂੰ ਵੀ ਸਾਈਬਰ ਹਮਲਿਆਂ ਦਾ ਨਿਸ਼ਾਨਾ ਬਣਾਇਆ ਸੀ। ਇਹ ਸਾਰੇ ਘਟਨਾਕ੍ਰਮ ਸਾਈਬਰ ਅਤਿਵਾਦ ਦੇ ਭਿਆਨਕ ਖਤਰਿਆਂ ਵਲ ਇਸ਼ਾਰਾ ਕਰਦੇ ਹਨ।

ਸਾਡੇ ਦੇਸ਼ ਵਿਚ ਇੰਟਰਨੈਟ ਨੂੰ ਆਏ ਕੁਝ ਹੀ ਸਾਲ ਹੋਏ ਹਨ ਤੇ ਇਸ ਨੇ ਸਾਡੀ ਜ਼ਿੰਦਗੀ ਦੇ ਸਾਰੇ ਖੇਤਰਾਂ ਵਿਚ ਕ੍ਰਾਂਤੀਕਾਰੀ ਬਦਲਾਅ ਲਿਆ ਦਿੱਤਾ ਹੈ। ਇਸਦਾ ਦਾਇਰਾ ਦਿਨ ਪ੍ਰਤੀਦਿਨ ਵਧਦਾ ਹੀ ਜਾ ਰਿਹਾ ਹੈ। ਇਸ ਉਦਯੋਗ ਦੇ ਫੈਲਾਅ ਅਤੇ ਵਧਦੇ ਇਸਤੇਮਾਲ ਨੇ ਸਾਈਬਰ ਅਪਰਾਧ ਸਮੇਤ ਕਈ ਮੁਸ਼ਕਿਲਾਂ ਨੂੰ ਵੀ ਜਨਮ ਦਿੱਤਾ ਹੈ। ਸਾਈਬਰ ਅਪਰਾਧਾਂ ਵਿਚ ਕਈ ਤਰ੍ਹਾਂ ਦੀਆਂ ਨਜਾਇਜ਼ ਗਤੀਵਿਧੀਆਂ ਸ਼ਾਮਿਲ ਹਨ। ਇੰਟਰਨੈਟ ਵਿਚ ਗੰਭੀਰ ਸੁਰਖਿਆ ਚਿੰਤਾਵਾਂ ਦੇ ਇਲਾਵਾ ਸੰਸਕ੍ਰਿਤਕ ਅਤੇ ਨੈਤਿਕ ਖਤਰੇ ਉਤਪਨ ਕਰਨ ਦੀ ਵੀ ਪ੍ਰਬਲ ਸਮਰੱਥਾ ਹੁੰਦੀ ਹੈ। ਦੁਸ਼ਮਣ ਇਸਦਾ ਇਸਤੇਮਾਲ ਪ੍ਰਮਾਣੂ ਸ਼ਕਤੀ ਦੇ ਬਰਾਬਰ ਇਕ ਬਹੁਤ ਹੀ ਭਿਆਨਕ ਹਥਿਆਰ ਦੇ ਤੌਰ 'ਤੇ ਕਰ ਸਕਦਾ ਹੈ। ਅੱਜ ਅਤਿਵਾਦ ਨੇ ਈ-ਅਤਿਵਾਦ ਦੇ ਰੂਪ ਵਿਚ ਇਕ ਨਵਾਂ ਅਤੇ ਛੁਪਿਆ ਚਿਹਰਾ ਧਾਰਨ ਕਰ ਲਿਆ ਹੈ। ਇਹ ਅਤਿਵਾਦ ਦੇ ਉਨ੍ਹਾਂ ਸਾਰੇ ਰੂਪਾਂ ਤੋਂ ਕਿਤੇ ਜ਼ਿਆਦਾ ਖਤਰਨਾਕ ਹੈ, ਜਿਸਦਾ ਅਸੀਂ ਹੁਣ ਤੱਕ ਸਾਹਮਣਾ ਕਰ ਚੁੱਕੇ ਹਾਂ। ਆਨਲਾਈਨ ਅਪਰਾਧ ਦੀਆਂ ਘਟਨਾਵਾਂ ਅੱਜ ਸੁਰਖੀਆਂ ਬਣਨ ਲੱਗੀਆਂ ਹਨ ਅਤੇ ਇੰਟਰਨੈਟ ਦਾ ਇਸਤੇਮਾਲ ਕਰਨ ਵਾਲੇ ਲੋਕਾਂ ਦੀ ਗਿਣਤੀ ਵਧਣ ਦੇ ਨਾਲ ਹੀ ਇਹੋ ਜਿਹੇ ਅਪਰਾਧ ਵੀ ਵਧਦੇ ਜਾ ਰਹੇ ਹਨ। ਸਾਈਬਰ ਅਪਰਾਧ ਦੇ ਜੋ ਪੈਟਰਨ ਉਭਰ ਰਹੇ ਹਨ, ਉਹ ਇਸ ਗੱਲ ਦੀ ਤਸਦੀਕ ਕਰਨ ਲਈ ਬਹੁਤ ਹਨ ਕਿ ਕੰਪਿਊਟਰ ਨੈਟਵਰਕ ਦਾ ਇਸਤੇਮਾਲ ਕਰਕੇ ਕਿਸੇ ਵੀ ਵੱਡੇ ਉਦਯੋਗਿਕ ਸਮੂਹ ਜਾਂ ਦੇਸ਼ ਦੇ ਕੰਮਕਾਜ ਨੂੰ ਪੂਰੀ ਤਰ੍ਹਾਂ ਠੱਪ ਕੀਤਾ ਜਾ ਸਕਦਾ ਹੈ। ਸਾਈਬਰ ਅਪਰਾਧ ਨਾਲ ਕੋਈ ਵੀ ਖੇਤਰ ਅਛੂਤਾ ਨਹੀਂ ਰਿਹਾ ਹੈ, ਫਿਰ ਚਾਹੇ ਉਹ ਬੈਕਿੰਗ ਹੋਵੇ, ਰੱਖਿਆ ਜਾਂ ਸਿਖਿਆ ਹੋਵੇ ਜਾਂ ਖੋਜ ਦਾ ਖੇਤਰ।

ਇਕ ਸਾਈਬਰ ਅਤਿਵਾਦੀ, ਸਾਈਬਰ ਸਪੇਸ ਦਾ ਇਸਤੇਮਾਲ ਕਰਕੇ ਕੰਪਿਊਟਰ ਆਧਾਰਤ ਹਮਲਿਆਂ ਨਾਲ ਕਿਸੇ ਵੀ ਸੱਤਾ ਨੂੰ ਭੈ-ਭੀਤ ਕਰਨ ਜਾਂ ਉਸ ਨੂੰ ਆਪਣੀ ਵਿਚਾਰਧਾਰਾ ਅਨੁਸਾਰ ਚਲਾਉਣ ਲਈ ਬੇਬਸ ਕਰਦਾ ਹੈ। ਈ-ਅਤਿਵਾਦ ਇਨ੍ਹਾਂ ਦਿਨਾਂ ਵਿਚ ਡਰਾਉਣ ਦਾ ਇਕ ਬਹੁਤ ਹੀ ਦਮਦਾਰ ਹਥਿਆਰ ਬਣਦਾ ਜਾ ਰਿਹਾ ਹੈ। 9/11 ਅਤੇ ਇਰਾਕੀ ਯੁੱਧ ਦੇ ਬਾਅਦ ਅਤਿਵਾਦੀਆਂ ਦੁਆਰਾ ਇਸਦਾ ਇਸਤੇਮਾਲ ਤੇਜ਼ੀ ਨਾਲ ਵਧਿਆ ਹੈ। ਇਸ ਪੂਰੇ ਮਸਲੇ ਦਾ ਸਭ ਤੋ ਬਦਕਿਸਮਤ ਪਹਿਲੂ ਇਹ ਹੈ ਕਿ ਸਾਡੇ ਇਥੇ ਸਾਈਬਰ ਅਪਰਾਧਾਂ ਦਾ ਪਤਾ ਲਾਉਣ, ਉਨ੍ਹਾਂ ਦੀ ਪੜਤਾਲ ਕਰਨ ਅਤੇ ਉਨ੍ਹਾਂ ਨਾਲ ਨਿਪਟਣ ਦਾ ਕੋਈ ਸਮੁੱਚਾ ਤੰਤਰ ਹੀ ਨਹੀਂ ਹੈ।

ਕਾਨੂੰਨ ਨਾਲ ਸੰਬੰਧਤ ਏਜੰਸੀਆਂ ਇਸ ਵਿਸ਼ੇਸ਼ ਖੇਤਰ ਵਿਚ ਨਾ ਤਾਂ ਅਲੱਗ-ਅਲੱਗ ਸਾਧਨਾਂ ਨਾਲ ਲੈਸ ਹਨ ਅਤੇ ਨਾ ਹੀ ਸਿੱਖਿਅਤ। ਸਾਡੇ ਕਾਨੂੰਨ ਵਿਚ ਹਾਲੇ ਬਹੁਤ ਬਦਲਾਅ ਕੀਤੇ ਜਾਣ ਦੀ ਜ਼ਰੂਰਤ ਹੈ ਤਾਂ ਕਿ ਸਾਈਬਰ ਅਪਰਾਧਾਂ ਨੂੰ ਰੋਕਣ ਵਿਚ ਉਸ ਨੂੰ ਨਿਪੁੰਨ ਬਣਾਇਆ ਜਾ ਸਕੇ। ਇਸ ਨੂੰ ਇੰਨਾ ਸਮਰੱਥ ਬਣਾਉਣਾ ਹੋਵੇਗਾ ਕਿ ਕੋਈ ਵੀ ਸਾਈਬਰ ਅਪਰਾਧੀ ਬਚ ਨਾ ਸਕੇ ਅਤੇ ਇਸ ਦੇ ਦਾਇਰੇ ਵਿਚ ਹਰ ਤਰ੍ਹਾਂ ਦੇ ਸਾਈਬਰ ਅਪਰਾਧਾਂ ਨੂੰ ਸ਼ਾਮਲ ਕਰਨਾ ਹੋਵੇਗਾ। ਸੂਚਨਾ ਉਦਯੋਗ ਦੇ ਖੇਤਰ ਵਿਚ ਵਿਸ਼ਾਲ ਮਾਨਵੀ ਸੋਮਿਆਂ ਅਤੇ ਉਦਯੋਗਿਕ ਵਿਕਾਸ ਦੀ ਵਜ੍ਹਾ ਨਾਲ ਭਾਰਤ ਦੀ ਗਿਣਤੀ ਇਕ ਪ੍ਰਮੁੱਖ ਆਈ.ਟੀ. ਤਾਕਤ ਦੇ ਰੂਪ ਵਿਚ ਹੁੰਦੀ ਹੈ, ਪਰ ਇਹ ਬਹੁਤ ਹੀ ਦੁੱਖਦ ਹੈ ਕਿ ਸਾਈਬਰ ਅਪਰਾਧਾਂ ਨੂੰ ਰੋਕਣ ਅਤੇ ਉਨ੍ਹਾਂ ਦੀ ਜਾਂਚ ਪੜਤਾਲ ਦੇ ਮਾਮਲੇ ਵਿਚ ਇਥੇ ਇਕ ਪ੍ਰਭਾਵੀ ਤੰਤਰ ਦਾ ਸਖਤ ਅਸਰ ਹੈ।




ਸਾਈਬਰ ਅਪਰਾਧਾਂ ਨਾਲ ਨਜਿੱਠਣ ਲਈ ਇਕ ਸੁਸ਼ੋਭਿਤ ਅਤੇ ਵਿਆਪਕ ਸਿਖਲਾਈ ਸੁਰਖਿਆ ਏਜੰਸੀ ਦੀ ਜਰੂਰਤ ਮਹਿਸੂਸ ਕੀਤੀ ਜਾ ਰਹੀ ਹੈ। ਵਰਤਮਾਨ ਵਿਚ ਸਾਡੀਆਂ ਏਜੰਸੀਆਂ ਦੁਆਰਾ ਜ਼ਿਆਦਾਤਰ ਕੰਮ ਘਟੀਆ ਈ-ਮੇਲਾਂ, ਡਾਟਾ ਦੀ ਚੋਰੀ ਅਤੇ ਛੋਟੇ ਤੋਂ ਲੈ ਕੇ ਮੱਧ ਵਰਗ ਹੈਕਿੰਗ ਦੇ ਮਾਮਲਿਆਂ ਵਿਚ ਹੀ ਕੀਤਾ ਜਾ ਰਿਹਾ ਹੈ ਅਤੇ ਉਹ ਵੀ ਸਿਰਫ ਮਹਾਂਨਗਰਾਂ ਵਿਚ। ਇਹੋ ਜਿਹੇ ਮਾਮਲਿਆਂ ਦੀ ਗਿਣਤੀ ਵੀ ਬਹੁਤ ਘੱਟ ਹੈ, ਜੋ ਕਿਸੇ ਨਤੀਜੇ ਤੱਕ ਪਹੁੰਚਦੇ ਹਨ। ਤ੍ਰਾਸਦੀ ਇਹ ਹੈ ਕਿ ਆਈ.ਟੀ. ਦੇ ਮਾਮਲੇ ਵਿਚ ਦੁਨੀਆਂ ਦੀ ਅਗਵਾਈ ਕਰਨ ਵਾਲਾ ਸਾਡਾ ਦੇਸ਼ ਉਸ ਆਧੁਨਿਕ ਈ-ਅਤਿਵਾਦ ਨਾਲ ਨਿਪਟਣ ਵਿਚ ਪੂਰੀ ਤਰ੍ਹਾਂ ਤਿਆਰ ਨਹੀਂ ਹੈ, ਜੋ ਸਾਡੀ ਏਕਤਾ ਤੇ ਅਖੰਡਤਾ ਦੇ ਲਈ ਇਕ ਗੰਭੀਰ ਖਤਰਾ ਬਣਕੇ ਉਭਰਿਆ ਹੈ।

ਜ਼ਿਕਰਯੋਗ ਹੈ ਕਿ 9/11 ਦੀ ਦੁਖਦਾਈ ਘਟਨਾ ਤੋਂ ਬਾਅਦ ਅਮਰੀਕਾ ਨੇ ਨਿੱਜਤਾ ਜਿਹੇ ਗੰਭੀਰ ਮਾਮਲਿਆਂ ਅਤੇ ਮਾਨਵਾਧਿਕਾਰ ਕਾਰਕੁਨਾਂ ਦੇ ਵਿਰੋਧ ਨੂੰ ਦਰਕਿਨਾਰ ਕਰਦਿਆਂ ਇਕ ਬਹੁਤ ਹੀ ਸਖਤ ਕਾਨੂੰਨ 'ਦ ਯੂ ਐਸ ਪੈਟਰਾਈਟ ਐਕਟ' ਨੂੰ ਲਾਗੂ ਕਰ ਦਿੱਤਾ। ਇਸ ਕਾਨੂੰਨ ਦਾ ਮੁੱਖ ਉਦੇਸ਼ ਅਮਰੀਕਾ ਨੂੰ ਜ਼ਿਆਦਾ ਸੁਰਖਿਅਤ ਬਣਾਉਣਾ ਅਤੇ ਭਵਿੱਖ ਵਿਚ 9/11 ਜਿਹੀ ਕਿਸੇ ਵੀ ਸੰਭਾਵਿਤ ਘਟਨਾ ਨੂੰ ਰੋਕਣਾ ਸੀ। ਅਤਿਵਾਦ ਦੇ ਸਾਹਮਣੇ ਲਈ ਅਮਰੀਕੀ ਕਾਰਜਪਾਲਿਕਾ ਅਤੇ ਵਿਧਾਇਕਾਂ ਦੀ ਕਾਰਵਾਈ ਅਸਲ 'ਚ ਬਹੁਤ ਹੀ ਪ੍ਰਭਾਵਸ਼ਾਲੀ ਸੀ। ਇਹ ਇਨ੍ਹਾਂ ਢੰਗਾਂ ਦਾ ਨਤੀਜਾ ਹੈ ਕਿ 9/11 ਦੇ ਬਾਅਦ ਅਮਰੀਕਾ ਨੂੰ ਕਿਸੇ ਗੰਭੀਰ ਹਮਲੇ ਦਾ ਸਾਹਮਣਾ ਨਹੀਂ ਕਰਨਾ ਪਿਆ ਹੈ। ਸਾਡੇ ਦੇਸ਼ ਨੂੰ ਇਹੋ ਜਿਹੀ ਰਣਨੀਤੀ ਬਣਾਉਣ ਦੀ ਜ਼ਰੂਰਤ ਹੈ।

ਇਹ ਦੇਖਣਾ ਸੁਖਦਾਇਕ ਹੈ ਕਿ ਹੁਣ ਘੱਟ ਤੋਂ ਘੱਟ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਸੁਚੇਤ ਹੋਏ ਹਨ ਅਤੇ ਆਪਣੇ ਮੰਤਰਾਲੇ ਦੀ ਸਫਾਈ ਅਤੇ ਉਸ ਵਿਚ ਫੇਰ-ਬਦਲ ਕਰਨ ਵਿਚ ਜੁਟ ਗਏ ਹਨ, ਜਿਸ ਦੀ ਜਰੂਰਤ ਕਾਫੀ ਲੰਬੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ। ਰਾਸ਼ਟਰੀ ਅਤਿਵਾਦ ਕੇਂਦਰ (ਐਨ. ਸੀ. ਟੀ. ਸੀ) ਦਾ ਗਠਨ, ਪੰਜੀਅਨ ਅਤੇ ਵਿਦੇਸ਼ੀਆਂ ਦੀ ਖੋਜ ਦੇ ਲਈ ਆਪ੍ਰਵਾਸ ਨੈਟਵਰਕ ਦੀ ਸਥਾਪਨਾ, ਸੁਰਖਿਆ ਏਜੰਸੀਆਂ ਦੇ ਲਈ ਸੰਯੁਕਤ ਤੇ ਕੇਂਦਰੀ ਰਿਪੋਰਟਿੰਗ ਦੀ ਵਿਵਸਥਾ ਜਿਹੇ ਕਦਮ ਚੁੱਕੇ ਗਏ ਹਨ। ਸਾਡੀਆਂ ਚੁਣੌਤੀਆਂ ਦੇ ਮੱਦੇਨਜ਼ਰ ਉਨ੍ਹਾਂ ਨੂੰ ਹੁਣ ਵੀ ਬਹੁਤ ਕੁਝ ਕਰਨਾ ਬਾਕੀ ਹੈ। ਉਦੇਸ਼ ਬਿਲਕੁਲ ਸਾਫ ਹੈ, ਇਕ ਸੁਰਖਿਅਤ ਮਾਹੌਲ ਦਾ ਨਿਰਮਾਣ। ਹਾਲ ਦੇ ਦਿਨਾਂ ਵਿਚ ਸੰਯੁਕਤ ਰਾਸ਼ਟਰ ਦੀ ਸਰਗਰਮ ਭਾਗੀਦਾਰੀ ਨਾਲ ਅੰਤਰਰਾਸ਼ਟਰੀ ਬਰਾਦਰੀ ਅਤਿਵਾਦ, ਪੈਸੇ ਦੀ ਉਗਰਾਹੀ ਅਤੇ ਨਸ਼ੀਲੇ ਪਦਾਰਥਾਂ ਦੇ ਖਤਰੇ ਨਾਲ ਨਿਪਟਣ ਲਈ ਇਕ ਪ੍ਰਭਾਵੀ ਤੰਤਰ ਦਾ ਵਿਕਾਸ ਕਰ ਸਕੀ ਹੈ। ਈ-ਅਤਿਵਾਦ ਅਤੇ ਸਾਈਬਰ ਅਪਰਾਧਾਂ ਨੂੰ ਨਿਪਟਾਉਣ ਲਈ ਵੀ ਇਹੋ ਜਿਹੇ ਹੀ ਸੰਗਠਤ ਯਤਨਾਂ ਦੀ ਜ਼ਰੂਰਤ ਹੈ। ਸੰਕਟ ਵੇਲੇ ਅਚਾਨਕ ਹੀ ਸੁਚੇਤ ਹੋਣ ਦੀ ਆਦਤ ਨਾਲ ਉਭਰਨ ਦਾ ਸਮਾਂ ਆ ਗਿਆ ਹੈ ਕਿਉਂਕਿ ਸਨਅਤ ਹਰ ਵਕਤ ਬਦਲਦੀ ਰਹਿੰਦੀ ਹੈ। ਯਕੀਨੀ ਬਣਾਉਣਾ ਹੋਵੇਗਾ ਕਿ ਸਾਡੀਆਂ ਸੁਰਖਿਆ ਏਜੰਸੀਆਂ ਬਦਲਦੇ ਜ਼ਮਾਨੇ ਦੇ ਨਾਲ ਖੁਦ ਨੂੰ ਢਾਲ ਸਕਣ।

## 350 ਜਵਾਨ ਬਰਫ਼ੀਲੀਆਂ ਢਿੱਗਾਂ ਹੇਠ ਦਬੇ

ਜੰਮੂ-ਕਸ਼ਮੀਰ ਵਿਖੇ ਖਿਲਨਮਰਗ 'ਚ ਇੱਕ ਮੌਸਮੀ ਯੁੱਧ ਕੈਂਪ ਸਥਾਪਤ ਕਰਨ ਮੌਕੇ 350 ਫੌਜੀ ਜਵਾਨਾਂ ਦਾ ਸਮੂਹ ਬਰਫ਼ੀਲੀਆਂ ਢਿੱਗਾਂ ਦੀ ਲਪੇਟ ਵਿੱਚ ਆ ਗਿਆ, ਜਿਸ ਦੇ ਸਿੱਟੇ ਵਜੋਂ ਇੱਕ ਅਧਿਕਾਰੀ ਸਮੇਤ 17 ਫੌਜੀਆਂ ਦੀ ਮੌਤ, ਜਦਕਿ 17 ਦੇ ਕਰੀਬ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਫੌਜ ਦੇ ਬੁਲਾਰੇ ਕਰਨਲ ਜੇ ਐਸ ਬਰਾੜ ਨੇ ਕਿਹਾ ਕਿ ਸੈਂਕੜੇ ਜਵਾਨ ਅਜੇ ਵੀ ਲਾਪਤਾ ਹਨ, ਜਿਨ੍ਹਾਂ ਦੀ ਬਰਫ਼ 'ਚੋਂ ਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਬਚਾਅ ਕਾਰਜਾਂ ਤਹਿਤ 70 ਜਵਾਨਾਂ ਨੂੰ ਬਚਾਅ ਲਿਆ ਗਿਆ। ਕਰਨਲ ਬਰਾੜ ਨੇ ਕਿਹਾ ਕਿ ਮ੍ਰਿਤਕਾਂ 'ਚ ਲੈਫਟੀਨੈਂਟ ਪ੍ਰਤੀਕ ਅਤੇ ਫੌਜ ਦੇ ਪ੍ਰਸਿੱਧ ਹਾਈ ਅਲਟੀਚਿਊਡ ਵਾਰਫੇਅਰ ਸਕੂਲ (ਸਮੁੰਦਰੀ ਤਲ ਤੋਂ ਉਚਾਈ ਵਾਲੀਆਂ ਥਾਵਾਂ 'ਤੇ ਯੁੱਧ ਲੜਨ ਦੀ ਜਾਣਕਾਰੀ ਦੇਣ ਵਾਲਾ ਸਕੂਲ) ਦੇ 12 ਹੋਰ ਸੁਰੱਖਿਆ ਕਰਮੀ ਸ਼ਾਮਲ ਹਨ।ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਹੈ, ਜਿਨ੍ਹਾਂ ਨੂੰ ਨਯਨਾਭਿਰਾਮ ਪਰਟਨ ਗੁਲਮਰਗ ਦੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਕਰਨਲ ਬਰਾੜ ਨੇ ਦੱਸਿਆ ਕਿ ਕਰੀਬ 350 ਫੌਜੀਆਂ ਦਾ ਸਮੂਹ ਅੱਜ ਸਵੇਰੇ ਗੁਲਮਰਗ ਤੋਂ ਰਵਾਨਾ ਹੋ ਕੇ ਸਰਦੀ ਦੇ ਮੌਸਮ ਦੇ ਯੁੱਧ ਟ੍ਰੇਨਿੰਗ ਕੈਂਪ ਨੂੰ ਸਥਾਪਤ ਕਰਨ ਲਈ 10 ਹਜ਼ਾਰ ਫੁੱਟ ਦੀ ਉਚਾਈ 'ਤੇ ਖਿਲਨਮਰਗ ਪਹੁੰਚਿਆ ਸੀ, ਜਿੱਥੇ ਉਹ ਬਰਫ਼ੀਲੇ ਤੂਫ਼ਾਨ ਦੀ ਲਪੇਟ ਵਿੱਚ ਆ ਗਿਆ। ਜ਼ਿਕਰਯੋਗ ਹੈ ਕਿ ਗੁਲਮਰਗ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਪਿਛਲੇ ਦੋ ਦਿਨਾਂ ਤੋਂ ਬਰਫ਼ਬਾਰੀ ਹੋ ਰਹੀ ਹੈ, ਜਿਸ ਕਾਰਨ ਕੁਝ ਇਲਾਕਿਆਂ ਵਿੱਚ 6 ਫੁੱਟ ਤੱਕ ਬਰਫ਼ ਜੰਮਣ ਦੀਆਂ ਖ਼ਬਰਾਂ ਹਨ। ਬਰਫ਼ਬਾਰੀ ਅਧਿਐਨ ਸੰਸਥਾ ਨੇ ਬਰਫ਼ੀਲੇ ਤੂਫ਼ਾਨ ਆਉਣ ਦੀ ਚਿਤਾਵਨੀ ਦਿੱਤੀ ਸੀ ਅਤੇ ਉਚੀਆਂ ਥਾਵਾਂ 'ਤੇ ਰਹਿਣ ਵਾਲੇ ਲੋਕਾਂ ਨੂੰ ਬਾਹਰ ਘੁੰਮਣ ਤੋਂ ਮਨ੍ਹਾ ਕੀਤਾ ਸੀ, ਕਿਉਂਕਿ ਇਲਾਕੇ ਵਿੱਚ ਭਾਰੀ ਬਰਫ਼ਬਾਰੀ ਹੋਣ ਦੀ ਸੰਭਾਵਨਾ ਸੀ।ਸੰਸਥਾ ਨੇ ਚਿਤਾਵਨੀ ਦਿੰਦਿਆਂ ਕਿਹਾ ਸੀ ਕਿ ਅਗਲੇ 24 ਘੰਟਿਆਂ ਦੌਰਾਨ ਉਚਾਈ ਵਾਲੇ ਇਲਾਕਿਆਂ ਵਿੱਚ ਬਰਫ਼ਬਾਰੀ ਹੋਣ ਦੀ ਉਮੀਦ ਹੈ। ਇਨ੍ਹਾਂ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਕਿਹਾ ਸੀ ਕਿ ਬਰਫ਼ਬਾਰੀ ਦੌਰਾਨ ਉਹ ਬਾਹਰ ਨਾ ਨਿਕਲਣ ਅਤੇ ਬਰਫ਼ੀਲੇ ਤੂਫ਼ਾਨ ਦੀ ਸ਼ੰਕਾ ਵਾਲੇ ਇਲਾਕਿਆਂ ਵਿੱਚ ਨਾ ਘੁੰਮਣ।

## ਕੇਂਦਰੀ ਮੰਤਰੀ ਕਮਲਨਾਥ ਬਣਿਆ ਨਰੇਗਾ ਮਜ਼ਦੂਰ



**ਛਿੰਦਵਾੜਾ (ਮੱਧਪ੍ਰਦੇਸ਼) :** ਕੇਂਦਰੀ ਮੰਤਰੀ ਕਮਲਨਾਥ ਨੂੰ ਵੀ ਆਪਣੇ ਰਿਹਾਇਸ਼ੀ ਜ਼ਿਲ੍ਹੇ ਵਿਚ 100 ਦਿਨ ਦੇ ਰੁਜ਼ਗਾਰ ਦੀ ਗਰੰਟੀ ਮਿਲ ਗਈ ਹੈ। ਪਰ ਇਹ ਗੱਲ ਅਲੱਗ ਹੈ ਕਿ ਇਸ ਬਾਰੇ ਕਮਲਨਾਥ ਨੂੰ ਵੀ ਪਤਾ ਨਹੀਂ। ਇੱਥੇ ਹੀ ਬੱਸ ਨਹੀਂ ਰਾਜ ਦੇ ਸਿੱਖਿਆ ਮੰਤਰੀ ਸਮੇਤ ਦੋ ਵਿਧਾਇਕਾਂ ਅਤੇ ਕਈ ਹੋਰ ਲੋਕ ਨੁਮਾਇੰਦਿਆਂ ਨੂੰ ਵੀ ਨਰੇਗਾ ਤਹਿਤ ਜੌਬ ਕਾਰਡ ਜਾਰੀ ਕਰ ਦਿੱਤੇ ਗਏ ਹਨ।

ਦੱਸਣਯੋਗ ਹੈ ਕਿ ਇਸ ਸੂਬੇ ਵਿਚ ਇਹ ਪਹਿਲੀ ਘਟਨਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਖਰਗੋਨ ਵਿੱਚ ਇੱਕ ਕੇਂਦਰੀ ਮੰਤਰੀ ਦੇ ਰਿਸ਼ਤੇਦਾਰਾਂ ਦੇ ਨਾਂ ਰੁਜ਼ਗਾਰ ਗਰੰਟੀ ਯੋਜਨਾ (ਨਰੇਗਾ) ਲਈ ਜੌਬ ਕਾਰਡ ਜਾਰੀ ਹੋਣ ਦਾ ਮਾਮਲਾ ਸਾਹਮਣਾ ਆਇਆ ਸੀ।ਤਾਜ਼ਾ ਮਾਮਲਾ ਛਿੰਦਵਾੜਾ ਦਾ ਹੈ, ਜਿੱਥੇ ਸੀਨੀਅਰ ਕੇਂਦਰੀ ਮੰਤਰੀ ਕਮਲਨਾਥ ਦੇ ਨਾਲ ਸੂਬੇ ਦੇ ਸਿੱਖਿਆ ਰਾਜ ਮੰਤਰੀ ਨਾਨਾਭਾਓ ਮੋਹੋੜ ਅਤੇ ਦੋ ਵਿਧਾਇਕਾਂ ਦੇ ਨਾਂ ਜੌਬ ਕਾਰਡ ਜਾਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਤੋਂ ਇਲਾਵਾ ਜ਼ਿਲ੍ਹੇ ਵਿਚ 82 ਅਜਿਹੇ ਲੋਕ ਨੁਮਾਇੰਦਿਆਂ ਦੇ ਨਾਂ 'ਤੇ ਵੀ ਜੌਬ ਕਾਰਡ ਬਣੇ ਹਨ, ਜਿਨ੍ਹਾਂ ਵਿਚ ਜ਼ਿਲ੍ਹਾ ਤੇ ਪੰਚਾਇਤ ਦੇ ਮੌਜੂਦਾ ਤੇ ਸਾਬਕਾ ਮੈਂਬਰ ਸ਼ਾਮਲ ਹਨ। ਇਹ ਗੱਲ ਵੱਖਰੀ ਹੈ ਕਿ ਜ਼ਿਆਦਾਤਰ ਲੋਕ ਨੁਮਾਇੰਦਿਆਂ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਦੇ ਨਾਂ ਨਰੇਗਾ ਤਹਿਤ ਜੌਬ ਕਾਰਡ ਬਣਾਏ ਗਏ ਹਨ।

ਜ਼ਿਕਰਯੋਗ ਹੈ ਕਿ ਕਮਲਨਾਥ ਅਤੇ ਨਾਨਾਭਾਓ ਮੋਹੋੜ ਹੀ ਨਹੀਂ ਸਗੋਂ ਵਿਧਾਇਕ ਦੀਪਕ ਸਕਸੈਨਾ ਅਤੇ ਸ਼ੇਰ ਸਿੰਘ, ਜ਼ਿਲ੍ਹਾ ਪੰਚਾਇਤ ਪ੍ਰਧਾਨ ਨਵੋਦਿੱਤਾ ਢੋਬਲੇ, ਸਾਬਕਾ ਮੰਤਰੀ ਰੇਵ ਨਾਥ ਚੌਰੇ ਦੀ ਪਤਨੀ ਕਮਲਾ ਬਾਈ, ਸਾਬਕਾ ਵਿਧਾਇਕ ਅਜੇ ਚੌਰੇ, ਨਿਗਮ ਪ੍ਰਧਾਨ ਨਰਾਇਣ ਸਿੰਘ ਵਣਜਾਰਾ, ਜ਼ਿਲ੍ਹਾ ਪੰਚਾਇਤ ਪ੍ਰਧਾਨ ਵਿਸ਼ਵਨਾਥ ਓਖਟੇ ਜਿਹੇ ਜਾਣੇ-ਪਹਿਚਾਣੇ ਲੋਕ ਨੁਮਾਇੰਦਿਆਂ ਦੇ ਨਾਂ ਵੀ ਜੌਬ ਕਾਰਡ ਜਾਰੀ ਕੀਤੇ ਗਏ ਹਨ। ਦੂਜੇ ਪਾਸੇ ਜ਼ਿਲ੍ਹੇ ਦੇ ਅਧਿਕਾਰੀ ਇਸ ਗਲਤੀ ਤੋਂ ਆਪਣਾ ਪੱਲਾ ਝਾੜਦਿਆਂ ਇਸ ਦਾ ਦੋਸ਼ ਜੌਬ ਕਾਰਡ ਬਣਾਉਣ ਵਾਲੀ ਏਜੰਸੀ ਸਿਰ ਮੜ੍ਹ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸ਼ੁਰੂਆਤ ਵਿਚ ਜੌਬ ਕਾਰਡ ਬਣਾਉਣ ਲਈ ਏਜੰਸੀ ਤੈਅ ਕੀਤੀ ਗਈ ਸੀ, ਜਿਸ ਨੇ ਇਹ ਟੀਚਾ ਪੂਰਾ ਕਰਨ ਲਈ ਪਿੰਡ ਦੀ ਵੋਟਰ ਲਿਸਟ ਤੇ ਰਾਸ਼ਨ ਕਾਰਡ ਦੇ ਆਧਾਰ 'ਤੇ ਜੌਬ ਕਾਰਡ ਬਣਾ ਦਿੱਤੇ। ਇਸੇ ਦੌਰਾਨ ਸਿੱਖਿਆ ਰਾਜ ਮੰਤਰੀ ਨਾਨਾ ਭਾਓ ਮੋਹੋੜ ਨੇ ਆਪਣੇ ਨਾਂ ਜੌਬ ਕਾਰਡ ਜਾਰੀ ਕੀਤੇ ਜਾਣ 'ਤੇ ਅਣਜਾਣਤਾ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ। ਉਨ੍ਹਾਂ ਕਿਹਾ ਕਿ ਨਾ ਤਾਂ ਉਨ੍ਹਾਂ ਨੇ ਖ਼ੁਦ ਅਤੇ ਨਾ ਹੀ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਮੈਂਬਰ ਨੇ ਜੌਬ ਕਾਰਡ ਬਣਾਉਣ ਲਈ ਅਰਜ਼ੀ ਦਿੱਤੀ ਸੀ। ਕਾਂਗਰਸੀ ਵਿਧਾਇਕ ਦੀਪਕ ਸਕਸੈਨਾ ਨੇ ਉਨ੍ਹਾਂ ਦੇ ਨਾਂ 'ਤੇ ਨਰੇਗਾ ਤਹਿਤ ਜੌਬ ਕਾਰਡ ਬਣਾਏ ਜਾਣ ਨੂੰ ਫਰਜ਼ੀ ਦੱਸਦਿਆਂ ਕਿਹਾ ਕਿ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਹੋਣੀ ਚਾਹੀਦੀ ਹੈ। ਇਸ ਸਬੰਧ ਵਿੱਚ ਪੁੱਛੇ ਜਾਣ 'ਤੇ ਛਿੰਦਵਾੜਾ ਜ਼ਿਲ੍ਹਾ ਪੰਚਾਇਤ ਦੇ ਸੀਈਓ ਸ੍ਰੀ ਨਿਵਾਸ ਦਾ ਕਹਿਣਾ ਸੀ ਕਿ ਪਿੰਡ ਵਿੱਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਦਾ ਨਰੇਗਾ ਤਹਿਤ ਜੌਬ ਕਾਰਡ ਬਣਾਇਆ ਜਾ ਸਕਦਾ ਹੈ।

# ਆਸਟ੍ਰੇਲੀਆ ਵਿਚਲੇ ਹਜ਼ਾਰਾਂ ਪੰਜਾਬੀਆਂ ਦਾ ਟਿਕਣਾ ਹੋਇਆ ਮੁਸ਼ਕਲ

ਮੈਲਬਰਨ: ਆਸਟ੍ਰੇਲੀਆ ਨੇ ਆਪਣੇ ਆਵਾਸ ਨੇਮ ਸਖ਼ਤ ਕਰਦਿਆਂ ਹੇਅਰ ਡ੍ਰੈਸਰਾਂ ਤੇ ਖਾਨਸਾਮਿਆਂ ਦੀ ਬਜਾਇ ਵਧੇਰੇ ਹੁਨਰਮੰਦ ਕਾਮਿਆਂ ਦੀ ਆਮਦ ਦੀ ਤਰਫਦਾਰੀ ਕੀਤੀ ਹੈ। ਇਸ ਸੋਧ ਜ਼ਰੀਏ ਭਾਰਤੀਆਂ ਸਣੇ ਵਿਦੇਸ਼ੀ ਵਿਦਿਆਰਥੀਆਂ ਦੀਆਂ ਪਰਵਾਸ ਲਈ ਅੰਦਾਜ਼ਨ 20 ਹਜ਼ਾਰ ਅਰਜ਼ੀਆਂ ਰੱਦ ਹੋ ਜਾਣਗੀਆਂ।

ਆਵਾਸ ਮੰਤਰੀ ਕ੍ਰਿਸ ਇਵਾਨਜ਼ ਨੇ ਕਿਹਾ ਕਿ ਆਵਾਸ ਨੇਮਾਂ ਵਿਚ ਸੋਧ ਨਾਲ ਆਸਟ੍ਰੇਲੀਆ ਦੀਆਂ ਮੁਕਾਮੀ ਲੋੜਾਂ ਮੁਤਾਬਕ ਵਧੇਰੇ ਡਾਕਟਰਾਂ, ਇੰਜੀਨੀਅਰਾਂ ਅਤੇ ਆਈ.ਟੀ. ਪ੍ਰੋਫੈਸ਼ਨਲਾਂ ਦੇ ਰੂਪ ਵਿਚ ਵਿਦੇਸ਼ੀ ਪਰਵਾਸੀਆਂ ਦੀ ਆਮਦ ਵਧੇਗੀ। ਉਨ੍ਹਾਂ ਮੰਗ ਸੂਚੀ ਵਿਚ ਪਰਵਾਸ ਧੰਦੇ (ਐਮ.ਓ.ਡੀ.ਐਲ.) ਵੀ ਰੱਦ ਕਰਨ ਦਾ ਐਲਾਨ ਕੀਤਾ ਤਾਂ ਕਿ ਸੁਤੰਤਰ ਰੂਪ ਵਿਚ ਹੁਨਰਮੰਦ ਪਰਵਾਸ ਦੀ ਬਜਾਇ ਧੰਦਿਆਂ ਦੇ ਇਕ ਵਧੇਰੇ ਟੀਚਾਬੱਧ ਸਮੂਹ ਪ੍ਰਤੀ ਯੋਗਤਾ ਨੂੰ ਸੀਮਤ ਕੀਤਾ ਜਾ ਸਕੇ। ਸ੍ਰੀ ਇਵਾਨਜ਼ ਨੇ ਕਿਹਾ, ''ਇਹ (ਐਮ.ਓ.ਡੀ.ਐਲ.) ਵਿਦੇਸ਼ੀ ਵਿਦਿਆਰਥੀਆਂ ਨੂੰ ਕੁਝ ਖਾਸ ਧੰਦਿਆਂ ਵਿਚ ਸਿੱਖਿਅਤ ਹੋਣ ਲਈ ਪਰੇਰਿਤ ਕਰਦੀ ਹੈ ਤਾਂ ਕਿ ਉਹ ਪੱਕਾ ਨਿਵਾਸ ਹਾਸਲ ਕਰ ਸਕਣ, ਪਰ ਇਸ ਨਾਲ ਹੁਨਰਮੰਦ ਪਰਵਾਸ ਦਾ ਪ੍ਰੋਗਰਾਮ ਕੁਝ ਕੁ ਧੰਦਿਆਂ ਤੱਕ ਸੁੰਗੜ ਕੇ ਰਹਿ ਜਾਂਦਾ ਹੈ।''

ਮੌਜੂਦਾ ਪ੍ਰਣਾਲੀ ਵਿਚ ਨੁਕਸਾਂ 'ਤੇ ਉਂਗਲ ਧਰਦਿਆਂ ਇਵਾਨਜ਼ ਨੇ ਕਿਹਾ, ''ਕੋਈ ਵੱਡਾ ਵਿਦਵਾਨ ਵੀ ਅੰਕ ਪ੍ਰੀਖਿਆ ਪਾਸ ਨਹੀਂ ਕਰ ਸਕੇਗਾ ਜੇ ਉਹ ਰਸਾਇਣਕ ਸ਼ਾਸਤਰ ਜਾਂ ਗਣਿਤ ਵਿਗਿਆਨ ਵਿਚ ਡਿਗਰੀ ਲੈ ਲੈਂਦਾ ਹੈ, ਪਰ ਖਾਨਸਾਮਿਆਂ ਅਤੇ ਹੇਅਰ ਡ੍ਰੈਸਰਾਂ ਜਿਹੇ ਬਹੁਤ ਸਾਰੇ ਧੰਦੇ ਹਨ ਜਿਨ੍ਹਾਂ ਵਿਚ ਕੌਮਾਂਤਰੀ ਵਿਦਿਆਰਥੀ ਆਸਟ੍ਰੇਲੀਆ ਵਿਚ ਪੜ੍ਹਾਈ ਕਰਕੇ 92 ਹਫਤਿਆਂ ਦੇ ਅੰਦਰ-ਅੰਦਰ ਪਾਤਰਤਾ ਹਾਸਲ ਕਰਕੇ ਪੱਕੇ ਨਿਵਾਸ ਦੇ ਰਾਹ 'ਤੇ ਪੈ ਜਾਂਦੇ ਹਨ।'' ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਦੀ ਨੀਤੀ ਤਹਿਤ ਹੁਨਰਮੰਦ ਪਰਵਾਸ ਪ੍ਰੋਗਰਾਮ ਬਹੁਤ ਸਾਰੇ ਖ਼ੁਦ ਸਾਖ਼ਤਾ ਪਰਵਾਸੀਆਂ ਲਈ ਰਾਹ ਖੋਲ੍ਹਦਾ ਸੀ ਜਿਨ੍ਹਾਂ ਦੀ ਅੰਗਰੇਜ਼ੀ ਵੀ ਔਸਤ ਦਰਜੇ ਦੀ ਹੁੰਦੀ ਹੈ ਅਤੇ ਉਨ੍ਹਾਂ ਨੂੰ ਨਾਮਜ਼ਦ ਧੰਦੇ ਵਿਚ ਨੌਕਰੀ ਭਾਲਣ ਵਿਚ ਵੀ ਔਖ ਹੁੰਦੀ ਹੈ।

'ਦਿ ਏਜ' ਅਖ਼ਬਾਰ ਦੀ ਰਿਪੋਰਟ ਮੁਤਾਬਕ ਇਸ ਸੋਧ ਰਾਹੀ ਹੇਅਰ ਡ੍ਰੈਸਿੰਗ, ਕੁੱਕਰੀ ਤੇ ਹੋਰ ਕੋਰਸਾਂ ਦੇ ਜ਼ਰੀਏ ਪੱਕੇ ਨਿਵਾਸ ਦਾ ਰਾਹ ਲੱਭ ਰਹੇ ਭਾਰਤੀਆਂ ਸਣੇ ਵਿਦੇਸ਼ੀ ਵਿਦਿਆਰਥੀਆਂ ਦੀਆਂ 20 ਹਜ਼ਾਰ ਅਰਜ਼ੀਆਂ ਉਪਰ ਅਸਰ ਪਵੇਗਾ। ਨਵੇਂ ਨੇਮਾਂ ਤਹਿਤ ਉਨ੍ਹਾਂ ਬਿਨੈਕਾਰਾਂ ਨੂੰ ਤਰਜੀਹ ਮਿਲੇਗੀ। ਜਿਨ੍ਹਾਂ ਦੇ ਸਪਾਂਸਰ ਹੋਣਗੇ ਜਾਂ ਜਿਨ੍ਹਾਂ ਕੋਲ ਨੌਕਰੀ ਦੀਆਂ ਪੇਸ਼ਕਸ਼ਾਂ ਹੋਣਗੀਆਂ। ਨਵੀਂ ਪ੍ਰਣਾਲੀ ਤਹਿਤ ਮਾੜੇ ਪਰਵਾਸ ਏਜੰਟਾਂ ਨੂੰ ਵੀ ਨੱਥ ਪੈਣ ਦੀ ਆਸ ਹੈ ਜੋ ਵਿਦੇਸ਼ੀ ਵਿਦਿਆਰਥੀਆਂ ਨੂੰ ਗੁੰਮਰਾਹ ਕਰਦੇ ਹਨ ਕਿ ਆਸਟ੍ਰੇਲੀਆ ਵਿਚ ਕੋਈ ਕੋਰਸ ਪੂਰਾ ਹੋਣ ਨਾਲ ਹੀ ਉਥੇ ਉਨ੍ਹਾਂ ਲਈ ਪੱਕੇ ਨਿਵਾਸ ਦਾ ਰਾਹ ਖੁੱਲ੍ਹ ਜਾਵੇਗਾ। ਆਵਾਸ ਮੰਤਰੀ ਨੇ ਕਿਹਾ, ''ਇਹ ਇੰਦਾਂ ਨਹੀਂ ਅਤੇ ਇਵੇਂ ਹੋਵੇਗਾ ਵੀ ਨਹੀਂ। ਵਿਦਿਆਰਥੀ ਵੀਜ਼ਾ ਸਿਰਫ ਪੜ੍ਹਾਈ ਲਈ ਹੈ।'' ਉਨ੍ਹਾਂ ਕਿਹਾ ਕਿ ਇਸ ਨਾਲ ਉਸ ਕਿਸਮ ਦਾ ਆਵਾਸ ਹੋਵੇਗਾ ਜਿਸ ਦੀ ਆਸਟ੍ਰੇਲੀਆ ਨੂੰ ਲੋੜ ਹੈ। ਨਵੇਂ ਨੇਮਾਂ ਤਹਿਤ ਪੱਕੇ ਵੀਜ਼ੇ ਲਈ 20 ਹਜ਼ਾਰ ਅਰਜ਼ੀਆਂ ਨੂੰ ਕਿੱਤਾ-ਮੁਖੀ ਰੁਜ਼ਗਾਰ ਵਿਚ ਮੁਹਾਰਤ ਅਤੇ ਨੌਕਰੀ ਵਿਚ ਹਰ ਹੀਲੇ ਦਾਖਲ ਹੋਣਾ ਅਤੇ ਅੰਗਰੇਜ਼ੀ ਜ਼ੁਬਾਨ ਵਿਚ ਮੁਹਾਰਤ ਹੋਣ ਦੀਆਂ ਸ਼ਰਤਾਂ ਸ਼ਾਮਲ ਹਨ। ਸਰਕਾਰ ਨੇ ਸਤੰਬਰ 2007 ਤੱਕ ਆਸਟ੍ਰੇਲੀਆ ਵਿਚ ਪੱਕੇ ਵੀਜ਼ੇ

**ਹਮਲਿਆਂ ਤੋਂ ਬਚਣੈ ਤਾਂ ਸਾਦੇ ਰਹੋ-ਪੁਲਿਸ**

ਹਾਸਲ ਕਰਨ ਲਈ 20,000 ਬਿਨੈ ਕਰਤਾਵਾਂ ਦੀਆਂ ਅਰਜ਼ੀਆਂ ਰੱਦ ਕਰਕੇ ਉਨ੍ਹਾਂ ਦੀਆਂ ਫੀਸਾਂ ਵਾਪਸ ਕਰਨ ਦਾ ਫੈਸਲਾ ਕੀਤਾ ਹੈ। ਹੁਣ ਸਰਕਾਰ ਦੇਸ਼ ਦੀਆਂ ਲੋੜਾਂ ਮੁਤਾਬਕ ਕਿੱਤਿਆਂ ਦੀ ਲਿਸਟ ਜਾਰੀ ਕਰੇਗੀ। ਜਿਹੜੇ ਵਿਦਿਆਰਥੀ ਇਸ ਲਿਸਟ ਵਿਚ ਆਉਂਦੇ ਕਿੱਤਿਆਂ ਦੇ ਰੁਜ਼ਗਾਰ ਵਿਚ 18 ਮਹੀਨੇ ਦੇ ਸਮੇਂ ਅੰਦਰ ਰੁਜ਼ਗਾਰ ਪ੍ਰਾਪਤ ਕਰਨ ਵਿਚ ਅਸਫਲ ਰਹਿੰਦੇ ਹਨ। ਉਨ੍ਹਾਂ ਨੂੰ ਆਪਣੇ ਦੇਸ਼ ਖਾਲੀ ਹੱਥ ਵਾਪਸ ਜਾਣਾ ਪਵੇਗਾ। ਇਸ ਨਾਲ ਹੇਅਰ ਡ੍ਰੈਸਿੰਗ ਅਤੇ ਕੁੱਕਰੀ ਦੇ ਕੋਰਸਾਂ ਵਿਚ ਆਏ ਵਿਦਿਆਰਥੀ ਜਿਨ੍ਹਾਂ ਵਿਚ 65 ਤੋਂ 70 ਹਜ਼ਾਰ ਪੰਜਾਬੀ ਹਨ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਣਗੇ। ਹੋਏ ਇਸ ਐਲਾਨ ਨਾਲ ਵਿਦਿਆਰਥੀਆਂ ਦੇ ਸੁਪਨਿਆਂ ਤੇ ਪਾਣੀ ਫਿਰਦਾ ਨਜ਼ਰ ਆ ਰਿਹਾ ਹੈ ਕਿਉਂਕਿ ਕਾਲਜਾਂ ਦੇ ਨਾਮ 'ਤੇ ਦੁਕਾਨਦਾਰੀ ਕਰਦੇ ਆਏ ਅਦਾਰੇ ਇਨ੍ਹਾਂ ਵਿਦਿਆਰਥੀਆਂ ਤੋਂ 20 ਤੋਂ 22 ਹਜ਼ਾਰ ਡਾਲਰ ਫੀਸਾਂ ਲੈ ਕੇ ਵੀ ਕਿੱਤੇ ਦੇ ਯੋਗ ਸਿੱਖਿਆ ਦੇਣ 'ਚ ਅਸਮਰੱਥ ਰਹੇ ਹਨ।

ਇਸੇ ਦੌਰਾਨ ਵਿਕਟੋਰੀਆ ਪੁਲਿਸ ਨੇ ਭਾਰਤੀਆਂ ਨੂੰ ਹਮਲਿਆਂ ਤੋਂ ਬਚਣ ਲਈ ਸਾਦਗੀ ਵਰਤਣ ਦੀ ਨਸੀਹਤ ਦਿੱਤੀ ਹੈ। ਵਿਕਟੋਰੀਆ ਪੁਲਿਸ ਦੇ ਮੁਖੀ ਸਾਇਮਨ ਓਵਰਲੈਂਡ ਦੇ ਇਸ ਸੁਝਾਅ ਦੀ ਭਾਰਤੀ ਭਾਈਚਾਰੇ ਨੇ ਨਿੰਦਾ ਕਰਦਿਆਂ ਇਸ ਨੂੰ ਹਾਸੋਹੀਣਾ ਕਰਾਰ ਦਿੱਤਾ।ਸਾਇਮਨ ਨੇ ਕਿਹਾ ਕਿ ਭਾਰਤੀ ਵਿਦਿਆਰਥੀਆਂ ਨੂੰ ਹਮਲਿਆਂ ਤੋਂ ਬਚਣ ਲਈ ਚਮਕ ਦਮਕ ਤੋਂ ਦੂਰ ਰਹਿਣਾ ਚਾਹੀਦਾ ਹੈ। 'ਦ ਏਜ' ਨੇ ਸਾਇਮਨ ਦੇ ਹਵਾਲੇ ਨਾਲ ਕਿਹਾ ਕਿ ਭਾਰਤੀ ਵਿਦਿਆਰਥੀ ਆਪਣੀ ਸੁਰੱਖਿਆ ਲਈ ਕੁਝ ਕਦਮ ਚੁੱਕ ਸਕਦੇ ਹਨ। ਬਸ਼ਰਤੇ ਦੇਰ ਰਾਤ ਜੋਖ਼ਮ ਭਰੇ ਇਲਾਕੇ ਵਿਚ ਜਨਤਕ ਵਾਹਨਾਂ ਵਿਚ ਯਾਤਰਾ ਕਰਨ ਤੋਂ ਬਚਣਾ ਚਾਹੀਦਾ ਹੈ। ਵਿਕਟੋਰੀਆ ਦੇ ਪ੍ਰੀਮੀਅਰ ਜੌਨ ਬਰੂੰਬੀ ਨੇ ਪੁਲਿਸ ਮੁਖੀ ਦੇ ਇਸ ਸੁਝਾਅ ਦਾ ਪੱਖ ਪੂਰਦਿਆਂ ਕਿਹਾ ਕਿ ਉਨ੍ਹਾਂ ਦਾ ਮਤਲਬ ਅਪਰਾਧ ਵਾਲੇ ਇਲਾਕਿਆਂ ਵਿਚ ਸਾਵਧਾਨੀ ਵਰਤਣ ਤੋਂ ਹੈ। ਭਾਰਤੀ ਵਿਦਿਆਰਥੀ ਸੰਘ ਦੇ ਬੁਲਾਰੇ ਗੌਤਮ ਗੁਪਤਾ ਨੇ ਕਿਹਾ ਕਿ ਭਾਰਤੀਆਂ ਨੂੰ ਸੁਰੱਖਿਆ ਲਈ ਨਵਾਂ ਹੋਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਕੰਮ ਕਰਨ ਦੀ ਥਾਂ ਹੈ, ਕੰਮ ਕਰਨ ਦੀ ਹਰ ਥਾਂ ਸੁਰੱਖਿਅਤ ਹੋਣੀ ਚਾਹੀਦੀ ਹੈ।ਹਾਲਾਂਕਿ ਸਥਾਨਕ ਪੁਲਿਸ ਅਧਿਕਾਰੀਆਂ ਨੇ ਵਿਦੇਸ਼ੀ ਵਿਦਿਆਰਥੀਆਂ ਦੀ ਸੁਰੱਖਿਆ ਬਾਰੇ ਲਗਾਤਾਰ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਇਨ੍ਹਾਂ ਦੀ ਸੁਰੱਖਿਆ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਆਸਟਰੇਲੀਆ ਵਿਖੇ ਭਾਰਤੀ ਵਿਦਿਆਰਥੀਆਂ ਅਤੇ ਭਾਰਤੀ ਮੂਲ ਦੇ ਵਿਅਕਤੀਆਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ। ਇਨ੍ਹਾਂ ਹਮਲਿਆਂ ਵਿਚ ਬੀਤੇ ਦਿਨੀਂ ਜਗਰਾਉਂ ਦੇ ਇੱਕ ਵਿਦਿਆਰਥੀ ਨਿਤਿਨ ਗਰਗ ਦੀ ਵੀ ਮੌਤ ਹੋ ਗਈ ਸੀ। ਇਸ ਕਾਰਨ ਆਸਟਰੇਲੀਆ ਵਿਚ ਰਹਿ ਰਹੇ ਭਾਰਤੀ ਮੂਲ ਦੇ ਵਿਦਿਆਰਥੀਆਂ ਵਿਚ ਕਾਫੀ ਸਹਿਮ ਵੀ ਪਾਇਆ ਜਾ ਰਿਹਾ ਹੈ। ਇਸ ਦੌਰਾਨ ਆਸਟਰੇਲੀਆ ਵਿਚ ਭਾਰਤੀ ਹਾਈ ਕਮਿਸ਼ਨਰ ਵਜੋਂ ਤਾਇਨਾਤ ਸੁਜਾਤਾ ਸਿੰਘ ਨੇ ਉਥੋਂ ਦੇ ਗਵਰਨਰ ਜਨਰਲ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਚੌਕਸ ਕੀਤਾ ਕਿ ਜੇਕਰ ਭਾਰਤੀਆਂ ਖਿਲਾਫ਼ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਇਸ ਦੇ ਭਿਆਨਕ ਨਤੀਜੇ ਨਿਕਲਣਗੇ। ਇਹ ਘਟਨਾਕ੍ਰਮ ਅਜਿਹੇ ਸਮੇਂ ਵਿੱਚ ਵਾਪਰਿਆ ਹੈ, ਜਦੋਂ ਵਿਕਟੋਰੀਆ ਦੇ ਪ੍ਰਧਾਨ ਮੰਤਰੀ ਜਾਨ ਬਰੂੰਬੀ ਭਾਰਤੀ ਮੀਡੀਆ ਅਤੇ ਅਧਿਕਾਰੀਆਂ 'ਤੇ ਵੱਖਰੇ ਵਿਚਾਰ ਰੱਖਣ ਦਾ ਦੋਸ਼ ਲਗਾਉਂਦਿਆਂ ਉਨ੍ਹਾਂ 'ਤੇ ਜਮ ਕੇ ਵਰ੍ਹੇ। 'ਦ ਏਜ' ਦੀ ਖ਼ਬਰ ਮੁਤਾਬਕ ਉਚ ਭਾਰਤੀ ਰਾਜਦੂਤ ਸੁਜਾਤਾ ਸਿੰਘ ਨੇ ਪਿਛਲੇ ਸ਼ੁੱਕਰਵਾਰ ਨੂੰ ਉਥੋਂ ਦੇ ਗਵਰਨਰ ਜਨਰਲ ਕਵੇਂਟਿਨ ਬਰਾਇਸ ਨਾਲ ਮਿਲਣ ਲਈ ਸਮਾਂ ਮੰਗਿਆ ਸੀ। ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਨੇ ਬਰਾਇਸ ਨੂੰ ਕਿਹਾ ਕਿ ਆਸਟਰੇਲੀਆ ਭਾਵੇਂ ਨਸਲਵਾਦੀ ਨਹੀਂ ਹੈ, ਪਰ ਉਨ੍ਹਾਂ ਨੇ ਬਰਾਇਸ ਨੂੰ ਇਹ ਕਹਿੰਦਿਆਂ ਚੌਕਸ ਕੀਤਾ ਕਿ ਜੇਕਰ ਹਮਲਿਆਂ ਨੂੰ ਰੋਕਣ ਲਈ ਢੁਕਵੇਂ ਕਦਮ ਨਾ ਚੁੱਕੇ ਗਏ ਤਾਂ ਇਸ ਦੇ ਭਿਆਨਕ ਨਤੀਜੇ ਸਾਹਮਣੇ ਆਉਣਗੇ।

## ਨੀਦਰਲੈਂਡ 'ਚ ਵੀ ਵਿਦਿਆਰਥੀ ਖੱਜਲ ਹੋਏ

ਚੰਡੀਗੜ੍ਹ, 7 ਫਰਵਰੀ-ਆਸਟ੍ਰੇਲੀਆ ਵਾਂਗ ਹੁਣ ਨੀਦਰਲੈਂਡ 'ਚ ਵੀ ਭਾਰਤੀ, ਖਾਸ ਕਰਕੇ ਪੰਜਾਬੀ ਵਿਦਿਆਰਥੀਆਂ ਦੀ ਖੱਜਲ-ਖੁਆਰੀ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਨੀਦਰਲੈਂਡ ਦੀ ਯੂਰਪੀਅਨ ਯੂਨੀਵਰਸਿਟੀ 'ਚ ਪੜ੍ਹਨ ਦੇ ਇੱਛੁਕ ਪੰਜਾਬ ਦੇ 25 ਵਿਦਿਆਰਥੀਆਂ ਨੂੰ ਭਾਵੇਂ ਡੱਚ ਇਮੀਗਰੇਸ਼ਨ ਅਥਾਰਟੀ ਵੱਲੋਂ ਵੀਜ਼ਾ ਦੇਣ ਲਈ ਕਿਹਾ ਜਾ ਚੁੱਕਿਆ ਹੈ, ਪਰ ਇਸਦੇ ਬਾਵਜੂਦ ਨੀਦਰਲੈਂਡ ਸਰਕਾਰ ਦਾ ਵਿਦੇਸ਼ੀ ਮਾਮਲਿਆਂ ਬਾਰੇ ਮੰਤਰਾਲਾ ਇਸ ਆਧਾਰ 'ਤੇ ਪੰਜਾਬੀ ਵਿਦਿਆਰਥੀਆਂ ਨੂੰ ਰੋਕ ਰਿਹਾ ਹੈ ਕਿ ਪੰਜਾਬ 'ਚ ਲੋਕਾਂ ਦੀ ਮਾਲੀ ਹਾਲਤ ਮਾੜੀ ਹੈ ਅਤੇ ਉਕਤ ਵਿਦਿਆਰਥੀ ਵੀ ਗਰੀਬ ਪਰਿਵਾਰਾਂ ਦੇ ਹਨ। ਜਾਣਕਾਰੀ ਅਨੁਸਾਰ ਪੰਜਾਬ ਦੇ ਜ਼ਿਲਾ ਹੁਸ਼ਿਆਰਪੁਰ, ਜਲੰਧਰ ਤੇ ਲੁਧਿਆਣਾ ਤੋਂ 25 ਵਿਦਿਆਰਥੀਆਂ ਨੇ ਨੀਦਰਲੈਂਡ ਦੀ ਯੂਰਪੀਨ ਯੂਨੀਵਰਸਿਟੀ ਆਫ ਪ੍ਰੋਫੈਸ਼ਨਲ ਐਜੂਕੇਸ਼ਨ, ਹੈਗ ਵਿਚ ਦਾਖਲਾ ਲੈਣ ਲਈ ਨੀਦਰਲੈਂਡ ਦੀ ਫਰਦਰ ਐਜੂਕੇਸ਼ਨ ਗਰੁੱਪ ਰਾਹੀਂ ਬਿਨੈ ਪੱਤਰ ਦਿੱਤੇ ਸਨ। ਡੱਚ ਇਮੀਗਰੇਸ਼ਨ ਅਥਾਰਟੀ ਨੇ ਉਕਤ 25 ਵਿਦਿਆਰਥੀਆਂ ਨੂੰ ਮਨਜ਼ੂਰੀ ਪੱਤਰ ਜਾਰੀ ਕਰਦਿਆਂ ਵੀਜ਼ਾ ਦੇਣ ਲਈ ਸਤੰਬਰ 2009 ਨੂੰ ਕਹਿ ਦਿੱਤਾ ਸੀ। ਪਰ ਡੱਚ ਦੇ ਵਿਦੇਸ਼ੀ ਮਾਮਲਿਆਂ ਦੇ ਮੰਤਰਾਲੇ ਵੱਲੋਂ ਉਕਤ ਵਿਦਿਆਰਥੀਆਂ ਨੂੰ ਵੀਜ਼ਾ ਦੇਣ ਤੋਂ ਰੋਕਿਆ ਜਾ ਰਿਹਾ ਹੈ। ਮੰਤਰਾਲੇ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਭਾਰਤੀ ਵਿਦਿਆਰਥੀਆਂ ਕੋਲ ਬਾਅਦ ਵਿਚ ਅਦਾ ਕਰਨ ਨੂੰ ਫੀਸਾਂ ਨਹੀਂ ਹੁੰਦੀਆਂ ਅਤੇ ਦਾਖਲਾ ਮੰਗ ਰਹੇ ਵਿਦਿਆਰਥੀ ਵੀ ਗਰੀਬ ਪਰਿਵਾਰਾਂ ਦੇ ਹਨ। ਦਿਲਚਸਪ ਗੱਲ ਇਹ ਹੈ ਕਿ ਇਸ ਮਾਮਲੇ ਦੀ ਸੱਚਾਈ ਨੂੰ ਪ੍ਰਗਟ ਕਰਨ ਲਈ ਨੀਦਰਲੈਂਡ ਤੋਂ ਇਕ ਵਕੀਲ ਕੁਝ ਸਮਾਂ ਪਹਿਲਾਂ ਪੰਜਾਬ ਆਇਆ ਸੀ ਤੇ ਉਸਨੇ ਦਾਖਲਾ ਲੈਣ ਵਲੋਂ ਵਿਦਿਆਰਥੀਆਂ ਦੇ ਪਰਿਵਾਰਾਂ ਦੀ ਪਰਿਵਾਰਿਕ ਸਥਿਤੀ ਦੀ ਵੀਡੀਓਗ੍ਰਾਫੀ ਕਰਕੇ ਨੀਦਰਲੈਂਡ ਭੇਜੀ। ਜਿਸ ਵਿਚ ਲਾਈ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਉਕਤ ਪਰਿਵਾਰ ਚੰਗੇ ਰੱਜਦੇ-ਪੁੱਜਦੇ ਘਰਾਂ ਦੇ ਹਨ। ਆਖਰਕਾਰ ਲਟਕਵੀਂ ਹਾਲਤ ਨੂੰ ਦੇਖਦਿਆਂ ਵਿਦਿਆਰਥੀਆਂ ਵੱਲੋਂ ਡੱਚ ਦੇ ਵਿਦੇਸ਼ੀ ਮਾਮਲਿਆਂ ਦੇ ਮੰਤਰਾਲੇ ਵਿਰੁੱਧ ਹੇਗ ਦੀ ਜ਼ਿਲ੍ਹਾ ਅਦਾਲਤ 'ਚ ਰਿੱਟ ਦਾਇਰ ਕੀਤੀ ਹੈ।

## ਬਰਤਾਨੀਆ ਵਲੋਂ ਵਿਦਿਆਰਥੀ ਕਾਨੂੰਨ ਸਖ਼ਤ

ਲੰਡਨ, 7 ਫਰਵਰੀ-ਯੂਰਪੀਨ ਖੇਤਰ ਨੂੰ ਛੱਡ ਕੇ ਬਾਕੀ ਸਮੇਤ ਹੋਰ ਦੇਸ਼ਾਂ ਤੋਂ ਬਰਤਾਨੀਆ ਵਿਚ ਪੜ੍ਹਨ ਲਈ ਆਉਣ ਵਾਲੇ ਵਿਦਿਆਰਥੀਆਂ ਲਈ ਕਾਨੂੰਨ ਹੋਰ ਸਖ਼ਤ ਕਰ ਦਿੱਤੇ ਗਏ ਹਨ ਜੋ ਤੁਰੰਤ ਲਾਗੂ ਹੋ ਜਾਣਗੇ। ਇਸ ਤਹਿਤ ਅੰਗਰੇਜ਼ੀ ਭਾਸ਼ਾ ਟੈਸਟ ਹੋਰ ਸਖ਼ਤ ਹੋ ਜਾਵੇਗਾ ਅਤੇ ਥੋੜ੍ਹੇ-ਚਿਰੇ ਕੋਰਸਾਂ ਲਈ ਵਿਦਿਆਰਥੀ ਆਪਣੇ 'ਤੇ ਨਿਰਭਰ ਵਿਅਕਤੀ ਮੰਗਵਾ ਨਹੀਂ ਸਕਣਗੇ।

ਬਰਤਾਨੀਆ ਦੇ ਗ੍ਰਹਿ ਮੰਤਰੀ ਐਲਨ ਜੌਹਨਸਨ ਨੇ ਐਤਵਾਰ ਸ਼ਾਮੀਂ ਇੱਥੇ ਇਹ ਸੋਧਾਂ ਐਲਾਨਿਆ ਦੱਸਿਆ ਕਿ 'ਅੰਗਰੇਜ਼ੀ ਭਾਸ਼ਾ ਟੈਸਟ' ਦਾ ਪੱਧਰ ਇੰਟਰਮੀਡੀਏਟ ਲੈਵਲ ਕੀਤਾ ਜਾ ਰਿਹਾ ਹੈ ਜਿਹੜਾ ਬਰਤਾਨਵੀ 'ਜੀ.ਸੀ.ਐਸ.ਈ. ਵਿਦੇਸ਼ ਭਾਸ਼ਾ ਯੋਗਤਾ' ਦੇ ਪੱਧਰ ਦਾ ਹੋਵੇਗਾ। ਜਿਹੜੇ ਵਿਦਿਆਰਥੀ ਬਰਤਾਨੀਆ 'ਚ ਛੇ ਮਹੀਨੇ ਦਾ ਕੋਰਸ ਕਰਨ ਆਉਣਗੇ, ਉਨ੍ਹਾਂ ਨੂੰ ਕਿਸੇ ਆਪਣੇ 'ਤੇ ਨਿਰਭਰ ਨੂੰ ਲਿਆਉਣ, ਦੀ ਇਜਾਜ਼ਤ ਨਹੀਂ ਹੋਵੇਗੀ। ਜਿਹੜੇ ਵਿਦਿਆਰਥੀ ਛੇ ਮਹੀਨਿਆਂ ਤੋਂ ਉਪਰ ਵਾਲੇ ਡਿਗਰੀ ਕੋਰਸ ਕਰਨ ਆਉਣਗੇ ਤੇ ਉਨ੍ਹਾਂ ਦਾ ਸਮਾਂ ਤਿੰਨ ਸਾਲ ਨਹੀਂ ਹੋਵੇਗਾ, ਉਹ ਆਪਣੇ 'ਤੇ ਨਿਰਭਰ ਤਾਂ ਮੰਗਵਾ ਸਕਣਗੇ ਪ੍ਰੰਤੂ ਉਨ੍ਹਾਂ ਨੂੰ ਕੰਮ ਕਨ ਦੀ ਇਜਾਜ਼ਤ ਨਹੀਂ ਹੋਵੇਗੀ।

ਇਕ ਹੋਰ ਸੋਧੇ ਅਨੁਸਾਰ ਵਿਦਿਆਰਥੀਆਂ ਨੂੰ ਪੜ੍ਹਾਈ ਦੌਰਾਨ ਹਫਤੇ ਵਿਚ ਵੀਹ ਘੰਟੇ ਕੰਮ ਕਰਨ ਦੀ ਇਜਾਜ਼ਤ ਵਿਚ ਵੀ ਤਬਦੀਲੀ ਕੀਤੀ ਗਈ ਹੈ। ਕੰਮ ਕਰਨ ਦੇ ਹਫਤਾਵਾਰੀ ਘੰਟੇ ਘਟਾਏ ਜਾ ਰਹੇ ਹਨ। ਬਰਤਾਨਵੀ ਸਰਕਾਰ ਨੇ ਉਹ ਤਜਵੀਜ਼ ਰੱਦ ਕਰ ਦਿੱਤੀ ਜਿਸ ਵਿਚ ਕਿਹਾ ਗਿਆ ਸੀ ਕਿ ਵਿਦਿਆਰਥੀਆਂ ਨੂੰ ਵਾਪਸੀਯੋਗ ਜ਼ਮਾਨਤੀ ਬਾਂਡ ਭਰਨਾ ਹੋਵੇਗਾ। ਇਸ ਤਜਵੀਜ਼ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਗਿਆ ਕਿ ਇਹ ਅਮਲ ਵਿਚ ਲਿਆਉਣ ਯੋਗ ਨਹੀਂ ਹੈ। ਉਨ੍ਹਾਂ ਕਿਹਾ ਕਿ ਨਵੇਂ ਕਾਨੂੰਨ ਅਮਲ ਵਿਚ ਲਿਆਉਣ ਦਾ ਮੰਤਵ ਜਾਅਲੀ ਵਿਦਿਆਰਥੀਆਂ ਅਤੇ ਇਨ੍ਹਾਂ 'ਤੇ ਨਿਰਭਰ ਹੋਣ ਦੀ ਆੜ ਹੇਠ ਬਾਲਗਾਂ ਦੇ ਕੰਮਕਾਜ ਲਈ ਦਾਖਲੇ 'ਤੇ ਰੋਕ ਲਾਉਣਾ ਹੈ।


## ਪ੍ਰਵਾਸੀ ਭਾਰਤੀਆਂ ਦੇ ਮਸਲਿਆਂ ਸਬੰਧੀ ਮਹਾਰਾਣੀ ਪ੍ਰਨੀਤ ਕੌਰ ਨਾਲ ਮੁਲਾਕਾਤ



**ਨਡਾਲਾ:**ਵਿਦੇਸ਼ਾਂ 'ਚ ਬੈਠੇ ਪ੍ਰਵਾਸੀ ਭਾਰਤੀਆਂ ਦੇ ਪਾਸਪੋਰਟਾਂ ਤੇ ਹੋਰ ਮਸਲਿਆਂ ਦੇ ਸਬੰਧ ਵਿਚ ਇੰਡੀਅਨ ਓਵਰਸੀਜ਼ ਕਾਂਗਰਸ ਸਪੇਨ ਦੇ ਪ੍ਰਧਾਨ ਕਿਰਪਾਲ ਸਿੰਘ ਧਾਲੀਵਾਲ ਵਲੋਂ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਨਾਲ ਮੁਲਾਕਾਤ ਕਰਕੇ ਪ੍ਰਵਾਸੀ ਭਾਰਤੀਆਂ ਦੇ ਮਸਲੇ ਪਹਿਲ ਦੇ ਅਧਾਰ 'ਤੇ ਹੱਲ ਕਰਵਾਉਣ ਦੀ ਅਪੀਲ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਰਪਾਲ ਸਿੰਘ ਧਾਲੀਵਾਲ ਨੇ ਕਿਹਾ ਕਿ ਬੀਤੇ ਵਰ੍ਹੇ ਮਹਾਰਾਣੀ ਪ੍ਰਨੀਤ ਕੌਰ ਤੇ ਹਲਕਾ ਭੁਲੱਥ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵਿਦੇਸ਼ਾਂ 'ਚ ਬੈਠੇ ਭਾਰਤੀਆਂ ਦੇ ਪਾਸਪੋਰਟਾਂ ਸਬੰਧੀ ਪੀ.ਸੀ.ਸੀ. ਮਸਲੇ ਤੋਂ ਇਲਾਵਾ ਹੋਰ ਮਸਲੇ ਹੱਲ ਕਰਵਾ ਕੇ ਪ੍ਰਵਾਸੀ ਭਾਰਤੀਆਂ ਲਈ ਵਿਦੇਸ਼ਾਂ 'ਚ ਟਿਕੇ ਰਹਿਣ ਦਾ ਰਸਤਾ ਸਾਫ ਕਰ ਦਿੱਤਾ ਸੀ। ਇਸ ਸਬੰਧ 'ਚ ਮਹਾਰਾਣੀ ਪ੍ਰਨੀਤ ਕੌਰ ਨਾਲ ਮੁਲਾਕਾਤ ਕਰਕੇ ਜਿੱਥੇ ਉਨ੍ਹਾਂ ਵਲੋਂ ਕੀਤੇ ਕੰਮਾਂ ਦਾ ਧੰਨਵਾਦ ਕੀਤਾ ਗਿਆ ਹੈ, ਉਥੇ ਉਨ੍ਹਾਂ ਨੂੰ ਪ੍ਰਵਾਸੀ ਭਾਰਤੀਆਂ ਦੇ ਹੋਰਨਾਂ ਮਸਲਿਆਂ ਤੋਂ ਜਾਣੂ ਕਰਵਾ ਕੇ ਉਨ੍ਹਾਂ ਦਾ ਹੱਲ ਕਰਨ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਨਾਲ ਮੁਲਾਕਾਤ ਦੌਰਾਨ ਮਹਾਰਾਣੀ ਵਲੋਂ ਪ੍ਰਵਾਸੀ ਭਾਰਤੀਆਂ ਦੀਆਂ ਮੁਸ਼ਕਲਾਂ ਨੂੰ ਜਲਦੀ ਹੱਲ ਕਰਵਾਏ ਜਾਣ ਦਾ ਭਰੋਸਾ ਦਿੱਤਾ ਗਿਆ ਹੈ। ਇਸ ਮੌਕੇ ਕਿਰਪਾਲ ਧਾਲੀਵਾਲ ਨੇ ਕਿਹਾ ਕਿ ਪ੍ਰਵਾਸੀ ਭਾਰਤੀਆਂ ਦੀ ਭਲਾਈ ਲਈ ਜੋ ਯਤਨ ਮਹਾਰਾਣੀ ਤੇ ਖਹਿਰਾ ਨੇ ਕੀਤੇ ਹਨ, ਉਨ੍ਹਾਂ ਬਾਰੇ ਪਹਿਲਾਂ ਕਿਸੇ ਵੀ ਰਾਜਸੀ ਨੇਤਾ ਨੇ ਸੋਚਿਆ ਤੱਕ ਨਹੀਂ ਸੀ। ਇਸ ਲਈ ਪ੍ਰਵਾਸੀ ਭਾਰਤੀ ਮਹਾਰਾਣੀ ਪ੍ਰਨੀਤ ਕੌਰ ਦਾ ਦੇਣ ਨਹੀਂ ਦੇ ਸਕਦੇ। ਇਸ ਮੌਕੇ ਮਹਾਰਾਣੀ ਪ੍ਰਨੀਤ ਕੌਰਦੇ ਰਾਜਸੀ ਸਕੱਤਰ ਗੁਰਮੇਲ ਸਿੰਘ ਵੀ ਹਾਜ਼ਰ ਸਨ।

# ਆਗੂਆਂ ਦੀ ਬੁਰਛਾਗਰਦੀ ਦੀ ਸ਼ਿਕਾਰ ਕੌਮ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ*

***ਅੱਜ ਵਾਂਗ ਹੀ, ਉਦੋਂ ਦੇ ਧਾਰਮਿਕ ਪਦਵੀਆਂ 'ਤੇ ਸਜੇ ਹੋਏ ਘੜੰਮ ਚੌਧਰੀਆਂ ਨੇ ਉਸ ਨੇਕ ਦਿਲ ਅੰਗਰੇਜ਼ ਵਿਦਵਾਨ ਨੂੰ ਕੱਖੋਂ ਹੌਲਾ ਬਣਾ ਛੱਡਿਆ। ਕਹਿੰਦੇ ਨੇ 1910 ਈ. ਵਿਚ ਰਾਵਲਪਿੰਡੀ ਵਿਖੇ ਹੋਈ ਸਿੱਖ ਐਜੂਕੇਸ਼ਨਲ ਕਾਨਫਰੰਸ ਮੌਕੇ ਪਾਸ ਕੀਤੇ ਗਏ ਮਤਿਆਂ ਵਿਚ, ਮੈਕਾਲਫ ਦੇ ਮਹਾਨ ਕਾਰਜ ਪ੍ਰਤੀ ਦੋ ਸ਼ਬਦ ਵੀ ਨਾ ਪਾਏ ਗਏ। ਇਸ ਮਹੱਤਵਪੂਰਨ ਸਿੱਖ-ਇਕੱਠ ਵਿਚ ਉਸ ਨੂੰ ਪ੍ਰਧਾਨਾਂ-ਜਥੇਦਾਰਾਂ ਨੇ ਕਿਸੇ ਭਾਅ ਨਾ ਪੁੱਛਿਆ। ਕਈ ਵਰ੍ਹਿਆਂ ਦੀ ਕੀਤੀ ਮਿਹਨਤ ਦੀ ਕਿਤਾਬ ਛਪਵਾਉਣ ਲਈ ਚੁੱਕੇ ਹੋਏ ਕਰਜ਼ੇ ਦੇ ਡਰੋਂ, ਟੁੱਟੇ ਹੋਏ ਦਿਲ ਅਤੇ ਖਰਾਬ ਸਿਹਤ ਕਾਰਨ ਉਹ ਸਿੱਖਾਂ ਤੋਂ (ਅਸਲ 'ਚ ਸਿੱਖਾਂ ਦੇ ਚੌਧਰੀਆਂ ਪਾਸੋਂ) ਘੋਰ ਨਿਰਾਸ਼ ਹੋ ਕੇ ਵਾਪਸ ਇੰਗਲੈਂਡ ਮੁੜ ਗਿਆ। ਤਿੰਨਾਂ ਸਾਲਾਂ ਮਗਰੋਂ 1913 ਵਿਚ ਉਹ ਸਿੱਖ ਹਿਤੈਸ਼ੀ ਅੰਗਰੇਜ਼ ਦੁਨੀਆਂ ਤੋਂ ਕੂਚ ਕਰ ਗਿਆ।***

ਕੋਈ ਬਿਬੇਕ-ਬੁੱਧ ਸਦਾਚਾਰੀ ਮਨੁੱਖ ਕਿਸੇ ਬਦਨਾਮ ਮੁਹੱਲੇ ਜਾਂ ਪਿੰਡ ਵਿਚ ਚਲਾ ਜਾਵੇ ਤਾਂ ਮੁਮਕਿਨ ਹੈ ਕਿ ਉਹ ਉਥੇ ਆਪਣੀ ਨੇਕ-ਚਲਣੀ ਦੀ ਸੁਗੰਧੀ ਜ਼ਰੂਰ ਛੱਡੇਗਾ। ਕੋਈ ਨਾ ਕੋਈ ਜਣਾ ਉਸ ਭਲੇ ਪੁਰਸ਼ ਦੀ ਸੰਗਤ ਕਰਕੇ ਚੰਗਿਆਈ ਵਾਲੇ ਪਾਸੇ ਜ਼ਰੂਰ ਤੁਰਨ ਦੀ ਕੋਸ਼ਿਸ਼ ਕਰੇਗਾ। ਇਸ ਦੇ ਉਲਟ ਭ੍ਰਿਸ਼ਟ-ਬੁੱਧ ਤੇ ਮਲੀਨ ਵਿਚਾਰਾਂ ਵਾਲਾ ਕੋਈ ਬੰਦਾ ਕਿਤੇ ਭੁੱਲ-ਭੁਲੇਖੇ ਚੰਗੇ ਸਥਾਨ 'ਤੇ ਜਾ ਵੜੇ ਤਾਂ ਉਹ ਉਸ ਥਾਂ ਨੂੰ ਵੀ ਕਲੰਕਿਤ ਕਰ ਛਡਦਾ ਹੈ। ਰਾਜ-ਗੱਦੀ ਉਪਰ ਕੋਈ ਨੌਸ਼ੇਰਵਾਂ ਜਿਹਾ ਨਿਆਂਕਾਰੀ ਬੈਠਾ ਹੋਵੇ ਤਾਂ ਪਰਜਾ ਅਮਨ-ਅਮਾਨ ਨਾਲ ਵਸਦੀ ਹੈ। ਰਾਜ-ਗੱਦੀ ਉਪਰ ਜੇ ਕੋਈ ਔਰੰਗਜੇਬ ਬੈਠਾ ਹੋਵੇ ਤਾਂ ਮੁਲਕ ਵਿਚ ਬਦਅਮਨੀ, ਕਤਲੋਗਾਰਤ ਦਾ ਬਾਜ਼ਾਰ ਗਰਮ ਰਹਿੰਦਾ ਹੈ। ਇੰਜ ਹੀ ਕੋਈ ਧਰਮ ਅਸਥਾਨ ਭਾਵੇਂ ਜਿੱਡੇ ਮਰਜ਼ੀ ਪਵਿੱਤਰ ਅਤੇ ਮਹਾਨ ਹੋਣ, ਜੇਕਰ ਉਥੇ ਕਪਟੀ ਤੇ ਫਰੇਬੀ ਪੁਜਾਰੀ ਤਬਕਾ ਪ੍ਰਬੰਧ ਸੰਭਾਲੀ ਬੈਠਾ ਹੋਵੇ ਤਾਂ ਸਾਂਈ ਬੁਲ੍ਹੇ ਸ਼ਾਹ ਜੈਸੇ ਬੇ-ਬਾਕ ਸੂਫੀ ਕਹਿ ਉਠਦੇ ਨੇ- 'ਧਰਮ-ਸਾਲ ਵਿਚ ਧਾੜਵੀ ਰਹਿੰਦੇ ਠਾਕੁਰ ਦੁਆਰੇ ਠੱਗ!' ਆਪਣੀਆਂ ਭੈੜੀਆਂ ਕਰਤੂਤਾਂ ਸਦਕਾ, ਧਰਮ ਮੰਦਰਾਂ ਦੀ ਪਵਿੱਤਰਤਾ ਅਤੇ ਮਹਾਨਤਾ ਨੂੰ ਇਹ 'ਧਾੜਵੀ ਅਤੇ ਠੱਗ' ਲੋਕ ਡੂੰਘਾ ਖੋਰਾ ਲਾਉਣ ਦਾ ਸਬੱਬ ਬਣਦੇ ਨੇ। ਬਨਾਰਸ ਸ਼ਹਿਰ ਦੀ ਸਥਾਪਨਾ ਧਰਮ-ਮੰਦਰਾਂ ਦੀ ਨਗਰੀ ਵਜੋਂ ਹੋਈ ਸੀ, ਪਰ ਸਮਾਂ ਪੈ ਕੇ ਉਥੇ ਦੀ ਮਸ਼ਹੂਰੀ ਠੱਗਾਂ ਕਰਕੇ ਹੋ ਗਈ। 'ਬਨਾਰਸ ਕੇ ਠੱਗ' ਕੁਲ ਦੁਨੀਆਂ 'ਚ ਪ੍ਰਸਿੱਧ ਹੋ ਗਏ।

ਅੰਮ੍ਰਿਤਸਰ ਸ਼ਹਿਰ ਵਿਚ ਚੌਥੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਡਿਠੇ ਸਭੇ ਥਾਵ ਨਹੀਂ ਤੁਧ ਜੇਹਿਆ' ਦੇ ਸ਼ਬਦ ਰਾਹੀਂ ਉਸ ਅਸਥਾਨ ਦੀ ਉਪਮਾ ਕੀਤੀ। ਪਰ ਗੁਰੂ-ਕਾਲ ਦੌਰਾਨ ਹੀ ਉਸ ਧਰਮ-ਮੰਦਰ ਦਾ ਪ੍ਰਬੰਧ ਐਸੇ ਗਲਤ ਬੰਦਿਆਂ ਕੋਲ ਚਲਾ ਗਿਆ ਜਿਨ੍ਹਾਂ ਨੇ ਚੌਥੇ ਗੁਰੂ ਦੇ ਹੀ ਪੜਪੋਤਰੇ ਵਾਸਤੇ ਇਸ ਅਸਥਾਨ ਦੇ ਦਰਵਾਜ਼ੇ ਬੰਦ ਕਰ ਦਿੱਤੇ। 22 ਨਵੰਬਰ 1664 ਈ. ਮਾਘ ਦੀ ਪੂਰਨਮਾਸ਼ੀ ਬਿਕ੍ਰਮੀ 1721 ਵਾਲੇ ਦਿਨ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮੱਖਣ ਸ਼ਾਹ ਲੁਬਾਣੇ ਅਤੇ ਕੁਝ ਹੋਰ ਸੰਗਤ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਵਾਸਤੇ ਪਧਾਰੇ। ਉਨ੍ਹਾਂ ਦਿਨਾਂ ਵਿਚ ਇਸ ਅਸਥਾਨ ਦਾ ਸਮੁੱਚਾ ਪ੍ਰਬੰਧ ਧੀਰ ਮੱਲੀਆਂ, ਜਿਨ੍ਹਾਂ ਲਈ ਸਿੱਖ ਇਤਿਹਾਸ ਵਿਚ ਘ੍ਰਿਣਾ-ਵਾਚਕ ਸ਼ਬਦ 'ਮੀਣੇ' ਵਰਤਿਆ ਗਿਆ ਹੈ, ਦੇ ਕਬਜ਼ੇ ਵਿਚ ਸੀ। ਗੁਰੂ ਜੀ ਦਾ ਆਗਮਨ ਸੁਣ ਕੇ ਇਨ੍ਹਾਂ ਨੇ ਆਪਣੀ ਜੁੰਡਲੀ ਦਾ ਕਬਜ਼ਾ ਖੁੱਸ ਜਾਣ ਦੇ ਡਰੋਂ, ਸ੍ਰੀ ਦਰਬਾਰ ਸਾਹਿਬ ਦੇ ਸਾਰੇ ਕਿਵਾੜ ਬੰਦ ਕਰ ਦਿੱਤੇ। ਸਮੇਂ ਦਾ ਸਿਤਮ ਦੇਖੋ, ਜਿਸ ਗੁਰੂ ਜੋਤ ਨੇ ਹਰਿਮੰਦਰ ਦੀ ਸਾਜਨਾ ਕੀਤੀ, ਉਸੇ ਜੋਤ ਲਈ ਉਸ ਅਸਥਾਨ ਵਿਚ ਦਾਖਲਾ ਬੰਦ!

ਇਸ ਮੌਕੇ ਦੇ ਇਤਿਹਾਸ ਨੂੰ ਭਾਈ ਸੰਤੋਖ ਸਿੰਘ ਜੀ ਨੇ 'ਸੂਰਜ ਪ੍ਰਕਾਸ਼' ਵਿਚ ਕਲਮ-ਬੰਦ ਕਰਦਿਆਂ, ਨੌਵੇਂ ਪਾਤਸ਼ਾਹ ਵਲੋਂ ਮਸੰਦਾਂ ਪ੍ਰਤੀ ਉਚਾਰੇ ਬੋਲ ਇਨ੍ਹਾਂ ਸਤਰਾਂ 'ਚ ਪ੍ਰਗਟਾਏ ਹਨ:

ਬਹੁਤ ਦਿਵਸ ਕੇ ਕਰਹਿ ਕੁਕਰਮ,<br>
ਭਏ ਮੰਦ-ਮਤਿ ਬਿਸਰੇ ਧਰਮ।<br>
ਇਨਹਿ ਬਿਨਾਸਨ ਕਰਨੇ ਹਾਰਾ,<br>
ਹੋਹਿ ਅਗਾਰੀ ਪੁਰਖ ਉਦਾਰਾ।

ਇਤਿਹਾਸਕਾਰਾਂ ਅਨੁਸਾਰ ਗੁਰੂ ਸਾਹਿਬ ਨੇ ਇਕ ਰਾਤ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਦੇ ਬਾਹਰਵਾਰ ਹੀ ਬਿਤਾਈ ਜਿੱਥੇ ਅੱਜ ਕਲ ਬਣਿਆ ਹੋਇਆ ਥੜ੍ਹਾ ਸਾਹਿਬ, ਧੀਰ ਮੱਲੀਆਂ ਦੇ ਕਾਰੇ ਦੀ ਗਵਾਹੀ ਭਰ ਰਿਹਾ ਹੈ। ਇਸ ਗੁਰ-ਅਸਥਾਨ 'ਤੇ ਕਾਬਜ਼ ਹੋਏ ਮਸੰਦਾਂ ਦੀ ਖੋਟੀ ਨੀਅਤ ਦੇਖ ਕੇ, ਭਾਈ ਸੰਤੋਖ ਸਿੰਘ ਅਨੁਸਾਰ ਤਿਆਗ-ਮੂਰਤਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਸੰਦਾਂ ਪ੍ਰਤੀ ਇਹ ਬਚਨ ਕੀਤੇ:

ਨਹਿ ਮਸੰਦ ਤੁਮ ਅੰਮ੍ਰਿਤਸਰੀਏ,<br>
ਤ੍ਰਿਸ਼ਨਾਗਨ ਤੇ ਅੰਦਰ ਸਰੀਏ।<br>
(ਸਰੀਏ ਤੋਂ ਭਾਵ ਸੜੀਏ!)

ਵੈਸੇ ਤਾਂ ਗੁਰੂ ਦੀਆਂ ਗੁਰੂ ਜਾਣੇ, ਪਰ ਜਾਪਦਾ ਹੈ ਕਿ ਆਪਣੇ ਗੁਰੂ-ਪਿਤਾ ਨਾਲ ਹੋਏ ਇਸ ਵਿਹਾਰ ਦੇ ਮੱਦੇਨਜ਼ਰ ਦਸਮੇਸ਼ ਪਿਤਾ ਸ੍ਰੀ ਹਰਿਮੰਦਰ ਸਾਹਿਬ ਆਏ ਹੀ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾ ਜਾਣ ਉਪਰੰਤ ਮਾਤਾ ਸੁੰਦਰੀ ਜੀ ਵਲੋਂ ਭਾਈ ਮਨੀ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ ਭੇਜਿਆ ਗਿਆ। ਆਪਣਾ ਬੰਦ-ਬੰਦ ਕਟਵਾ ਕੇ ਸ਼ਹੀਦ ਹੋਣ ਵਾਲੇ ਇਸ ਗੁਰੂ ਚਰਨਾਂ ਦੇ ਭਉਰੇ, ਨੇ ਪੂਜਯ ਮਾਤਾ ਸੁੰਦਰੀ ਜੀ ਦੇ ਨਾਮ 22 ਵਿਸਾਖ 1769 ਬਿਕਰਮੀ ਨੂੰ ਲਿਖੀ ਇਕ ਚਿੱਠੀ ਵਿਚ, ਹਰਿਮੰਦਰ ਜੀ ਦੇ ਪ੍ਰਬੰਧਾਂ ਅਤੇ ਪੰਜਾਬ ਦੇ ਸਿੱਖਾਂ ਬਾਬਤ ਇਉਂ ਲਿਖਿਆ ਹੈ:

''...ਦੇਸ ਵਿਚਿ ਖਾਲਸੇ ਦਾ ਬਲ ਛੂਟ ਗਇਆ ਹੈ। ਸਿੰਘ ਪਰਬਤਾਂ ਬਬਾਨਾਂ ਵਿਚਿ ਜਾਇ ਬਸੇ ਹੈਨ...ਮਲੇਛੋਂ ਕੀ ਦੇਸ ਮੇਂ ਦੋਹੀ ਹੈ...ਗੁਰੂ ਦਰੋਹੀ ਬੀ ਉਨ੍ਹਾਂ ਦੇ ਸੰਗ ਮਿਲਿ ਗਏ ਹੈਨ...ਮੁਸਤਦੀਉਂ ਨੇ ਹਿਸਾਬ ਨਹੀਂ ਦੀਆ...।''



ਭਿਆਨਕ ਤਸੀਹਿਆਂ ਭਰੀ ਸ਼ਹਾਦਤ ਗ੍ਰਹਿਣ ਕਰਨ ਵਾਲੇ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਦੇ ਕਬਜ਼ਾਧਾਰੀਆਂ ਨੇ ਪੰਥ ਵਿਚ ਇਹ ਗੱਲ ਧੁਮਾਈ ਕਿ ਭਾਈ ਮਨੀ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਪਦ-ਛੇਦ' ਰੂਪ ਵਿਚ ਲਿਖਣ ਕਾਰਨ 'ਸਰਾਪ' ਭੋਗਿਆ ਹੈ। ਅਦੁੱਤੀ ਸ਼ਹਾਦਤ ਨੂੰ ਸਰਾਪ ਵਿਚ ਬਦਲਣ ਦਾ ਕੁਕਰਮ ਕਮਾਉਂਦੇ ਰਹੇ ਉਸ ਵੇਲੇ ਦੇ ਮਸੰਦ!

ਸਦੀਆਂ ਲੰਬੇ ਸਮੇਂ ਵਿਚ ਕਈ ਤਰ੍ਹਾਂ ਦੇ ਉਤਰਾਵਾਂ-ਚੜ੍ਹਾਵਾਂ ਬਾਅਦ ਸੰਨ 1905 ਦੇ ਅਰੰਭਲੇ ਦਿਨਾਂ ਵਿਚ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਪਰਸਨ ਵਾਸਤੇ ਆਏ ਕੁਝ ਸਿੱਖ ਫੌਜੀਆਂ ਨੇ ਦੇਖਿਆ ਕਿ ਸ੍ਰੀ ਹਰਿਮੰਦਰ ਦੀ ਪਰਿਕਰਮਾ ਵਿਚ ਹਿੰਦੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਸਥਾਪਤ ਹਨ। ਉਨ੍ਹਾਂ ਨੇ ਇਨ੍ਹਾਂ ਮੂਰਤੀਆਂ ਨੂੰ ਇਥੋਂ ਹਟਾਉਣ ਲਈ ਸ੍ਰੀ ਅੰਮ੍ਰਿਤਸਰ ਦੇ ਡੀ.ਸੀ. ਤੱਕ ਪਹੁੰਚ ਕੀਤੀ। ਕਹਿੰਦੇ ਨੇ ਬਹੁਤੇ ਪੁਜਾਰੀਆਂ ਨੇ ਅੰਗਰੇਜ਼ ਡੀ.ਸੀ. ਪਾਸ ਮੂਰਤੀਆਂ ਚੁਕਾਉਣ ਵਿਰੁਧ ਕਰੜਾ ਵਿਰੋਧ ਪ੍ਰਗਟਾਉਂਦਿਆਂ ਆਖਿਆ ਕਿ ਇਹ 'ਤੱਤ-ਖਾਲਸੇ' ਵਾਲੇ ਸਿੱਖ, 'ਪੰਥ ਵਿਚ ਫੁੱਟ' ਪਾ ਰਹੇ ਹਨ। ਸਿੱਖ ਫੌਜੀਆਂ ਨੇ ਸੰਗਤਾਂ ਦੇ ਸਹਿਯੋਗ ਨਾਲ ਉਹ ਮੂਰਤੀਆਂ ਉਥੋਂ ਚੁਕਵਾਈਆਂ। ਪੁਜਾਰੀ ਬੁੜ ਬੁੜ ਕਰਦੇ ਰਹੇ।

ਫਿਰ ਸੰਨ 1919 ਦੀ ਵਿਸਾਖੀ। ਜਲ੍ਹਿਆਂਵਾਲੇ ਬਾਗ ਵਿਚ ਇਕੱਠੇ ਹੋਏ ਪੰਜਾਬ ਵਾਸੀਆਂ ਨੂੰ ਗੋਲੀਆਂ ਨਾਲ ਭੁੰਨ ਸੁੱਟਣ ਵਾਲੇ ਜਨਰਲ ਡਾਇਰ ਨੂੰ, ਸ੍ਰੀ ਅਕਾਲ ਤਖਤ ਦੇ ਸਰਕਾਰੀ ਪਿੱਠੂ ਸਰਬਰਾਹ ਅਰੂੜ ਸਿੰਘ ਨੇ ਸਿਰੋਪਾਉ ਦੇ ਦਿੱਤਾ। ਉਸ (ਡਾਇਰ) ਨੂੰ ਸਿਗਰਟਾਂ ਪੀਂਦਾ ਹੋਣ ਦੇ ਬਾਵਜੂਦ ਵੀ 'ਗੁਰੂ ਦਾ ਸਿੱਖ' ਕਹਿ ਕੇ ਨਿਵਾਜਿਆ। ਸ਼ੁਕਰ ਹੈ ਇਸ 'ਮਸੰਦ' ਨੇ 14 ਜੁਲਾਈ 1920 ਤੋਂ ਕੁਝ ਦਿਨ ਬਾਅਦ ਜਲ੍ਹਿਆਂਵਾਲੇ ਬਾਗ ਵਿਚ ਹੀ ਲੱਗੇ ਹੋਏ ਦੀਵਾਨ ਵਿਚ ਦੋਵੇਂ ਹੱਥ ਜੋੜ ਕੇ ਮੁਆਫੀ ਮੰਗ ਲਈ ਸੀ।

ਸਿੰਘ ਸਭਾ ਲਹਿਰ ਦੇ ਮੋਢੀਆਂ ਪ੍ਰੋ. ਗੁਰਮੁਖ ਸਿੰਘ ਤੇ ਗਿਆਨੀ ਦਿੱਤ ਸਿੰਘ ਜੀ ਨੇ ਅੰਗਰੇਜ ਡਿਸਟ੍ਰਿਕਟ ਜੱਜ ਮਿਸਟਰ ਮੈਕਸ ਆਰਥਰ ਮੈਕਾਲਫ ਨੂੰ ਪ੍ਰੇਰ ਲਿਆ ਕਿ ਉਹ ਨੌਕਰੀ ਤੋਂ ਅਸਤੀਫਾ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜੀ ਅਨੁਵਾਦ ਤਿਆਰ ਕਰੇ। ਇਸ ਅੰਗਰੇਜ ਵਿਦਵਾਨ ਨੇ ਬੜੀ ਮਿਹਨਤ ਨਾਲ ਛੇ ਜਿਲਦਾਂ ਵਾਲੀ ਸੁ-ਪ੍ਰਸਿੱਧ ਪੁਸਤਕ 'ਦਾ ਸਿੱਖ ਰਿਲਿਜ਼ਨ' ਦਾ ਖਰੜਾ ਤਿਆਰ ਕੀਤਾ। ਇਸ ਨੇ ਕਿਤਾਬ ਵਿਚ ਸਿੱਖ ਧਰਮ, ਇੱਕ ਵੱਖਰਾ ਧਰਮ ਹੋਣ ਦੀ ਪੁਸ਼ਟੀ ਕਰਦਿਆਂ ਕੁਝ ਤੌਖਲੇ ਪ੍ਰਗਟਾਏ, 'ਅਜੇ ਇਸ ਧਰਮ ਨੂੰ ਹਿੰਦੂ ਮੱਤ ਵਿਚ ਸਮਾ ਲਏ ਜਾਣ ਦਾ ਖਤਰਾ ਕਾਇਮ ਹੈ...ਇਸ ਨੇ ਸਿੱਖ ਧਰਮ ਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ...ਪਰ ਅਜੇ ਮੁਕਾਬਲਤਨ ਇਹ (ਸਿੱਖ ਧਰਮ) ਜਵਾਨ ਧਰਮ ਸਖਤ ਸੰਘਰਸ਼ ਕਰ ਰਿਹਾ ਹੈ, ਡਰ ਲਗਦਾ ਹੈ ਕਿ ਰਾਜਸੀ ਸਮਰਥਨ ਤੋਂ ਬਿਨਾ, ਅਖੀਰ ਇਸ ਦਾ ਅੰਤ ਜ਼ਰੂਰ ਹੋ ਜਾਵੇਗਾ!'

ਅੱਜ ਵਾਂਗ ਹੀ, ਉਦੋਂ ਦੇ ਧਾਰਮਿਕ ਪਦਵੀਆਂ 'ਤੇ ਸਜੇ ਹੋਏ ਘੜੰਮ ਚੌਧਰੀਆਂ ਨੇ ਉਸ ਨੇਕ ਦਿਲ ਅੰਗਰੇਜ਼ ਵਿਦਵਾਨ ਨੂੰ ਕੱਖੋਂ ਹੌਲਾ ਬਣਾ ਛੱਡਿਆ। ਕਹਿੰਦੇ ਨੇ 1910 ਈ. ਵਿਚ ਰਾਵਲਪਿੰਡੀ ਵਿਖੇ ਹੋਈ ਸਿੱਖ ਐਜੂਕੇਸ਼ਨਲ ਕਾਨਫਰੰਸ ਮੌਕੇ ਪਾਸ ਕੀਤੇ ਗਏ ਮਤਿਆਂ ਵਿਚ, ਮੈਕਾਲਫ ਦੇ ਮਹਾਨ ਕਾਰਜ ਪ੍ਰਤੀ ਦੋ ਸ਼ਬਦ ਵੀ ਨਾ ਪਾਏ ਗਏ। ਇਸ ਮਹੱਤਵਪੂਰਨ ਸਿੱਖ-ਇਕੱਠ ਵਿਚ ਉਸ ਨੂੰ ਪ੍ਰਧਾਨਾਂ-ਜਥੇਦਾਰਾਂ ਨੇ ਕਿਸੇ ਭਾਅ ਨਾ ਪੁੱਛਿਆ। ਕਈ ਵਰ੍ਹਿਆਂ ਦੀ ਕੀਤੀ ਮਿਹਨਤ ਦੀ ਕਿਤਾਬ ਛਪਵਾਉਣ ਲਈ ਚੁੱਕੇ ਹੋਏ ਕਰਜ਼ੇ ਦੇ ਡਰੋਂ, ਟੁੱਟੇ ਹੋਏ ਦਿਲ ਅਤੇ ਖਰਾਬ ਸਿਹਤ ਕਾਰਨ ਉਹ ਸਿੱਖਾਂ ਤੋਂ (ਅਸਲ 'ਚ ਸਿੱਖਾਂ ਦੇ ਚੌਧਰੀਆਂ ਪਾਸੋਂ) ਘੋਰ ਨਿਰਾਸ਼ ਹੋ ਕੇ ਵਾਪਸ ਇੰਗਲੈਂਡ ਮੁੜ ਗਿਆ। ਤਿੰਨਾਂ ਸਾਲਾਂ ਮਗਰੋਂ 1913 ਵਿਚ ਉਹ ਸਿੱਖ ਹਿਤੈਸ਼ੀ ਅੰਗਰੇਜ਼ ਦੁਨੀਆਂ ਤੋਂ ਕੂਚ ਕਰ ਗਿਆ। ਉਸ ਦੀ ਮ੍ਰਿਤੂ ਤੋਂ ਬਾਅਦ ਹੀ ਸਿੱਖ ਐਜੂਕੇਸ਼ਨਲ ਕਾਨਫਰੰਸ ਵਾਲਿਆਂ ਨੇ ਉਹਦਾ ਲਿਖਿਆ ਖਰੜਾ ਛਪਵਾਇਆ ਤੇ ਉਸ ਦੀਆਂ ਘਾਲਣਾਵਾਂ ਪ੍ਰਤੀ ਧੰਨਵਾਦੀ ਮਤਾ ਪਾਸ ਕੀਤਾ।

ਇਹੀ ਹਾਲ ਮੈਕਾਲਫ ਨੂੰ 'ਪੰਥ ਦੀ ਸੇਵਾ' ਲਈ ਪ੍ਰੇਰਤ ਕਰਨ ਵਾਲੇ ਪ੍ਰੋ. ਗੁਰਮੁਖ ਸਿੰਘ ਦਾ ਹੋਇਆ। ਗਰੀਬ ਪਰਿਵਾਰ ਨਾਲ ਸਬੰਧਿਤ ਹੋਣ ਕਰਕੇ, ਸਮਕਾਲੀ ਗੁਰੂ-ਡੰਮੀਏਂ ਮਹੰਤ ਇਸ ਨੂੰ 'ਲਾਂਗਰੀ ਦਾ ਤੁਖਮ' ਹੋਣ ਦੇ ਮਿਹਣੇ-ਤਾਅਨੇ ਮਾਰਦੇ ਰਹੇ। ਸਿੱਖ ਕੌਮ ਵਿਚ ਇਨਕਲਾਬ ਲੈ ਆਉਣ ਵਾਲੇ ਇਸ ਸਿਦਕੀ ਪ੍ਰਚਾਰਕ ਨੂੰ ਸ੍ਰੀ ਅਕਾਲ ਤਖ਼ਤ 'ਤੇ ਕਾਬਜ਼ ਮਸੰਦ-ਮੰਡਲੀ ਨੇ ਰੱਜ ਕੇ ਜਲੀਲ ਕੀਤਾ। ਤਰਨਤਾਰਨ ਵਾਸੀ ਭਾਈ ਮੋਹਨ ਸਿੰਘ ਵੈਦ ਦੇ ਸਪੁੱਤਰ ਡਾ. ਜਗਜੀਤ ਸਿੰਘ ਇੱਕ ਪੁਰਾਤਨ ਪੁਸਤਕ 'ਸਿੰਘ ਸਭਾ' ਦੇ ਪੰਨਾ 32 ਉਤੇ ਲਿਖਦੇ ਹਨ:

'ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਵਿਖੇ ਹੋਰ ਕੁਰੀਤੀਆਂ ਨਾਲ ਬੁੱਤ ਤੇ ਮੂਰਤੀ ਪੂਜਾ ਦਾ ਖੂਬ ਜੋਰ ਹੋ ਰਿਹਾ ਸੀ। ਇਸਦੇ ਖੰਡਨ ਬਾਰੇ ਭਾਈ ਗੁਰਮੁਖ ਸਿੰਘ ਜੀ ਨੇ ਸੁਧਾਰਕ (ਮੈਗਜ਼ੀਨ) ਦੇ ਸਾਵਣ ਦੇ ਪਰਚੇ ਵਿਚ ਪੁਰਜੋਰ ਲੇਖ ਲਿਖਿਆ, ਜਿਸ ਦਾ ਅੰਮ੍ਰਿਤਸਰ ਦੇ ਪ੍ਰਬੰਧਕਾਂ ਬੁਰਾ ਮਨਾਇਆ ਤੇ ਆਪਜੀ ਦੇ ਵਿਰੁਧ ਲੋਕਾਂ ਦੇ ਦਿਲਾਂ ਵਿਚ ਭੁਲੇਖਾ ਪਾਉਣ ਦੀ ਗੋਂਦ ਗੁੰਦੀ ਗਈ ਕਿ ਕਿਸ ਤਰ੍ਹਾਂ ਪ੍ਰੋਫੈਸਰ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਹੈ।' (ਕ੍ਰਿਪਾ ਕਰਕੇ 'ਭੁਲੇਖਾ ਪਾਉਣ ਦੀ ਗੋਂਦ ਗੁੰਦੀ ਗਈ' ਵਾਲੇ ਵਾਕ ਨੂੰ ਅੱਜ ਦੇ ਸੰਦਰਭ 'ਚ ਵਿਚਾਰਨਾ ਜੀ)

ਇਸੇ ਪੁਸਤਕ ਦੇ ਸਫਾ ਨੰ. 47 'ਤੇ ਡਾ. ਜਗਜੀਤ ਸਿੰਘ ਲਿਖਦੇ ਹਨ ਕਿ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਵਲੋਂ ਚਲਾਈ ਜ਼ੋਰਦਾਰ ਪ੍ਰਚਾਰ ਲਹਿਰ ਨੂੰ, ਚਾਰੇ ਤਖਤ ਤੇ ਪ੍ਰਸਿੱਧ ਗੁਰਦੁਆਰੇ, ਮਨਮਤਿ ਅਤੇ ਨਵੀਆਂ ਘੜੀਆਂ ਗੱਲਾਂ ਕਹਿ ਕੇ ਭੰਡਦੇ ਰਹੇ। ਅਨੰਦਪੁਰ ਸਾਹਿਬ ਦੇ ਹੁਕਮਨਾਮੇ 'ਚੋਂ ਨਮੂਨਾ ਦਿੰਦਾ ਹਾਂ:

'...ਮੁਸਲਮਾਨੋਂ ਕੋ ਸਿੰਘ ਸਜਾਉਨੇ ਵਾ ਆਰਤੀ ਜਗਾਉਨੇ ਕੇ ਲੀਏ ਪੂਛਾ ਹੈ ਅਰ ਸਿੰਘ ਸਭਾ ਵਾਲੇ ਜੈਸੇ ਕਿ ਅਜਕਲ ਕਰ ਰਹੇ ਹੈਂ, ਵੁਹ ਸਭ ਦਿੱਤ ਸਿੰਘ ਰਮਦਾਸੀਏ ਕੇ ਗੁਟਕੇ ਪੜ੍ਹਨੇ ਸੇ ਹਿਲਜੁਲ ਮਚ ਗਈ ਹੈ ਯਾਨੇ ਮੁਸਲਮਾਨ ਸਿੰਘ ਸਜੋਣਾ ਅਰ ਆਰਤੀ ਕੀ ਬਤੀ ਨਾ ਜਗਾਉਨਾ ਯੇਹ ਸਭ ਮਨਮਤ ਹੈ।'

ਸਿੱਖ ਆਗੂਆਂ ਦੇ ਕੌਮ ਵੇਚੂ ਕਿਰਦਾਰ ਦੀ ਇਕ ਹੋਰ ਦਰਦਨਾਕ ਕਥਾ! ਅੰਗਰੇਜ਼ਾਂ ਵਲੋਂ ਸਾਜ਼ਸ਼ੀ ਢੰਗ ਨਾਲ ਇੰਗਲੈਂਡ ਲਿਜਾ ਕੇ ਇਸਾਈ ਬਣਾਏ ਗਏ ਕੰਵਰ ਦਲੀਪ ਸਿੰਘ ਨੇ ਮੁੜ ਸਿੱਖ ਬਣਨ ਦੀ ਇੱਛਾ ਨਾਲ 25 ਮਾਰਚ 1886 ਈ. ਨੂੰ ਬੜੇ ਮੋਹ ਤੇ ਅਪਣੱਤ ਨਾਲ ਪੰਥ ਦੇ ਨਾਮ ਇੱਕ ਖ਼ਤ ਲਿਖਿਆ:

''...ਪਿਆਰੇ ਖਾਲਸਾ ਜੀ! ਮੈਂ ਆਪਣੇ ਵੱਡਿਆਂ ਦਾ ਧਰਮ ਤਿਆਗ ਕੇ ਪਰਾਯਾ ਮੱਤ ਗ੍ਰਹਣ ਕਰਨ ਲਈ ਆਪ ਜੀ ਤੋਂ ਖਿਮਾ ਮੰਗਦਾ ਹਾਂ ਕਿਉਂਕਿ ਮੈਨੂੰ ਜਦੋਂ ਇਸਾਈ ਬਣਾਇਆ ਗਿਆ ਸੀ, ਉਦੋਂ ਮੇਰੀ ਉਮਰ ਬਹੁਤ ਛੋਟੀ ਸੀ। ਮੈਂ ਬੰਬਈ ਪੁੱਜ ਕੇ ਸਿੱਖ ਧਰਮ ਗ੍ਰਹਿਣ ਕਰ ਲਵਾਂਗਾ ਤੇ ਸ੍ਰੀ ਗੁਰੂ ਨਾਨਕ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਆਗਿਆ ਦਾ ਪਾਲਣ ਕਰਾਂਗਾ। ਮੇਰੀ ਬਹੁਤ ਇੱਛਾ ਹੋਣ ਪਰ ਵੀ ਮੈਂ ਪੰਜਾਬ ਪੁੱਜ ਕੇ ਤੁਹਾਨੂੰ ਨਹੀਂ ਮਿਲ ਸਕਾਂਗਾ। ਇਸ ਵਾਸਤੇ ਇਹ ਚਿੱਠੀ ਲਿਖਣ 'ਤੇ ਲਾਚਾਰ ਹੋਇਆ ਸੀ...ਪਯਾਰੇ ਦੇਸ਼ ਵਾਸੀਓ, ਮੈਂ ਹਾਂ ਤੁਹਾਡਾ ਆਪਣਾ ਮਾਸ ਤੇ ਲਹੂ-ਦਲੀਪ ਸਿੰਘ!''

ਇਸ ਚਿੱਠੀ ਦਾ ਪਤਾ ਲੱਗਣ 'ਤੇ ਆਮ ਸਿੱਖਾਂ ਦੇ ਤਾਂ ਹਿਰਦੇ ਪਸੀਜ ਗਏ। ਉਨ੍ਹਾਂ ਮਹਾਰਾਜੇ ਨੂੰ ਬੰਬਈ ਮਿਲਣ ਦੀ ਇੱਛਾ ਪ੍ਰਗਟਾਈ, ਪਰ ਸਿੱਖ ਕੌਮ ਦੇ ਆਗੂਆਂ ਨੇ ਲਾਰਡ ਡਫਰਨ, ਵਾਇਸਰਾਏ ਨੂੰ ਲਿਖ ਭੇਜਿਆ ਕਿ ਜੇ ਮਹਾਰਾਜਾ ਇੱਥੇ ਆ ਗਿਆ ਤਾਂ ਪੰਜਾਬ ਜਰੂਰ ਬਿਗੜ ਜਾਊ, ਸਿੰਘ ਬਿਗੜੇ ਵਸ 'ਚ ਨਾ ਆਉਣਗੇ। ਇਸਦੇ ਨਾਲ ਹੀ ਮਹਾਰਾਜੇ ਨੂੰ ਚਿੱਠੀ ਦਾ ਜਵਾਬ ਇਸ ਗੀਦੀ ਭਾਸ਼ਾ ਵਿਚ ਦਿੱਤਾ:

''ਏਹ ਜੇੜਾ ਤੂੰ ਸਰਕਾਰ ਅੰਗਰੇਜ਼ੀ ਤੋਂ ਬਾਗੀ ਹੋਯਾ ਹੈਂ, ਅਕਲ ਦੀ ਗੱਲ ਨਹੀਂ ਕੀਤੀ। ਸਾਡੇ ਵਿਚ ਜੇੜਾ ਥੋੜੀ ਅਕਲ ਭੀ ਰਖਦਾ ਹੈ, ਉਹ ਭੀ ਤੇਰੀ ਸਹਾਇਤਾ ਦਾ ਨਾਮ ਨਹੀਂ ਲਏਗਾ, ਤੂੰ ਸਾਥੋਂ ਭੀ ਕੋਈ ਉਮੈਦ ਨਾ ਰੱਖੀਂ। ਅਸੀਂ ਤੈਨੂੰ ਸੱਚੇ ਦਿਲ ਨਾਲ ਤੇਰੇ ਦਰਦੀ ਹੋ ਕੇ ਆਖਦੇ ਹਾਂ ਕਿ ਤੂੰ ਅਜੇਹੇ ਬੁਰੇ ਖਿਆਲ ਛੱਡ ਕੇ ਸਾਡਾ ਆਖਯਾ ਮੰਨ ਤੇ ਲੰਡਨ ਨੂੰ ਮੁੜ ਜਾਹ ਤੇ ਮਾਫੀ ਮੰਗ ਲੈ। ਜੇ ਤੂੰ ਇਹ ਸਾਡੀ ਮਤ ਲੀਤੀ ਤਾਂ ਸੁਖ ਪਾਏਂਗਾ...ਜੇ ਨਹੀਂ ਮੰਨੇਗਾ ਤਾਂ ਤੂੰ ਜਾਣ, ਪਰ ਸਾਡੀ ਵਲ ਫੇਰ ਕਦੇ ਅਜਿਹੀ ਚਿੱਠੀ ਨਾ ਭੇਜੀਂ!'' (ਸਿੰਘ ਸਭਾ ਪੰਨਾ 61)

ਡਾ. ਜਗਜੀਤ ਸਿੰਘ ਦੇ ਸ਼ਬਦ, 'ਖਾਲਸਾ ਜੀ ਦਾ ਇਹ ਕੋਰਾ, ਬੇ-ਅਣਖਾ ਉੱਤਰ ਸੁਣ ਮਹਾਰਾਜਾ ਫਰਾਂਸ ਚਲਾ ਗਿਆ, ਤੇ ਪੈਰਿਸ ਦੇ ਹੋਟਲ ਵਿਚ ਪੰਜਾਬ ਦੇ ਅੰਤਿਮ ਸਿੱਖ ਮਹਾਰਾਜੇ ਦੇ ਪ੍ਰਾਣ ਪੰਖੇਰੂ, ਅੰਗਰੇਜ਼ਾਂ ਤੇ ਸਿੱਖਾਂ ਹੱਥੋਂ ਆਪਣੇ ਦੁੱਖਾਂ ਦੀ ਕਹਾਣੀ, ਸਤਿਗੁਰੂ ਦੇ ਨਿਆਂਕਾਰੀ ਦਰਬਾਰ ਵਿਚ ਸੁਣਾਨ ਲਈ 23 ਅਕਤੂਬਰ 1893 ਨੂੰ ਇਸ ਸਰੀਰ ਰੂਪੀ ਪਿੰਜਰੇ ਵਿਚੋਂ ਉਡਾਰੀ ਮਾਰ ਗਏ! ਸਿੱਖ ਕੌਮ ਨੇ 'ਹਾਅ' ਭੀ ਨਾ ਕੀਤੀ!! ਜਿਸ ਬਾਬਤ ਉਸ ਸਮੇਂ ਦੀ ਇੱਕ ਅਖ਼ਬਾਰ ਦੱਸਦੀ ਹੈ:

''ਧੰਨਯ ਦੈਵ! ਆਜ ਯੇਹ ਭੀ ਲੀਲਾ ਦੇਖਨੇ ਮੇਂ ਆਈ ਕਿ ਪੰਜਾਬ ਕੇਸਰੀ ਦਾ ਬੰਸ਼, ਨਿਰਬੰਸ਼ ਹੋ ਜਾਇ, ਔਰ ਸਿੰਘ ਸਭਾਏਂ ਠੰਢੀ ਸਾਂਸ ਤੱਕ ਨਾ ਭਰੇਂ, ਔਰ ਗੁਰਮੁਖੀ ਕੇ ਅਖ਼ਬਾਰ ਕਾਲੀ ਲੀਕੇਂ ਵਾਹ ਕਰ ਸ਼ੋਕ; ਚਿਹਨ ਤੱਕ ਧਾਰਨ ਨਾ ਕਰੇਂ!!''

ਦੋਸਤੋਂ ਸੇ ਇਸ ਕਦਰ ਸਦਮੇਂ ਉਠਾਏ ਜਾਨ ਪਰ

ਦਿਲ ਸੇ ਦੁਸ਼ਮਨ ਕੀ ਸ਼ਿਕਾਇਤ ਕਾ ਗਿਲਾ ਜਾਤਾ ਰਹਾ!


ਢਿੱਡ 'ਚ ਮੁੱਕੀਆਂ ਦੇ ਕੇ ਇਕ ਮਿਸਾਲ ਹੋਰ ਸੁਣ ਲਉ-ਰੋਟੀ-ਰੋਜ਼ੀ ਲਈ ਵਿਦੇਸ਼ਾਂ 'ਚ ਮਿਹਨਤ-ਮੁਸ਼ੱਕਤ ਕਰਨ ਗਏ ਪੰਜਾਬੀਆਂ ਨੂੰ ਵਤਨ ਦੀ ਗੁਲਾਮੀ ਦਾ ਅਹਿਸਾਸ ਹੋਇਆ। ਗਦਰੀ ਬਾਬਿਆਂ ਦੇ ਰੂਪ ਵਿਚ ਲੰਬੇ ਸਮੁੰਦਰੀ ਸਫਰ ਤੋਂ ਬਾਅਦ ਦੇਸ਼ ਆਜ਼ਾਦ ਕਰਾਉਣ ਦੀ ਚਿਣਗ ਲੈ ਕੇ ਵਤਨ ਪਹੁੰਚੇ। ਬਜਬਜ ਘਾਟ 'ਤੇ ਮਿਲੀ ਗੋਲੀਆਂ ਦੀ ਬੌਛਾੜ ਅਤੇ ਅੰਮ੍ਰਿਤਸਰ ਦੇ ਅੱਜ ਵਰਗੇ ਗੁਲਾਮ 'ਜਥੇਦਾਰਾਂ' ਵਲੋਂ ਹੁਕਮਨਾਮਾ ਜਾਰੀ ਹੋ ਗਿਆ, ਅਖੇ ਇਹ ਸਾਰੇ ਸਿੱਖ ਹੀ ਨਹੀਂ ਹਨ!

ਦਿਲਾਂ ਨੂੰ ਘੇਰਨੀ ਪਾਉਣ ਵਾਲੇ ਉਕਤ ਹਵਾਲਿਆਂ ਦੀ ਚੰਦਰੀ ਲੜੀ ਪੜ੍ਹ-ਸੁਣ ਕੇ ਹੈਰਾਨੀ ਹੁੰਦੀ ਹੈ ਕਿ ਉਹ ਕੈਸਾ ਸੁਭਾਗਾ ਸਮਾਂ ਹੋਵੇਗਾ, ਜਦ ਅਕਾਲੀ ਫੂਲਾ ਸਿੰਘ ਜਿਹਾਂ ਨੇ ਆਪਣੀ ਨਿਰਭੈਤਾ ਅਤੇ ਬੇਬਾਕਪੁਣੇ ਦੇ ਝੰਡੇ ਗੱਡੇ ਸਨ? ਕਿਹੜੇ ਆਗੂ ਹੋਣਗੇ ਜਿਨ੍ਹਾਂ ਸਿਰਦਾਰ ਕਪੂਰ ਸਿੰਘ ਨੂੰ 'ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ' ਅਤੇ ਸ. ਗੁਰਤੇਜ ਸਿੰਘ ਨੂੰ ਸਿੱਖ ਮੱਤ ਦੇ ਪ੍ਰੋਫੈਸਰ ਹੋਣ ਦੀਆਂ ਮਾਣ-ਉਪਾਧੀਆਂ ਦੇਣ ਦੇ ਅਕਲ ਵਾਲੇ ਕਾਰਜ ਕੀਤੇ ਹੋਣਗੇ?

ਪ੍ਰੋ. ਗੁਰਮੁਖ ਸਿੰਘ ਤੋਂ ਲੈ ਕੇ ਪ੍ਰੋ. ਦਰਸ਼ਨ ਸਿੰਘ ਖ਼ਾਲਸਾ ਤੱਕ ਜਿਹੜੀ ਬੱਚੇ-ਖਾਣੀ ਕੁਲਹਿਣੀ-ਰੀਤ ਚੱਲਦੀ ਆ ਰਹੀ ਹੈ, ਇਹਦੇ ਬਾਰੇ ਤਾਂ ਸ਼ਾਹ ਮੁਹੰਮਦ ਦੀਆਂ ਉਹ ਸਤਰਾਂ ਆਪ ਮੁਹਾਰੇ ਬੁੱਲ੍ਹਾਂ 'ਤੇ ਆਉਂਦੀਆਂ ਹਨ, ਜੋ ਕਿ ਉਸ ਨੇ ਮੱਕਾਰ ਤੇ ਗੱਦਾਰ ਤੇਜੂਆਂ-ਲਾਲੂਆਂ ਦੇ ਵੱਸ ਪੈ ਕੇ, ਸਿਰਾਂ ਦੀ ਬਾਜੀ ਲਾ ਰਹੀਆਂ ਸਿੱਖ ਫੌਜਾਂ ਦਾ ਘਾਣ ਹੁੰਦਾ ਦੇਖ ਕੇ ਲਿਖੀਆਂ ਸਨ:

ਛੇੜ ਬੁਰਛਿਆਂ ਦੀ ਸਾਡੇ ਪੇਸ਼ ਆਈ,<br>
ਕੋਈ ਅਕਲ ਦਾ ਕਰੋ ਇਲਾਜ ਯਾਰੋ।

# ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਤੇ ਫਤਿਹਗੜ੍ਹ ਸਾਹਿਬ ਪਹੁੰਚਣ ਦਾ ਸੱਦਾ






"ਨਾ ਅਸੀਂ ਹਿੰਦੂ ਨਾ ਮੁਸਲਮਾਨ, ਸਾਡੀ ਮੰਜ਼ਿਲ ਖਾਲਿਸਤਾਨ"

## 12 ਫਰਵਰੀ 2010 ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਤੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਪਹੁੰਚਣ ਦਾ ਸੱਦਾ

ਸਰੀਰਕ ਮੌਤ ਨੂੰ ਮੈਂ ਮੌਤ ਨਹੀਂ ਸਮਝਦਾ, ਜਿਸ ਦਿਨ ਆਤਮਿਕ ਤੌਰ ਤੇ ਮਰ ਗਿਆ ਉਸ ਦਿਨ ਯਕੀਨਨ ਮੇਰੀ ਮੌਤ ਹੋਵੇਗੀ ....

– ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ

ਵੀਹਵੀ ਸਦੀ ਦੇ ਮਹਾਨ ਸਿੱਖ ਜਰਨੈਲ ਸਿੰਘ ਖਾਲਸਾ ਭਿੰਡਰਾਂਵਲਿਆਂ ਦੇ ਅੰਤਿਮ ਬਚਨ " ਜੇ ਹਿੰਦ ਫੌਜ ਦਰਬਾਰ ਸਾਹਿਬ 'ਚ ਦਾਖਲ ਹੋਈ ਤਾਂ ...

# ਖਾਲਿਸਤਾਨ

ਦੀ ਨੀਂਹ ਰੱਖੀ ਜਾਵੇਗੀ" ਤੇ ਪਹਿਰਾ ਦੇ ਰਹੀ ਸ਼ਹੀਦਾਂ ਦੀ ਵਾਰਿਸ ਜਥੇਬੰਦੀ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੰਤਾਂ ਦੇ ਇਸ "ਖਾਲਿਸਤਾਨੀ" ਸੁਪਨੇ ਨੂੰ ਸਾਕਾਰ ਕਰਨ ਲਈ ਅਮੁੱਕ ਸੰਘਰਸ਼ ਵਿੱਢਿਆ ਹੋਇਆ ਹੈ। ਗੁਰੂ ਦੇ ਓਟ ਆਸਰੇ ਅਤੇ ਸਿੱਖ ਸੰਗਤ ਦੇ ਉਦਮ ਸਦਕਾ ਹਿੰਦ ਅਦਾਲਤਾਂ (ਪੰਜਾਬ ਐਂਡ ਹਰਿਆਣਾ ਕੋਰਟ ਅਤੇ ਸੁਪਰੀਮ ਕੋਰਟ) ਨੇ ਹੁਣ ਆਪਣੇ ਫੈਸਲਿਆਂ ਵਿੱਚ ਮੰਨ ਲਿਆ ਹੈ ਕਿ ਆਜ਼ਾਦੀ ਮੰਗਣੀ (ਭਾਵ ਖਾਲਿਸਤਾਨ ਮੰਗਣਾ) ਹਰ ਬੰਦੇ ਦਾ ਜਨਮ ਸਿੱਧ ਅਧਿਕਾਰ ਹੈ।

## ਥਾ ਜ਼ਮਾਨਾ ਬੇਤਾਬ ਜਿਸੇ ਮਿਟਾਨੇ ਕੇ ਲੀਏ।
## ਮੈਨੇ ਉਸ ਯਾਦ ਕੋ ਸੀਨੇ ਸੇ ਲਗਾ ਰੱਖਾ ਹੈ॥

ਖਾਲਿਸਤਾਨ ਦੀ ਗੱਲ ਨੂੰ ਅੱਗੇ ਤੋਰਨ ਲਈ ਉਸ ਕਹਿਣੀ ਤੇ ਕਥਨੀ ਦੇ ਪੂਰੇ ਮਰਦ-ਏ-ਮੁਜ਼ਾਹਿਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ 63 ਵਾਂ ਜਨਮ ਦਿਨ ਹਰ ਵਰ੍ਹੇ ਦੀ ਤਰ੍ਹਾਂ 12 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਫਤਹਿਗੜ੍ਹ ਸਾਹਿਬ ਦੀ ਪਾਵਨ ਇਤਿਹਾਸਕ ਧਰਤੀ ਤੇ ਸ਼ਰਧਾ ਤੇ ਧੂਮ ਧਾਮ ਨਾਲ ਮਨਾਈਏ ਅਤੇ ਰਹਿੰਦੇ ਕਾਰਜਾਂ ਨੂੰ ਨੇਪਰੇ ਚੜ੍ਹਾਉਣ ਦਾ ਪ੍ਰਣ ਕਰੀਏ। ਖਾਲਿਸਤਾਨੀ ਪਰਵਾਨੇ ਅਤੇ ਸੰਤ ਜਰਨੈਲ ਸਿੰਘ ਖਾਲਸਾ ਦੀ ਸੋਚ ਨੂੰ ਸਮਰਪਿਤ ਸਰਬੱਤ ਸੰਗਤਾਂ ਆਪਣੇ ਆਪਣੇ ਸਾਧਨਾਂ ਰਾਹੀਂ ਫਤਹਿਗੜ੍ਹ ਸਾਹਿਬ ਵੱਲ ਵਹੀਰਾਂ ਘੱਤ ਦਿਓ।

"ਜੋ ਕੌਮਾਂ ਆਪਣੇ ਸ਼ਹੀਦਾਂ ਜਾਂ ਕੌਮੀ ਪ੍ਰਵਾਨਿਆਂ ਨੂੰ ਵਿਸਾਰ ਦਿੰਦੀਆਂ ਹਨ, ਦੁਨੀਆਂ ਦੇ ਨਕਸ਼ੇ ਤੇ ਉਹਨਾਂ ਕੌਮਾਂ ਦਾ ਕੋਈ ਨਾਮੋ ਨਿਸ਼ਾਨ ਨਹੀਂ ਰਹਿੰਦਾ। ਜੋ ਕੌਮਾਂ ਸ਼ਹੀਦਾਂ ਨੂੰ ਯਾਦ ਰੱਖਦੀਆਂ ਹਨ, ਉਹਨਾਂ ਕੌਮਾਂ ਨੂੰ ਆਪਣੀ ਮੰਜ਼ਿਲੇ ਮਕਸੂਦ ਤੇ ਪਹੁੰਚਣ ਤੇ ਦੁਨੀਆਂ ਦੀ ਕੋਈ ਵੀ ਤਾਕਤ ਰੋਕ ਨਹੀਂ ਸਕਦੀ ......."

**-ਸਿਮਰਨਜੀਤ ਸਿੰਘ ਮਾਨ**




Quik Signs *661-703-8795 *661-900-7357

## ਜਾਰੀ ਕਰਤਾ: ਮੁੱਖ ਦਫਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)

ਹੋਰ ਜਾਣਕਾਰੀ ਲਈ ਕਾਲ ਕਰੋ:

| ਸੁਰਜੀਤ ਸਿੰਘ ਕੁਲਾਰ | ਬੂਟਾ ਸਿੰਘ ਖੜੌਦ | ਹਰਪਾਲ ਸਿੰਘ | ਪ੍ਰੀਤਮ ਸਿੰਘ ਜੋਗਾ ਨੰਗਲ | ਤਰਸੇਮ ਸਿੰਘ ਖਾਲਸਾ | ਮੱਖਣ ਸਿੰਘ ਕਲੇਰ | ਇੰਦਰਪਾਲ ਸਿੰਘ ਸਿਆਟਲ |
|---|---|---|---|---|---|---|
| 917-434-2483 | 609-351-0321 | 917-915-3013 | 510-224-0421 | 559-331-1326 | 630-827-9752 | 204-304-2866 |

# ਜਥੇਦਾਰਾਂ ਤੇ ਪ੍ਰੋ. ਦਰਸ਼ਨ ਸਿੰਘ ਦਾ ਹਉਮੈਵਸ ਟਕਰਾਅ ਕੌਮ ਲਈ ਘਾਤਕ:ਮਾਨ

**ਫਤਿਹਗੜ੍ਹ ਸਾਹਿਬ (ਪੰਜਾਬ ਟਾਈਮਜ਼ ਬਿਊਰੋ):** "ਇਸ ਗੱਲ ਤੋਂ ਕੋਈ ਵੀ ਸਿੱਖ ਮੁਨਕਰ ਨਹੀਂ ਹੋ ਸਕਦਾ ਕਿ ਸਾਡੇ ਨਿਤਨੇਮ ਦੀਆਂ ਬਾਣੀਆਂ ਵਿਚੋਂ ਤਿੰਨ ਜਾਪੁ ਸਾਹਿਬ, ਚੌਪਈ ਸਾਹਿਬ ਤੇ ਸਵੱਈਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਵਿਚੋਂ ਹਨ ਪਰ ਜਦੋਂ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਆਪਣੇ ਮੁਖਾਰਬਿੰਦ ਤੋਂ ਉਚਾਰ ਗਏ ਹਨ "ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹਿ" ਫਿਰ ਕਿਸੇ ਹੋਰ ਗ੍ਰੰਥ, ਪੋਥੀ ਜਾਂ ਦੇਹਧਾਰੀ ਗੁਰੂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਸੁਸ਼ੋਭਿਤ ਕਰਨਾ ਗੁਰੂ ਸਾਹਿਬਾਨ ਦੇ ਹੁਕਮਾਂ ਦੀ ਅਵੱਗਿਆ ਦੇ ਤੁੱਲ ਹੀ ਹੈ। ਦਸਮ ਗ੍ਰੰਥ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ ਕਰਨ ਦੀ ਜ਼ਿੱਦ ਕਰਨ ਵਾਲੇ, ਕੇਵਲ ਆਪਣੀ ਅਕਲ ਦਾ ਹੀ ਜਨਾਜ਼ਾ ਨਹੀਂ ਕੱਢ ਰਹੇ ਬਲਕਿ ਅਜਿਹਾ ਕਰਕੇ ਭਰਾ ਮਾਰੂ ਜੰਗ ਨੂੰ ਹੱਲਾਸ਼ੇਰੀ ਦੇਣ ਦੀ ਬੱਜਰ ਗੁਸਤਾਖੀ ਵੀ ਕਰ ਰਹੇ ਹਨ।"

ਇਹ ਵਿਚਾਰ ਇੱਥੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਜਥੇਦਾਰ ਸਾਹਿਬਾਨ, ਸਿੱਖ ਕੌਮ, ਸੰਤ ਸਮਾਜ ਅਤੇ ਪ੍ਰੋ. ਦਰਸ਼ਨ ਸਿੰਘ ਵਿਚਕਾਰ ਨਾਨਕਸ਼ਾਹੀ ਕੈਲੰਡਰ ਤੇ ਦਸਮ ਗ੍ਰੰਥ ਦੇ ਵਿਸ਼ੇ ਉਤੇ ਸ਼ੁਰੂ ਹੋਈ ਭਰਾ-ਮਾਰੂ ਜੰਗ ਉਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪ੍ਰਗਟਾਏ। ਪ੍ਰੈਸ ਨੂੰ ਜਾਰੀ ਇੱਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਵਿਚ ਫਿਰ ਤੋਂ ਤਬਦੀਲੀ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਿਸੇ ਹੋਰ ਗ੍ਰੰਥ ਨੂੰ ਸੁਸ਼ੋਭਿਤ ਕਰਨਾ, ਰਹਿਤ ਮਰਿਯਾਦਾ ਸੰਬੰਧੀ ਉਠੇ ਵਿਵਾਦ, ਮੀਰੀ-ਪੀਰੀ ਦੇ ਤਖਤ ਅਕਾਲ ਤਖਤ ਦੀ ਸਰਵ ਉਚਤਾ, ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾਮੁਕਤੀ ਦੇ ਢੰਗ ਤਰੀਕਿਆਂ, ਅਕਾਲ ਤਖਤ ਵੱਲੋਂ ਜਾਰੀ ਹੁਕਮਨਾਮਿਆਂ ਦੀ ਕੌਮੀ ਮਹੱਤਤਾ ਅਤੇ ਹੋ ਰਹੀ ਦੁਰਵਰਤੋਂ, ਧਰਮ ਉਤੇ ਰਾਜਸੀ ਸੋਚ ਦਾ ਹਾਵੀ ਹੋਣਾ, ਗੁਰੂ ਦੀ ਗੋਲਕ ਦੀ ਦੁਰਵਰਤੋਂ ਆਦਿ ਬਹੁਤ ਸਾਰੇ ਅਹਿਮ ਕੌਮੀ ਤੇ ਪੰਥਕ ਮੁੱਦੇ ਹਨ ਜਿਨ੍ਹਾਂ ਦਾ ਹੱਲ ਅਕਾਲ ਤਖਤ ਉਤੇ ਜੁੜ ਬੈਠ ਕੇ ਕੌਮ ਦੇ ਸਿਧਾਂਤਕ ਤੇ ਕੌਮੀ ਸੋਚ ਉਤੇ ਪਹਿਰਾ ਦੇਣ ਵਾਲੇ ਬੁੱਧੀਜੀਵੀਆਂ ਤੇ ਵਿਦਵਾਨਾਂ ਉਤੇ ਆਧਾਰਿਤ ਇੱਕ ਕਮੇਟੀ ਬਣਾ ਕੇ ਸਮੁੱਚੇ ਪੰਥਕ ਗਰੁਪਾਂ ਦੀ ਪ੍ਰਵਾਨਗੀ ਨਾਲ ਕਰਨਾ ਬਣਦਾ ਹੈ। ਉਨ੍ਹਾਂ ਆਖਿਆ ਕਿ ਰਾਗ ਮਾਲਾ ਦੇ ਸੰਬੰਧ ਵਿਚ ਉਠੇ ਵਿਵਾਦ ਨੂੰ ਹੱਲ ਕਰਨ ਲਈ ਕਮੇਟੀ ਬਣਾਈ ਗਈ ਸੀ ਜਿਸ ਦੇ ਮੈਂਬਰ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਗੁਰਬਚਨ ਸਿੰਘ ਵੀ ਸਨ। ਜੇਕਰ ਉਦੋਂ ਇਹ ਕਮੇਟੀ ਉਸ ਵਿਵਾਦ ਨੂੰ ਹੱਲ ਕਰ ਸਕਦੀ ਸੀ ਤਾਂ ਹੁਣ ਅਜਿਹੀ ਵਿਦਵਾਨਾਂ ਦੀ ਕਮੇਟੀ ਕਿਉਂ ਨਹੀਂ ਬਣਾਈ ਜਾਂਦੀ?

ਆਪਣਾ ਬਿਆਨ ਜਾਰੀ ਰੱਖਦਿਆਂ ਸ. ਮਾਨ ਨੇ ਕਿਹਾ ਕਿ ਜੇਕਰ ਅਸੀਂ ਬਾਦਲ ਪਰਿਵਾਰ ਦੇ ਗੈਰ-ਸਿਧਾਂਤਕ ਹੁਕਮਾਂ ਨੂੰ ਮੰਨ ਕੇ ਤਾਨਾਸ਼ਾਹੀ ਸੋਚ ਨਾਲ ਕਿਸੇ ਵੀ ਸਿੱਖ ਨੂੰ ਪੰਥ ਵਿਚੋਂ ਛੇਕਣ ਦੇ ਜਥੇਦਾਰ ਸਾਹਿਬਾਨ ਦੇ



ਸ. ਸਿਮਰਨਜੀਤ ਸਿੰਘ ਮਾਨ

ਦਿਸ਼ਾਹੀਣ ਹੁਕਮਨਾਮਿਆਂ ਨਾਲ ਬਿਲਕੁਲ ਸਹਿਮਤ ਨਹੀਂ ਹਾਂ ਤਾਂ ਅਸੀਂ ਪ੍ਰੋ. ਦਰਸ਼ਨ ਸਿੰਘ ਵਰਗੀ ਸ਼ਖਸੀਅਤ ਵੱਲੋਂ ਦਸਮ ਗ੍ਰੰਥ ਸੰਬੰਧੀ ਬੇਲੋੜਾ ਵਿਵਾਦ ਖੜਾ ਕਰਨ ਅਤੇ ਸਿੱਖ ਕੌਮ ਨੂੰ ਭਰਾ ਮਾਰੂ ਜੰਗ ਵਿਚ ਉਲਝਾਉਣ ਦੇ ਕੌਮ ਵਿਰੋਧੀ ਢੰਗ-ਤਰੀਕਿਆਂ ਨਾਲ ਵੀ ਸਹਿਮਤ ਨਹੀਂ ਹਾਂ ਜੋ ਉਨ੍ਹਾਂ ਮੋਹਾਲੀ ਤੋਂ ਪ੍ਰਕਾਸ਼ਿਤ ਇੱਕ ਪੰਜਾਬੀ ਅਖਬਾਰ ਅਤੇ ਚੰਡੀਗੜ੍ਹ ਤੇ ਜਲੰਧਰ ਦੇ ਆਲੀਸ਼ਾਨ ਡਰਾਇੰਗ ਰੂਮਾਂ ਵਿਚ ਬੈਠ ਕੇ ਸਿੱਖ ਕੌਮ ਸੰਬੰਧੀ ਭੰਬਲਭੂਸੇ ਪਾਉਣ ਵਾਲੇ ਆਪੂੰ ਬਣੇ ਕਈ ਅਖੌਤੀ ਬੁੱਧੀਜੀਵੀਆਂ ਦੀ ਪੰਥ ਮਾਰੂ ਸੋਚ ਨਾਲ ਖੜੋ ਕੇ ਅਪਨਾਏ ਹਨ। ਦੂਸਰਾ, ਇਸ ਭਰਾ ਮਾਰੂ ਜੰਗ ਦਾ ਇੱਕ ਮੁੱਖ ਕਾਰਨ ਇਹ ਵੀ ਹੈ ਕਿ ਰਾਜਸੀ ਹਕੂਮਤ ਯਾਨਿ ਪੰਜਾਬ ਸਰਕਾਰ ਤੇ ਧਾਰਮਿਕ ਸੰਸਥਾ ਐਸ ਜੀ ਪੀ ਸੀ ਉਤੇ ਕਾਬਜ਼ ਬਾਦਲ ਦਲੀਏ ਅਤੇ ਪੰਥ ਦੇ ਠੇਕੇਦਾਰ ਕਹਾਉਣ ਵਾਲੇ ਅਖੌਤੀ ਬੁੱਧੀਜੀਵੀ ਅਜਿਹੇ ਸਮੇਂ ਗੁਰੂ ਗ੍ਰੰਥ ਸਾਹਿਬ ਦੇ "ਸ਼ਬਦ ਗੁਰੂ" ਤੋਂ ਸੇਧ ਲੈਣ ਦੀ ਬਜਾਏ ਕਦੀ ਮੋਹਾਲੀ ਦੇ ਇਕ ਅਖਬਾਰ ਅਤੇ ਕਦੀ ਜਲੰਧਰ ਦੇ ਇਕ ਅਖਬਾਰ ਦੇ ਐਡੀਟਰਾਂ ਤੋਂ ਸੇਧ ਲੈਣ ਲੱਗ ਪਏ ਹਨ। ਅਸਲੀਅਤ ਵਿਚ ਇਹ ਭਰਾ ਮਾਰੂ ਜੰਗ ਇਨ੍ਹਾਂ ਦੋਵਾਂ ਪੰਜਾਬੀ ਅਖਬਾਰਾਂ ਦੀ ਹੀ ਦੇਣ ਹੈ ਜਿਸ ਤੋਂ ਸਿੱਖ ਕੌਮ ਨੂੰ ਸੁਚੇਤ ਰਹਿੰਦੇ ਹੋਏ ਧਾਰਮਿਕ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਤੇ ਸਿਆਸੀ ਤੌਰ ਉਤੇ ਮੀਰੀ ਪੀਰੀ ਦੇ ਤਖਤ ਸ੍ਰੀ ਅਕਾਲ ਤਖਤ ਨੂੰ ਇਮਾਨਦਾਰੀ ਨਾਲ ਸਮਰਪਿਤ ਹੋਣਾ ਪਵੇਗਾ।

ਉਨ੍ਹਾਂ ਕਿਹਾ ਕਿ ਕੌਮ ਵਿਚ ਉਠਣ ਵਾਲੇ ਵਿਵਾਦਾਂ ਦਾ ਹੱਲ ਗੁਰੂ ਸਾਹਿਬਾਨ ਨੇ "ਸ਼ਬਦ ਗੁਰੂ" ਰਾਹੀਂ ਬਾਣੀ ਵਿਚ ਦਰਜ ਕੀਤਾ ਹੋਇਆ ਹੈ, ਲੋੜ ਕੇਵਲ ਸਹੀ ਰੂਪ ਵਿਚ ਸਹੀ ਦਿਸ਼ਾ ਵੱਲ ਅਮਲ ਕਰਨ ਦੀ ਹੈ। ਅਜਿਹੇ ਮੁੱਦਿਆਂ ਅਤੇ ਵਿਵਾਦਾਂ ਦਾ ਹੱਲ ਅਕਾਲ ਤਖਤ ਦੀ ਸਰਵ ਉਚਤਾ ਨੂੰ ਪ੍ਰਵਾਨ ਕਰਦੇ ਹੋਏ, ਸਰਵ ਪ੍ਰਵਾਨਿਤ ਢੰਗਾਂ, ਸਿਧਾਂਤਾਂ ਤੇ ਸੋਚ ਦੀ ਵਰਤੋਂ ਕਰਕੇ ਹੀ ਹੋਣਾ ਚਾਹੀਦਾ ਹੈ, ਨਾ ਕਿ ਅਖਬਾਰਾਂ ਤੇ ਮੀਡੀਏ ਵਿਚ ਸਿੱਖ ਕੌਮ ਦੀਆਂ, ਅਕਾਲ ਤਖਤ ਵਰਗੀਆਂ ਮਹਾਨ ਸੰਸਥਾਵਾਂ ਜਾਂ ਇੱਕ ਦੂਸਰੇ ਵਿਰੁਧ ਤੌਹੀਨਭਰੀ ਸ਼ਬਦਾਵਲੀ ਵਰਤਦਿਆਂ ਸਿੱਖ ਕੌਮ ਦੀ ਕੌਮਾਂਤਰੀ ਪੱਧਰ ਉਤੇ ਹੇਠੀ ਕਰਾਵਾ ਕੇ।

ਸ. ਮਾਨ ਨੇ ਆਖਿਆ ਕਿ ਅਸੀਂ (ਸਿੱਖ ਕੌਮ) ਵੀ ਦੋਸ਼ੀ ਹਾਂ ਜੋ ਅਜੇ ਤੱਕ ਪੂਰੀ ਤਰ੍ਹਾਂ ਸੁਚੇਤ ਹੀ ਨਹੀਂ ਹਾਂ, ਕਿਉਂਕਿ 30 ਅਗਸਤ 2009 ਨੂੰ ਸਿੱਖ ਕੌਮ ਦੀ ਪਾਰਲੀਮੈਂਟ, ਐਸ.ਜੀ.ਪੀ.ਸੀ. ਦੀ ਮਿਆਦ ਖਤਮ ਹੋ ਚੁੱਕੀ ਹੈ। ਉਸ ਦੀਆਂ ਚੋਣਾਂ ਕਰਾਉਣ ਲਈ ਸਿੱਖ ਕੌਮ ਵੱਲੋਂ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ ਕਿ ਜੇਕਰ ਹਿੰਦੂ ਕੌਮ ਜਾਂ ਜਮਹੂਰੀਅਤਪਸੰਦ ਮੁਲਕਾਂ ਵਿਚ ਪਾਰਲੀਮੈਂਟ ਜਾਂ ਅਸੈਂਬਲੀ ਦੀ ਮਿਆਦ ਤੋਂ ਇੱਕ ਦਿਨ ਵੀ ਉਪਰ ਟੱਪ ਜਾਂਦਾ ਤਾਂ ਲੋਕ ਕਦੋਂ ਦੇ ਸੜਕਾਂ 'ਤੇ ਨਿਕਲ ਚੁੱਕੇ ਹੁੰਦੇ। ਜੇਕਰ ਸਿੱਖ ਕੌਮ ਸੁਚੇਤ ਨਹੀਂ ਹੋਵੇਗੀ ਤਾਂ ਬਿੱਲੇ ਨੇ ਤਾਂ ਦੁੱਧ ਪੀ ਹੀ ਜਾਣਾ ਹੈ। ਸਾਡੇ ਲੀਡਰ ਤਾਂ ਏਜੰਸੀਆਂ ਦੇ ਇਸ਼ਾਰੇ 'ਤੇ ਕੌਮ ਵਿਰੋਧੀ ਕਾਰਵਾਈਆਂ ਵਿਚ ਮਸ਼ਰੂਫ ਹਨ ਤੇ ਕੌਮ ਅਜੇ ਵੀ ਸੁੱਤੀ ਪਈ ਹੈ।

ਉਨ੍ਹਾਂ ਕਿਹਾ ਕਿ ਉਪਰੋਕਤ ਦੋਵੇਂ ਅਖਬਾਰ ਤੇ ਗਿਣਤੀ ਦੇ ਕੁਝ ਅਖੌਤੀ ਬੁੱਧੀਜੀਵੀ ਸਿੱਖ ਕੌਮ ਨੂੰ ਆਪਣੇ ਮੁੱਖ ਨਿਸ਼ਾਨੇ "ਖਾਲਿਸਤਾਨ" ਦੇ ਰੁੱਖ ਤੋਂ ਮੋੜ ਕੇ ਫਜ਼ੂਲ ਦੇ ਵਿਵਾਦਾਂ ਵਿਚ ਉਲਝਾਉਣ ਵਿਚ ਲੱਗੇ ਹੋਏ ਹਨ। ਉਨ੍ਹਾਂ ਕੌਮ ਨੂੰ ਅਪੀਲ ਕੀਤੀ ਕਿ ਭੰਬਲਭੂਸਿਆਂ ਵਿਚ ਫਸਣ ਦੀ ਬਜਾਏ 12 ਫਰਵਰੀ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਮਨਾਏ ਜਾ ਰਹੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਉਤੇ ਹੁਮ ਹੁਮਾ ਕੇ ਪਹੁੰਚਣਾ ਚਾਹੀਦਾ ਹੈ।

## ਨਕਸਲੀ ਪਹਿਲਾਂ ਹਿੰਸਾ ਛੱਡਣ ਫੇਰ ਹੀ ਗੱਲਬਾਤ ਕਰਾਂਗੇ - ਚਿਦੰਬਰਮ

**ਨਵੀਂ ਦਿੱਲੀ:** ਅੰਦਰੂਨੀ ਸੁਰੱਖਿਆ ਬਾਰੇ ਦੇਸ਼ ਦੇ ਮੁੱਖ ਮੰਤਰੀਆਂ ਦੀ ਕਾਨਫ਼ਰੰਸ ਤੋਂ ਦੋ ਦਿਨ ਬਾਅਦ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਲੰਘੀ 10 ਫਰਵਰੀ ਨੂੰ ਨਕਸਲ ਪ੍ਰਭਾਵਤ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਉਚ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਕੋਲਕਾਤਾ ਵਿਖੇ ਪੱਛਮੀ ਬੰਗਾਲ, ਝਾਰਖੰਡ, ਉੜੀਸਾ ਤੇ ਬਿਹਾਰ ਦੇ ਮੁੱਖ ਮੰਤਰੀਆਂ ਨਾਲ ਮੀਟਿੰਗ ਤੋਂ ਬਾਅਦ ਕੇਂਦਰੀ ਮੰਤਰੀ ਨੇ ਕਿਹਾ ਕਿ ਜਦੋਂ ਤੱਕ ਨਕਸਲੀ ਹਿੰਸਾ ਨਹੀਂ ਛੱਡਦੇ, ਉਦੋਂ ਤੱਕ ਗੱਲਬਾਤ ਸ਼ੁਰੂ ਕਰਨ ਦਾ ਕੋਈ ਮਤਲਬ ਹੀ ਨਹੀਂ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਹਿੰਸਾ ਦੀ ਸੂਰਤ 'ਚ ਸਰਕਾਰ ਵਲੋਂ ਵੀ ਉਸੇ ਤਰਜ਼ 'ਤੇ ਜਵਾਬ ਦਿੱਤਾ ਜਾਵੇਗਾ।

ਮੀਟਿੰਗ ਉਪਰੰਤ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਚਿਦੰਬਰਮ ਨੇ ਕਿਹਾ ਕਿ ਅਸੀਂ ਤੁਹਾਡੇ (ਨਕਸਲੀਆਂ) ਤੋਂ ਜ਼ਿਆਦਾ ਕੁਝ ਦੀ ਮੰਗ ਨਹੀਂ ਕਰਦੇ, ਅਸੀਂ ਤਾਂ ਸਿਰਫ਼ ਇਹ ਚਾਹੁੰਦੇ ਹਾਂ ਕਿ ਤੁਸੀਂ ਛੇਤੀ ਤੋਂ ਛੇਤੀ ਹਿੰਸਾ ਛੱਡ ਦਿਓ। ਕੇਂਦਰੀ ਮੰਤਰੀ ਨੇ ਨਕਸਲੀਆਂ ਨਾਲ ਗੱਲਬਾਤ ਸ਼ੁਰੂ ਕਰਨ ਦਾ ਸੰਕੇਤ ਦਿੰਦਿਆਂ ਕਿਹਾ ਕਿ ਜੇਕਰ ਉਹ ਹਿੰਸਾ ਛੱਡਣ ਲਈ ਤਿਆਰ ਹਨ ਤਾਂ ਅਸੀਂ ਹਰ ਤਰ੍ਹਾਂ ਦੀ ਗੱਲਬਾਤ ਲਈ ਅੱਗੇ ਆਵਾਂਗੇ।

*Visit us on the web:*
***www.punjabtimesusa.com***







# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਸਮਾਜ ਸੇਵਾ ਦਾ ਅਸਲੀ ਕੇਂਦਰ:ਗਾਖਲ

## ਅਮਰੀਕਾ ਤੋਂ ਇਸ ਸਾਲ 50 ਲੱਖ ਰੁਪਏ ਦੀ ਮਦਦ ਭੇਜਣ ਦਾ ਵਾਅਦਾ







**ਢਾਹਾਂ ਕਲੇਰਾਂ, ਨਵਾਂ ਸ਼ਹਿਰ (ਪੰਜਾਬ ਟਾਈਮਜ਼ ਬਿਊਰੋ):** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਪੰਜਾਬ ਦੇ ਪੇਂਡੂ ਇਲਾਕੇ ਵਿਚ ਸਿਹਤ ਸੇਵਾਵਾਂ ਦਾ ਅਸਲੀ ਸੇਵਾ ਕੇਂਦਰ ਹੈ ਜੋ ਇਲਾਕੇ ਦੇ ਲੋੜਵੰਦ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇ ਕੇ ਵਡਮੁੱਲੀ ਨਿਸ਼ਕਾਮ ਸੇਵਾ ਕਰ ਰਿਹਾ ਹੈ। ਇਹ ਵਿਚਾਰ ਇਥੇ ਪਰਵਾਸੀ ਬਿਜਨਸਮੈਨ ਅਤੇ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਨੇ ਹਸਪਤਾਲ ਵਿਚ ਡਾਇਲਸਿਸ ਯੂਨਿਟ ਦਾ ਉਦਘਾਟਨ ਕਰਨ ਉਪਰੰਤ ਇਕ ਸੰਖੇਪ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ। ਇਸ ਮੌਕੇ ਸ੍ਰੀ ਗਾਖਲ ਨੇ ਆਖਿਆ ਕਿ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨ ਟਰਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ. ਅਮਰਜੀਤ ਸਿੰਘ ਕਲੇਰਾਂ ਦੀ ਅਗਵਾਈ ਹੇਠ ਚੱਲ ਰਹੇ ਇਸ ਹਸਪਤਾਲ ਵਲੋਂ ਸਿਹਤ ਸਹੂਲਤਾਂ ਮੁਹੱਈਆ ਕਰਨ ਦਾ ਕੰਮ ਸ਼ਲਾਘਾਯੋਗ ਹੈ। ਸ੍ਰੀ ਗਾਖਲ ਨੇ ਵਾਅਦਾ ਕੀਤਾ ਕਿ ਉਹ ਅਮਰੀਕਾ ਤੋਂ ਇਸ ਸਾਲ ਮਿਸ਼ਨ ਲਈ 50 ਲੱਖ ਰੁਪਏ ਦੀ ਮਦਦ ਭੇਜਣਗੇ। ਉਨ੍ਹਾਂ ਭਵਿੱਖ ਵਿਚ ਗਾਖਲ ਪਰਿਵਾਰ ਵਲੋਂ ਇਸ ਹਸਪਤਾਲ ਤੇ ਹੋਰ ਸਮਾਜ ਸੇਵੀ ਪ੍ਰਾਜੈਕਟ ਸ਼ੁਰੂ ਕਰਨ ਲਈ ਵੀ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਸ. ਅਮਰਜੀਤ ਸਿੰਘ ਕਲੇਰਾਂ ਨੇ ਇਸ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਸਾਡੀਆਂ ਖੁਰਾਕਾਂ ਵਿਚ ਭਾਰੀ ਤਬਦੀਲੀ ਆ ਜਾਣ ਕਾਰਨ ਗੁਰਦਿਆਂ ਦੀ ਬਿਮਾਰੀ ਵਿਚ ਭਾਰੀ ਵਾਧਾ ਹੋਇਆ ਹੈ ਜਿਸ ਕਰਕੇ ਹਸਪਤਾਲ ਵਲੋਂ ਲੋਕਾਂ ਦੀ ਲੋੜ ਨੂੰ ਮੁੱਖ ਰੱਖਦਿਆਂ ਡਾਇਲਸਿਸ ਯੂਨਿਟ ਸਥਾਪਤ ਕੀਤਾ ਗਿਆ ਹੈ। ਇਸ ਯੂਨਿਟ ਵਿਚ ਕਾਰਡੀਐਕ ਮਾਨੀਟਰਾਂ ਨਾਲ ਲੈਸ ਅਤਿ ਆਧੁਨਿਕ ਦੋ ਡਾਇਲਸਿਸ ਮਸ਼ੀਨਾਂ ਲਾਈਆਂ ਗਈਆਂ ਹਨ। ਇਸ ਤੋਂ ਪਹਿਲਾਂ ਇਲਾਕੇ ਦੇ ਲੋਕਾਂ ਨੂੰ ਗੁਰਦਿਆਂ ਦੇ ਇਲਾਜ ਲਈ ਦੂਰ ਦੁਰਾਡੇ ਦੇ ਸ਼ਹਿਰਾਂ ਵਿਚ ਜਾਣਾ ਪੈਂਦਾ ਸੀ। ਇਸ ਹਸਪਤਾਲ ਵਿਚ ਮਰੀਜਾਂ ਦਾ ਇਲਾਜ ਲਾਗਤ ਖਰਚ ਦੇ ਆਧਾਰ ਉਤੇ ਹੀ ਕੀਤਾ ਜਾਏਗਾ। ਇਹ ਯੂਨਿਟ ਬ੍ਰਿਗੇਡੀਅਰ (ਰਿਟਾ.) ਡਾ. ਮਨਮੋਹਨ ਸਿੰਘ ਦੀ ਸਰਪ੍ਰਸਤੀ ਹੇਠ ਕਾਇਮ ਕੀਤਾ ਗਿਆ ਹੈ। ਸ. ਕਲੇਰਾਂ ਨੇ ਇਸ ਮੌਕੇ ਬਾਹਰੋਂ ਆਏ ਦਾਨੀ ਸੱਜਣਾਂ ਨੂੰ ਟਰੱਸਟ ਦੇ ਵੱਖ ਵੱਖ ਅਦਾਰਿਆਂ ਅਤੇ ਪ੍ਰਾਜੈਕਟਾਂ ਬਾਰੇ ਜਾਣਕਾਰੀ ਮੁਹੱਈਆ ਕੀਤੀ।

ਪੰਜਾਬ ਦੇ ਸਾਬਕਾ ਮੰਤਰੀ ਅਤੇ ਟਰੱਸਟ ਦੇ ਸਰਪ੍ਰਸਤ ਸ. ਸੁਰਿੰਦਰ ਸਿੰਘ ਥੰਮਣਵਾਲ ਨੇ ਸ੍ਰੀ ਗਾਖਲ ਅਤੇ ਬਾਹਰੋਂ ਆਏ ਹੋਰ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਮਲਕੀਅਤ ਸਿੰਘ ਬਾਹੜੋਵਾਲ, ਜਨਰਲ ਸਕੱਤਰ ਕੁਲਵਿੰਦਰ ਸਿੰਘ ਢਾਹਾਂ, ਖਜ਼ਾਨਚੀ ਨਰਿੰਦਰ ਸਿੰਘ ਫਿਰੋਜ਼ਪੁਰ, ਅਮਜੇਰ ਸਿੰਘ ਮਾਨ ਕੈਨੇਡਾ, ਡਾ. ਤੇਜਪਾਲ ਸਿੰਘ ਢਿੱਲੋਂ ਅਮਰੀਕਾ, ਦਰਸ਼ਨ ਸਿੰਘ ਮਾਹਲ ਕੈਨੇਡਾ, ਸੰਤੋਖ ਸਿੰਘ ਸ਼ੌਕਰ, ਅਮਰੀਕ ਸਿੰਘ ਕੋਟਕਲਾਂ, ਬੀਬੀ ਜੋਗਿੰਦਰ ਕੌਰ, ਜੀਤ ਸਿੰਘ ਕਲੇਰਾਂ (ਸਾਰੇ ਟਰੱਸਟੀ), ਬਰਜਿੰਦਰ ਸਿੰਘ ਢਾਹਾਂ (ਪ੍ਰਧਾਨ ਇੰਡੀਆ ਐਜੂਕੇਸ਼ਨ ਸੁਸਾਇਟੀ, ਕੈਨੇਡਾ), ਅਜੀਤ ਸਿੰਘ ਥਾਂਦੀ ਕੈਨੇਡਾ, ਮਨਜੀਤ ਕੌਰ ਥਾਂਦੀ, ਡਾ. ਪਰਮਿੰਦਰ ਕੌਰ ਯੂ ਐਸ ਏ, ਕੰਵਰ ਰਾਜਮਿੰਦਰ ਸਿੰਘ ਢਾਹਾਂ, ਨਵਦੀਪ ਸਿੰਘ ਅਟਵਾਲ, ਸੋਹਣ ਸਿੰਘ ਦਿਓਲ, ਜੋਗਿੰਦਰ ਸਿੰਘ, ਬੀਬੀ ਸੁਖਵੰਤ ਕੌਰ, ਗੁਰਦੀਪ ਸਿੰਘ ਸਰਪੰਚ, ਕੁਲਵੰਤ ਸਿੰਘ ਕਲੇਰਾਂ, ਬਲਜਿੰਦਰ ਸਿੰਘ ਕਲੇਰਾਂ, ਡਾ. ਪੀ ਐਸ ਮੈਂਗਰ ਅਤੇ ਸੂਬੇਦਾਰ ਗੁਰਮੇਲ ਸਿੰਘ ਵੀ ਮੌਜੂਦ ਸਨ।

## ਸਰਕਾਰੀ ਸਖਤੀ ਕਾਰਨ ਨਵੇਂ ਗਰੰਥ ਵਾਲੀ ਮੁਹਿੰਮ ਢਿੱਲੀ ਪਈ

**ਜਲੰਧਰ:** ਡੇਰਾ ਸੱਚ ਖੰਡ ਬੱਲਾਂ ਵਲੋਂ ਐਲਾਨੇ 'ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ' ਨਾਂ ਦੇ ਨਵੇਂ ਗ੍ਰੰਥ ਨੂੰ ਪਿੰਡਾਂ ਤੇ ਸ਼ਹਿਰਾਂ 'ਚ ਪ੍ਰਕਾਸ਼ ਕਰਨ ਦੀ ਮੁਹਿੰਮ ਢਿੱਲੀ ਪੈ ਗਈ ਹੈ। ਇਸ ਮੁਹਿੰਮ ਦੇ ਢਿੱਲੇ ਪੈਣ ਦਾ ਕਾਰਨ ਪੁਲਿਸ ਵਲੋਂ ਗ੍ਰਿਫ਼ਤਾਰੀਆਂ ਦਾ ਸ਼ੁਰੂ ਕੀਤਾ ਗਿਆ ਸਿਲਸਿਲਾ ਤੇ ਡੇਰੇ 'ਚ ਅੰਦਰੋਂ ਤੇ ਬਾਹਰੋਂ ਭਾਈਚਾਰੇ 'ਚ ਪੈਦਾ ਹੋਇਆ ਵੱਖਰੇਵਾਂ ਦੱਸਿਆ ਜਾ ਰਿਹਾ ਹੈ। ਹਾਲਾਂਕਿ ਜਾਣਕਾਰੀ ਅਨੁਸਾਰ ਡੇਰੇ ਵਲੋਂ ਹੁਣ ਤੱਕ ਦਰਜਨ ਦੇ ਕਰੀਬ ਥਾਵਾਂ 'ਤੇ ਨਵੇਂ ਗ੍ਰੰਥ ਦਾ ਪ੍ਰਕਾਸ਼ ਕੀਤਾ ਜਾ ਚੁੱਕਾ ਹੈ। ਦੋ ਦਿਨਾਂ ਤੋਂ ਕਿਧਰੇ ਵੀ ਇਸ ਨਵੇਂ ਗ੍ਰੰਥ ਦੀ ਸਥਾਪਨਾ ਨਹੀਂ ਕੀਤੀ ਜਾ ਸਕੀ।

ਪੁਲਿਸ ਵਲੋਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਦੋਸ਼ 'ਚ ਫੜੇ ਗਏ 6 ਵਿਅਕਤੀਆਂ 'ਚੋਂ 4 'ਤੇ ਬੜੀਆਂ ਗੰਭੀਰ ਤੇ ਗ਼ੈਰ ਜ਼ਮਾਨਤੀ ਧਾਰਾਵਾਂ ਲਗਾਈਆਂ ਗਈਆਂ ਹਨ। ਇਸ ਵਾਰ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ ਰਿਹਾਅ ਕਰਵਾਉਣ ਲਈ ਡੇਰੇ ਨੇ ਕੋਈ ਮੰਗ ਨਹੀਂ ਕੀਤੀ, ਜਿਸ ਤਰ੍ਹਾਂ ਵਿਆਨਾਂ ਕਾਂਡ ਵੇਲੇ ਬੜੇ ਜ਼ੋਰਦਾਰ ਢੰਗ ਨਾਲ ਕੀਤੀ ਗਈ।

ਡੇਰਾ ਸੱਚਾ ਖੰਡ ਬੱਲਾਂ ਵਲੋਂ 30 ਜਨਵਰੀ ਨੂੰ ਕਾਸ਼ੀ (ਬਨਾਰਸ) ਤੋਂ ਐਲਾਨੇ ਨਵੇਂ ਰਵਿਦਾਸੀਆ ਧਰਮ ਤੇ ਗ੍ਰੰਥ ਨੂੰ ਲੈ ਕੇ ਦਲਿਤ ਭਾਈਚਾਰਾ ਦੋ ਧੜਿਆਂ 'ਚ ਵੰਡਿਆ ਗਿਆ ਹੈ। ਡੇਰਾ ਬੱਲਾਂ ਦੇ ਮੁਖੀ ਸੰਤ ਨਰੰਜਣ ਦਾਸ ਤੋਂ ਬਾਅਦ ਸੀਨੀਅਰ ਮੰਨੇ ਜਾਂਦੇ ਸੰਤ ਸੁਰਿੰਦਰ ਦਾਸ ਪਹਿਲਾਂ ਹੀ ਆਪਣੇ ਮਤਭੇਦ ਜ਼ਾਹਿਰ ਕਰ ਚੁੱਕੇ ਹਨ।

ਜਾਣਕਾਰੀ ਅਨੁਸਾਰ ਡੇਰੇ ਵਲੋਂ ਨਵੇਂ ਗ੍ਰੰਥ ਨੂੰ ਸਥਾਪਤ ਕਰਨ ਲਈ ਚੁੱਪ-ਚੁਪੀਤੇ ਕਾਰਵਾਈ ਕਰਨ ਦੀ ਰਣਨੀਤੀ ਅਪਣਾਈ ਗਈ ਦੱਸੀ ਜਾਂਦੀ ਹੈ। ਦਲਿਤ ਭਾਈਚਾਰੇ ਦੇ ਵੱਡੇ ਹਿੱਸੇ ਦੀ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਆਸਥਾ ਹੈ। ਉਧਰ ਡੇਰੇ ਦੇ ਸੂਤਰਾਂ ਦਾ ਕਹਿਣਾ ਹੈ ਕਿ ਉਹ ਕਿਧਰੇ ਵੀ ਜ਼ਬਰੀ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਦਾ ਪ੍ਰਕਾਸ਼ ਨਹੀਂ ਕਰ ਰਹੇ, ਜਿਹੜੀ ਪ੍ਰਬੰਧਕੀ ਕਮੇਟੀ ਮਤਾ ਪਾਸ ਕਰਕੇ ਦਿੰਦੀ ਹੈ, ਉੱਥੇ ਹੀ ਪ੍ਰਕਾਸ਼ ਕੀਤਾ ਜਾਂਦਾ ਹੈ।

ਦਲਿਤ ਭਾਈਚਾਰੇ 'ਚ ਪੈਦਾ ਹੋਈ ਤਣਾਅਪੂਰਣ ਸਥਿਤੀ ਨੇ ਇਹ ਗੱਲ ਵੀ ਸਾਬਤ ਕਰ ਦਿੱਤੀ ਹੈ ਕਿ ਸੂਬੇ 'ਚ ਹਿੰਸਾ ਹੋਣੀ ਜਾਂ ਨਾ ਹੋਣੀ ਸੂਬਾ ਸਰਕਾਰ ਦੀ ਸਿਆਸੀ ਇੱਛਾ 'ਤੇ ਨਿਰਭਰ ਕਰਦਾ ਹੈ। ਇਸ ਵਾਰ ਪੁਲਿਸ ਵੱਲੋਂ ਪੂਰੀ ਸਖ਼ਤੀ ਵਰਤੀ ਜਾ ਰਹੀ ਹੈ। ਇਸੇ ਕਾਰਨ ਕਿਧਰੇ ਵੀ ਕੋਈ ਮਾੜੀ ਘਟਨਾ ਨਹੀਂ ਵਾਪਰੀ। ਇੱਥੋਂ ਤੱਕ ਕਿ ਪੁਲਿਸ ਨੇ ਗਰਮ ਖਿਆਲੀ ਮੰਨੇ ਜਾਂਦੇ ਇੱਕ ਆਗੂ ਨੂੰ ਬੂਟਾ ਮੰਡੀ 'ਚੋਂ ਗ੍ਰਿਫ਼ਤਾਰ ਕਰਕੇ ਸਾਬਤ ਕਰ ਦਿੱਤਾ ਕਿ ਉਹ ਖੱਪ ਪਾਉਣ ਵਾਲਿਆਂ ਵਿਰੁੱਧ ਸਖ਼ਤੀ ਵਰਤ ਰਹੀ ਹੈ। ਜਦੋਂ ਕਿ ਵਿਆਨਾ ਕਾਂਡ ਵੇਲੇ ਪੁਲਿਸ ਦੀ ਹਾਜ਼ਰੀ 'ਚ ਹੀ ਭੜਕੀ ਭੀੜ ਵੱਲੋਂ ਸ਼ਰ੍ਹੇਆਮ ਸਾੜ-ਫੂਕ, ਭੰਨ-ਤੋੜ ਤੇ ਲੁੱਟਮਾਰ ਕੀਤੀ ਜਾ ਰਹੀ ਸੀ ਤੇ ਪੁਲਿਸ ਬੇਵੱਸ ਖੜ੍ਹੀ ਨਜ਼ਰ ਆ ਰਹੀ ਸੀ, ਉਦੋਂ ਸੂਬਾ ਸਰਕਾਰ ਨੂੰ ਬੜੀ ਅਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ।

## ਵੀਆਨਾ 'ਚ ਫਿਲਵਾਂ ਦੇ ਦੋ ਯੁਵਕਾਂ ਦੀ ਭੇਤਭਰੀ ਹਾਲਤ ਵਿਚ ਮੌਤ

**ਫੱਤੂਢੀਂਗਾ:** ਰੋਜ਼ੀ-ਰੋਟੀ ਦੀ ਤਲਾਸ਼ ਵਿਚ ਵਿਦੇਸ਼ ਗਏ ਕਸਬਾ ਫਿਲਵਾਂ ਦੇ ਦੋ ਨੌਜਵਾਨਾਂ ਦੀ ਆਸਟਰੀਆ ਦੇ ਸ਼ਹਿਰ ਵੀਆਨਾ ਵਿਖੇ ਭੇਤਭਰੀ ਹਾਲਤ ਵਿਚ ਮੌਤ ਹੋ ਗਈ। ਮ੍ਰਿਤਕ ਨੌਜਵਾਨ ਨਵਜੀਤ ਸਿੰਘ ਉਰਫ਼ ਨਾਜੀ (26) ਦੇ ਪਿਤਾ ਜਸਬੀਰ ਸਿੰਘ ਨੇ ਬਹੁਤ ਉਦਾਸ ਮਨ ਨਾਲ ਦਸਿਆ ਕਿ ਉਨ੍ਹਾਂ ਨੂੰ ਕਿਸੇ ਨੇ ਫ਼ੋਨ ਕਰ ਕੇ ਸੂਚਨਾ ਦਿਤੀ ਕਿ ਵੀਆਨਾ ਦੇ ਡਿਸਟ੍ਰਿਕਟ 1100 ਦੇ ਜਿਸ ਕਮਰੇ 'ਚ ਨਵਜੀਤ ਅਤੇ ਰਵਿੰਦਰ ਢਿੱਲੋਂ ਰਹਿੰਦੇ ਸਨ, ਵਿਚੋਂ ਉਨ੍ਹਾਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ।

ਪਰਿਵਾਰਕ ਮੈਂਬਰਾਂ ਨੇ ਦਸਿਆ ਕਿ ਜਦ ਤਕ ਵੀਆਨਾ ਦੇ ਸਬੰਧਤ ਪੁਲਿਸ ਅਧਿਕਾਰੀ ਨੇ ਵੀ ਫ਼ੋਨ ਕਰ ਕੇ ਦੋਹਾਂ ਦੀ ਮੌਤ ਹੋ ਜਾਣ ਦੀ ਪੁਸ਼ਟੀ ਕਰ ਦਿਤੀ। ਨਵਜੀਤ ਸਿੰਘ ਕਰੀਬ ਢਾਈ ਕੁ ਸਾਲ ਪਹਿਲਾਂ ਆਸਟਰੀਆ ਗਿਆ ਸੀ ਜਦਕਿ ਰਵਿੰਦਰ ਢਿੱਲੋਂ ਕਰੀਬ 4 ਸਾਲ ਪਹਿਲਾਂ ਆਸਟਰੀਆ ਗਿਆ ਸੀ। ਨੌਜਵਾਨਾਂ ਦੀ ਮੌਤ ਨਾਲ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ।

## ਨਾਨਕਸ਼ਾਹੀ ਜੰਤਰੀ ਵਿਚ ਸੋਧ ਦਾ ਸਵਾਗਤ

**ਇੰਡੀਅਨਐਪੋਲਿਸ:** ਅਮੈਰਿਕਨ ਗੁਰਦੁਆਰਾ ਕੌਂਸਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਵਲੋਂ ਨਾਨਕਸ਼ਾਹੀ ਜੰਤਰੀ ਵਿਚ ਅਕਾਲ ਤਖ਼ਤ ਦੀ ਪ੍ਰਵਾਨਗੀ ਨਾਲ ਕੀਤੀਆਂ ਗਈਆਂ ਸੋਧਾਂ ਦਾ ਸਵਾਗਤ ਕਰਦਿਆਂ ਆਖਿਆ ਹੈ ਕਿ ਇਸ ਨਾਲ ਜੰਤਰੀ ਵਿਚ ਰਹਿ ਗਈਆਂ ਤਰੁਟੀਆਂ ਦੂਰ ਹੋਈਆਂ ਹਨ ਅਤੇ ਸਿੱਖੀ ਪੁਰਬ ਤੇ ਦਿਨ ਦਿਹਾਰ ਸਦੀਆਂ ਤੋਂ ਚਲੇ ਆ ਰਹੇ ਤਰੀਕੇ ਨਾਲ ਮਨਾਉਣ ਵਿਚ ਸਹੂਲਤ ਰਹੇਗੀ। ਜੰਤਰੀ ਕਰਕੇ ਪੰਥਕ ਹਲਕਿਆਂ ਵਿਚ ਬਣੀ ਦੁਬਿਧਾ ਵੀ ਖਤਮ ਹੋਵੇਗੀ।

ਕੌਂਸਲ ਵਲੋਂ ਇਥੇ ਜਾਰੀ ਇਕ ਬਿਆਨ ਵਿਚ ਆਖਿਆ ਗਿਆ ਹੈ ਕਿ ਨਾਨਕਸ਼ਾਹੀ ਜੰਤਰੀ ਵਿਚ ਕਈ ਤਰੁਟੀਆਂ ਸਨ ਜੋ ਗੁਰ ਇਤਿਹਾਸ ਨਾਲ ਮੇਲ ਨਹੀਂ ਸਨ ਖਾਂਦੀਆਂ। ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਦਾ ਵਿਰੋਧ ਕਰਨ ਵਾਲੇ ਲੋਕ ਅਤੇ ਜਥੇਬੰਦੀਆਂ ਫੁੱਟ ਅਤੇ ਦੁਬਿਧਾ ਕਾਇਮ ਰੱਖਣ ਦੇ ਹੱਕ ਵਿਚ ਸ਼ਾਇਦ ਨਾ ਹੋਣ ਅਤੇ ਇਨ੍ਹਾਂ ਦੇ ਪੰਥਕ ਜਜ਼ਬੇ ਤੇ ਕੁਰਬਾਨੀ ਬਾਰੇ ਵੀ ਕੋਈ ਸ਼ੰਕਾ ਨਾ ਹੋਵੇ ਪ੍ਰੰਤੂ ਕਿਸੇ ਮੁੱਦੇ ਉਪਰ ਵਿਚਾਰ ਨਾ ਮਿਲਣ 'ਤੇ ਸਖਤ ਤੇ ਭੈੜੇ ਸ਼ਬਦਾਂ ਦੀ ਵਰਤੋਂ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਪੰਜਾਬ ਅਤੇ ਵਿਦੇਸ਼ਾਂ ਵਿਚ ਪ੍ਰਕਾਸ਼ਿਤ ਹੁੰਦੇ ਕੁਝ ਅਖਬਾਰਾਂ ਦੀ ਨੀਅਤ ਵੀ ਠੀਕ ਨਹੀਂ ਜੋ ਹਮੇਸ਼ਾ ਪੰਥ ਵਿਚ ਦੁਬਿਧਾ ਪੈਦਾ ਕਰਕੇ ਆਪਣੀਆਂ ਰੋਟੀਆਂ ਸੇਕਦੇ ਹਨ।

ਕੌਂਸਲ ਦੇ ਸਕੱਤਰ ਭਾਈ ਬਲਬੀਰ ਸਿੰਘ ਟੁੱਟ ਦੇ ਦਸਤਖ਼ਤਾਂ ਹੇਠ ਜਾਰੀ ਇਸ ਬਿਆਨ ਵਿਚ ਆਖਿਆ ਗਿਆ ਹੈ ਕਿ ਅਸੀਂ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਦਾ ਵਿਰੋਧ ਕਰਨ ਵਾਲਿਆਂ ਦੀਆਂ ਦਲੀਲਾਂ ਨਾਲ ਸਹਿਮਤ ਨਹੀਂ ਹਾਂ ਅਤੇ ਸਮਝਦੇ ਹਾਂ ਕਿ ਸਿਰਫ ਸਿਆਸੀ ਵਿਰੋਧ ਲਈ ਹਰ ਗੱਲ ਦਾ ਵਿਰੋਧ ਕਰਨਾ ਸਹੀ ਨਹੀਂ ਹੈ। ਨਾਨਕਸ਼ਾਹੀ ਜੰਤਰੀ ਵਿਚ ਸੋਧਾਂ ਦਾ ਮਤਲਬ ਇਸ ਨੂੰ ਖਤਮ ਕਰਨਾ ਨਹੀਂ ਹੈ। ਸ਼੍ਰੋਮਣੀ ਕਮੇਟੀ ਨੇ ਕੇਵਲ ਕੁਝ ਗਲਤ ਤਾਰੀਖਾਂ ਹੀ ਗੁਰ ਇਤਿਹਾਸ ਦੇ ਅਨੁਰੂਪ ਸੋਧੀਆਂ ਹਨ। ਮਿਸਾਲ ਵਜੋਂ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪੁਰਬ ਪੋਹ ਸੁਦੀ ਸੱਤਵੀਂ 1666 ਹੈ ਪਰ ਉਸ ਦਿਨ 5 ਜਨਵਰੀ ਨਹੀਂ ਸੀ। ਭਾਈ ਟੁੱਟ ਨੇ ਅਕਾਲੀ ਦਲ ਪੰਚ ਪ੍ਰਧਾਨੀ, ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਦਲ ਖਾਲਸਾ, ਖਾਲਿਸਤਾਨ ਅਫੇਅਰਜ਼ ਸੈਂਟਰ ਅਤੇ ਹੋਰ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਇਤਰਾਜ਼ ਅਕਾਲ ਤਖ਼ਤ ਸਾਹਿਬ ਪਾਸ ਦਰਜ ਕਰਵਾਉਣ ਪਰ ਭੜਕਾਊ ਅਤੇ ਭੱਦੀ ਸ਼ਬਦਾਵਲੀ ਤੋਂ ਗੁਰੇਜ਼ ਕਰਨ। ਉਨ੍ਹਾਂ ਅਕਾਲੀ ਦਲ (ਅੰਮ੍ਰਿਤਸਰ) ਅਤੇ ਅਖੰਡ ਕੀਰਤਨੀ ਜਥੇ ਵਲੋਂ ਵਿਖਾਏ ਗਏ ਸੰਜਮ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਨਿਆਰੀ ਪਹਿਚਾਣ ਦਸਮ ਪਾਤਸ਼ਾਹ ਨੇ ਹੀ ਕਾਇਮ ਕਰ ਦਿੱਤੀ ਸੀ ਅਤੇ ਇਹ ਕਿਸੇ ਕੈਲੰਡਰ ਦੀ ਮੁਥਾਜ ਨਹੀਂ।

M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

Attorney at Law
Bob Lynn Edwards, Jr.
Free Initial Consultation
Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.

Ph:510-770-0500
www.BobEdwards.com
3869 Peralta Boulevard, Fremont CA 94536-3712

# ਭਾਰਤ ਸਰਕਾਰ ਛਤਵਾਲ ਬਾਰੇ ਤੱਥ ਢੂੰਡੇਗੀ

**ਨਵੀਂ ਦਿੱਲੀ :** ਬਰਾਕ ਓਬਾਮਾ ਦੀ 2008 ਵਾਲੀ ਰਾਸ਼ਟਰਪਤੀ ਚੋਣ ਮੁਹਿੰਮ ਦੀ ਵਿੱਤੀ ਕਮੇਟੀ ਨੇ ਸੰਤ ਸਿੰਘ ਛਤਵਾਲ ਤੋਂ ਕਿਸੇ ਵੀ ਤਰ੍ਹਾਂ ਦੇ ਫੰਡ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਚੋਣ ਮੁਹਿੰਮ ਦੀ ਫਾਈਨਾਂਸ ਕਮੇਟੀ ਦੇ ਇਕ ਮੈਂਬਰ ਨੇ ਅਖਬਾਰ 'ਹਿੰਦੁਸਤਾਨ ਟਾਈਮਜ਼' ਨੂੰ ਦੱਸਿਆ ਕਿ ਸੰਤ ਸਿੰਘ ਛਤਵਾਲ ਦੇ ਧੋਖਾਧੜੀ ਵਾਲੇ ਪਿਛੋਕੜ ਕਾਰਨ ਉਸ ਤੋਂ ਵਿੱਤੀ ਸਹਾਇਤਾ ਲੈਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਯਾਦ ਰਹੇ ਸ੍ਰੀ ਸੰਤ ਸਿੰਘ ਛਤਵਾਲ ਨੂੰ ਇਸ ਵਾਰ ਹੋਰਨਾਂ ਦੇ ਨਾਲ ਨਾਲ ਪਦਮਸ੍ਰੀ ਐਵਾਰਡ ਦੇਣ ਦਾ ਐਲਾਨ ਕੀਤਾ ਗਿਆ ਹੈ ਅਤੇ ਜਦੋਂ ਉਨ੍ਹਾਂ ਨੂੰ ਇਸ ਸੰਬੰਧ ਵਿਚ ਪੁੱਛਿਆ ਗਿਆ ਕਿ ਕੀ ਉਹ ਆਪਣਾ ਇਨਾਮ ਲੈਣ ਵਾਸਤੇ ਭਾਰਤ ਜਾਣਗੇ, ਤਾਂ ਉਨ੍ਹਾਂ ਕਿਹਾ ਕਿ "ਬਿਲਕੁਲ, ਮੈਂ ਜਾ ਰਿਹਾ ਹਾਂ।"



ਇਥੇ ਜ਼ਿਕਰਯੋਗ ਹੈ ਕਿ ਸ੍ਰੀ ਛਤਵਾਲ ਬਿਲ ਕਲਿੰਟਨ ਅਤੇ ਹਿਲੇਰੀ ਕਲਿੰਟਨ ਦੇ ਨੇੜਲੇ ਵਿਅਕਤੀਆਂ ਵਜੋਂ ਜਾਣੇ ਜਾਂਦੇ ਹਨ ਪਰ ਹਿਲੇਰੀ ਕਲਿੰਟਨ ਦੇ ਪ੍ਰਧਾਨਗੀ ਦੀ ਦੌੜ ਵਿਚ ਹਾਰ ਜਾਣ ਤੋਂ ਪਿਛੋਂ ਸ੍ਰੀ ਛਤਵਾਲ ਨੇ ਓਬਾਮਾ ਲਈ 45 ਕਰੋੜ ਡਾਲਰ ਇਕੱਠੇ ਕਰਕੇ ਦੇਣ ਦੀ ਪੇਸ਼ਕਸ਼ ਕੀਤੀ ਸੀ ਪਰ ਉਨ੍ਹਾਂ ਦੀ ਇਹ ਪੇਸ਼ਕਸ਼ ਠੁਕਰਾ ਦਿੱਤੀ ਗਈ ਸੀ। ਓਬਾਮਾ ਦੀ ਫਾਈਨਾਂਸ ਕਮੇਟੀ ਦੇ ਮੈਂਬਰ ਨੇ ਕਿਹਾ ਕਿ ਜਦੋਂ ਛਤਵਾਲ ਵਲੋਂ ਅਜਿਹੀ ਪੇਸ਼ਕਸ਼ ਕੀਤੀ ਗਈ ਸੀ ਤਾਂ ਕੰਪੇਨ ਕਮੇਟੀ ਦੇ ਮੈਂਬਰ ਬਹੁਤ ਨਾਰਾਜ਼ ਹੋ ਗਏ ਸਨ। ਉਨ੍ਹਾਂ ਅਨੁਸਾਰ ਛਤਵਾਲ ਦੇ ਪਿਛੋਕੜ ਕਾਰਨ ਉਸ ਤੋਂ ਅਜਿਹੀ ਸਹਾਇਤਾ ਨਹੀਂ ਸੀ ਹਾਸਲ ਕੀਤੀ ਗਈ।

ਇਸੇ ਦੌਰਾਨ ਸ੍ਰੀ ਸੰਤ ਸਿੰਘ ਛਤਵਾਲ ਨੇ ਕਿਹਾ ਹੈ ਕਿ ਓਬਾਮਾ ਨੇ ਉਨ੍ਹਾਂ ਦੀ ਪੇਸ਼ਕਸ਼ ਕਦੀ ਵੀ ਨਹੀਂ ਠੁਕਰਾਈ। ਜ਼ਿਕਰਯੋਗ ਹੈ ਕਿ ਸ੍ਰੀ ਛਤਵਾਲ ਨੂੰ ਦਿੱਤਾ ਗਿਆ ਪਦਮਸ੍ਰੀ ਇਨਾਮ ਪਿਛਲੇ ਦਿਨੀਂ ਵਿਵਾਦ ਦਾ ਵਿਸ਼ਾ ਬਣ ਗਿਆ ਸੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ 1992 ਤੋਂ 1994 ਤਕ ਸੀ. ਬੀ. ਆਈ. ਨੇ ਉਨ੍ਹਾਂ ਦੇ ਖਿਲਾਫ਼ ਇਕ ਬੈਂਕ ਨਾਲ ਧੋਖਾਧੜੀ ਕਰਨ ਦੇ ਮਾਮਲੇ ਵਿਚ ਪੰਜ ਕੇਸ ਦਰਜ ਕੀਤੇ ਸਨ। ਇਨ੍ਹਾਂ ਵਿਚੋਂ ਤਿੰਨ ਕੇਸ ਬੰਦ ਕਰ ਦਿੱਤੇ ਗਏ ਹਨ ਜਦਕਿ ਦੋ ਕੇਸਾਂ ਵਿਚ ਛਤਵਾਲ ਨੂੰ ਬਰੀ ਕਰ ਦਿੱਤਾ ਗਿਆ। ਭਾਰਤੀ ਜਨਤਾ ਪਾਰਟੀ ਨੇ ਛਤਵਾਲ ਨੂੰ ਇਨਾਮ ਦੇਣ 'ਤੇ ਸਵਾਲੀਆ ਨਿਸ਼ਾਨ ਲਾਇਆ।

ਉਧਰ ਸੰਤ ਸਿੰਘ ਛਤਵਾਲ ਨੇ ਆਖਿਆ ਕਿ ਉਹ ਅਮਰੀਕਾ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਤਰਫੋਂ ਕੰਮ ਕਰਦੇ ਸਨ ਅਤੇ ਭਾਰਤ-ਅਮਰੀਕਾ ਪ੍ਰਮਾਣੂ ਸੰਧੀ ਉਨ੍ਹਾਂ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿਚ ਸ਼ਾਮਲ ਹੈ। ਸ੍ਰੀ ਛਤਵਾਲ ਨੇ "ਆਊਟਲੁੱਕ" ਮੈਗਜ਼ੀਨ ਨਾਲ ਗੱਲਬਾਤ ਕਰਦਿਆਂ ਕਿਹਾ, 'ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਨਿੱਜੀ ਮਿੱਤਰ ਨਹੀਂ ਕਿਹਾ ਜਾ ਸਕਦਾ (ਪਰ) ਮੈਂ ਅਮਰੀਕਾ ਵਿਚ ਉਨ੍ਹਾਂ ਦੀ ਤਰਫੋਂ ਕੰਮ ਕਰਦਾ ਸਾਂ ਅਤੇ ਮੇਰੇ ਮਨ ਵਿਚ ਉਨ੍ਹਾਂ ਲਈ ਅਥਾਹ ਸਤਿਕਾਰ ਹੈ।"

ਜਦੋਂ ਉਨ੍ਹਾਂ ਤੋਂ ਭਾਰਤ-ਅਮਰੀਕਾ ਸਬੰਧਾਂ ਵਿਚ ਪਾਏ ਆਪਣੇ ਯੋਗਦਾਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਪ੍ਰਮਾਣੂ ਸੰਧੀ ਅਤੇ ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦਾ ਭਾਰਤ ਦੌਰਾ ਉਨ੍ਹਾਂ ਦੀਆਂ ਪ੍ਰਾਪਤੀਆਂ ਵਿਚ ਸ਼ੁਮਾਰ ਹਨ। ਛਤਵਾਲ ਨੇ ਆਖਿਆ 'ਭਾਰਤ-ਅਮਰੀਕਾ ਪ੍ਰਮਾਣੂ ਸੰਧੀ ਲਈ ਲਾਬਿੰਗ ਕਰਨੀ ਸੌਖੀ ਗੱਲ ਨਹੀਂ। ਮੈਂ ਨੈਨਸੀ ਪੇਲੋਸੀ, ਜੋ ਪ੍ਰਤੀਨਿਧ ਸਦਨ ਦੀ ਮੌਜੂਦਾ ਸਪੀਕਰ ਹੈ ਅਤੇ ਸੈਨੇਟਰ ਚਾਰਲਸ ਸ਼ੁਮਰ ਨਾਲ ਨੇੜਿਓਂ ਕੰਮ ਕੀਤਾ ਹੈ ਅਤੇ ਕੁਝ ਹੋਰਨਾਂ ਨੇ ਵੀ ਇਸ ਨੂੰ ਨੇਪਰੇ ਚੜ੍ਹਵਾਇਆ।'

ਇਸੇ ਦੌਰਾਨ ਕੇਂਦਰ ਸਰਕਾਰ ਨੇ ਭਾਰਤੀ ਅਖ਼ਬਾਰਾਂ ਵਿਚ ਹੋਈ ਵਿਆਪਕ ਚਰਚਾ ਦੇ ਮੱਦੇਨਜ਼ਰ ਸ. ਛਤਵਾਲ ਬਾਰੇ ਤੱਥਾਂ ਦਾ ਪਤਾ ਲਾਉਣ ਦਾ ਐਲਾਨ ਕੀਤਾ ਹੈ। ਇਹ ਜਾਣਕਾਰੀ ਕੇਂਦਰੀ ਗ੍ਰਹਿ ਸਕੱਤਰ ਗੋਪਾਲ ਕੇ.ਪਿਲੈ ਨੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਿੱਤੀ।

# ਅਮਰੀਕਾ ਦੇ ਵਿਕਾਸ 'ਚ ਸਿੱਖਾਂ ਦੇ ਯੋਗਦਾਨ ਦੀ ਓਬਾਮਾ ਵਲੋਂ ਸ਼ਲਾਘਾ

**ਚੰਡੀਗੜ੍ਹ :** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਦੇਸ਼ ਦੇ ਵਿਕਾਸ ਲਈ ਸਿੱਖਾਂ ਅਤੇ ਹਿੰਦੂਆਂ ਵਲੋਂ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਅਮਰੀਕਾ ਵਿਚ ਹਰ ਧਰਮ ਦੇ ਲੋਕਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਉਨ੍ਹਾਂ ਸਿੱਖਾਂ ਵਲੋਂ ਹੈਤੀ ਦੇ ਭੂਚਾਲ ਪੀੜਤਾਂ ਲਈ ਕੀਤੀ ਜਾ ਰਹੀ ਸਹਾਇਤਾ ਦੀ ਵੀ ਪ੍ਰਸ਼ੰਸਾ ਕੀਤੀ। ਓਬਾਮਾ ਨੇ ਬੀਤੀ 5 ਫ਼ਰਵਰੀ ਨੂੰ ਇਥੇ ਕਿਹਾ ਕਿ ਹਰ ਧਰਮ ਦੇ ਲੋਕਾਂ ਨੇ ਨਿੱਜੀ ਤੌਰ 'ਤੇ ਜਾਂ ਸੰਸਥਾਵਾਂ ਰਾਹੀਂ ਅਮਰੀਕਾ ਦੀ ਬਿਹਤਰੀ ਲਈ ਕਦਮ ਚੁੱਕੇ। ਸਿੱਖਾਂ ਵਲੋਂ ਭੂਚਾਲ ਪੀੜਤਾਂ ਲਈ ਪਾਏ ਯੋਗਦਾਨ ਨੂੰ ਅਮਰੀਕੀਆਂ ਲਈ ਪ੍ਰੇਰਨਾ ਵਾਲਾ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਔਖ ਦੀ ਘੜੀ ਵਿਚ ਕਿਸੇ ਦੀ ਸਹਾਇਤਾ ਕਰਨਾ ਸ਼ਾਨਦਾਰ ਰਵਾਇਤ ਹੈ। ਆਲਮੀ ਮੰਦੇ ਦੇ ਦੌਰ ਵਿਚ ਵੀ ਅਮਰੀਕਾ ਦੇ ਮੂਲ ਬਾਸ਼ਿੰਦਿਆਂ ਸਣੇ ਹੋਰਨਾਂ ਦੇਸ਼ਾਂ ਤੋਂ ਇਥੇ ਆ ਕੇ ਵਸੇ ਲੋਕਾਂ ਨੇ ਸਾਡੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ ਜਿਸ ਲਈ ਅਸੀਂ ਉਨ੍ਹਾਂ ਦੇ ਧਨਵਾਦੀ ਹਾਂ। ਸਿੱਖ ਧਰਮ ਨੂੰ ਨਿਵੇਕਲਾ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਧਰਮ ਸਾਨੂੰ ਦੂਜਿਆਂ ਲਈ ਖ਼ੁਦ ਨੂੰ ਕੁਰਬਾਨ ਕਰਨ ਦੀ ਸਿੱਖਿਆ ਦਿੰਦਾ ਹੈ।

# ਗਵਰਨਰੀ ਦੀ ਦੌੜ 'ਚ ਇਕ ਪੰਜਾਬਣ ਵੀ

**ਵਾਸ਼ਿੰਗਟਨ:** ਅਮਰੀਕਾ ਵਿਚ ਗਵਰਨਰ ਅਹੁਦੇ ਦੀ ਦੌੜ 'ਚ ਪੰਜਾਬੀ ਮੂਲ ਦੀ ਇਕ ਔਰਤ ਵੀ ਸ਼ਾਮਲ ਹੈ।

ਨਿੱਕੀ ਹੈਲੇ ਕੈਰੋਲਿਨਾ ਦੇ ਗਵਰਨਰ ਅਹੁਦੇ ਦੇ ਉਮੀਦਵਾਰਾਂ ਵਿਚੋਂ ਇਕ ਹੈ। ਉਸ ਦਾ ਅਸਲੀ ਨਾਂ ਨਮਰਤਾ ਨਿੱਕੀ ਰੰਧਾਵਾ ਹੈ। ਉਸਦੇ ਪਿਤਾ ਡਾ. ਅਜੀਤ ਸਿੰਘ ਰੰਧਾਵਾ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਨਿੱਕੀ ਦਾ ਜਨਮ ਦੱਖਣੀ ਕੈਰੋਲਿਨਾ 'ਚ ਹੋਇਆ। ਸਿੱਖ ਮੂਲ ਦੀ ਨਿੱਕੀ ਹੁਣ ਇਸਾਈ ਧਰਮ ਅਪਨਾ ਚੁੱਕੀ ਹੈ। ਉਹ ਗਵਰਨਰ ਦੇ ਅਹੁਦੇ ਲਈ ਰਿਪਬਲਿਕਨ ਪਾਰਟੀ ਦੀ ਮਜ਼ਬੂਤ ਦਾਅਵੇਦਾਰ ਹੈ ਤੇ ਦੱਖਣੀ ਕੈਰੋਲਿਨਾ ਦੀ ਸਟੇਟ ਰੀਪ੍ਰੀਜ਼ੈਂਟੇਟਿਵ ਹੈ।


Ahluwalia
Law Professional Corporation
ਕਾਨੂੰਨੀ ਮਸਲਾ ਜਾਂ ਸਵਾਲ?
ਅਟਾਰਨੀ ਮਦਨ ਆਹਲੂਵਾਲੀਆ ਨੂੰ ਕਾਲ ਕਰੋ
1-866 290 9191
www.ahluwalia-law.com
Now, listen to Attorney Ahluwalia LIVE!!!
On radio KLOK 1170AM
OR on @ www.attorneyonradio.com
Every Saturday from 9am - 10am.
303 Twin Dolpin Drive, #600
Redwood City, CA 94065
1-866 290 9191
Attorney
Madan Ahluwalia
Bankruptcy - Civil Litigation
Divorce - Immigration
Loan Modification - Personal Injury





ਰੈਸਟੋਰੈਂਟ, ਰਿਟੇਲ ਸਟੋਰ, ਸੈਲੂਨ ਅਤੇ ਹੋਰ ਬਿਜ਼ਨਸਾਂ ਲਈ
ਬਿਹਤਰੀਨ ਕੈਸ਼ ਰਜਿਸਟਰ
ਸਾਡਾ ਸਿਸਟਮ ਜਰਮਨੀ ਵਿੱਚ ਬਣਿਆ ਹੋਇਆ ਕਿਊਰੀਅਨ ਕੰਪਨੀ ਦਾ ਹੈ
QUORION POS SYSTEM: Q TOUCH 2, CONCERTO. www.quorion.de
For Convenience Store, Billiar Clube, Pizza Parlors
Fine Dinning, Fast Food
- Touch Screen
- with linux
- No Windows
- No Fans
- No Hard Drive to Crash
- No Freezing
- No Heating up
- No Moving Parts
- No Headaches
- User Friendly

QUORION
INTERFACE WITH SCALE
BUILT IN CREDIT CARD READER
Think of Speed and Quality
Think of Made in Germany
www.posmb.us
Sharp ER A-450T for $399.00+Tax Factory Drop Ship
And with our DVRUNLIMITED COMPANY we offer DVR systems and integration of DVR to POS. Also we have just added POSMB PAYMENT SOLUTIONS for your CREDIT CARD, and DEBIT processing.
Free Training and 12 months of Free Technical Support for every Complete POS System.
ਕਾਲ ਕਰੋ: 916-216-4200 Arvinder Sandhu (Tony)
Designed by QUIK SIGNS 661-703-8795, 661-900-7357







APNACOM
CONNECT GLOBALLY
Bangladesh Nepal Pakistan Sri Lanka Australia New Zealand Italy England Kuwait Canada USA UAE
CALL INDIA
Talk 111 hrs. for only $100 USD
(LANDLINE & CELL) BEST DEAL
100 ਡਾਲਰ 'ਚ 111 ਘੰਟੇ
(LANDLINE & CELL)
6660 ਮਿਨਟ
Talk 1 minute Pay 1 minute
ਨਵੇਂ ਸਾਲ ਦਾ ਧਮਾਕਾ
5 ਘੰਟੇ ਮੁਫ਼ਤ
ਇਸ ਕਾਰਡ ਦੀ ਕੋਈ ਐਕਸਪਾਇਰੀ ਡੇਟ ਨਹੀਂ।
ਕੋਈ ਵਾਧੂ Hidden Charges ਅਤੇ Tax ਨਹੀਂ।
Pinless dialing
No Expiration!
No Hidden Charges!
No Connection Fees!
No Monthly fee!
ਹੁਣ ਅਮਰੀਕਾ, ਕੈਨੇਡਾ ਗੱਲਾਂ ਕਰੋ ਸਿਰਫ਼
1/2 ਸੈਂਟ ਪਰ ਮਿਨਟ
ਦੇ ਹਿਸਾਬ ਨਾਲ
Special promotional Rate to Call USA, Canada at 1/2 Cent/per minute
We Accept all major Credit Card
1010 Service provided by 1010Talk
Looking for Distributers, Dealers & Agents
Call now :718 926 6177, 646 443 7979, Fax:718 441 4114
112-22 Suite # 3F 3rd Floor, 101 Ave. S.Richmond Hill, NewYork-11419
ਗੁਰੂਘਰ ਦੇ ਬਿਲਕੁਲ ਨਾਲ
Email: apnacomdial@gmail.com
Open 7 Days




# ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਭਿੰਡਰਾਂਵਾਲੇ

**ਬਰਸੀ 'ਤੇ ਵਿਸ਼ੇਸ਼**

ਹਿੰਦੋਸਤਾਨ ਦੀ ਧਰਤੀ ਨੂੰ ਇਹ ਮਾਣ ਪ੍ਰਾਪਤ ਹੈ ਕਿ ਇਸਨੇ ਗੁਰੂਆਂ-ਪੀਰਾਂ, ਪੈਗੰਬਰਾਂ ਰਿਸ਼ੀਆਂ, ਮੁਨੀਆਂ ਨੂੰ ਜਨਮ ਦਿੱਤਾ। ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਦੀ ਧਰਤੀ ਤੇ ਖਾਲਸਾ ਪੰਥ ਸਾਜਿਆ। ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਦਮਦਮੀ ਟਕਸਾਲ ਦੀ ਸਥਾਪਨਾ ਕੀਤੀ ਤੇ ਬਾਬਾ ਦੀਪ ਸਿੰਘ ਨੂੰ ਇਸਦਾ ਪਹਿਲਾ ਮੁਖੀ ਥਾਪਿਆ ਗਿਆ। ਇਸ ਟਕਸਾਲ ਨੇ ਗੁਰਬਾਣੀ ਦਾ ਸ਼ੁੱਧ ਪਾਠ, ਅਤੇ ਗੁਰਬਾਣੀ ਦੇ ਅਰਥ-ਬੋਧ

**ਮੇਜਰ ਕੁਲਾਰ ਬੋਪਾਰਾਏ ਕਲਾਂ**

ਕਰਵਾਉਣ ਦੀ ਸੇਵਾ ਆਰੰਭੀ ਜੋ ਸਮੇਂ-ਸਮੇਂ ਦੇ ਟਕਸਾਲ ਦੇ ਮੁੱਖੀ ਆਪਣੇ ਤਨ ਮਨ ਨਾਲ ਨਿਭਾਉਂਦੇ ਰਹੇ। ਇਸ ਟਕਸਾਲ ਦੇ ਗਿਆਰਵੇਂ ਮੁੱਖੀ ਸੰਤ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਹੋਏ ਹਨ।

ਬ੍ਰਹਮ ਗਿਆਨੀ ਸੰਤ ਸੁੰਦਰ ਸਿੰਘ ਜੀ ਦਾ ਜਨਮ ਅੱਠ ਭਾਦਰੋਂ ਸੰਮਤ 1840 (ਅਗਸਤ 1883) ਦਿਨ ਵੀਰਵਾਰ ਨੂੰ ਗੁਰਬਾਣੀ ਦੇ ਰਸੀਏ ਅੰਮ੍ਰਿਤ ਧਾਰੀ ਕਿਰਤੀ ਕਿਸਾਨ ਬਾਬਾ ਖਜ਼ਾਨ ਸਿੰਘ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਪਿੰਡ ਭਿੰਡਰ ਕਲਾਂ ਜ਼ਿਲਾ (ਮੋਗਾ) ਵਿਖੇ ਹੋਇਆ। ਆਪ ਜੀ ਦਾ ਨਾਮ ਰੱਖਣ ਲਈ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮਨਾਮਾ ਲਿਆ ਗਿਆ।

ਗੁਰੂ ਮਹਾਰਾਜ ਦੇ ਹੁਕਮ ਅਨੁਸਾਰ ਮਹਾਂਵਾਕ ਦੇ ਪਹਿਲੇ ਅੱਖਰ 'ਸ' 'ਤੇ ਆਪ ਜੀ ਦਾ ਨਾਮ ਸੁੰਦਰ ਸਿੰਘ ਰੱਖਿਆ ਗਿਆ। ਬਾਬਾ ਖਜ਼ਾਨ ਸਿੰਘ ਜੀ ਨੇ ਪੁੱਤਰ ਦੀ ਖੁਸ਼ੀ ਵਿਚ ਸ੍ਰੀ ਸਹਿਜ ਪਾਠ ਆਰੰਭ ਕਰਕੇ ਚਾਲੀ ਦਿਨਾਂ ਵਿਚ ਭੋਗ ਪਾਇਆ। ਬਾਬਾ ਖਜ਼ਾਨਾ ਸਿੰਘ ਜੀ ਆਪ ਅਖੰਡਪਾਠੀ ਸਨ। ਮਾਤਾ ਮਹਿਤਾਬ ਕੌਰ ਜੀ ਆਪਣੇ ਸਪੁੱਤਰ ਸੁੰਦਰ ਸਿੰਘ ਨੂੰ ਗੋਦ ਵਿਚ ਲੈ ਕੇ ਸਿਮਰਨ ਕਰਦੇ ਰਹਿੰਦੇ। ਆਪ ਦੇ ਕੰਨਾਂ ਵਿਚ ਹਮੇਸ਼ਾ ਗੁਰਬਾਣੀ ਰਸ ਹੀ ਸੁਣਾਈ ਦਿੰਦਾ।

ਪਿਤਾ ਜੀ ਬਾਬਾ ਖਜ਼ਾਨ ਸਿੰਘ ਨੇ ਆਪ ਨੂੰ ਘਰ ਵਿਚ ਹੀ ਪੰਜ-ਛੇ ਸਾਲ ਦੀ ਉਮਰ ਵਿਚ ਪੈਂਤੀ, ਮੁਹਾਰਨੀ ਸਿਖਾ, ਬਾਲ ਬੋਧ ਪੜ੍ਹਾ ਦਿੱਤਾ ਸੀ। ਆਪ ਜੀ ਦੀ ਯਾਦ ਸ਼ਕਤੀ ਬੇਹੱਦ ਤੀਖਣ ਸੀ। ਇਕ ਵਾਰ ਸੁਣੀ ਗੱਲ ਭੁੱਲਦੇ ਨਹੀਂ ਸਨ। ਜਪੁਜੀ ਸਾਹਿਬ, ਸੋ ਦਰ ਅਤੇ ਕੀਰਤਨ ਸੋਹਿਲਾ ਆਦਿ ਬਾਣੀਆਂ ਛੋਟੀ ਉਮਰ ਵਿਚ ਹੀ ਜ਼ੁਬਾਨੀ ਕੰਠ ਕਰ ਲਈਆਂ ਸਨ। ਨੌਂ-ਦਸ ਸਾਲ ਦੀ ਉਮਰ ਵਿਚ ਬਾਲਕਾਂ ਨਾਲ ਰਲ ਕੇ ਮੱਝਾਂ ਚਾਰਨ ਚਲੇ ਜਾਂਦੇ। ਦੁਪਹਿਰ ਵੇਲੇ ਆਪ ਜੀ ਸਾਥੀ ਬਾਲਕਾਂ ਨੂੰ ਪੈਂਤੀ ਤੇ ਮੁਹਾਰਨੀ ਪੜ੍ਹਾਉਣ ਲੱਗ ਜਾਂਦੇ।

ਆਪ ਛੋਟੀ ਉਮਰ ਵਿਚ ਹੀ ਪਿਤਾ ਨਾਲ ਖੇਤਾਂ ਵਿਚ ਹੱਥ ਵਟਾਉਂਦੇ ਸਨ। ਵਿਹਲੇ ਸਮੇਂ ਪੰਜ ਗ੍ਰੰਥੀ, ਬਾਈ ਬਾਗ ਤੇ ਭਗਤਾਂ ਦੀ ਬਾਣੀ ਦੀ ਸੰਥਿਆ ਲੈ ਕੇ ਉਸਨੂੰ ਪਰਪੱਕ ਕਰਦੇ ਰਹਿੰਦੇ। ਆਪ ਨੇ ਛੋਟੀ ਉਮਰ ਵਿਚ ਹੀ ਅੰਮ੍ਰਿਤਪਾਨ ਕਰ ਲਿਆ ਸੀ ਤੇ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਲੈ ਕੇ ਭੋਗ ਪਾਇਆ। ਪਿਤਾ ਖਜ਼ਾਨ ਸਿੰਘ ਨੇ ਇਸ ਖੁਸ਼ੀ ਵਿਚ ਆ ਕੇ ਸਾਰੇ ਪਿੰਡ ਨੂੰ ਭੰਡਾਰਾ ਕੀਤਾ।

ਆਪ ਨੇ ਆਪਣੇ ਪਿਤਾ ਪਾਸੋਂ, ਸਾਰ ਕੁਤਾਵਲੀ, ਭਾਵਰ ਸਿਮ੍ਰਿਤਿ, ਵੈਰਾਗ ਸ਼ਤਕ, ਪ੍ਰਬੋਧ ਚੰਦਰ ਨਾਟਕ, ਭਾਈ ਨੰਦ ਲਾਲ ਦਾ ਜ਼ਿੰਦਗੀ ਨਾਮਾ, ਭਾਈ ਗੁਰਦਾਸ ਦੀਆਂ ਵਾਰਾਂ, ਕਬਿੱਤ, ਨਾਨਕ ਪ੍ਰਕਾਸ਼ ਤੇ ਗੁਰੂ ਗ੍ਰੰਥ ਸਾਹਿਬ ਦੇ ਅੱਖਰੀ ਅਰਥ ਸਿੱਖ ਲਏ ਸਨ। ਆਪ ਨੇ ਹੋਰ ਉੱਚ ਵਿਦਿਆ ਲਈ। ਨੇੜਲੇ ਪਿੰਡ ਧਰਮ ਕੋਟ ਦੇ ਪੰਡਿਤ ਪਾਸੋਂ ਸੰਸਕ੍ਰਿਤ ਦੀ ਵਿਆਕਰਣ ਸਿੱਖੀ।

ਆਪ ਆਪਣੇ ਪਿਤਾ ਵਾਂਗ ਸਾਦਾ ਭੋਜਨ ਤੇ ਖੱਦਰ ਦੇ ਕੱਪੜੇ ਪਹਿਨਦੇ ਸਨ। ਪਿਤਾ ਤੋਂ ਆਗਿਆ ਲੈ ਕੇ ਪਿੰਡ ਦਾਦ (ਲੁਧਿਆਣਾ) ਵਿਖੇ ਪੰਡਿਤ ਜਵਾਲਾ ਦਾਸ ਦੀ ਮੰਡਲੀ ਵਿਚ ਆ ਗਏ। ਉਥੇ ਪੰਡਿਤ ਜੀ ਪਾਸੋਂ ਵਿਚਾਰ ਸਾਗਰ ਤੇ ਮੋਖ ਪੰਥ ਆਦਿ ਵੇਦਾਂਤ ਤੇ ਕਈ ਗ੍ਰੰਥ ਪੜ੍ਹੇ ਤੇ ਵਿਚਾਰੇ।

ਪੰਡਿਤ ਜਵਾਲਾਦਾਸ ਪਾਸੋਂ ਆਗਿਆ ਲੈ ਕੇ ਘਰ ਆ ਗਏ। ਪ੍ਰੰਤੂ ਘਰ ਆ ਕੇ ਵੀ ਆਪ ਦਾ ਮਨ ਨਾ ਲੱਗਾ। ਫਿਰ ਆਪ ਪੂਰਨ ਬ੍ਰਹਮ ਗਿਆਨੀ, ਬਾਬਾ ਬਿਸ਼ਨ ਸਿੰਘ ਮੁਰਾਲੇ ਵਾਲਿਆਂ ਪਾਸ ਚਲੇ ਗਏ। ਆਪ ਨੇ ਬਾਬਾ ਜੀ ਪਾਸੋਂ ਹੋਰ ਵਿਦਿਆ ਹਾਸਲ ਕੀਤੀ। ਬਾਬਾ ਜੀ ਹੋਰਾਂ ਦੇ ਬਚਨ ਸਨ ਕਿ ਸਿੱਖੀ ਦਾ ਪ੍ਰਚਾਰ ਕਰੋ, ਸਿੰਘ ਸਜਾਓ, ਗੁਰਬਾਣੀ ਦੀ ਸੋਝੀ ਸੰਗਤਾਂ ਨੂੰ ਪਾਓ। ਬਾਬਾ ਬਿਸ਼ਨ ਸਿੰਘ ਸੰਤ ਪ੍ਰੇਮ ਸਿੰਘ ਨੂੰ ਸੇਵਾ ਸੰਭਾਲ ਕੇ ਸੱਚਖੰਡ ਜਾ ਬਰਾਜੇ। ਪਿੱਛੋਂ ਤਿੰਨ ਹੀਰੇ, ਸੰਤ ਭਾਗ ਸਿੰਘ, ਸੰਤ ਪ੍ਰੇਮ ਸਿੰਘ, ਸੰਤ ਸੁੰਦਰ ਸਿੰਘ ਪ੍ਰਧਾਨ ਕਰ ਗਏ।

ਆਪ ਨੇ ਅੱਧੀ ਆਯੂ ਗੁਰਮਤਿ ਵਿਦਿਆ ਹਾਸਲ ਕਰਨ ਵਿਚ ਲੰਘਾਈ ਤੇ ਬਾਕੀ ਰਹਿੰਦੀ ਉਮਰ ਕੌਮ ਦੀ ਸੇਵਾ ਵਿਚ ਲਾ ਦਿੱਤੀ। ਆਪ ਨੇ ਆਪਣੀਆਂ ਗੁਰੂ ਗ੍ਰੰਥ ਸਾਹਿਬ ਦੀਆਂ ਤਿੰਨ ਪਹਿਲੀਆਂ ਕਥਾਵਾਂ ਕ੍ਰਮਵਾਰ ਪਹਿਲੀ ਪਿੰਡ ਭਿੰਡਰ ਕਲਾਂ ਤੇ ਦੋ ਮੁਰਾਲੇ ਸੰਪੂਰਨ ਕੀਤੀਆਂ। ਆਪ ਪਿੰਡ-ਪਿੰਡ ਜਾ ਕੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਆਪ ਨੇ ਗੁਰੂ ਅਸਥਾਨਾਂ ਦੀ ਸੇਵਾ ਵਿਚ ਤੱਖਤੂਪੁਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ, ਪਿੰਡ ਲਧਾਈ ਕੇ ਗੁਰਦੁਆਰੇ ਅਤੇ ਪਿੰਡ ਬੋਪਾਰਾਏ ਕਲਾਂ ਵਿਖੇ ਗੁਰਦੁਆਰਾ ਸੱਚਖੰਡ ਸਾਹਿਬ ਦੀ ਸੇਵਾ ਆਪ ਟੋਕਰੀਆਂ ਚੁੱਕ ਕੇ ਤੇ ਰੋੜੀ ਕੁੱਟ ਕੇ ਕੀਤੀ।

ਆਪ ਹਮੇਸ਼ਾ ਉਪਦੇਸ਼ ਦਿੰਦੇ ਸਨ ਕਿ ਸੇਵਾ ਨਾਲ ਤਨ ਸ਼ੁਧ ਹੁੰਦਾ ਹੈ ਤੇ ਸਿਮਰਨ ਦੇ ਨਾਲ ਮਨ ਸ਼ੁੱਧ ਹੁੰਦਾ ਹੈ। ਆਪ ਨੇ ਅਨੇਕਾਂ ਸਿੰਘਾਂ ਨੂੰ ਸ਼ੁੱਧ ਪਾਠ ਕਰਨਾ, ਗੁਰਬਾਣੀ ਦੇ ਸ਼ੁੱਧ ਅਰਥ ਕਰਨੇ ਸਿਖਾਏ। ਅਨੇਕਾਂ ਸੰਤ ਬਣਾਏ, ਕੀਰਤਨੀਏ ਬਣਾਏ, ਕਥਾਕਾਰ ਬਣਾਏ। ਆਪ ਲੋਕਾਂ ਨੂੰ ਅੰਮ੍ਰਿਤ ਤੋਂ ਜਾਣੂ ਕਰਵਾਉਂਦੇ, ਅੰਮ੍ਰਿਤ ਛਕਾਉਂਦੇ, ਹਮੇਸ਼ਾ ਜੰਤਰ-ਮੰਤਰ ਤੇ ਟੂਣੇ ਆਦਿ ਤੋਂ ਦੂਰ ਰਹਿਣ ਦੇ ਉਪਦੇਸ਼ ਦਿੰਦੇ।



*ਸੰਤ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ*

ਆਪ ਜਦੋਂ ਕੀਰਤਨ ਕਥਾ ਕਰਦੇ ਸਨ ਤਾਂ ਪੰਡਾਲ ਵਿਚ ਕੋਈ ਉੱਠ ਕੇ ਨਹੀਂ ਜਾਂਦਾ ਸੀ। ਸ੍ਰੀਮਾਨ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦੇ ਕਹਿਣ 'ਤੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਪੰਦਰਵੀਂ ਕਥਾ ਆਰੰਭੀ। ਮਾਲਵੇ ਦਾ ਇਲਾਕਾ ਸਿੱਖੀ ਤੋਂ ਕਾਫੀ ਪਛੜਿਆ ਹੋਇਆ ਸੀ। ਜਾਇਦਾਦਾਂ ਖੁਲ੍ਹੀਆਂ ਸਨ। ਵੱਡੇ ਜ਼ਿਮੀਂਦਾਰਾਂ ਵਿਚ ਵਧੇਰੇ ਕਰਕੇ ਸ਼ਰਾਬ ਤੇ ਤੰਬਾਕੂ ਦਾ ਸੇਵਨ ਕੀਤਾ ਜਾਂਦਾ ਸੀ। ਆਪ ਹਮੇਸ਼ਾ ਅਜਿਹੇ ਪਿੰਡਾਂ ਵਿਚ ਗਏ ਜਿਥੇ ਨਸ਼ੇ ਦੀ ਵਰਤੋਂ ਜ਼ਿਆਦਾ ਸੀ। ਆਪ ਦੀ ਕਥਾ ਤੇ ਕੀਰਤਨ ਤੋਂ ਬਾਅਦ ਉਹ ਪਿੰਡ ਅੰਮ੍ਰਿਤ ਛਕ ਗੁਰੂ ਵਾਲਾ ਬਣ ਜਾਂਦਾ। ਆਪ ਦੇ ਕੀਰਤਨ ਵਿਚ ਇਤਨਾ ਰਸ ਸੀ ਕਿ ਇਕ ਵਾਰ ਆਪ ਨੇ ਪਿੰਡ ਬੋਪਾਰਾਏ ਕਲਾ ਦੇ ਪੱਕੇ ਦਰਵਾਜੇ ਵਿਚ ਦੀਵਾਨ ਸਜਾਇਆ ਹੋਇਆ ਸੀ। ਮਹਾਂਪੁਰਸ਼ ਖੜੇ ਹੋ ਕੇ ਕੀਰਤਨ ਕਰ ਰਹੇ ਸਨ। ਕੋਈ ਬੱਦਲ ਵਾਈ ਨਹੀਂ ਸੀ। ਪੂਰੀ ਧੁੱਪ ਨਿਕਲੀ ਹੋਈ ਸੀ ਕਿ ਬੂੰਦਾਂ ਵਰਨੀਆਂ ਸ਼ੁਰੂ ਹੋ ਗਈਆਂ। ਸੰਗਤ ਵਿਚ ਹਿਲਜੁਲ ਸ਼ੁਰੂ ਹੋ ਗਈ ਤਾਂ ਮਹਾਂਪੁਰਸ਼ਾਂ ਨੇ ਬਚਨ ਕੀਤਾ ਕਿ ਮੇਘਲਾ ਕੀਰਤਨ 'ਤੇ ਪ੍ਰਸੰਨ ਹੋ ਕੇ ਸ਼ਰਧਾ ਦੇ ਫੁੱਲ ਭੇਟ ਕਰਨ ਆਇਆ ਹੈ। ਇਤਨੇ ਨੂੰ ਗੁਰੂ ਮਹਾਰਾਜ ਦੇ ਚੰਦੋਏ 'ਤੇ ਜਿਹੜੀ ਚਾਨਣੀ ਸੀ, ਉਸ ਵਿਚੋਂ ਅੰਮ੍ਰਿਤ ਚੋਇਆ, ਜਿਹੜਾ ਮਹਾਂਪੁਰਖਾਂ ਨੇ ਜੱਥੇਦਾਰ ਗੁਰਦਿਆਲ ਸਿੰਘ, ਸੰਤ ਅਜਾਇਬ ਸਿੰਘ ਤੇ ਹੋਰ ਸਿੰਘਾਂ ਨੇ ਛਕਿਆ। ਆਪ ਨੇ ਗੁਰੂ ਮਹਾਰਾਜ ਨੂੰ ਹਮੇਸ਼ਾ ਹਾਜਰ ਨਾਜਰ ਸਮਝ ਕੇ ਸੰਗਤਾਂ ਦੀ ਤਨ ਮਨ ਧਨ ਨਾਲ ਸੇਵਾ ਕੀਤੀ। ਸਾਰੀ ਉਮਰ ਕੌਮ ਦੀ ਸੇਵਾ ਵਿਚ ਲਾ ਦਿੱਤੀ।

ਅੰਤ ਵਿਚ ਆਪ ਜਿਗਰ ਦੀ ਬਿਮਾਰੀ ਕਾਰਨ ਬਿਮਾਰ ਪੈ ਗਏ। ਬਿਮਾਰ ਹੁੰਦਿਆਂ ਵੀ ਆਪ ਸੰਗਤਾਂ ਨੂੰ ਕੀਰਤਨ ਕਥਾ ਸਰਵਣ ਕਰਵਾਉਂਦੇ। ਹੌਲੀ-ਹੌਲੀ ਬਿਮਾਰੀ ਵਧਦੀ ਗਈ। ਡਾ. ਦੀਵਾਨ ਸਿੰਘ ਸਿਵਲ ਸਰਜਨ ਆਪ ਦਾ ਇਲਾਜ ਕਰਦੇ ਸਨ। ਡਾ. ਦੀਵਾਨ ਸਿੰਘ ਦੇ ਆਪਣੇ ਸ਼ਬਦ ਸਨ, "ਸਾਰੀ ਬੀਮਾਰੀ ਵਿਚ ਮੈਂ ਇਕ ਛਿਣ ਐਸਾ ਨਹੀਂ ਦੇਖਿਆ ਜਦ ਉਹ ਆਪਣੇ ਸੁਖ ਆਨੰਦ ਤੋਂ ਜਰਾ ਭੀ ਥੱਲੇ ਆਏ ਹੋਣ। ਤਿੰਨ ਫੱਗਣ ਵਾਲੇ ਦਿਨ ਪਿੰਡ ਬੋਪਾਰਾਏ ਕਲਾਂ ਵਿਖੇ ਆਪ ਨੇ ਸਵੇਰੇ ਥੋੜਾ ਜਿਹਾ ਸਾਬੂਦਾਨਾ ਲਿਆ। ਕੁਝ ਦੇਰ ਬਚਨ ਬਿਲਾਸ ਕਰਕੇ ਫੈਰ ਅੰਤਰ ਧਿਆਨ ਹੋ ਕੇ ਬੈਠ ਗਏ। ਸਿੰਘਾਂ ਦੇ ਵਾਰ-ਵਾਰ ਕਹਿਣ ਤੇ ਤਿੰਨ ਬਚਨ ਕੀਤੇ;

(1) ਮਿਲਬੇ ਕੀ ਮਹਿਮਾ ਬਰਨ ਨ ਸਾਕਉ, ਨਾਨਕ ਪਰੈ ਪਰੀਲਾ॥

(2) ਸਰਬਤ ਗੁਰਸਿੱਖ ਇਕੱਠੇ ਪੰਗਤਿ ਵਿਚ ਬੈਠ ਕੇ ਛਕਿਆ ਕਰੋ।

(3) ਭਜਨੀਕ ਭਾਵੇਂ ਕਿਸੇ ਮਜ਼ਬ ਦਾ ਹੋਵੇ, ਉਸ ਦਾ ਸਤਿਕਾਰ ਕਰੋ।

ਚਾਰ ਫੱਗਣ ਨੂੰ ਤਿੰਨ ਵਜੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ। ਆਪ ਨਿੱਜ ਸਰੂਪ ਵਿਚ ਲੀਨ ਹੋ ਗਏ। ਸਵੇਰੇ ਅੱਠ ਵਜੇ ਅਖੰਡਪਾਠ ਦਾ ਭੋਗ ਪਿਆ ਤੇ ਨਾਲ ਹੀ ਆਪ ਦਾ ਸਰੀਰ ਸ਼ਾਂਤ ਹੋ ਗਿਆ। ਆਪ ਦਾ ਗੁਰਦੁਆਰੇ ਦੀ ਚੜ੍ਹਦੀ ਦਿਸ਼ਾ ਵਿਚ ਸੰਸਕਾਰ ਕਰ ਦਿੱਤਾ ਗਿਆ।

ਹਰਿ ਹਰਿ ਜਨ ਦੁਇ ਏਕ ਹੈ, ਬਿਬ ਬਿਚਾਰ ਕਛੁ ਨਾਹਿ॥

ਜਲ ਤੇ ਉਪਜ ਤਰੰਗ ਜਿਉ, ਜਲ ਹੀ ਬਿਖੈ ਸਮਾਹਿ॥ ਪਾਤ ਦਸ਼ਵੀ।

ਉਨ੍ਹਾਂ ਦੀ ਥਾਂ ਭਾਈ ਗੁਰਦਿਆਲ ਸਿੰਘ ਜੀ ਨੂੰ ਜੱਥੇਦਾਰੀ ਦਾ ਸਿਰਪਾਓ ਦਿੱਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 9 ਮਾਰਚ 1930 ਦੇ ਜਨਰਲ ਇਜਲਾਸ ਵਿਚ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੱਜ ਦਾ ਜਨਰਲ ਇਜਲਾਸ ਪ੍ਰਸਿੱਧ ਪੰਥ ਸੇਵਕ ਤੇ ਗੁਰਮੁੱਖ ਪਿਆਰੇ ਸੰਤ ਗਿਆਨੀ ਸੰਤ ਸੁੰਦਰ ਸਿੰਘ ਭਿੰਡਰਾਂ ਵਾਲਿਆਂ ਦੇ ਸੱਚਖੰਡ ਨਿਵਾਸ ਪਰ ਪੰਥ ਲਈ ਇਕ ਡਾਢਾ ਘਾਟਾ ਅਨੁਭਵ ਕਰਦਾ ਹੈ ਅਤੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ ਕਿ ਉਹ ਪੰਥ ਵਿਚ ਪਏ ਘਾਟੇ ਨੂੰ ਆਪਣੀ ਕ੍ਰਿਪਾਲਤਾ ਦੁਆਰਾ ਪੂਰਾ ਕਰੇ।

ਅੱਜ ਵੀ ਸੰਤ ਸੁੰਦਰ ਸਿੰਘ ਦਾ ਸਾਲਾਨਾ ਜੋੜ ਮੇਲਾ ਸੱਚਖੰਡ ਬੋਪਾਰਾਏ ਕਲਾਂ ਵਿਖੇ ਹਰ ਸਾਲ 2, 3, 4 ਫੱਗਣ ਨੂੰ ਬੜੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਜਿੱਥੇ-ਜਿੱਥੇ ਵੀ ਬੋਪਾਰਾਏ ਕਲਾਂ ਦੀ ਸੰਗਤ ਹੈ, ਕਨੇਡਾ, ਅਮਰੀਕਾ, ਇੰਗਲੈਂਡ ਵਿਚ ਵੀ ਸੰਤਾਂ ਨੂੰ ਯਾਦ ਕਰਦੇ ਹੋਏ ਉਹਨਾਂ ਦੇ ਸਾਲਾਨਾ ਜੋੜ ਮੇਲੇ ਮਨਾਏ ਜਾਂਦੇ ਹਨ। ਪਿੰਡ ਬੋਪਾਰਾਏ ਕਲਾਂ ਵਿਖੇ ਸੰਤ ਸੁੰਦਰ ਸਿੰਘ ਪਬਲਿਕ ਸਕੂਲ ਖੋਲ੍ਹਿਆ ਹੋਇਆ ਹੈ। ਸੰਤ ਸੁੰਦਰ ਸਿੰਘ ਸਪੋਰਟਸ ਕਲੱਬ ਹੈ ਜੋ ਹਰ ਸਾਲ ਇਕ ਸ਼ਾਨਦਾਰ ਟੂਰਨਾਮੈਂਟ ਕਰਵਾਉਂਦਾ ਹੈ। ਸੰਤਾਂ ਦੀ ਘਾਟ ਹਮੇਸ਼ਾ ਬੋਪਾਰਾਏ ਕਲਾਂ ਤੇ ਇਲਾਕਾ ਨਿਵਾਸੀਆਂ ਨੂੰ ਰਹੇਗੀ।

ਕੈਲੇਫੋਰਨੀਆ ਦੀ ਸਮੂਹ ਸੰਗਤ ਸੰਤਾਂ ਦੀ ਬਰਸੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ ਕੈਲੇਫੋਰਨੀਆ ਵਿਖੇ 12, 13, 14 ਫਰਵਰੀ 2010 ਨੂੰ ਮਨਾ ਰਹੀ ਹੈ। ਆਓ, ਆਪਾਂ ਸਾਰੇ ਇਕੱਠੇ ਹੋ ਕੇ ਸੰਤਾਂ ਮਹਾਂਪੁਰਖਾਂ ਦੀ ਬਰਸੀ ਤੇ ਪਹੁੰਚੀਏ।

# ਗਦਰੀ ਦੇਸ਼ ਭਗਤਾਂ ਦੀ ਕਬਰ ਨੂੰ ਕੌਮੀ ਯਾਦਗਾਰ ਬਣਾਉਣ ਦੀ ਮੰਗ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਮੌਜੂਦ ਗਦਰ ਲਹਿਰ ਦੇ ਮਹਾਨ ਦੇਸ਼ ਭਗਤ ਆਗੂ ਮੌਲਵੀ ਮੁਹੰਮਦ ਬਰਕਤ ਉਲਾ ਅਤੇ ਉਨ੍ਹਾਂ ਦੇ ਸੱਤ ਹੋਰ ਦੇਸ਼ ਭਗਤ ਸਾਥੀਆਂ ਦੀ ਸਾਂਝੀ ਕਬਰ ਨੂੰ ਭਾਰਤ ਸਰਕਾਰ ਕੌਮੀ ਯਾਦਗਾਰ ਵਜੋਂ ਸਥਾਪਤ ਕਰੇ, ਇਹ ਮੰਗ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਦੇ ਇਕ ਵਫਦ ਨੇ ਅਮਰੀਕਾ ਵਿਚ ਭਾਰਤੀ ਰਾਜਦੂਤ ਸ੍ਰੀਮਤੀ ਮੀਰਾ ਸ਼ੰਕਰ ਨਾਲ ਸੈਂਟਾ ਕਲਾਰਾ ਵਿਚ ਇਕ ਮੁਲਾਕਾਤ ਦੌਰਾਨ ਇਕ ਮੰਗ ਪੱਤਰ ਦੇ ਕੇ ਕੀਤੀ।

ਸੈਂਟਾ ਕਲਾਰਾ ਵਿਚ 6 ਫਰਵਰੀ ਨੂੰ ਹੋਈ ਇਸ ਮੁਲਾਕਾਤ ਦੌਰਾਨ ਸੰਸਥਾ ਦੇ ਚੇਅਰਮੈਨ ਕੁਲਦੀਪ ਸਿੰਘ ਧਾਲੀਵਾਲ, ਸੀਨੀਅਰ ਮੀਤ ਪ੍ਰਧਾਨ ਗੁਲਿੰਦਰ ਸਿੰਘ ਗਿੱਲ ਅਤੇ ਵਿੱਤ ਸਕੱਤਰ ਬਲਵਿੰਦਰ ਸਿੰਘ ਡੁਲਕੂ ਨੇ ਦੇਸ਼ ਭਗਤ ਮੌਲਵੀ ਮੁਹੰਮਦ ਬਰਕਤ ਉਲਾ ਅਤੇ ਉਨ੍ਹਾਂ ਦੇ ਸਾਥੀਆਂ ਸਜਾਵਰ ਖਾਨ, ਮੁਹੰਮਦ ਬਖ਼ਸ਼, ਗੁਲਾਮ ਮੁਹੰਮਦ ਅਬਦੁੱਲਾ, ਮਰਾਨ ਬਖ਼ਸ਼, ਫਤਿਹਦੀਨ ਅਤੇ ਫਤਿਹ ਮੁਹੰਮਦ ਦੀ ਮੌਤ ਅਤੇ ਕਬਰ ਬਾਰੇ ਸਾਰੇ ਦਸਤਾਵੇਜ਼ ਰਾਜਦੂਤ ਨੂੰ ਸੌਂਪੇ। ਇਹ ਦਸਤਾਵੇਜ਼ ਸੈਕਰਾਮੈਂਟੋ ਕਾਊਂਟੀ ਅਤੇ ਕੈਲੀਫੋਰਨੀਆ ਸਟੇਟ ਤੋਂ ਪ੍ਰਾਪਤ ਕੀਤੇ ਗਏ ਸਨ। ਇਹ ਕਬਰ ਸ਼ਹਿਰ ਦੀ ਬਰਾਡਵੇ ਸਟਰੀਟ ਉਪਰ ਬਣੇ ਹੋਏ ਕਬਰਸਤਾਨ ਵਿਚ ਮੌਜੂਦ ਹੈ। ਵਫਦ ਨੇ ਰਾਜਦੂਤ ਨੂੰ ਆਖਿਆ ਕਿ ਭਾਰਤ ਦੀ ਆਜ਼ਾਦੀ ਵਿਚ ਗਦਰ ਲਹਿਰ ਦਾ ਅਹਿਮ ਰੋਲ ਹੈ ਅਤੇ ਗਦਰ ਲਹਿਰ ਸਾਡੇ ਮਹਾਨ ਇਤਿਹਾਸ ਦਾ ਹਿੱਸਾ ਹੈ ਇਸ ਲਈ ਭਾਰਤ ਸਰਕਾਰ ਇਸ ਕਬਰ ਨੂੰ ਖਰੀਦ ਕੇ ਇਥੇ ਕੌਮੀ ਯਾਦਗਾਰ ਕਾਇਮ ਕਰੇ ਤਾਂ ਜੋ ਉਤਰੀ ਅਮਰੀਕਾ ਵਿਚ ਰਹਿੰਦੇ ਭਾਰਤੀ ਆਪ ਅਤੇ ਆਪਣੇ ਬੱਚਿਆਂ ਨੂੰ ਇਸ ਵਿਰਾਸਤ ਦੇ ਦਰਸ਼ਨ ਕਰਵਾ ਸਕਣ।



*ਭਾਰਤੀ ਸਫੀਰ ਮੀਰਾ ਸ਼ੰਕਰ ਨੂੰ ਮੰਗ ਪੱਤਰ ਦਿੰਦੇ ਹੋਏ ਕੁਲਦੀਪ ਧਾਲੀਵਾਲ, ਗੁਲਿੰਦਰ ਗਿੱਲ ਅਤੇ ਬਲਵਿੰਦਰ ਡੁਲਕੂ*

ਯਾਦ ਰਹੇ ਮੌਲਵੀ ਮੁਹੰਮਦ ਬਰਕਤ ਉਲਾ ਭਾਰਤ ਵਿਚ ਭੋਪਾਲ ਵਿਚ ਜਨਮੇ ਸਨ ਜਦੋਂਕਿ ਬਾਕੀ ਸੱਤੇ ਦੇਸ਼ ਭਗਤ ਪੰਜਾਬ ਦੇ ਸ਼ਹਿਰ ਲੁਧਿਆਣਾ ਅਤੇ ਜਲੰਧਰ ਵਿਚ ਜਨਮੇ ਸਨ। ਮੌਲਵੀ ਬਰਕਤ ਉਲਾ ਜਿਥੇ ਭਾਰਤੀ ਲੋਕਾਂ ਦੇ ਆਗੂ ਸਨ ਉਥੇ ਸੰਸਾਰ ਪੱਧਰ ਦੇ ਵਿਦਵਾਨ ਵੀ ਸਨ। ਉਨ੍ਹਾਂ ਯੂਰਪ ਦੇ ਕਈ ਦੇਸ਼ਾਂ ਵਿਚ ਭਾਰਤ ਦੀ ਆਜ਼ਾਦੀ ਲਈ ਡਟ ਕੇ ਪ੍ਰਚਾਰ ਕੀਤਾ ਅਤੇ ਅਮਰੀਕਾ ਪਹੁੰਚ ਕੇ ਲਾਲਾ ਹਰਦਿਆਲ ਨਾਲ ਮਿਲ ਕੇ ਗਦਰ ਲਹਿਰ ਦਾ ਗਠਨ ਕੀਤਾ। ਪਹਿਲੀ ਦਸੰਬਰ 1915 ਨੂੰ ਕਾਬਲ ਵਿਚ ਬਾਗ-ਏ-ਬਾਬਰ ਵਿਖੇ ਆਰਜੀ ਆਜ਼ਾਦ ਹਿੰਦ ਸਰਕਾਰ ਦਾ ਗਠਨ ਕੀਤਾ। ਉਸ ਸਰਕਾਰ ਦੇ ਉਹ ਪ੍ਰਧਾਨ ਮੰਤਰੀ ਬਣੇ ਜਦੋਂਕਿ ਰਾਜਾ ਮਹਿੰਦਰਪ੍ਰਤਾਪ ਸਿੰਘ ਇਸ ਦੇ ਰਾਸ਼ਟਰਪਤੀ।

ਗਦਰ ਮੈਮੋਰੀਅਲ ਫਾਊਂਡੇਸ਼ਨ ਇਸੇ ਕਬਰ ਉਤੇ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਲਾਉਂਦੀ ਆ ਰਹੀ ਹੈ ਅਤੇ ਇਸ ਨੂੰ ਕੌਮੀ ਯਾਦਗਾਰ ਬਣਾਉਣ ਦੀ ਮੰਗ ਕਰਦੀ ਆ ਰਹੀ ਹੈ।

## ਪੰਜਾਬ ਤੇ ਹਰਿਆਣਾ ਦੀ 'ਘਾਲਣਾ' ਦਾ ਮੁੱਲ ਪਾਵਾਂਗੇ-ਪ੍ਰਧਾਨ ਮੰਤਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪਿਛਲੇ ਸਾਲ ਸੋਕੇ ਕਾਰਨ ਪੰਜਾਬ ਅਤੇ ਹਰਿਆਣਾ ਨੂੰ ਝੋਨੇ ਦੀ ਫਸਲ ਪਾਲਣ ਲਈ ਕੀਤੇ ਭਾਰੀ ਖਰਚੇ ਬਦਲੇ ਕੇਂਦਰੀ ਸਹਾਇਤਾ ਦੇਣ ਦਾ ਭਰੋਸਾ ਦੁਆਇਆ। ਕੌਮੀ ਰਾਜਧਾਨੀ ਵਿਚ ਮਹਿੰਗਾਈ ਦੇ ਮੁੱਦੇ ਉਤੇ ਮੁੱਖ ਮੰਤਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ, "ਮੈਨੂੰ ਪਤਾ ਹੈ ਕਿ ਅਜਿਹਾ ਕਰਦਿਆਂ (ਝੋਨੇ ਦੀ ਫਸਲ ਬਚਾਉਣ ਲਈ) ਉਨ੍ਹਾਂ (ਪੰਜਾਬ ਤੇ ਹਰਿਆਣਾ) ਦੇ ਵਿੱਤ ਉਤੇ ਭਾਰੀ ਬੋਝ ਪਿਆ ਸੀ। ਮੈਨੂੰ ਉਨ੍ਹਾਂ ਨੂੰ ਭਰੋਸਾ ਦੁਆਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਸਾਡੀ ਮਦਦ ਦੀ ਕਮੀ ਮਹਿਸੂਸ ਨਹੀਂ ਹੋਵੇਗੀ।"

## ਬਰਤਾਨੀਆ 'ਚ ਮੁਸਲਿਮ ਜੋੜਿਆਂ ਦੇ ਨਿਕਾਹ 'ਤੇ ਮਾਨਤਾ ਦਾ ਸੰਕਟ

**ਲੰਡਨ :** ਬਰਤਾਨੀਆ ਵਿਚ ਕਈ ਮੁਸਲਿਮ ਵਿਆਹ ਅਜਿਹੇ ਹਨ, ਜਿਨ੍ਹਾਂ ਨੂੰ ਉਥੇ ਕਾਨੂੰਨੀ ਤੌਰ 'ਤੇ ਮਾਨਤਾ ਪ੍ਰਾਪਤ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਮੁਸਲਿਮ ਭਾਈਚਾਰੇ ਵਿਚ ਵਿਆਹ ਯਾਨੀ ਨਿਕਾਹ ਕਰਨਾ ਜ਼ਰੂਰੀ ਹੈ, ਪਰ ਲੋਕ ਅਕਸਰ ਉਸ ਨਿਕਾਹ ਦੀ ਰਜਿਸਟਰੇਸ਼ਨ ਨਹੀਂ ਕਰਵਾਉਂਦੇ, ਜਿਹੜਾ ਬਰਤਾਨਵੀ ਕਨੂੰਨ ਤਹਿਤ ਜ਼ਰੂਰੀ ਹੈ। ਇਕ ਮੁਸਲਿਮ ਲੜਕੀ ਦਾ ਹਵਾਲਾ ਦਿੰਦੇ ਹੋਏ ਬੀ ਬੀ ਸੀ ਦੇ ਏਸ਼ੀਆਈ ਨੈੱਟਵਰਕ



ਦੀ ਰਿਪੋਰਟ ਵਿਚ ਇਹ ਤੱਥ ਸਾਹਮਣੇ ਆਇਆ ਹੈ ਕਿ ਅਜਿਹੇ ਵਿਆਹਾਂ ਦੀ ਰਜਿਸਟਰੇਸ਼ਨ ਨਾ ਕਰਵਾਉਣ ਦੇ ਕਿੰਨੇ ਬੁਰੇ ਨਤੀਜੇ ਨਿਕਲ ਸਕਦੇ ਹਨ। ਬਰਤਾਨੀਆ ਦੀ ਇਕ ਵਕੀਲ ਆਈਨਾ ਖਾਨ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਅਜਿਹੇ ਮਾਮਲਿਆਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ, ਜਿਨ੍ਹਾਂ ਵਿਚ ਪਤੀ ਪਤਨੀ ਨੇ ਵਿਆਹ ਤਾਂ ਕਰਵਾਇਆ ਹੈ, ਪਰ ਉਹ ਇਸ ਦੀ ਰਜਿਸਟਰੇਸ਼ਨ ਕਰਾਉਣਾ ਇਸ ਲਈ ਵੀ ਜ਼ਰੂਰੀ ਨਹੀਂ ਸਮਝਦੇ, ਕਿਉਂਕਿ ਉਨ੍ਹਾਂ ਨੂੰ ਇਸ ਨਾਲ ਕਈ ਫਾਇਦੇ ਹਨ।

## ਬੇਕਰਜ਼ਫੀਲਡ ’ਚ ਮਰਦਮਸ਼ੁਮਾਰੀ ਸਬੰਧੀ ਮੀਟਿੰਗ

**ਬੇਕਰਜ਼ਫੀਲਡ (ਮਨਦੀਪ ਮਾਨ):** ਅਮਰੀਕਾ ਵਿਚ ਇਸ ਸਾਲ ਹੋ ਰਹੀ ਮਰਦਮਸ਼ੁਮਾਰੀ ਵਿਚ ਹਰ ਬਾਸ਼ਿੰਦੇ ਨੂੰ ਹਿੱਸਾ ਲੈਣਾ ਚਾਹੀਦਾ ਹੈ ਅਤੇ ਆਪਣਾ ਵੇਰਵਾ ਮਿਥੇ ਫਾਰਮ ਵਿਚ ਦਰਜ ਕਰਵਾਉਣਾ ਚਾਹੀਦਾ ਹੈ। ਇਹ ਪ੍ਰੇਰਣਾ ਮਰਦਮਸ਼ੁਮਾਰੀ ਮਹਿਕਮੇ ਦੇ ਅਧਿਕਾਰੀਆਂ ਨੇ ਇਥੇ ਪੰਜਾਬੀ ਮੀਡੀਏ ਅਤੇ ਪੰਜਾਬੀ ਭਾਈਚਾਰੇ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਅਮਰੀਕਾ ਵਿਚ ਭਾਵੇਂ ਕੋਈ ਕਿਸੇ ਵੀ ਤਰੀਕੇ ਨਾਲ ਰਹਿੰਦਾ ਹੈ ਉਸ ਨੂੰ ਆਪਣਾ ਵੇਰਵਾ ਮਰਦਮਸ਼ੁਮਾਰੀ ਵਿਚ ਜ਼ਰੂਰ ਦਰਜ ਕਰਵਾਉਣਾ ਚਾਹੀਦਾ ਹੈ।

ਨੁਮਾਇੰਦਿਆਂ ਨੇ ਕਿਹਾ ਕਿ ਧਾਰਮਿਕ ਤੇ ਭਾਈਚਾਰਕ ਆਗੂ ਇਸ ਸਬੰਧੀ ਵਿਸ਼ੇਸ਼ ਭੂਮਿਕਾ ਨਿਭਾ ਸਕਦੇ ਹਨ। ਸਰਕਾਰ ਨੇ ਕਿਸੇ ਵੀ ਖਿੱਤੇ ਦੀ ਤਰੱਕੀ ਲਈ ਪੈਸਾ ਮਰਦਮਸ਼ੁਮਾਰੀ ਦੇ ਆਧਾਰ ਉਤੇ ਦੇਣਾ ਹੁੰਦਾ ਹੈ। ਆਪਣੇ ਸ਼ਹਿਰ, ਇਲਾਕੇ ਅਤੇ ਭਾਈਚਾਰੇ ਦੀ ਪੜ੍ਹਾਈ, ਸੜਕਾਂ, ਪਾਣੀ ਅਤੇ ਹੋਰ ਤਰੱਕੀ ਦੇ ਕੰਮਾਂ ਲਈ ਧਨ ਲੈਣ ਵਾਸਤੇ ਮਰਦਮਸ਼ੁਮਾਰੀ ਵਿਚ ਜ਼ਰੂਰ ਸ਼ਰੀਕ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਫਾਰਮ 17 ਮਾਰਚ ਤੋਂ ਮਿਲਣੇ ਅਰੰਭ ਹੋ ਜਾਣਗੇ ਹੋ ਕਿ ਘਰਾਂ ਵਿਚ ਪਹੁੰਚਣਗੇ। ਜ਼ਿਕਰਯੋਗ ਹੈ ਕਿ ਮਰਦਮਸ਼ੁਮਾਰੀ ਹਰ 10 ਸਾਲ ਬਾਦ ਹੁੰਦੀ ਹੈ।

ਮੀਟਿੰਗ ਵਿਚ ਇਹ ਵੀ ਦੱਸਿਆ ਗਿਆ ਕਿ ਫਾਰਮ ਵਿਚ ਆਪਣੇ ਪਰਿਵਾਰ ਦੇ ਸਾਰੇ ਜੀਆਂ ਦਾ ਵੇਰਵਾ ਦਿੱਤਾ ਜਾਵੇ। ਸਿੱਖ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੱਸਿਆ ਕਿ ਫਾਰਮ ਵਿਚ ਨਸਲ ਵਾਲੇ ਖਾਨੇ ਵਿਚ ਜਿਥੇ ਏਸ਼ੀਅਨ ਲਿਖੀਆ ਹੋਵੇ ਉਸ ਨਾਲ ਤੁਸੀਂ ਆਪਣਾ ਧਰਮ ਸਿੱਖ ਵੀ ਲਿਖ ਸਕਦੇ ਹੋ। ਇਸ ਤਰ੍ਹਾਂ ਕਰਨ ਨਾਲ ਸਿੱਖਾਂ ਦੀ ਸਹੀ ਆਬਾਦੀ ਦਾ ਪਤਾ ਲਾਉਣ ਵਿਚ ਸਹੂਲਤ ਹੋਵੇਗੀ। ਇਸ ਮੌਕੇ ਮਹਿਕਮੇ ਦੀ ਤਰਫੋਂ ਮਿਸ ਰਿਆਨ, ਸਟੇਟ ਸੈਨੇਟਰ ਜੀਨ ਫੁਲਰ, ਪੰਜਾਬੀ ਭਾਈਚਾਰੇ ਵਲੋਂ ਦਵਿੰਦਰ ਸਿੰਘ ਬੈਂਸ ਅਤੇ ਭਰਪੂਰ ਸਿੰਘ ਬਰਾੜ ਹਾਜ਼ਰ ਸਨ।









## ਗੁਲਜ਼ਾਰ ਸਿੰਘ ਰਣੀਕੇ ਦਾ ਯੂਬਾ ਸਿਟੀ ‘ਚ ਸਵਾਗਤ

**ਯੂਬਾ ਸਿਟੀ (ਹਰਵਿੰਦਰ ਸਿੰਘ):** ਪੰਜਾਬ ਦੇ ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦਾ ਇਥੇ ਪਹੁੰਚਣ ‘ਤੇ ਸਥਾਨਕ ਪੰਜਾਬੀਆਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਦੇ ਮਾਣ ਵਿਚ ਇਥੇ ਸਟਾਰ ਆਫ ਇੰਡੀਆ ਰੈਸਟੋਰੈਂਟ ਵਿਚ ਇਕ ਵਿਸ਼ੇਸ਼ ਦਾਅਵਤ ਦਿੱਤੀ ਗਈ।



ਇਸ ਮੌਕੇ ਮੰਤਰੀ ਨੂੰ ਪਰਵਾਸੀ ਪੰਜਾਬੀਆਂ ਨੂੰ ਪੇਸ਼ ਆ ਰਹੀ ਇਸ ਮੁਸ਼ਕਿਲ ਤੋਂ ਜਾਣੂ ਕਰਵਾਇਆ ਗਿਆ ਕਿ ਚਿਰਾਂ ਤੋਂ ਅਸਾਈਲਮ ਦੇ ਆਧਾਰ ਉਤੇ ਸਿਟੀਜ਼ਨ ਬਣ ਚੁੱਕੇ ਪਰਵਾਸੀਆਂ ਨੂੰ ਸੈਨ ਫਰਾਂਸਿਸਕੋ ਵਿਚ ਸਥਿਤ ਕੌਂਸਲਖਾਨੇ ਵਲੋਂ ਭਾਰਤ ਜਾਣ ਲਈ ਵੀਜ਼ੇ ਨਹੀਂ ਦਿੱਤੇ ਜਾ ਰਹੇ। ਇਥੇ ਇਹ ਜ਼ਿਕਰਯੋਗ ਹੈ ਕਿ ਪੰਜਾਬ ਤੋਂ ਆ ਕੇ ਅਮਰੀਕਾ ਵੱਸਣ ਦੇ ਚਾਹਵਾਨ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਸਿਆਸੀ ਆਧਾਰ ਉਤੇ ਸ਼ਰਣ ਲਈ ਹੋਈ ਹੈ। ਇਹ ਲੋਕ ਜਦੋਂ ਸਿਟੀਜ਼ਨ ਵੀ ਬਣ ਜਾਂਦੇ ਹਨ ਤਾਂ ਉਨ੍ਹਾਂ ਨੂੰ ਭਾਰਤ ਆਪਣੇ ਰਿਸ਼ਤੇਦਾਰਾਂ ਤੇ ਪਰਿਵਾਰਾਂ ਨੂੰ ਮਿਲਣ ਜਾਣ ਵਾਸਤੇ ਵੀਜ਼ਾ ਲੈਣ ਵਿਚ ਵੱਡੀ ਮੁਸ਼ਕਿਲ ਆਉਂਦੀ ਹੈ। ਇਸ ਦਾ ਇਕ ਪੱਖ ਇਹ ਵੀ ਹੈ ਕਿ ਕੌਂਸਲਖਾਨੇ ਵਿਚ ਰਿਸ਼ਵਤਖੋਰੀ ਲਈ ਰਾਹ ਖੁਲ੍ਹਦਾ ਹੈ ਅਤੇ ਰਿਸ਼ਵਤ ਦੇ ਕੇ ਵੀਜ਼ੇ ਦਾ ਕੰਮ ਕਰਵਾਇਆ ਜਾ ਸਕਦਾ ਹੈ। ਇਸ ਮਸਲੇ ਬਾਰੇ ਲੋਕ ਭਲਾਈ ਪਾਰਟੀ ਦੇ ਆਗੂ ਇਕਬਾਲ ਸਿੰਘ ਰਾਮੂਵਾਲੀਆ ਵੀ ਕਈ ਵਾਰ ਆਵਾਜ਼ ਉਠਾ ਚੁਕੇ ਹਨ।

ਮੰਤਰੀ ਨੇ ਸਾਰੀ ਗੱਲ ਧਿਆਨ ਨਾਲ ਸੁਣਨ ਤੋਂ ਬਾਅਦ ਭਰੋਸਾ ਦਿੱਤਾ ਕਿ ਉਹ ਪੰਜਾਬ ਦੇ ਪਾਰਲੀਮੈਂਟ ਮੈਂਬਰਾਂ ਰਾਹੀਂ ਇਹ ਮਾਮਲਾ ਕੇਂਦਰ ਦੇ ਧਿਆਨ ਵਿਚ ਲਿਆਉਣਗੇ ਤਾਂ ਜੋ ਇਸ ਦਾ ਕੋਈ ਸਹੀ ਹੱਲ ਕੱਢਿਆ ਜਾ ਸਕੇ। ਮੰਤਰੀ ਨੇ ਪੰਜਾਬ ਵਿਚ ਅਕਾਲੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਵੀ ਜ਼ਿਕਰ ਕੀਤਾ। ਦਾਅਵਤ ਵਿਚ ਹਾਜ਼ਰ ਪਤਵੰਤੇ ਸੱਜਣਾਂ ਵਿਚ ਸ. ਦੀਦਾਰ ਸਿੰਘ ਬੈਂਸ, ਗੁਰਨਾਮ ਸਿੰਘ ਪੰਮਾ, ਸਰਬਜੀਤ ਸਿੰਘ ਥਿਆੜਾ, ਨਾਹਰ ਸਿੰਘ ਹੀਰ, ਸੰਦੀਪ ਸਿੰਘ, ਮਹਿੰਦਰ ਸਿੰਘ ਨਿੱਝਰ, ਜਗਜੀਤ ਸਿੰਘ ਸਹੋਤਾ, ਤੇਜਿੰਦਰ ਸਿੰਘ ਬਡਿਆਲ, ਬਲਜੀਤ ਸਿੰਘ ਸੰਧੂ ਅਤੇ ਅਮਨ ਗਿੱਲ ਸ਼ਾਮਲ ਸਨ।



## ਸੇਵਾ ਸਿਮਰਨ ਸੁਸਾਇਟੀ ਵਲੋਂ ਹੇਤੀ ਦੇ ਭੁਚਾਲ ਪੀੜਤਾਂ ਲਈ ਮਦਦ

**ਯੂਬਾ ਸਿਟੀ (ਹਰਵਿੰਦਰ ਸਿੰਘ):** ਸੇਵਾ ਸਿਮਰਨ ਸੁਸਾਇਟੀ ਵਲੋਂ ਹੇਤੀ ਵਿਚ ਆਏ ਭੁਚਾਲ ਨਾਲ ਪੀੜਤ ਹੋਏ ਲੋਕਾਂ ਦੀ ਮਦਦ ਲਈ 21 ਸੌ ਡਾਲਰ ਦੀ ਰਕਮ ਇਕੱਤਰ ਕੀਤੀ ਗਈ ਜੋ ਹੇਤੀ ਵਿਚ ਚੱਲ ਰਹੇ ਰਾਹਤ ਕਾਰਜਾਂ ਵਾਸਤੇ ਯੂਨਾਈਟਿਡ ਸਿੱਖਸ ਨਾਂ ਦੀ ਜਥੇਬੰਦੀ ਨੂੰ ਦਿੱਤੇ ਗਏ।

ਇਥੇ ਜ਼ਿਕਰਯੋਗ ਹੈ ਕਿ ਯੂਨਾਈਟਿਡ ਸਿੱਖਸ ਵਲੋਂ ਹੇਤੀ ਵਿਚ ਵਿਸ਼ੇਸ਼ ਰਾਹਤ ਕੈਂਪ ਲਾਏ ਗਏ ਹਨ ਅਤੇ ਇਸ ਵਲੋਂ ਵੱਖ ਵੱਖ ਸਿੱਖ ਜਥੇਬੰਦੀਆਂ ਦੀ ਮਦਦ ਨਾਲ ਇਹ ਕੈਂਪ ਚਲਾਏ ਜਾ ਰਹੇ ਹਨ। ਸੇਵਾ ਸਿਮਰਨ ਸੁਸਾਇਟੀ ਦੇ ਇਕ ਬੁਲਾਰੇ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਸਾਇਟੀ ਗੁਰੂ ਦਰਸਾਏ ਮਾਰਗ ‘ਤੇ ਚੱਲਦਿਆਂ ਲੋੜਵੰਦਾਂ ਦੀ ਮਦਦ ਲਈ ਅਜਿਹੇ ਕਾਰਜ ਕਰਦੀ ਰਹੇਗੀ।


ਅੱਵਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ।
ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੌਣ ਮੰਦੇ।

# ਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਉਤਸਵ ਦੀ ਲੱਖ ਲੱਖ ਵਧਾਈ

ਸ੍ਰੀ ਗੁਰੂ ਰਵਿਦਾਸ ਸਭਾ, ਬੇਏਰੀਆ ਵਲੋਂ ਗੁਰੂ ਰਵਿਦਾਸ ਜੀ ਦਾ 633ਵਾਂ ਪ੍ਰਕਾਸ਼ ਉਤਸਵ 20 ਫਰਵਰੀ, 2010 (ਦਿਨ ਸਨਿਚਰਵਾਰ) ਨੂੰ ਨਿਊਆਰਕ ਪਵੀਲੀਅਨ ਵਿਚ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਮੁਚੀ ਮਾਨਵਤਾ ਨੂੰ ਬਰਾਬਰਤਾ ਦਾ ਦਰਜਾ ਦੇਣ ਲਈ ਜਾਤ-ਪਾਤ ਨੂੰ ਖਤਮ ਕਰਨ ਲਈ ਸੰਘਰਸ਼ ਕੀਤਾ। ਸਤਿਗੁਰਾਂ ਦੇ ਦਰਸਾਏ ਸੱਚੇ ਮਾਰਗ ਉਤੇ ਚੱਲ ਕੇ ਹੀ ਕੁੱਲ ਆਲਮ ਦਾ ਭਲਾ ਹੋ ਸਕਦਾ ਹੈ।



## ਪ੍ਰੋਗਰਾਮ

**20 ਫਰਵਰੀ, 2010 (ਦਿਨ ਸਨਿਚਰਵਾਰ)**

**ਸਵੇਰੇ 10 ਤੋਂ ਰਾਤ 10 ਵਜੇ ਤੱਕ**

**ਸਥਾਨ: Thartron Ave, Newark, CA 94560**

ਇਸ ਸ਼ੁਭ ਮੌਕੇ ’ਤੇ ਪੰਥ ਦੇ ਮਹਾਨ ਕੀਰਤਨੀਏ, ਢਾਡੀ ਜਥੇ ਅਤੇ ਕਥਾਵਾਚਕ ਗੁਰੂ ਜੀ ਦੀਆਂ ਸਿਖਿਆਵਾਂ ’ਤੇ ਚਾਨਣਾ ਪਾਉਣਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਭ ਸੰਗਤਾਂ ਨੂੰ ਬੇਨਤੀ ਹੈ ਕਿ ਸਮਾਗਮ ਵਿਚ ਆਪਣੀਆਂ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

| | | | |
|---|---|---|---|
| ਕੇਵਲ ਸਿੰਘ, ਚੇਅਰਮੈਨ | ਵਿਨੋਦ ਕੁਮਾਰ, ਪ੍ਰਧਾਨ | ਧਰਮਪਾਲ ਝੰਮਟ, ਸੈਕਟਰੀ | ਕੁਸ਼ਲ ਹੀਰਾ, ਖਜ਼ਾਨਚੀ |
| 510-299-6418 | 510-219-5672 | 408-717-0892 | 408-750-4433 |

# ਗਦਰ ਲਹਿਰ ਦੇ ਕਾਰਕੁੰਨ ਮਹਾਰਾਜ ਕੌਲ ਨੂੰ ਸ਼ਰਧਾਂਜਲੀ

**ਸੈਨ ਹੋਜ਼ੇ:** ਗਦਰ ਲਹਿਰ ਨਾਲ ਜੁੜੇ ਉਘੇ ਸਮਾਜ ਸੇਵਕ ਸ੍ਰੀ ਮਹਾਰਾਜ ਕੌਲ ਦੀ ਯਾਦ ਵਿਚ ਬੀਤੇ ਦਿਨੀਂ ਸੰਨੀਵੇਲ ਕਮਿਊਨਿਟੀ ਸੈਂਟਰ ਵਿਚ ਇੱਕ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ। ਇਸ ਸਮਾਰੋਹ ਵਿਚ ਬਹੁਤ ਸਾਰੇ ਪਤਵੰਤੇ ਸੱਜਣਾਂ ਅਤੇ ਬੁੱਧੀਜੀਵੀਆਂ ਨੇ ਆਪਣੀ ਹਾਜਰੀ ਲਵਾ ਕੇ ਸਵਰਗੀ ਕੌਲ ਨੂੰ ਸ਼ਰਧਾਂਜਲੀ ਭੇਂਟ ਕੀਤੀ। ਮਹਾਰਾਜ ਕੌਲ ਦਾ ਜਨਮ 11 ਨਵੰਬਰ, 1940 ਨੂੰ ਸ੍ਰੀਨਗਰ, ਕਸ਼ਮੀਰ ਵਿਖੇ ਹੋਇਆ ਅਤੇ ਉਨ੍ਹਾਂ ਨੇ ਥਾਪਰ ਇੰਜੀਨੀਅਰਿੰਗ ਕਾਲਜ, ਪਟਿਆਲਾ ਤੋਂ ਸਿੱਖਿਆ ਹਾਸਿਲ ਕੀਤੀ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਜਿਆਦਾਤਾਰ ਸਮਾਂ ਲੋਕਾਂ ਦੀ ਲੜਾਈ ਲੜਦਿਆਂ ਬਿਤਾਇਆ। ਉਹ ਲੜਾਈ ਬੇਸ਼ਕ ਯੁਗਾਂਤਰ ਆਸ਼ਰਮ (ਗਦਰ ਪਾਰਟੀ ਦਾ ਦਫਤਰ) ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਹਾੜਾ ਮਨਾਉਣ ਦੀ ਹੋਵੇ ਜਾਂ ਇਰਾਕ 'ਤੇ ਹਮਲੇ ਲਈ ਅਮਰੀਕੀ ਸਰਕਾਰ ਦੇ ਵਿਰੋਧ ਦੀ ਹੋਵੇ। ਉਨ੍ਹਾਂ ਨੇ ਜਿੱਥੇ 1984 ਵਿਚ ਸਿੱਖਾਂ ਦੇ ਕਤਲੇਆਮ ਅਤੇ ਗੁਜਰਾਤ ਦੰਗਿਆਂ ਵਿਚ ਮਰੇ ਬੇਕਸੂਰ ਲੋਕਾਂ ਲਈ ਹਾਅ ਦਾ ਨਾਹਰਾ ਮਾਰਿਆ, ਉਥੇ ਹੀ ਕਸ਼ਮੀਰੀ ਪੰਡਤਾਂ ਦੀ ਜਲਾਵਤਨੀ ਅਤੇ ਕਸ਼ਮੀਰੀ ਅਤਿਵਾਦ ਉਤੇ ਵੀ ਬਹੁਤ ਕੁਝ ਲਿਖਿਆ।



*ਮਹਾਰਾਜ ਕੌਲ*

ਮਹਾਰਾਜ ਕੌਲ ਨੇ ਬਰਕਲੀ ਯੂਨੀਵਰਸਿਟੀ ਵਿਚ ਸਾਊਥ ਏਸ਼ੀਅਨ ਸਟੂਡੈਂਟਸ ਐਸੋਸੀਏਸ਼ਨ (ਸਾਸਾ) ਸ਼ੁਰੂ ਕੀਤੀ ਅਤੇ ਹੋਰ ਬਹੁਤ ਸਾਰੀਆਂ ਪ੍ਰਗਤੀਸ਼ੀਲ ਜੱਥੇਬੰਦੀਆਂ ਦਾ ਮੁੱਢ ਬੰਨ੍ਹਿਆ। ਮਹਾਰਾਜ ਕੌਲ ਨੇ "ਐਮਨੈਸਟੀ ਇੰਟਰਨੈਸ਼ਨਲ ਐਂਡ ਇਟਸ ਨਿਓ ਕਲੋਨੀਅਲ ਮਿਸ਼ਨਸ" ਨਾਂ ਦੀ ਕਿਤਾਬ ਵੀ ਲਿਖੀ। ਉਹ ਇੱਕ ਦਾਰਸ਼ਨਿਕ, ਚਿੰਤਕ, ਪੱਤਰਕਾਰ, ਲੇਖਕ, ਵਿਗਿਆਨੀ ਅਤੇ ਸਿਆਸੀ ਕਾਰਕੁਨ ਸਨ।

ਸ਼ਰਧਾਂਜਲੀ ਸਮਾਰੋਹ ਵਿਚ ਇੰਡੋ-ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ ਬੇ-ਏਰੀਆ, ਇੰਡੀਆ ਸੋਸ਼ਲ ਐਂਡ ਕਲਚਰਲ ਫੋਰਮ, ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜਨੋ, ਇੰਡੋ-ਅਮੈਰੀਕਨ ਕਲਚਰਲ ਐਸੋਸੀਏਸ਼ਨ (ਸੈਕਰਾਮੈਂਟੋ) ਅਤੇ ਵਿਸ਼ਵ ਪੰਜਾਬੀ ਸਾਹਿਤ ਅਕਾਡਮੀ ਦੇ ਕਾਰਕੁਨਾਂ ਨੇ ਹਿੱਸਾ ਲਿਆ। ਮਹਾਰਾਜ ਕੌਲ ਦੇ ਪਰਿਵਾਰ 'ਚੋਂ ਉਨ੍ਹਾਂ ਦੇ ਪਿਤਾ, ਭਰਾ ਅਤੇ ਭਤੀਜੀ ਸੁਗਮ ਨੇ ਹੋਰਨਾਂ ਰਿਸ਼ਤੇਦਾਰਾਂ ਸਮੇਤ ਹਾਜਰੀ ਲਵਾਈ। ਸਮਾਰੋਹ ਦੀ ਅਗਵਾਈ ਡਾ. ਵੇਦ ਵੱਟੁਕ ਅਤੇ ਸ. ਅਮਰੀਕ ਸਿੰਘ ਖੁਡਾਲੀਆ ਨੇ ਕੀਤੀ। ਇਨ੍ਹਾਂ ਤੋਂ ਇਲਾਵਾ ਫਰਿਜਨੋ ਤੋਂ ਗੁਰਦੀਪ ਸਿੰਘ ਅਣਖੀ, ਸੁਰਿੰਦਰ ਮੰਢਾਲੀ, ਬਲਦੇਵ ਧਾਲੀਵਾਲ ਅਤੇ ਮਹਿੰਦਰ ਸਿੰਘ ਢਾਹ, ਬੇਕਰਜ਼ਫੀਲਡ ਤੋਂ ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਅਤੇ ਹਰਸ਼ਰਨ ਸਿੰਘ ਧੀਦੋਂ, ਰਾਜ ਭਨੋਟ (ਹਿੰਦੂ ਟੈਂਪਲ ਅਤੇ ਕਮਿਊਨਿਟੀ ਸੈਂਟਰ, ਸਨੀਵੇਲ), ਬਲਬੀਰ ਸਿੰਘ ਜੌਹਲ, ਰਮੇਸ਼ ਸ਼ਰਮਾ, ਗਣੇਸ਼ ਦੱਤ, ਜਸਵੰਤ ਸਿੰਘ ਫਗਵਾੜਾ, ਮਹਿੰਗਾ ਸਿੰਘ ਸਰਪੰਚ, ਪੰਕਜ ਆਂਸਲ, ਜਗਜੀਤ ਨੌਸ਼ਹਿਰਵੀ, ਸੇਵਾ ਸਿੰਘ, ਕੁਲਦੀਪ ਸਿੰਘ ਦੋਹੀਂ ਅਤੇ ਬੇਨਜਾਮਿਨ (ਲਾਸ ਐਂਜਲਸ) ਨੇ ਹਿੱਸਾ ਲਿਆ।

## ਪਰਮਜੀਤ ਭੁੱਟਾ ਨੂੰ ਸਦਮਾ

**ਸੈਕਰਾਮੈਂਟੋ:** ਗੁਰੂ ਰਵਿਦਾਸ ਸਭਾ, ਸੈਕਰਾਮੈਂਟੋ ਦੇ ਸਾਬਕਾ ਪ੍ਰਧਾਨ ਅਤੇ ਗੁਰਦਾਸ ਰਾਮ ਭੁੱਟਾ ਯਾਦਗਾਰੀ ਚੈਰੀਟੇਬਲ ਟਰੱਸਟ, ਪਿੰਡ ਗੜ੍ਹ ਪਧਿਆਣਾ (ਨਵਾਂ ਸ਼ਹਿਰ) ਦੇ ਚੇਅਰਮੈਨ ਸ੍ਰੀ ਪਰਮਜੀਤ ਭੁੱਟਾ ਦੇ ਮਾਤਾ ਸੰਤੀ ਭੁੱਟਾ 5 ਫਰਵਰੀ ਨੂੰ ਲੰਮੀ ਆਯੂ ਭੋਗ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਉਹ 102 ਸਾਲਾਂ ਦੇ ਸਨ।

ਮਾਤਾ ਸੰਤੀ ਭੁੱਟਾ ਜੀ ਇਕ ਨੇਕਦਿਲ, ਸੁਝਵਾਨ ਅਤੇ ਧਾਰਮਿਕ ਭਾਵਨਾਵਾਂ ਵਾਲੇ ਇਨਸਾਨ ਸਨ। ਆਪਣੇ ਪਤੀ ਦੀ ਯਾਦ ਵਿਚ ਬਣਾਏ ਟਰੱਸਟ ਰਾਹੀਂ ਉਹ ਗਰੀਬ ਅਤੇ ਦੁਖੀ ਪਰਿਵਾਰਾਂ ਦੀ ਭਲਾਈ ਦਾ ਕੰਮ ਕਰਦੇ ਸਨ। ਪਰਮਜੀਤ ਭੁੱਟਾ ਨਾਲ ਸੰਪਰਕ 916-798-9144 ਉਤੇ ਕੀਤਾ ਜਾ ਸਕਦਾ ਹੈ।

## ਸੁਖਵਿੰਦਰ ਕੰਬੋਜ ਵਿਪਸਾਅ ਦੇ ਚੇਅਰਮੈਨ ਬਣੇ

**ਫਰੀਮਾਂਟ:** ਨਾਮਵਰ ਸ਼ਾਇਰ ਸੁਖਵਿੰਦਰ ਕੰਬੋਜ ਨੂੰ ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾ) ਦੀ ਬੇਅ ਏਰੀਆ ਇਕਾਈ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਸਬੰਧੀ ਫੈਸਲਾ ਸਭਾ ਦੀ ਇਕ ਬੈਠਕ ਵਿਚ ਲਿਆ ਗਿਆ। ਨਵਨੀਤ ਪੰਨੂ ਨੂੰ ਜਰਨਲ ਸਕੱਤਰ ਅਤੇ ਰੇਸ਼ਮ ਸਿੱਧੂ ਨੂੰ ਸਾਹਿਤ ਸਕੱਤਰ ਨਿਯੁਕਤ ਕੀਤਾ ਗਿਆ ਹੈ। ਦੋ ਸਾਲਾਂ ਤੋਂ ਚਲੇ ਆ ਰਹੇ ਚੇਅਰਮੈਨ ਰੇਸ਼ਮ ਸਿੱਧੂ ਨੇ ਸਾਰੇ ਅਕਾਡਮੀ ਮੈਂਬਰਾਂ ਵਲੋਂ ਪਿਛਲੇ ਸਾਲ ਦੇ ਪ੍ਰੋਗਰਾਮਾਂ ਨੂੰ ਕਾਮਯਾਬ ਕਰਨ ਲਈ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ। ਜਗਜੀਤ ਨੇ ਅਕਾਡਮੀ ਦੇ ਪਿਛੋਕੜ ਬਾਰੇ ਜਾਣਕਾਰੀ ਦਿੰਦਿਆਂ ਪਿਛਲੇ ਸਾਲ ਦੇ ਪ੍ਰੋਗਰਾਮਾਂ ਬਾਰੇ ਦੱਸਿਆ। ਜਸ ਫ਼ਿਜ਼ਾ ਦਾ ਵਿਚਾਰ ਸੀ ਕਿ ਬੇਸ਼ੱਕ ਮੌਜੂਦਾ ਕਮੇਟੀ ਮੈਂਬਰਾਂ ਨੂੰ ਹੀ ਹੋਰ ਸਮਾਂ ਦਿੱਤਾ ਜਾਵੇ। ਪਿਛਲੇ ਸਾਲ ਦੇ ਮੀਤ-ਚੇਅਰਮੈਨ ਈਸ਼ਰ ਸਿੰਘ ਮੋਮਨ ਨੇ ਸਭ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਕਮੇਟੀ ਵਿਚ ਉਹੀ ਮੈਂਬਰ ਰੱਖੇ ਜਾਣ ਜਿਨ੍ਹਾਂ ਪਾਸ ਸਰਗਰਮ ਕੰਮ ਕਰਨ ਦੀ ਯੋਗਤਾ ਅਤੇ ਵਕਤ ਹੋਵੇ।

ਸਭਾ ਨੂੰ ਸੰਬੋਧਨ ਕਰਦਿਆਂ ਨਵੇਂ ਚੇਅਰਮੈਨ ਸੁਖਵਿੰਦਰ ਕੰਬੋਜ ਨੇ ਕਿਹਾ ਕਿ ਅਕਾਡਮੀ ਉਤਰੀ ਅਮਰੀਕਾ ਵਿਚ ਪੰਜਾਬੀ ਸਾਹਿਤ ਅਤੇ ਬੋਲੀ ਨੂੰ ਸਮਰਪਤ ਪ੍ਰਮੁੱਖ ਸੰਸਥਾ ਹੈ ਅਤੇ ਉਹ ਸਭ ਮੈਂਬਰਾਂ ਨੂੰ ਨਾਲ ਲੈ ਕੇ ਚੱਲਣਗੇ ਤਾਂ ਕਿ ਕੈਲੀਫੋਰਨੀਆ ਵਿਚ ਸਾਹਿਤਕ ਸਰਗਰਮੀਆਂ ਨੂੰ ਹੋਰ ਤੇਜ਼ ਕੀਤਾ ਜਾ ਸਕੇ। ਮੇਜਰ ਸੋਹਣ ਸਿੰਘ ਸੰਧੂ ਨੇ ਇਸ ਸਾਲ ਦਾ ਪਾਸ਼ ਯਾਦਗਾਰੀ ਸਮਾਗਮ ਕੈਲੀਫੋਰਨੀਆ ਵਿਚ ਜੁਲਾਈ ਦੇ ਮਹੀਨੇ ਕਰਨ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਸਮਾਗਮ ਨੂੰ ਕਾਮਯਾਬ ਕਰਨ ਲਈ ਅਕਾਡਮੀ ਦੇ ਸਹਿਯੋਗ ਦੀ ਮੰਗ ਕੀਤੀ।

## ਸਿਆਟਲ ਵਿਚ ਸਰਤਾਜ ਦਾ ਸ਼ੋਅ 2 ਅਪਰੈਲ ਨੂੰ

**ਸਿਆਟਲ, ਕੈਲੀਫੋਰਨੀਆ:** ਸੁਰ ਅਤੇ ਸ਼ਾਇਰੀ ਦੇ ਸੁਮੇਲ ਪੰਜਾਬੀ ਗਾਇਕ ਡਾ. ਸਤਿੰਦਰ ਸਰਤਾਜ ਦਾ ਸਿਆਟਲ ਵਿਚ ਸ਼ੋਅ ਆਉਂਦੀ ਦੋ ਅਪਰੈਲ ਨੂੰ ਪਰਫਾਰਮਿੰਗ ਆਰਟਸ ਸੈਂਟਰ, ਔਬਰਨ ਵਿਚ ਹੋਵੇਗਾ। ਸ਼ੋਅ ਦੀਆਂ ਟਿਕਟਾਂ 15 ਫਰਵਰੀ ਤੋਂ ਭਾਰਤੀ ਸਟੋਰਾਂ 'ਤੇ ਮਿਲਣ ਲੱਗਣਗੀਆਂ। ਇਹ ਜਾਣਕਾਰੀ ਸ਼ੋਅ ਦੇ ਪ੍ਰੋਮੋਟਰ ਨਵਦੀਪ ਗਿੱਲ ਨੇ ਦਿੱਤੀ। ਉਨ੍ਹਾਂ ਨਾਲ ਸੰਪਰਕ ਫੋਨ 253-261-4455 'ਤੇ ਹੋ ਸਕਦਾ ਹੈ।

# ਬਾਦਲ ਨੂੰ ਪੰਜਾਬ ਦੀ ਜਵਾਨੀ ਨਾਲੋਂ ਗਊਆਂ ਦਾ ਵੱਧ ਫਿਕਰ:ਅਮੈਰਿਕਨ ਸਿੱਖ ਆਰਗੇਨਾਈਜੇਸ਼ਨ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਲੁਧਿਆਣਾ ਵਿਚ ਇਕ ਗਊਸ਼ਾਲਾ ਨੂੰ ਦਿੱਤੇ ਗਏ 10 ਲੱਖ ਰੁਪਏ ਅਤੇ ਅਗਲੇ ਸਾਲ ਹੋਰ 10 ਲੱਖ ਦੇਣ ਦੇ ਵਾਅਦੇ ਉਤੇ ਤਿੱਖੀ ਟਿੱਪਣੀ ਕਰਦਿਆਂ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਨੇ ਆਖਿਆ ਹੈ ਕਿ ਸਿੱਖ ਕੌਮ ਭਾਵੇਂ ਅੱਖਾਂ ਤੇ ਖੁਦਗਰਜ਼ੀ ਦੀ ਪੱਟੀ ਬੰਨ੍ਹ ਕੇ ਨਜ਼ਰਅੰਦਾਜ ਕਰੀ ਜਾਵੇ ਪਰ ਸ. ਬਾਦਲ ਹਿੰਦੂ ਸੰਗਠਨਾਂ ਨੂੰ ਖੁਸ਼ ਰੱਖਣ ਲਈ ਸਿੱਖਾਂ ਅਤੇ ਸਿੱਖ ਸਿਧਾਂਤਾਂ ਦਾ ਰੱਜ ਕੇ ਘਾਣ ਕਰ ਰਿਹਾ ਹੈ।

ਇਥੇ ਜਾਰੀ ਇਕ ਬਿਆਨ ਵਿਚ ਜਥੇਬੰਦੀ ਨੇ ਕਿਹਾ ਹੈ ਕਿ ਮੁੱਖ ਮੰਤਰੀ ਨੇ ਹੰਬੜਾ ਰੋਡ 'ਤੇ ਬਣੀ ਗੋਬਿੰਦਧਾਮ ਗਊਸ਼ਾਲਾ ਨੂੰ 10 ਲੱਖ ਰੁਪਏ ਦੀ ਗਰਾਂਟ ਦੇ ਕੇ ਅਤੇ ਪੰਜਾਬ ਦੀਆਂ ਅਵਾਰਾ ਗਊਆਂ ਨੂੰ 20 ਤੋਂ 30 ਏਕੜ ਜ਼ਮੀਨ ਅਲਾਟ ਕਰਾ ਕੇ ਗਊਸ਼ਾਲਾਵਾਂ ਬਣਾਉਣ ਦਾ ਤਹੱਈਆ ਹੀ ਨਹੀਂ ਕੀਤਾ ਸਗੋਂ ਇਹ ਆਖ ਕੇ ਗੁਰੂ ਗ੍ਰੰਥ ਸਾਹਿਬ ਤੋਂ ਬੇਮੁਖ ਹੋਣ ਦਾ ਸਬੂਤ ਵੀ ਦਿਤਾ ਕਿ ਅੱਜ ਜਿੰਨੀ ਸ਼ਾਂਤੀ ਮੈਨੂੰ ਗਊਸ਼ਾਲਾ ਵਿਚ ਆ ਕੇ ਮਿਲੀ ਹੈ ਉਨੀ ਹੋਰ ਕਿਸੇ ਧਰਮ ਅਸਥਾਨ 'ਤੇ ਨਹੀਂ ਮਿਲੀ। ਹੈਰਾਨੀ ਹੁੰਦੀ ਹੈ ਕਿ ਸ. ਬਾਦਲ ਕਿਹੋ ਜਿਹਾ ਸਿੱਖ ਹੈ ਜਿਸ ਨੂੰ ਜਾਗਤ ਜੋਤਿ, ਜਾਹਰਾ ਜ਼ਹੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੋਦ ਵਿਚ ਨਹੀਂ ਸਗੋਂ ਗਊਸ਼ਾਲਾ ਵਿਚ ਸ਼ਾਂਤੀ ਮਿਲਦੀ ਹੈ।

ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਦੇ ਆਗੂਆਂ ਦਵਿੰਦਰ ਸਿੰਘ, ਸੁਰਿੰਦਰ ਸਿੰਘ ਸਰਪੰਚ, ਦੀਦਾਰ ਸਿੰਘ, ਪ੍ਰੋ. ਸੁਰਿੰਦਰਪਾਲ ਸਿੰਘ, ਬਲਜੀਤ ਸਿੰਘ, ਜਸਦੇਵ ਸਿੰਘ ਕੈਲੀਫੋਰਨੀਆਂ, ਇੰਦਰਪਾਲ ਸਿੰਘ, ਸੁਖਦੇਵ ਸਿੰਘ ਸਿਆਟਲ, ਜਰਨੈਲ ਸਿੰਘ ਖਾਲਸਾ, ਲਖਵੀਰ ਸਿੰਘ ਲਾਡੀ, ਲਾਲ ਸਿੰਘ, ਨਵਜੋਤ ਸਿੰਘ, ਵਰਿੰਦਰ ਸਿੰਘ, ਚਰਨਜੀਤ ਸਿੰਘ ਸਮਰਾ ਅਤੇ ਸੁਖਵੀਰ ਸਿੰਘ ਨਿਊ ਯਾਰਕ ਵਲੋਂ ਜਾਰੀ ਇਸ ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬ ਦਾ ਨੌਜਵਾਨ ਨਸ਼ਿਆਂ ਵਿਚ ਡੁੱਬ ਕੇ ਇਨਸਾਨੀ ਕਦਰਾਂ-ਕੀਮਤਾਂ ਤੋਂ ਦੂਰ ਜਾ ਰਿਹਾ ਹੈ ਜੋ ਕੌਮੀ ਭਵਿਖ ਲਈ ਖਤਰੇ ਦੀ ਘੰਟੀ ਹੈ, ਉਨ੍ਹਾਂ ਲਈ ਤਾਂ ਇਸ ਅਖੌਤੀ ਪੰਥਕ ਸਰਕਾਰ ਨੇ ਕੋਈ ਨਸ਼ਾ ਛੁਡਾਉਣ ਦੀ ਮੁਹਿੰਮ ਨਹੀਂ ਚਲਾਈ ਪਰ ਆਵਾਰਾ ਗਊਆਂ ਲਈ ਗਰਾਂਟਾਂ ਦੇ ਗੱਫੇ ਵੰਡੇ ਜਾ ਰਹੇ ਹਨ। ਇਸਦਾ ਸਿੱਧਾ ਮਤਲਬ ਹੈ ਕਿ ਹਿੰਦੂ ਵੋਟਾਂ ਲੈਣ ਖਾਤਰ ਬਾਦਲ ਸਰਕਾਰ ਨੂੰ ਸਿੱਖ ਕੌਮ ਦੇ ਕੁਰਾਹੇ ਪਏ ਬੱਚਿਆਂ ਨਾਲੋਂ ਆਵਾਰਾ ਗਊਆਂ ਦਾ ਜਿਆਦਾ ਫਿਕਰ ਹੈ।

ਉਨ੍ਹਾਂ ਅਫਸੋਸ ਜਾਹਿਰ ਕੀਤਾ ਕਿ ਹਾਲ ਹੀ ਦੇ ਇਕ ਸਰਵੇਖਣ ਦੌਰਾਨ ਅੰਮ੍ਰਿਤਸਰ ਜਿਲੇ ਨੂੰ ਪੂਰੇ ਭਾਰਤ 'ਚੋਂ ਏਡਜ਼ ਤੋਂ ਸਭ ਤੋਂ ਵੱਧ ਪੀੜਤ ਕਰਾਰ ਦਿੱਤਾ ਗਿਆ ਹੈ ਜੋ ਵਿਸ਼ਵ ਭਾਈਚਾਰੇ ਵਿਚ ਸਿੱਖਾਂ 'ਤੇ ਬਹੁਤ ਵੱਡਾ ਕਲੰਕ ਹੈ, ਉਸ ਦੀ ਵੀ ਇਸ ਸਰਕਾਰ ਨੂੰ ਕੋਈ ਚਿੰਤਾ ਨਹੀਂ।

ਇਨ੍ਹਾਂ ਸਿੱਖ ਆਗੂਆਂ ਨੇ ਕਿਹਾ ਹੈ ਕਿ ਜੇਕਰ ਖਾਲਸਾ ਪੰਥ ਨੂੰ ਬਚਾਉਣਾ ਹੈ ਤਾਂ ਸਭ ਨੂੰ ਇਕੱਠਿਆਂ ਹੋ ਕੇ "ਬਾਦਲ ਭਜਾਓ-ਪੰਥ ਬਚਾਓ" ਦਾ ਨਾਅਰਾ ਬੁਲੰਦ ਕਰਨਾ ਪਵੇਗਾ।

## ਦੁਪਾਲਪੁਰ ਵਲੋਂ ਅਮੈਰਿਕਨ ਗੁਰਦੁਆਰਾ ਕੌਂਸਲ ਤੋਂ ਅਸਤੀਫਾ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਅਮੈਰਿਕਨ ਗੁਰਦੁਆਰਾ ਕੌਂਸਲ ਦੇ ਪ੍ਰੈਸ ਸਕੱਤਰ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਜਥੇਬੰਦੀ ਤੋਂ ਅਸਤੀਫਾ ਦੇ ਦਿੱਤਾ ਹੈ।

ਪੰਜਾਬ ਟਾਈਮਜ਼ ਨੂੰ ਭੇਜੇ ਬਿਆਨ ਵਿਚ ਉਨ੍ਹਾਂ ਕਿਹਾ ਹੈ ਕਿ ਜਿਸ ਤਰੀਕੇ ਨਾਲ ਜਥੇਬੰਦੀ ਦੇ ਕੁਝ ਅਹੁਦੇਦਾਰਾਂ ਵਲੋਂ ਆਪਹੁਦਰੇ ਤਰੀਕੇ ਨਾਲ ਕੁਝ ਪੰਥਕ ਮਾਮਲਿਆਂ 'ਤੇ ਅਖਬਾਰਾਂ ਲਈ ਬਿਆਨ ਜਾਰੀ ਕੀਤੇ ਗਏ ਹਨ ਉਸ ਨਾਲ ਉਹ ਬਿਲਕੁਲ ਵੀ ਸਹਿਮਤ ਨਹੀਂ ਹਨ। ਇਸ ਲਈ ਉਨ੍ਹਾਂ ਪਾਸ ਜਥੇਬੰਦੀ ਤੋਂ ਅਸਤੀਫਾ ਦੇਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਿਆ।

ਬਿਆਨ ਵਿਚ ਉਨ੍ਹਾਂ ਕਿਹਾ ਹੈ ਕਿ ਪ੍ਰੋ. ਦਰਸ਼ਨ ਸਿੰਘ ਦੇ ਮਾਮਲੇ 'ਤੇ ਜੋ ਬਿਆਨ ਕੌਂਸਲ ਵਲੋਂ ਜਾਰੀ ਕੀਤਾ ਗਿਆ ਹੈ, ਉਸ ਵਿਚ ਵਰਤੀ ਗਈ ਸ਼ਬਦਾਵਲੀ ਗੈਰਜ਼ਿੰਮੇਵਾਰਾਨਾ ਹੈ। ਉਹ ਸਮੁੱਚੀ ਜਥੇਬੰਦੀ ਦੇ ਵਿਚਾਰ ਨਹੀਂ ਹਨ।

# ਅਨਾਜ ਦਾ ਸੰਕਟ ਪਰ ਪੰਜਾਬ 'ਚ ਰੱਖਣ ਲਈ ਥਾਂ ਨਹੀਂ

**ਚੰਡੀਗੜ੍ਹ:** ਕੇਂਦਰ ਸਰਕਾਰ ਦੇ ਅਧਿਕਾਰੀਆਂ ਦੀ ਬੇਰੁਖ਼ੀ ਕਾਰਨ ਪੰਜਾਬ ਦੀਆਂ ਅਨਾਜ ਖ਼ਰੀਦਣ ਵਾਲੀਆਂ ਏਜੰਸੀਆਂ ਗੰਭੀਰ ਸੰਕਟ ਵਿਚ ਫਸ ਗਈਆਂ ਹਨ। ਇਕ ਪਾਸੇ ਦੇਸ਼ ਵਿਚ ਅਨਾਜ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਜਨਤਾ ਵਿਚ ਹਾਹਾਕਾਰ ਮਚੀ ਹੋਈ ਹੈ ਪਰ ਦੂਜੇ ਪਾਸੇ ਕੇਂਦਰ ਸਰਕਾਰ ਅਜੇ ਵੀ ਪੰਜਾਬ ਵਿਚੋਂ ਕਣਕ ਅਤੇ ਚੌਲਾਂ ਦੇ ਭੰਡਾਰ ਚੁੱਕਣ ਲਈ ਤਿਆਰ ਨਹੀਂ। ਪੰਜਾਬ ਦੇ ਖ਼ੁਰਾਕ ਅਤੇ ਸਪਲਾਈ ਮਹਿਕਮੇ ਤੋਂ ਮਿਲੀ ਜਾਣਕਾਰੀ ਅਨੁਸਾਰ ਪਿਛਲੇ ਸਾਲ ਅਪ੍ਰੈਲ ਅਤੇ ਮਈ ਮਹੀਨੇ ਵਿਚ ਕੇਂਦਰੀ ਭੰਡਾਰ ਲਈ ਖ਼ਰੀਦੀ ਗਈ 110 ਲੱਖ ਟਨ ਕਣਕ ਵਿਚੋਂ ਸਿਰਫ਼ 30 ਲੱਖ ਟਨ ਕਣਕ ਹੀ ਚੁਕੀ ਗਈ ਅਤੇ ਅਜੇ ਵੀ 80 ਲੱਖ ਟਨ ਕਣਕ ਦੇ ਭੰਡਾਰ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਖੁਲ੍ਹੇ ਆਸਮਾਨ ਹੇਠ ਪਏ ਹਨ ਜਿਹੜੇ ਲਗਾਤਾਰ ਖ਼ਰਾਬ ਹੋ ਰਹੇ ਹਨ। ਡੇਢ ਮਹੀਨੇ ਬਾਅਦ ਪੰਜਾਬ ਦੀਆਂ ਮੰਡੀਆਂ ਵਿਚ ਨਵੀਂ ਕਣਕ ਦੀ ਆਮਦ ਸ਼ੁਰੂ ਹੋ ਜਾਵੇਗੀ। ਇਸ ਸਾਲ ਵੀ 110 ਲੱਖ ਟਨ ਕਣਕ ਕੇਂਦਰੀ ਭੰਡਾਰ ਲਈ ਖ਼ਰੀਦੇ ਜਾਣ ਦੀ ਸੰਭਾਵਨਾ ਹੈ। ਖੇਤੀ ਮਹਿਕਮੇ ਤੋਂ ਮਿਲੀ ਸੂਚਨਾ ਅਨੁਸਾਰ ਇਸ ਸਾਲ 32 ਲੱਖ ਹੈਕਟੇਅਰ ਰਕਬੇ ਤੋਂ ਵਧ ਵਿਚ ਕਣਕ ਦੀ ਬਿਜਾਈ ਹੋਈ ਹੈ ਅਤੇ ਉਤਪਾਦਨ 160 ਲੱਖ ਟਨ ਤਕ ਪੁੱਜਣ ਦੀ ਸੰਭਾਵਨਾ ਹੈ। ਖੇਤੀ ਮਾਹਰਾਂ ਦਾ ਮੰਨਣਾ ਹੈ ਕਿ ਇਸ ਸਾਲ ਦਸੰਬਰ ਦੇ ਆਖ਼ਰੀ ਹਫ਼ਤੇ ਤੋਂ ਲੈ ਕੇ ਫਰਵਰੀ ਦੇ ਪਹਿਲੇ ਹਫ਼ਤੇ ਤਕ ਮੌਸਮ ਬਹੁਤ ਠੰਢਾ ਰਿਹਾ ਹੈ ਜੋ ਕਣਕ ਦੀ ਫ਼ਸਲ ਲਈ ਬਹੁਤ ਢੁਕਵਾਂ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇ ਇਕ ਬਾਰਸ਼ ਹੋ ਗਈ ਤਾਂ ਕਣਕ ਦੀ ਫ਼ਸਲ ਹੋਰ ਵੀ ਵਧੀਆ ਹੋਣ ਦੀ ਸੰਭਾਵਨਾ ਹੈ। ਪੰਜਾਬ ਦੇ ਖ਼ੁਰਾਕ ਅਤੇ ਸਪਲਾਈ ਮਹਿਕਮੇ ਦੇ ਅਧਿਕਾਰੀ ਬੇਹੱਦ ਚਿੰਤਤ ਹਨ ਕਿ ਪਿਛਲੇ ਸਾਲ ਦੀ ਖ਼ਰੀਦੀ ਗਈ ਕਣਕ ਵਿਚੋਂ 80 ਲੱਖ ਟਨ ਕਣਕ ਦੇ ਭੰਡਾਰ ਅਜੇ ਵੀ ਪਏ ਹਨ ਅਤੇ 110 ਲੱਖ ਟਨ ਹੋਰ ਅਪ੍ਰੈਲ ਮਹੀਨੇ ਵਿਚ ਖ਼ਰੀਦੀ ਜਾਵੇਗੀ। ਕਣਕ ਦੇ ਏਨੇ ਭੰਡਾਰਾਂ ਨੂੰ ਕਿਥੇ ਰਖਿਆ ਜਾਵੇਗਾ? ਉਨ੍ਹਾਂ ਦਾ ਕਹਿਣਾ ਹੈ ਕਿ ਪਿਛਲੇ ਸਾਲ ਖ਼ਰੀਦੀ ਗਈ ਕਣਕ ਦਾ ਵੱਡਾ ਹਿੱਸਾ ਪੰਜਾਬ ਦੀਆਂ ਅਨਾਜ ਮੰਡੀਆਂ ਦੇ ਫੜ੍ਹਾਂ ਵਿਚ ਲਗਾਇਆ ਗਿਆ ਸੀ ਕਿਉਂਕਿ ਕੋਈ ਵੀ ਕਿਸਾਨ ਅਪਣੇ ਖੇਤਾਂ ਵਿਚ ਹੁਣ ਖੁਲ੍ਹੇ ਗੋਦਾਮ ਬਨਾਉਣ ਲਈ ਤਿਆਰ ਨਹੀਂ। ਉਹ ਇਸ ਗੱਲੋਂ ਵੀ ਚਿੰਤਤ ਹਨ ਕਿ ਖੁਲ੍ਹੇ ਆਸਮਾਨ ਹੇਠ ਕਣਕ ਰਖਣ ਲਈ ਵੀ ਥਾਂ ਉਪਲਬਧ ਨਹੀਂ। ਇਥੇ ਹੀ ਬਸ ਨਹੀਂ ਪਿਛਲੇ ਸਾਲ ਪੰਜਾਬ ਵਿਚੋਂ ਅਕਤੂਬਰ-ਨਵੰਬਰ ਮਹੀਨੇ 141 ਲੱਖ ਟਨ ਖ਼ਰੀਦੇ ਗਏ ਝੋਨੇ ਵਿਚੋਂ ਸਿਰਫ਼ 30 ਲੱਖ ਟਨ ਝੋਨੇ ਦਾ ਹੀ ਚੌਲ ਬਣਾਇਆ ਜਾ ਸਕਿਆ ਹੈ ਅਤੇ ਚੌਲ ਮਿਲਾਂ ਦੇ ਅਹਾਤਿਆਂ ਵਿਚ ਅੱਜ ਵੀ 110 ਲੱਖ ਟਨ ਝੋਨਾ ਪਿਆ ਹੈ। ਇਸ ਵਿਚੋਂ 40 ਲੱਖ ਟਨ ਝੋਨਾ ਪੀ.ਏ.ਯੂ. 201 ਕਿਸਮ ਦਾ ਹੈ ਜਿਸ ਵਿਚੋਂ ਚੌਲ ਬਨਾਉਣ ਲਈ ਮਿਲਾਂ ਤਿਆਰ ਨਹੀਂ ਕਿਉਂਕਿ ਭਾਰਤੀ ਖ਼ੁਰਾਕ ਨਿਗਮ ਇਸ ਚੌਲ ਨੂੰ ਸਹੀ ਮਿਆਰ ਦਾ ਨਾ ਹੋਣ ਕਾਰਨ ਲੈਣ ਤੋਂ ਇਨਕਾਰੀ ਹੈ। ਇਸ 40 ਲੱਖ ਟਨ ਝੋਨੇ ਦੀ ਕੀਮਤ ਲਗਭਗ 4 ਹਜ਼ਾਰ ਕਰੋੜ ਰੁਪਏ ਬਣਦੀ ਹੈ।

ਪੰਜਾਬ ਦੀਆਂ ਅਨਾਜ ਖ਼ਰੀਦ ਏਜੰਸੀਆਂ ਵੀ ਸੰਕਟ ਵਿਚ ਫਸ ਗਈਆਂ ਹਨ। ਪੰਜਾਬ ਸਰਕਾਰ ਦੇ ਗੰਭੀਰ ਯਤਨਾਂ ਦੇ ਬਾਵਜੂਦ ਅਜੇ ਤਕ ਮਸਲੇ ਦਾ ਕੋਈ ਹੱਲ ਨਹੀਂ ਨਿਕਲ ਸਕਿਆ। ਖੁਲ੍ਹੇ ਆਸਮਾਨ ਹੇਠ ਪਿਆ ਝੋਨਾ ਖ਼ਰਾਬ ਹੋ ਰਿਹਾ ਹੈ ਅਤੇ ਮਿਲ ਮਾਲਕ ਏਜੰਸੀਆਂ ਨੂੰ ਕਹਿ ਰਹੇ ਹਨ ਕਿ ਅਪਨਾ ਝੋਨਾ ਮਿਲਾਂ ਦੇ ਅਹਾਤਿਆਂ ਵਿਚੋਂ ਚੁੱਕ ਲਿਆ ਜਾਵੇ। ਜੇ ਛੇਤੀ ਇਸ ਮਸਲੇ ਦਾ ਹੱਲ ਨਾ ਨਿਕਲਿਆ ਤਾਂ ਕਣਕ ਦੀ ਆਉਣ ਵਾਲੀ ਫ਼ਸਲ ਨੂੰ ਸੰਭਾਲਣਾ ਪੰਜਾਬ ਸਰਕਾਰ ਲਈ ਹੋਰ ਵੀ ਗੰਭੀਰ ਮੁਸ਼ਕਲਾਂ ਪੈਦਾ ਕਰੇਗਾ।

## ਰੂਸ ਨੇ ਦਿੱਤੀ ਪਰਮਾਣੂ ਹਮਲੇ ਦੀ ਧਮਕੀ

**ਮਾਸਕੋ:** ਰੂਸ ਨੇ ਪਰਮਾਣੂ ਹਮਲੇ ਕਰਨ ਦੇ ਆਪਣੀ ਨਿਯਮਾਂ ਨੂੰ ਹੋਰ ਅਸਾਨ ਬਣਾਇਆ ਹੈ। ਨਵੇਂ ਸੈਨਾ ਸਿਧਾਂਤ ਵਿਚ ਕਿਹਾ ਗਿਆ ਹੈ ਕਿ ਪਰਮਾਣੂ ਜਾਂ ਵਿਆਪਕ ਵਿਨਾਸ਼ ਵਾਲੇ ਹੋਰ ਹਥਿਆਰਾਂ ਦੇ ਇਲਾਵਾ ਉਸਦੇ ਅਸਿੱਤਵ ਨੂੰ ਮੁਸ਼ਕਿਲ ਵਿਚ ਪਾਉਣ ਵਾਲੇ ਪ੍ਰੰਪਰਾਗਤ ਹਥਿਆਰਾਂ ਦੇ ਖਿਲਾਫ ਵੀ ਉਹ ਪਰਮਾਣੂ ਅਸਤਰਾਂ ਦਾ ਇਸਤੇਮਾਲ ਕਰੇਗਾ। ਰੂਸ ਦੇ ਰਾਸ਼ਟਰਪਤੀ ਦਿਮਿਤਰੀ ਮੇਦਵੇਦੇਵ ਨੇ ਇਸ ਸੰਬੰਧ ਵਿਚ ਇਕ ਨਵਾਂ ਸੈਨਾ ਸਿਧਾਂਤ ਤੇ ਦਸਤਖਤ ਕੀਤੇ ਹਨ ਜਿਸ ਵਿਚ ਨਿਰੋਧਕ ਪਰਮਾਣੂ ਹਮਲਾ ਕਰਨ ਦੀ ਆਗਿਆ ਦਿੱਤੀ ਗਈ ਹੈ। ਇਸਨੂੰ ਚੀਨ ਤੇ ਨਾਟੋ ਦੇਸ਼ਾਂ ਦੇ ਲਈ ਪਰੋਕਸ਼ ਚਿਤਾਵਨੀ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ।

ਰਾਸ਼ਟਰਪਤੀ ਦੀ ਪ੍ਰਵਕਤਾ ਦੇ ਮੁਤਾਬਿਕ ਮੇਦਵੇਦੇਵ ਨੇ ਰੂਸ ਦੀ ਸੁਰਖਿਆ ਪਰਿਸ਼ਦ ਦੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਹੈ ਕਿ ਉਨ੍ਹਾਂ ਨੇ ਸੈਨਾ ਸਿਧਾਂਤ ਅਤੇ 2020 ਤਕ ਦੇ ਲਈ ਪਰਮਾਣੂ ਨਿਰੋਧਕ ਨੀਤੀ ਨਾਮਕ ਦੋ ਦਸਤਾਵੇਜਾਂ ਤੇ ਦਸਤਖਤ ਕੀਤੇ ਹਨ। ਵਿਦੇਸ਼ੀ ਰਾਜਨਾਇਕਾਂ ਨੇ ਇਸ ਨੂੰ ਚੀਨ ਦੇ ਲਈ ਪਰੋਕਸ਼ ਚਿਤਾਵਨੀ ਦੱਸਿਆ ਹੈ।

*ਆਂਧਰਾ ਸਰਕਾਰ ਨੂੰ ਝਟਕਾ*

# ਮੁਸਲਿਮ ਭਾਈਚਾਰੇ ਨੂੰ ਰਾਖਵਾਂਕਰਨ ਦੇਣ ਸਬੰਧੀ ਬਿੱਲ ਨਾ-ਮਨਜ਼ੂਰ


**ਹੈਦਰਾਬਾਦ:** ਆਂਧਰਾ ਪ੍ਰਦੇਸ਼ ਦੀ ਕਾਂਗਰਸ ਸਰਕਾਰ ਵਲੋਂ ਮੁਸਲਿਮ ਭਾਈਚਾਰੇ ਨੂੰ ਵੋਟ ਬੈਂਕ ਵਜੋਂ ਆਪਣੇ ਨਾਲ ਲਗਾਉਣ ਦੀਆਂ ਕੋਸ਼ਿਸ਼ਾਂ ਉਸ ਸਮੇਂ ਧਰੀਆਂ-ਧਰਾਈਆਂ ਰਹਿ ਗਈਆਂ, ਜਦੋਂ ਆਂਧਰਾ ਹਾਈਕੋਰਟ ਨੇ ਇਸ ਸਬੰਧੀ ਸੂਬਾ ਸਰਕਾਰ ਦੇ ਇੱਕ ਫੈਸਲੇ ਨੂੰ 'ਨਾ ਜਾਰੀ ਰਹਿਣ ਯੋਗ' ਦੱਸਦਿਆਂ ਨਾ-ਮਨਜ਼ੂਰ ਕਰ ਦਿੱਤਾ।

ਜ਼ਿਕਰਯੋਗ ਹੈ ਕਿ 23 ਜੁਲਾਈ, 2007 ਨੂੰ ਪਾਸ ਕੀਤੇ ਗਏ ਇੱਕ ਬਿੱਲ ਨੂੰ ਆਧਾਰ ਬਣਾਉਂਦਿਆਂ ਕਾਂਗਰਸ ਸਰਕਾਰ ਨੇ ਸੂਬੇ 'ਚ ਚੱਲਦੀਆਂ ਸਿੱਖਿਆ ਸੰਸਥਾਵਾਂ ਅਤੇ ਸਰਕਾਰੀ ਨੌਕਰੀਆਂ 'ਚ ਮੁਸਲਿਮ ਭਾਈਚਾਰੇ ਦੇ ਨਾਲ ਸਬੰਧ ਰੱਖਦੇ 15 ਪਛੜੇ ਗਰੁੱਪਾਂ ਨੂੰ 4 ਫੀਸਦੀ ਰਾਖਵਾਂਕਰਨ ਦੇਣ ਦਾ ਐਲਾਨ ਕੀਤਾ ਸੀ। ਸਰਕਾਰ ਦਾ ਇਹ ਐਲਾਨ ਜਨਤਕ ਹੋਣ ਤੋਂ ਬਾਅਦ ਹੀ ਵਿਵਾਦਾਂ 'ਚ ਘਿਰ ਗਿਆ ਸੀ ਤੇ ਇਸ ਦੌਰਾਨ ਇਸ ਫੈਸਲੇ ਦਾ ਵਿਰੋਧ ਕਰਦਿਆਂ ਕਈ ਅਰਜ਼ੀਆਂ ਅਦਾਲਤ 'ਚ ਦਾਖਲ ਕੀਤੀਆਂ ਗਈਆਂ ਸਨ। ਇਨ੍ਹਾਂ ਅਰਜ਼ੀਆਂ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਜਦੋਂ ਪਛੜੀਆਂ ਜਾਤੀਆਂ ਸਬੰਧੀ ਭਾਈਚਾਰੇ ਦੀਆਂ ਸਿਫਾਰਸ਼ਾਂ ਹੀ ਜਾਰੀ ਰਹਿਣ ਯੋਗ ਨਹੀਂ ਤਾਂ ਇਸ ਕਾਨੂੰਨ ਨੂੰ ਕਿਵੇਂ ਜਾਇਜ਼ ਠਹਿਰਾਇਆ ਜਾ ਸਕਦਾ ਹੈ। ਸੁਣਵਾਈ ਦੌਰਾਨ ਬੈਂਚ ਨੇ ਇਸ ਮਾਮਲੇ 'ਚ ਸੂਬਾ ਸਰਕਾਰ ਦੀ ਨੀਅਤ 'ਤੇ ਵੀ ਸ਼ੱਕ ਜ਼ਾਹਰ ਕੀਤਾ। ਮਾਮਲੇ ਦੀ ਸੁਣਵਾਈ ਕਰ ਰਹੇ 7 ਮੈਂਬਰੀ ਬੈਂਚ ਵਿਚੋਂ 5 ਮੈਂਬਰਾਂ ਨੇ ਸਰਕਾਰ ਦੇ ਫੈਸਲੇ ਦਾ ਵਿਰੋਧ ਕੀਤਾ, ਜਦਕਿ ਦੋ ਮੈਂਬਰਾਂ ਨੇ ਇਸ ਫੈਸਲੇ ਨਾਲ ਸਹਿਮਤੀ ਪ੍ਰਗਟਾਈ। ਅੱਗੇ ਤੋਂ ਅਜਿਹਾ ਫੈਸਲਾ ਨਾ ਲੈਣ ਸਬੰਧੀ ਹਦਾਇਤ ਦਿੰਦਿਆਂ ਹਾਈਕੋਰਟ ਨੇ ਸਪਸ਼ਟ ਕੀਤਾ ਕਿ ਜੋ ਵਿਦਿਆਰਥੀ ਇਸ ਕਾਨੂੰਨ ਮੁਤਾਬਕ ਦਾਖਲਾ ਲੈ ਚੁੱਕੇ ਹਨ, ਉਹ ਇਸ ਫੈਸਲੇ ਨਾਲ ਪ੍ਰਭਾਵਿਤ ਨਹੀਂ ਹੋਣਗੇ।ਦੱਸਣਾ ਬਣਦਾ ਹੈ ਕਿ ਪਿਛਲੀ ਕਾਂਗਰਸ ਸਰਕਾਰ ਵਲੋਂ ਚੋਣਾਂ ਦੌਰਾਨ ਮੁਸਲਿਮ ਭਾਈਚਾਰੇ ਦੇ ਕੁਝ ਵਿਸ਼ੇਸ਼ ਗਰੁੱਪਾਂ ਨੂੰ ਰਾਖਵਾਂਕਰਨ ਦੇਣ ਦਾ ਐਲਾਨ ਕੀਤਾ ਗਿਆ ਸੀ। ਇਸ ਐਲਾਨ ਨੂੰ ਸਿਰੇ ਚਾੜ੍ਹਨ ਲਈ ਸਾਬਕਾ ਮੁੱਖ ਮੰਤਰੀ ਵਾਈ ਐਸ ਰੈਡੀ ਵਲੋਂ ਵੀ ਦੋ ਵਾਰ ਯਤਨ ਕੀਤਾ ਗਿਆ, ਪਰ ਹਰ ਵਾਰ ਅਦਾਲਤ ਨੇ ਇਸ ਫੈਸਲੇ 'ਤੇ ਰੋਕ ਲਗਾ ਦਿੱਤੀ। ਸ਼ੁਰੂਆਤ 'ਚ ਇਸ ਮਾਮਲੇ ਦੀ ਸੁਣਵਾਈ ਪੰਜ ਮੈਂਬਰੀ ਬੈਂਚ ਕਰ ਰਿਹਾ ਸੀ, ਪਰ ਬਾਅਦ 'ਚ ਮਾਮਲੇ ਦੀ ਗੰਭੀਰਤਾ ਦੇ ਮੱਦੇਨਜ਼ਰ ਇਹ ਮਾਮਲਾ ਸੱਤ ਮੈਂਬਰੀ ਬੈਂਚ ਨੂੰ ਸੌਂਪ ਦਿੱਤਾ ਗਿਆ।

ਸੱਤ ਮੈਂਬਰੀ ਬੈਂਚ ਵਲੋਂ ਸਰਕਾਰ ਦੇ ਇਸ ਫੈਸਲੇ 'ਤੇ ਰੋਕ ਨਾ ਲਗਾਉਣ ਉਪਰੰਤ ਅਰਜ਼ੀਕਾਰਾਂ ਨੇ ਸੁਪਰੀਮ ਕੋਰਟ ਵਲ ਰੁਖ਼ ਕਰ ਲਿਆ। ਭਾਵੇਂ ਸੁਪਰੀਮ ਕੋਰਟ ਨੇ ਇਹ ਮਾਮਲਾ ਹੱਥ 'ਚ ਲੈਣ ਤੋਂ ਇਨਕਾਰ ਕਰ ਦਿੱਤਾ, ਪਰ ਐਨਾ ਜ਼ਰੂਰ ਕਿਹਾ ਕਿ ਹਾਈਕੋਰਟ ਮਾਮਲੇ ਦੀ ਸੁਣਵਾਈ ਜਲਦ ਪੂਰੀ ਕਰੇ। ਸੁਪਰੀਮ ਕੋਰਟ ਦੇ ਨਿਰਦੇਸ਼ ਉਪਰੰਤ ਹਾਈਕੋਰਟ ਨੇ ਮਾਮਲੇ ਦੀ ਸੁਣਵਾਈ 'ਚ ਤੇਜ਼ੀ ਲਿਆਉਂਦਿਆਂ ਇੱਕ ਸਾਲ ਦੇ ਅੰਦਰ-ਅੰਦਰ ਇਹ ਫੈਸਲਾ ਸੁਣਾਇਆ ਹੈ।

# ਸਿੱਖ ਵਿਰੋਧੀ ਦੰਗਿਆਂ ਦੀ ਸੁਣਵਾਈ ਜਲਦੀ ਪੂਰੀ ਕਰਨ ਦੇ ਹੁਕਮ

**ਨਵੀਂ ਦਿੱਲੀ :** 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਦਿੱਲੀ ਹਾਈ ਕੋਰਟ ਵਲੋਂ ਕੀਤੀ ਗਈ ਤਲਖ਼ੀ ਭਰੀ ਟਿੱਪਣੀ ਤੋਂ ਬਾਅਦ ਹਰਕਤ ਵਿਚ ਆਉਂਦਿਆਂ ਸੀ ਬੀ ਆਈ ਅਤੇ ਦਿੱਲੀ ਪੁਲਿਸ ਨੇ ਬੀਤੀ 8 ਫਰਵਰੀ ਨੂੰ ਅਦਾਲਤ ਦੇ ਸਾਹਮਣੇ ਵਿਸ਼ੇਸ਼ ਸਰਕਾਰੀ ਵਕੀਲ (ਐਸ ਪੀ ਪੀ) ਨਿਯੁਕਤ ਕਰਨ 'ਤੇ ਸਹਿਮਤੀ ਪ੍ਰਗਟ ਕੀਤੀ ਹੈ। ਦਿੱਲੀ ਹਾਈਕੋਰਟ ਨੇ ਹੇਠਲੀ ਅਦਾਲਤ ਨੂੰ ਇਸ ਮਾਮਲੇ ਦੀ ਸੁਣਵਾਈ 6 ਮਹੀਨਿਆਂ ਦੇ ਅੰਦਰ-ਅੰਦਰ ਪੂਰੀ ਕਰਨ ਦਾ ਹੁਕਮ ਦਿੱਤਾ ਹੈ। ਜਾਂਚ ਏਜੰਸੀ ਨੇ ਅਦਾਲਤ ਨੂੰ ਸੂਚਿਤ ਕੀਤਾ ਕਿ ਸੀਨੀਅਰ ਵਕੀਲਾਂ ਨੂੰ ਇਨ੍ਹਾਂ ਮਾਮਲਿਆਂ ਦੀ ਨਿਗਰਾਨੀ ਲਈ ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਏਜੰਸੀਆਂ ਵਲੋਂ ਇਹ ਪ੍ਰਤੀਕਿਰਿਆ ਉਸ ਸਮੇਂ ਸਾਹਮਣੇ ਆਈ, ਜਦੋਂ ਦਿੱਲੀ ਹਾਈਕੋਰਟ ਨੇ ਇਨ੍ਹਾਂ ਮਾਮਲਿਆਂ ਨਾਲ ਅਸੰਵੇਦਨਾਸ਼ੀਲਤਾ ਵਰਤਣ ਲਈ ਇਨ੍ਹਾਂ ਦੀ ਖਿਚਾਈ ਕੀਤੀ ਸੀ ਅਤੇ ਸੀ ਬੀ ਆਈ ਦੇ ਡਾਇਰੈਕਟਰ ਨੂੰ ਗੁਜਰਾਤ ਦੰਗਿਆਂ ਦੀ ਤਰਜ਼ 'ਤੇ ਇਕ ਸੀਨੀਅਰ ਵਕੀਲ ਨੂੰ ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕਰਨ ਲਈ ਕਿਹਾ ਸੀ। ਸੀ ਬੀ ਆਈ ਵਲੋਂ ਪੇਸ਼ ਹੋਏ ਵਕੀਲ ਵਿਕਾਸ ਪਾਹੜਾ ਨੇ ਹਾਈਕੋਰਟ ਨੂੰ ਸੂਚਿਤ ਕੀਤਾ ਕਿ ਸੀਨੀਅਰ



ਵਕੀਲ ਆਰ ਐਸ ਚੀਮਾ ਅਤੇ ਵਾਈ ਕੇ ਸਕਸੈਨਾ ਨੂੰ ਹੇਠਲੀ ਅਦਾਲਤ 'ਚ ਇਨ੍ਹਾਂ ਮਾਮਲਿਆਂ ਦੀ ਨਿਗਰਾਨੀ ਲਈ ਨਿਯੁਕਤ ਕੀਤਾ ਗਿਆ ਹੈ, ਜਦਕਿ ਵਾਧੂ ਸੋਲਿਸਟਰ ਜਨਰਲ ਏ ਐਸ ਚੰਡੋਕ ਹਾਈਕੋਰਟ ਵਿਚ '84 ਦੇ ਦੰਗਿਆਂ ਦੇ ਮਾਮਲਿਆਂ ਦੀ ਦੇਖ-ਰੇਖ ਕਰਨਗੇ। ਸੀ ਬੀ ਆਈ ਵਲੋਂ ਪੇਸ਼ ਵਕੀਲ ਨੇ ਕਿਹਾ ਕਿ ਸੀਨੀਅਰ ਵਕੀਲ ਬੀ ਐਸ ਜੂਨ ਹੇਠਲੀ ਅਦਾਲਤ ਵਿਚ '84 ਦੇ ਦੰਗਿਆਂ ਦੇ ਮਾਮਲਿਆਂ ਨੂੰ ਦੇਖਣਗੇ, ਜਦਕਿ ਸੀਨੀਅਰ ਵਕੀਲ ਐਚ ਜੇ ਐਸ ਆਹਲੂਵਾਲੀਆ ਹਾਈਕੋਰਟ ਵਿਚ ਲਟਕ ਰਹੇ ਮਾਮਲਿਆਂ ਦੀ ਦੇਖ-ਰੇਖ ਕਰਨਗੇ। ਦੱਸਣਾ ਬਣਦਾ ਹੈ ਕਿ ਗੁਜਰਾਤ ਕਾਨੂੰਨ ਵਿਭਾਗ ਨੇ ਪਿਛਲੇ ਸਾਲ ਗੁਜਰਾਤ ਦੰਗਿਆਂ ਨਾਲ ਜੁੜੇ 7 ਮਾਮਲਿਆਂ ਦੀ ਨਿਗਰਾਨੀ ਲਈ ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕੀਤਾ ਸੀ। ਇਸ ਤੋਂ ਪਹਿਲਾਂ ਹਾਈਕੋਰਟ ਨੇ ਕਿਹਾ ਸੀ ਕਿ ਜਾਂਚ ਏਜੰਸੀਆਂ ਇਨ੍ਹਾਂ ਮਾਮਲਿਆਂ ਨੂੰ ਰੋਜ਼ਾਨਾ ਮਾਮਲਿਆਂ ਦੀ ਤਰ੍ਹਾਂ ਵੇਖ ਰਹੀਆਂ ਹਨ। ਅਦਾਲਤ ਨੇ ਇਹ ਗੱਲ '84 ਦੇ ਦੰਗਾ ਪੀੜਤਾਂ ਨੂੰ ਨਿਆਂ ਦੇਣ ਲਈ ਬਣਾਈ ਇਕ ਕਮੇਟੀ ਵਲੋਂ ਦਾਇਰ ਜਨਹਿੱਤ ਅਰਜ਼ੀ ਦੀ ਸੁਣਵਾਈ ਦੌਰਾਨ ਕਹੀ ਸੀ, ਜਿਸ ਵਿਚ ਵਿਸ਼ੇਸ਼ ਕਾਨੂੰਨੀ ਵਕੀਲ ਨਿਯੁਕਤ ਕਰਨ ਦੀ ਮੰਗ ਕੀਤੀ ਗਈ ਸੀ।

'84 ਦੇ ਦੰਗਾ ਪੀੜਤਾਂ ਨੂੰ ਇਨਸਾਫ਼ ਦਿਵਾਉਣ ਵਿਚ ਲਗਾਤਾਰ ਹੋ ਰਹੀ ਦੇਰੀ ਨੂੰ ਗੰਭੀਰਤਾ ਨਾਲ ਲੈਂਦਿਆਂ ਇੱਕ ਇਤਿਹਾਸਕ ਫੈਸਲੇ ਵਿਚ ਹਾਈਕੋਰਟ ਨੇ ਕਿਹਾ ਕਿ ਸੀ ਬੀ ਆਈ ਸਮੇਤ ਹੋਰ ਏਜੰਸੀਆਂ ਇਨ੍ਹਾਂ ਮਾਮਲਿਆਂ ਨੂੰ ਆਮ ਵਾਂਗ ਲੈ ਰਹੀਆਂ ਹਨ। ਹਾਈਕੋਰਟ ਨੇ ਇਹ ਵੀ ਕਿਹਾ ਕਿ ਸੀ ਬੀ ਆਈ ਦੀ ਕਾਰਵਾਈ ਤੋਂ ਲੱਗਦਾ ਹੈ ਕਿ ਜਿਵੇਂ ਉਸ ਨੂੰ '84 ਦੇ ਦੰਗਾ ਪੀੜਤਾਂ ਨਾਲ ਹੋਈਆਂ ਵਧੀਕੀਆਂ ਦਾ ਭੋਰਾ ਵੀ ਦਰਦ ਨਹੀਂ ਹੈ। ਇਸ ਦੇ ਨਾਲ ਹੀ ਹਾਈਕੋਰਟ ਨੇ ਇਨ੍ਹਾਂ ਮਾਮਲਿਆਂ ਨੂੰ ਕਿਸੇ ਸਿੱਟੇ ਤੱਕ ਪਹੁੰਚਾਉਣ ਲਈ ਸੀ ਬੀ ਆਈ ਨੂੰ ਸੁਝਾਅ ਦਿੱਤਾ ਕਿ ਉਹ ਗੁਜਰਾਤ ਦੰਗਿਆਂ ਦੀ ਤਰਜ਼ 'ਤੇ ਇਨ੍ਹਾਂ ਮਾਮਲਿਆਂ ਦੀ ਜਲਦ ਸੁਣਵਾਈ ਲਈ ਵਿਸ਼ੇਸ਼ ਸਰਕਾਰੀ ਵਕੀਲ ਦੀ ਨਿਯੁਕਤੀ ਕਰੇ। "ਨਵੰਬਰ '84 ਕਾਰਨੇਜ਼ ਜਸਟਿਸ ਕਮੇਟੀ" ਨਾਂ ਦੀ ਇੱਕ ਗੈਰ ਸਰਕਾਰੀ ਜਥੇਬੰਦੀ ਵਲੋਂ ਪਾਈ ਜਨਹਿੱਤ ਅਰਜ਼ੀ ਦੀ ਸੁਣਵਾਈ ਕਰਦਿਆਂ ਹਾਈਕੋਰਟ ਨੇ ਇਹ ਫੈਸਲਾ ਸੁਣਾਇਆ ਹੈ। ਜ਼ਿਕਰਯੋਗ ਹੈ ਕਿ ਇਸ ਜਥੇਬੰਦੀ ਨੇ ਕੁਝ ਦਿਨ ਪਹਿਲਾਂ ਇਨ੍ਹਾਂ ਮਾਮਲਿਆਂ ਦੇ ਜਲਦ ਨਿਪਟਾਰੇ ਲਈ ਸੇਧ ਦੇਣ ਵਾਸਤੇ ਇੱਕ ਸਰਕਾਰੀ ਵਕੀਲ ਦੀ ਨਿਯੁਕਤੀ ਤੋਂ ਇਲਾਵਾ ਮਾਮਲਿਆਂ ਦੀ ਸੁਣਵਾਈ ਦਾ ਨਿਰੀਖਣ ਕਰਨ ਦੀ ਮੰਗ ਕੀਤੀ ਸੀ। ਦਿੱਲੀ ਹਾਈਕੋਰਟ ਦੇ ਚੀਫ਼ ਜਸਟਿਸ ਏ ਪੀ ਸ਼ਾਹ ਦੀ ਅਗਵਾਈ ਵਾਲੇ ਬੈਂਚ ਨੇ ਸੀ ਬੀ ਆਈ ਨੂੰ ਕਿਹਾ, "ਤੁਹਾਨੂੰ ਦੰਗਾ ਪੀੜਤਾਂ ਦੀਆਂ ਭਾਵਨਾਵਾਂ ਦਾ ਸਨਮਾਨ ਕਰਦਿਆਂ ਇਸ ਮਾਮਲੇ ਦੇ ਜਲਦ ਨਿਪਟਾਰੇ ਲਈ ਆਪਣੇ ਡਾਇਰੈਕਟਰ ਨੂੰ ਇਕ ਸੀਨੀਅਰ ਵਕੀਲ ਦੀ ਨਿਯੁਕਤੀ ਲਈ ਕਹਿਣਾ ਚਾਹੀਦਾ ਹੈ। " ਬੈਂਚ ਨੇ ਇਹ ਵੀ ਕਿਹਾ ਕਿ ਇਹ ਇੱਕ ਜਾਇਜ਼ ਮੰਗ ਹੈ, ਜਿਸ ਨੂੰ ਜਲਦ ਤੋਂ ਜਲਦ ਪੂਰਾ ਕਰ ਦੇਣਾ ਚਾਹੀਦਾ ਹੈ।

## ਛੇਵੇਂ ਕਬੱਡੀ ਗੋਲਡ ਕੱਪ ਟੂਰਨਾਮੈਂਟ 'ਤੇ ਮੀਰੀ ਪੀਰੀ ਅਕੈਡਮੀ ਅਮਰੀਕਾ ਦਾ ਕਬਜ਼ਾ


**ਕਪੂਰਥਲਾ:** ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਐਂਡ ਕਲਚਰਲ ਕਲੱਬ (ਰਜਿ.) ਕਪੂਰਥਲਾ ਵਲੋਂ ਗੁਰੂ ਨਾਨਕ ਸਟੇਡੀਅਮ ਵਿਖੇ ਕਰਵਾਇਆ ਗਿਆ 6ਵਾਂ ਕਬੱਡੀ ਗੋਲਡ ਕੱਪ ਮੀਰੀ ਪੀਰੀ ਕਬੱਡੀ ਅਕੈਡਮੀ ਅਮਰੀਕਾ ਨੇ ਦਸ਼ਮੇਸ਼ ਕਬੱਡੀ ਕਲੱਬ ਕਪੂਰਥਲਾ ਨੂੰ ਹਰਾ ਕੇ ਆਪਣੇ ਨਾਮ ਲਗਵਾਇਆ।

ਜੇਤੂ ਟੀਮ ਨੂੰ ਪੈਰਿਸ ਫਰੈਂਡਸ ਸਪੋਰਟਸ ਕਲੱਬ ਫਰਾਂਸ ਵਲੋਂ 2 ਲੱਖ 31 ਹਜ਼ਾਰ ਰੁਪਏ ਦਾ ਪਹਿਲਾ ਇਨਾਮ ਤੇ ਉੱਪ ਜੇਤੂ ਟੀਮ ਨੂੰ ਐਂਡ ਗੋਲਡ ਜਿੰਮ ਜਲੰਧਰ ਵੱਲੋਂ 2 ਲੱਖ 1 ਹਜ਼ਾਰ ਰੁਪਏ ਦਾ ਦੂਸਰਾ ਇਨਾਮ ਦਿੱਤਾ ਗਿਆ। ਜਦਕਿ ਸ਼ਹੀਦ ਬਾਬਾ ਦੀਪ ਸਿੰਘ ਕਲੱਬ ਯੂ.ਕੇ.ਵਲੋਂ ਭਾਗ ਲੈ ਰਹੀਆਂ ਟੀਮਾਂ ਨੂੰ 1 ਲੱਖ 60 ਹਜ਼ਾਰ ਰੁਪਏ ਦਾ ਇਨਾਮ ਦਿੱਤਾ ਗਿਆ। ਟੂਰਨਾਮੈਂਟ ਦਾ ਰਸਮੀ ਉਦਘਾਟਨ ਸਾਬਕਾ ਮੰਤਰੀ ਸ. ਅਮਰਜੀਤ ਸਿੰਘ ਸਮਰਾ ਨੇ ਕੀਤਾ। ਇਨਾਮਾਂ ਦੀ ਵੰਡ ਸਾਬਕਾ ਮੈਂਬਰ ਪਾਰਲੀਮੈਂਟ ਰਾਣਾ ਗੁਰਜੀਤ ਸਿੰਘ, ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ ਤੇ ਸ. ਅਮਰਜੀਤ ਸਿੰਘ ਸਮਰਾ ਨੇ ਕੀਤੀ। ਕਬੱਡੀ ਖਿਡਾਰੀ ਜੋਗਾ ਕਾਲੀਆ ਅਤੇ ਦੀਪ ਨੂੰ ਮੋਟਰਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ। ਚਾਰ ਲੱਖ ਤੋਂ ਵੱਧ ਕੀਮਤ ਦੇ ਇਨਾਮ ਦਰਸ਼ਕਾਂ ਲਈ ਲੱਕੀ ਡਰਾਅ ਰਾਹੀਂ ਕੱਢੇ ਗਏ। ਪੰਜਾਬੀ ਫਿਲਮ ਕਲਾਕਾਰ ਗੁੱਗੂ ਗਿੱਲ ਵੀ ਦਰਸ਼ਕਾਂ ਦੇ ਰੂ-ਬ-ਰੂ ਹੋਏ।

ਇਸ ਮੌਕੇ ਕਮਲਜੀਤ ਸਿੰਘ ਲਾਲੀ, ਸ ਸੁਖਵਿੰਦਰ ਸਿੰਘ ਰੰਧਾਵਾ, ਰਮਨਜੀਤ ਸਿੰਘ ਸਿੱਕੀ, ਸਾਬਕਾ ਮੰਤਰੀ ਗੁਲਜਾਰ ਸਿੰਘ, ਕੈਪਟਨ ਹਰਮਿੰਦਰ ਸਿੰਘ, ਸੁਰਿੰਦਰ ਸਿੰਘ ਕੱਥੂਨੰਗਲ, ਅਮੋਲਕ ਗਾਖਲ ਅਮਰੀਕਾ, ਨੱਥਾ ਸਿੰਘ ਗਾਖਲ, ਗੁਰਦੇਵ ਸਿੰਘ ਸਿੱਧਵਾਂ ਦੋਨਾਂ, ਗੋਨੀ ਦੋਲਤਪੁਰੀ, ਦੀਪੂ ਆਸਟਰੇਲੀਆ, ਸਰਤਾਜ ਬਾਜਵਾ ਕੈਨੇਡਾ, ਕੁਲਵਿੰਦਰ ਸਿੰਘ ਪੱਤੜ ਕੈਨੇਡਾ, ਸੁਰਿੰਦਰ ਨਾਥ ਮੜੀਆ, ਸਤਨਾਮ ਭੁਲਾਣਾ, ਸੁਖਦੇਵ ਸਿੰਘ ਸੁੱਖਾ ਕਾਦੂਪੁਰ, ਸਤੀਸ਼ ਬਹਿਲ, ਪਵਨ ਅਗਰਵਾਲ, ਕੁਲਵੰਤ ਭੰਡਾਰੀ, ਗੁਰਦਿਆਲ ਕਲਸੀ, ਗੁਰਨਾਮ ਸਿੰਘ ਜਰਮਨ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

## ਰਾਜਪਾਲ ਕਰੇਗਾ ਵਿਸ਼ਵ ਕੱਪ ਵਿਚ ਕਪਤਾਨੀ

**ਨਵੀਂ ਦਿੱਲੀ:** ਸਟਾਰ ਫਾਰਵਰਡ ਰਾਜਪਾਲ ਸਿੰਘ ਨੂੰ 28 ਫਰਵਰੀ ਤੋਂ 13 ਮਾਰਚ ਤਕ ਇਥੇ ਮੇਜਰ ਧਿਆਨ ਚੰਦ ਨੈਸ਼ਨਲ ਸਟੇਡੀਅਮ 'ਚ ਹੋਣ ਵਾਲੇ ਵਿਸ਼ਵ ਕੱਪ ਲਈ ਭਾਰਤੀ ਹਾਕੀ ਟੀਮ ਦਾ ਕਪਤਾਨ ਨਿਯੁਕਤ ਕੀਤਾ ਗਿਆ ਹੈ।



ਟੀਮ ਦੀ ਚੋਣ ਕਮੇਟੀ ਦੇ ਮੈਂਬਰਾਂ ਨੇ ਟੀਮ ਦੇ ਕੋਚਿੰਗ ਸਟਾਫ, ਮੁਖ ਕੋਚ ਜੋਸ ਬ੍ਰਾਸਾ ਅਤੇ ਰਾਸ਼ਟਰੀ ਕੋਚ ਹਰਿੰਦਰ ਸਿੰਘ ਨਾਲ ਸਲਾਹ-ਮਸ਼ਵਰਾ ਕਰ ਕੇ ਕੀਤਾ।

ਚੋਣ ਕਮੇਟੀ ਵਿਚ ਬੀ.ਪੀ. ਗੋਵਿੰਦਾ, ਮਧੂ ਯਾਦਵ, ਸੀਤਾ ਮਹਿਤਾ, ਅਜੀਤਪਾਲ ਸਿੰਘ ਤੇ ਜਫਰ ਇਕਬਾਲ ਸ਼ਾਮਲ ਹਨ। ਟੀਮ ਵਿਚ ਕੋਈ ਵੀ ਹੈਰਾਨ ਕਰਨ ਵਾਲਾ ਨਾਂ ਸ਼ਾਮਲ ਨਹੀਂ ਹੈ।

ਵਿਸ਼ਵ ਕੱਪ ਲਈ 18 ਮੈਂਬਰੀ ਟੀਮ ਦਾ ਐਲਾਨ ਕੀਤਾ ਗਿਆ ਹੈ ਜਿਸ ਵਿਚ ਦੋ ਗੋਲਕੀਪਰ, ਤਿੰਨ ਡਿਫੈਂਡਰ, 6 ਮਿਡਫੀਲਡਰ ਅਤੇ 7 ਫਾਰਵਰਡ ਸ਼ਾਮਲ ਕੀਤੇ ਗਏ ਹਨ। ਭਾਰਤੀ ਟੀਮ ਵਿਸ਼ਵ ਕੱਪ ਵਿਚ ਮੁਸ਼ਕਲ ਗਰੁੱਪ ਵਿਚ ਹੈ। ਟੀਮ ਆਪਣੀ ਮੁਹਿੰਮ ਦੀ ਸ਼ੁਰੂਆਤ ਟੂਰਨਾਮੈਂਟ ਦੇ ਪਹਿਲੇ ਦਿਨ ਪਾਕਿਸਤਾਨ ਵਿਰੁਧ ਕਰੇਗੀ। ਟੀਮ ਇਸ ਤਰ੍ਹਾਂ ਹੈ;

ਗੋਲਕੀਪਰ ਐਡ੍ਰੀਅਨ ਡਿਸੂਜਾ, ਪੀ.ਆਰ.ਸ੍ਰੀਜੇਸ਼। ਡਿਫੈਂਡਰ ਸੰਦੀਪ ਸਿੰਘ, ਧੰਨਜਯ ਮਹਾਦਿਕ, ਦਿਵਾਕਰ ਰਾਮ। ਮਿਡਫੀਲਡਰ-ਗੁਰਬਾਜ ਸਿੰਘ,ਸਰਦਾਰ ਸਿੰਘ, ਭਾਰਤ ਚਿੰਕਾਰਾ, ਅਰਜੁਨ ਹਲੱਪਾ, ਦਾਨਿਸ਼ ਮੁਜਤਬਾ, ਵਿਕਰਮ ਪਿੱਲੇ। ਫਾਰਵਰਡ-ਰਾਜਪਾਲ ਸਿੰਘ (ਕਪਤਾਨ), ਸ਼ਵਿੰਦਰ ਸਿੰਘ, ਤੁਸ਼ਾਰ ਖਾਂਡੇਕਰ, ਪ੍ਰਭਜੋਤ ਸਿੰਘ, ਸਵਰਨਜੀਤ ਸਿੰਘ, ਦੀਪਕ ਠਾਕੁਰ ਅਤੇ ਗੁਰਵਿੰਦਰ ਸਿੰਘ ਚੰਦੀ। ਰਿਜ਼ਰਵ ਖਿਡਾਰੀ-ਮਨਦੀਪ ਅੰਤਿਲ, ਵੀਰੇਨ ਲਾਕੜਾ ਅਤੇ ਵਿਕਾਸ ਸ਼ਰਮਾ।

SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR,
JET AIRWAYS
DELTA, AIR INDIA,

For Emergency
Call anytime at
EARLY BIRD SALE!!!!
India $545

Homeopathic Systems for Health Treatment
When you are tired of all treatments for any disease at any age
Try homeopathic, systems of treatment
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
GURDIP SINGH SANDHU
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ


ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ
ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ
ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Global Multi Services
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

Rajinder Singh
Insurance Lic No. 0G73739
Financing Available For Buying Trucks
Cell:(510) 557-6988, Ph:209-982-9996

# ਸ਼ਾਹਰੁਖ ਅਤੇ ਸ਼ਿਵ ਸੈਨਾ ਵਿਚਾਲੇ ਅੰਦਰਖਾਤੇ ਸਮਝੌਤਾ

## 'ਮਾਈ ਨੇਮ ਇਜ਼ ਖਾਨ' ਦਾ ਵਿਰੋਧ ਨਹੀਂ ਕਰੇਗੀ ਠਾਕਰੇ ਦੀ ਸ਼ਿਵ ਸੈਨਾ



**ਮੁੰਬਈ:** ਅਜਿਹਾ ਜਾਪਣ ਲੱਗਾ ਜਿਵੇਂ ਸ਼ਾਹਰੁਖ ਤੇ ਸ਼ਿਵ ਸੈਨਾ ਵਿਚ ਚੁਪ-ਚੁਪੀਤੇ ਕੋਈ ਸਮਝੌਤਾ ਹੋ ਗਿਆ ਹੈ। ਸ਼ਿਵ ਸੈਨਾ ਨੇ ਸ਼ਾਹਰੁਖ ਦੀ ਫਿਲਮ 'ਮਾਈ ਨੇਮ ਇਜ਼ ਖਾਨ' ਦੀ ਹਮਾਇਤ ਦਾ ਵਿਰੋਧ ਨਾ ਕਰਨ ਦਾ ਐਲਾਨ ਕਰ ਦਿੱਤਾ ਹੈ। ਆਈ.ਪੀ.ਐੱਲ.ਵਿਚ ਪਾਕਿਸਤਾਨ ਖਿਡਾਰੀਆਂ ਨੂੰ ਸ਼ਾਮਲ ਕਰਨ ਦੇ ਮੁੱਦੇ 'ਤੇ ਸ਼ਿਵ ਸੈਨਾ ਦੇ ਹਮਲੇ ਦਾ ਸਾਹਮਣਾ ਕਰ ਰਹੇ ਫਿਲਮ ਅਭਿਨੇਤਾ ਸ਼ਾਹਰੁਖ ਖਾਨ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਇਹ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਦੇ ਬਿਆਨ ਦਾ ਗਲਤ ਮਤਲਬ ਕੱਢਿਆ ਗਿਆ ਪਰ ਨਾਲ ਹੀ ਉਨ੍ਹਾਂ ਇਹ ਵੀ ਸਾਫ ਕਰ ਦਿਤਾ ਕਿ ਇਸ ਵਿਵਾਦ ਨੂੰ ਆਪਣੇ ਵਲੋਂ ਸੁਲਝਾਉਣ ਲਈ ਉਹ ਬਾਲ ਠਾਕਰੇ ਨੂੰ ਮਿਲਣ ਲਈ ਨਹੀਂ ਜਾਣਗੇ। ਲੰਦਨ ਤੋਂ ਹਾਲ ਹੀ ਵਿਚ ਮੁੰਬਈ ਪਹੁੰਚੇ ਸ਼ਾਹਰੁਖ ਨੇ ਹਵਾਈ ਅੱਡੇ ਦੇ ਬਾਹਰ ਸਖਤ ਸੁਰੱਖਿਆ ਦਰਮਿਆਨ ਪੱਤਰਕਾਰਾਂ ਨੂੰ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਮੈਂ ਜੋ ਕਿਹਾ ਹੈ ਉਸ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਗਿਆ। ਮੈਂ ਦੇਸ਼ਾਂ ਦਰਮਿਆਨ ਚੰਗੇ ਰਿਸ਼ਤੇ ਦੇ ਹੱਕ ਵਿਚ ਹਾਂ। ਮੈਂ ਦੂਜੇ ਦੇਸ਼ਾਂ ਦੇ ਪੱਖ ਵਿਚ ਨਹੀਂ ਹਾਂ ਅਤੇ ਆਪਣੇ ਦੇਸ਼ ਦੇ ਨਾਲ ਵੀ ਨਹੀਂ ਹਾਂ, ਇਹ ਕਿਵੇਂ ਸੰਭਵ ਹੈ? ਸ਼ਾਹਰੁਖ ਦੇ ਮੁੰਬਈ ਪਹੁੰਚਣ 'ਤੇ ਭਾਰੀ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਹਵਾਈ ਅੱਡੇ 'ਤੇ ਸ਼ਾਹਰੁਖ ਦੇ 50 ਨਿਜੀ ਸੁਰੱਖਿਆ ਮੁਲਾਜ਼ਮਾਂ ਤੋਂ ਇਲਾਵਾ 500 ਦੇ ਕਰੀਬ ਹੋਰ ਸੁਰੱਖਿਆ ਮੁਲਾਜ਼ਮ ਮੌਜੂਦ ਸਨ। ਮਹਾਰਾਸ਼ਟਰ ਸਰਕਾਰ ਅਤੇ ਮੁੰਬਈ ਪੁਲਸ ਨੇ ਵਾਅਦਾ ਕੀਤਾ ਹੈ ਕਿ ਜਿਨ੍ਹਾਂ ਥਿਏਟਰਾਂ ਅਤੇ ਮਲਟੀਪਲੈਕਸ ਵਿਚ 'ਮਾਈ ਨੇਮ ਇਜ਼ ਖ਼ਾਨ' ਦਿਖਾਈ ਜਾਵੇਗੀ ਉਥੇ ਸੁਰੱਖਿਆ ਦਾ ਪੂਰਾ ਪ੍ਰਬੰਧ ਹੋਵੇਗਾ। ਉਨ੍ਹਾਂ ਕਿਹਾ ਕਿ ਮੈਂ ਜੋ ਕੁਝ ਵੀ ਹਾਂ, ਮੁੰਬਈ ਕਾਰਨ ਹੀ ਹਾਂ। ਮੈਂ ਮੁੰਬਈ ਵਿਚ ਹਰ ਕਿਸੇ ਨੂੰ ਖੁਸ਼ ਦੇਖਣਾ ਚਾਹੁੰਦਾ ਹਾਂ। ਮੈਨੂੰ ਲੱਗਦਾ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ ਉਹ ਮੰਦਭਾਗਾ ਹੈ।

ਇਸ ਦੌਰਾਨ ਬਾਲੀਵੁੱਡ ਅਭਿਨੇਤਾ ਸ਼ਾਹਰੁਖ ਖਾਨ 'ਤੇ ਆਪਣਾ ਹਮਲਾ ਤੇਜ਼ ਕਰਦੇ ਹੋਏ ਸ਼ਿਵ ਸੈਨਾ ਨੇ ਆਈ.ਪੀ.ਐੱਲ. 'ਚ ਪਾਕਿਸਤਾਨੀ ਖਿਡਾਰੀਆਂ ਦੇ ਹਿੱਸਾ ਲੈਣ ਨਾਲ ਜੁੜੀ ਟਿੱਪਣੀ ਲਈ ਉਨ੍ਹਾਂ ਨੂੰ ਗੱਦਾਰ ਕਰਾਰ ਦਿੱਤਾ ਪਰ ਨਾਲ ਹੀ ਇਹ ਵੀ ਕਿਹਾ ਕਿ ਪਾਰਟੀ ਇਸ ਅਭਿਨੇਤਾ ਦੀ ਨਵੀਂ ਫਿਲਮ 'ਮਾਈ ਨੇਮ ਇਜ਼ ਖਾਨ' ਦਾ ਵਿਰੋਧ ਨਹੀਂ ਕਰੇਗੀ। ਸ਼ਿਵ ਸੈਨਾ ਦੇ ਮੁੱਖ ਅਖਬਾਰ 'ਸਾਮਨਾ' 'ਚ ਆਪਣੇ ਲੇਖ 'ਚ ਪਾਰਟੀ ਮੁਖੀ ਬਾਲ ਠਾਕਰੇ ਨੇ ਕਿਹਾ ਕਿ ''ਗੱਦਾਰੋ, ਕਾਂਗਰਸ ਦੇ ਆਸ਼ੀਰਵਾਦ ਨਾਲ ਜੋ ਤੁਸੀਂ ਕਰਨਾ ਚਾਹੋ ਕਰੋ, ਸ਼ਿਵ ਸੈਨਾ ਤੁਹਾਨੂੰ ਨਹੀਂ ਰੋਕੇਗੀ। ਬਿਨਾਂ ਕਿਸੇ ਕਾਰਨ ਦੇ ਸ਼ਿਵਸੈਨਿਕਾਂ ਦੇ ਸਿਰਾਂ 'ਚੋਂ ਖੂਨ ਕਿਉਂ ਨਿਕਲੇ ਅਤੇ ਉਨ੍ਹਾਂ ਨੂੰ ਜੇਲ ਕਿਉਂ ਜਾਣਾ ਪਵੇ।'' ਠਾਕਰੇ ਨੇ ਕਿਹਾ ਕਿ ਅਸੀਂ ਪਾਕਿਸਤਾਨੀ ਖਿਡਾਰੀਆਂ 'ਤੇ ਪਾਬੰਦੀ ਲਗਾਈ ਜਦ ਕਿ ਅਸੀਂ ਕ੍ਰਿਕਟ ਦੇ ਪ੍ਰਸ਼ੰਸਕ ਹਾਂ।

ਇਸੇ ਦੌਰਾਨ ਮਹਾਰਾਸ਼ਟਰ ਨਵਨਿਰਮਾਣ ਸੈਨਾ ਦੇ ਪ੍ਰਧਾਨ ਰਾਜ ਠਾਕਰੇ ਨੇ ਮਹਾਰਾਸ਼ਟਰ ਨੂੰ ਵਖਰਾ ਦੇਸ਼ ਬਣਾਉਣ ਦੀ ਮੰਗ ਰੱਖ ਦਿਤੀ। ਇਕ ਟੈਲੀਵਿਜ਼ਨ ਚੈਨਲ ਨੇ ਰਾਜ ਠਾਕਰੇ ਦੇ ਹਵਾਲੇ ਨਾਲ ਦਸਿਆ, ''ਜੇ ਇਹੀ ਹਾਲਾਤ ਰਹੇ ਤਾਂ ਵਖਰੇ ਮਰਾਠੀ ਦੇਸ਼ ਦੀ ਮੰਗ ਉਭਰਨ 'ਤੇ ਮੈਂ ਜ਼ੁੰਮੇਵਾਰ ਨਹੀਂ ਹੋਵਾਂਗਾ। ਯਾਦ ਰਹੇ ਬਾਲ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਫ਼ਿਲਮ ਅਭਿਨੇਤਾ ਸ਼ਾਹਰੁਖ਼ ਖ਼ਾਨ ਖਿਲਾਫ ਕਈ ਦਿਨਾਂ ਤੋਂ ਮੁਹਿੰਮ ਚਲਾ ਰੱਖੀ ਸੀ ,ਠਾਕਰੇ ਨੇ ਕਿਹਾ ਸੀ ''ਅਸੀਂ ਸ਼ਰਮਿੰਦਾ ਹਾਂ ਕਿ ਸ਼ਾਹਰੁਖ਼ ਖ਼ਾਨ ਦਾ ਜਨਮ ਭਾਰਤ ਵਿਚ ਹੋਇਆ।'' ਪਾਰਟੀ ਦੇ ਅਖ਼ਬਾਰ 'ਸਾਮਨਾ' ਦੇ ਸੰਪਾਦਕ ਸੰਜੇ ਰਾਉਤ ਨੇ ਕਿਹਾ ਸੀ ਕਿ ਸ਼ਾਹਰੁਖ਼ ਖ਼ਾਨ ਨੇ ਪਾਕਿਸਤਾਨ ਦੀ ਚਮਚਾਗਿਰੀ ਕੀਤੀ ਹੈ ਅਤੇ ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਆਵੇਗੀ। ਸ਼ਾਹਰੁਖ਼ ਨੂੰ ਮੁੰਬਈ ਹਮਲੇ ਦੌਰਾਨ ਸ਼ਹੀਦ ਹੋਏ ਲੋਕਾਂ ਦੇ ਘਰ ਜਾ ਕੇ ਪਤਾ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਤੋਂ ਕੀ ਗ਼ਲਤੀ ਹੋਈ। ਇਸੇ ਦੌਰਾਨ ਪਾਰਟੀ ਦੇ ਪ੍ਰਧਾਨ ਬਾਲ ਠਾਕਰੇ ਨੇ ਪਾਕਿਸਤਾਨੀ ਕ੍ਰਿਕਟ ਖਿਡਾਰੀ ਜਾਵੇਦ ਮੀਆਂਦਾਦ ਦੇ ਅਪਣੇ ਘਰ ਆਉਣ ਦੇ ਮੁੱਦੇ ਨੂੰ ਚੁੱਕੇ ਜਾਣ ਨੂੰ ਕੂੜ ਪ੍ਰਚਾਰ ਕਰਾਰ ਦਿਤਾ। ਉਨ੍ਹਾਂ ਕਿਹਾ ਕਿ ਹਰ ਪਾਸੇ ਮੁੰਬਈ ਵਿਰੋਧੀ ਵਾਇਰਸ ਫੈਲ ਗਿਆ ਹੈ ਪਰ ਇਸ ਦਾ ਉਨ੍ਹਾਂ ਦੀ ਪਾਰਟੀ ਉਪਰ ਕੋਈ ਅਸਰ ਨਹੀਂ ਹੋਵੇਗਾ। ਠਾਕਰੇ ਨੇ ਪਾਰਟੀ ਦੇ ਮੁੱਖ ਅਖ਼ਬਾਰ 'ਸਾਮਨਾ' ਵਿਚ ਲਿਖਿਆ, ''ਪਾਕਿਸਤਾਨੀ ਕ੍ਰਿਕਟ ਖਿਡਾਰੀ ਦੇ ਮੇਰੇ ਘਰ ਆਉਣ ਦਾ ਸਿਆਸੀ ਲਾਭ ਲਿਆ ਜਾ ਰਿਹਾ ਹੈ। ਮੈਂ ਇਸ ਗੱਲ ਤੋਂ ਹੈਰਾਨ ਨਹੀਂ ਕਿ ਕੁਝ ਲੋਕ ਸਿਰਫ਼ ਇਸ ਕਰ ਕੇ ਦੁਖੀ ਹਨ ਕਿ ਮੁੰਬਈ ਮਹਾਰਾਸ਼ਟਰ ਵਿਚ ਹੈ।'' ਠਾਕਰੇ ਨੇ ਦਲੀਲ ਦਿਤੀ ਕਿ ਮੀਆਂਦਾਦ ਨੂੰ ਉਨ੍ਹਾਂ ਦੇ ਘਰ ਦਲੀਪ ਵੈਂਗਸਰਕਰ ਲੈ ਕੇ ਆਏ ਸਨ। ਇਸ ਬਾਰੇ ਸ਼ਾਹਰੁਖ਼ ਖ਼ਾਨ ਨੇ ਕਿਹਾ, ''ਮੈਂ ਆਈ.ਪੀ.ਐਲ. ਵਿਚ ਪਾਕਿਸਤਾਨੀ ਖਿਡਾਰੀਆਂ ਨੂੰ ਸ਼ਾਮਲ ਕਰਨ ਬਾਰੇ ਅਜਿਹਾ ਕੁਝ ਨਹੀਂ ਕਿਹਾ ਜਿਸ ਕਾਰਨ ਮੈਨੂੰ ਮੁਆਫ਼ੀ ਮੰਗਣੀ ਪਵੇ।'' ਸ਼ਿਵ ਸੈਨਾ ਦੀ ਤਿੱਖੀ ਟਿੱਪਣੀ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਪੱਤਰਕਾਰਾਂ ਤੋਂ ਹੀ ਸਵਾਲ ਕੀਤਾ, ''ਮੈਂ ਕਿਸ ਚੀਜ਼ ਤੋਂ ਪਿੱਛੇ ਹਟਾਂ। ਮੈਂ ਕਿਸੇ ਦੀ ਧਮਕੀ ਅੱਗੇ ਨਹੀਂ ਝੁਕਾਂਗਾ। ਮੈਨੂੰ ਨਹੀਂ ਪਤਾ ਕਿ ਇਹ ਸਾਰਾ ਮੁੱਦਾ ਕੀ ਹੈ ਅਤੇ ਕਿਸ ਬਿਆਨ ਤੋਂ ਪਿੱਛੇ ਹਟਣਾ ਹੈ।'' ਉਧਰ ਮਹਾਰਾਸ਼ਟਰ ਸਰਕਾਰ ਨੇ 'ਸਾਮਨਾ' ਅਖ਼ਬਾਰ ਵਲੋਂ ਵੰਡੀਆਂ ਪਾਉਣ ਵਾਲੇ ਕੀਤੇ ਜਾ ਰਹੇ ਪ੍ਰਚਾਰ ਦਾ ਗੰਭੀਰ ਨੋਟਿਸ ਲੈਂਦਿਆਂ ਐਡਵੋਕੇਟ ਜਨਰਲ ਤੋਂ ਕਾਨੂੰਨੀ ਰਾਏ ਮੰਗੀ ਹੈ ਕਿ ਅਖ਼ਬਾਰ ਵਿਰੁਧ ਕਿਹੜੀ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

ਇਕ ਨਿਊਜ਼ ਚੈਨਲ ਨਾਲ ਗੱਲਬਾਤ ਕਰਦਿਆਂ ਗ੍ਰਹਿ ਮੰਤਰੀ ਆਰ.ਆਰ. ਪਾਟਿਲ ਨੇ ਕਿਹਾ ਕਿ ਕਾਨੂੰਨ ਵਿਭਾਗ ਨੂੰ ਰੀਪੋਰਟ ਦੇਣ ਲਈ 15 ਦਿਨਾਂ ਦਾ ਸਮਾਂ ਦਿਤਾ ਗਿਆ ਹੈ। ਜੇ ਕਾਨੂੰਨ ਮੰਤਰਾਲਾ ਹਰੀ ਝੰਡੀ ਦੇ ਦਿੰਦਾ ਹੈ ਤਾਂ ਫ਼ਿਰਕੂ ਅਤੇ ਦੁਸ਼ਮਣੀ ਦੀ ਭਾਵਨਾ ਪੈਦਾ ਕਰਨ ਦੇ ਦੋਸ਼ ਹੇਠ ਆਈ.ਪੀ.ਸੀ. ਦੀ ਧਾਰਾ 153 ਤਹਿਤ ਕਾਰਵਾਈ ਕੀਤੀ ਜਾਵੇ। ਇਹ ਵੀ ਰੀਪੋਰਟਾਂ ਮਿਲੀਆਂ ਹਨ ਕਿ ਸੂਬਾ ਸਰਕਾਰ ਰਾਜ ਠਾਕਰੇ ਵਿਰੁਧ ਵੀ ਕਾਰਵਾਈ ਕਰਨ ਬਾਰੇ ਸੋਚ ਰਹੀ ਹੈ ਜੋ ਲਗਾਤਾਰ ਵੰਡ ਪਾਊ ਸਿਆਸਤ ਕਰ ਰਹੇ ਹਨ। ਸ਼ਿਵ ਸੈਨਾ ਦੀਆਂ ਹਰਕਤਾਂ ਦੀ ਹਰ ਪਾਸਿਉਂ ਨਿਖੇਧੀ ਹੋ ਰਹੀ ਹੈ। ਕੇਂਦਰੀ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ, ਭਾਰਤੀ ਜਨਤਾ ਪਾਰਟੀ ਅਤੇ ਜੀਵਨ ਜਿਊਣ ਦਾ ਤਰੀਕਾ ਦੱਸਣ ਵਾਲੇ ਸ੍ਰੀ ਰਵੀਸ਼ੰਕਰ ਨੇ ਸ਼ਾਹਰੁਖ਼ ਖ਼ਾਨ ਦਾ ਪੱਖ ਲਿਆ ਹੈ। ਰੂਹਾਨੀ ਆਗੂ ਨੇ ਬਾਲ ਠਾਕਰੇ ਨੂੰ ਸਲਾਹ ਦਿਤੀ ਕਿ ਉਹ ਸ਼ਾਂਤ ਰਹਿਣਾ ਸਿੱਖਣ।

## ਸ਼ਿਵ ਸੈਨਾ ਦੇ ਪ੍ਰਧਾਨ 'ਤੇ ਜਾਨਲੇਵਾ ਹਮਲਾ

**ਅੰਮ੍ਰਿਤਸਰ :** ਸ਼ਿਵ ਸੈਨਾ (ਬਾਲ ਠਾਕਰੇ) ਦੇ ਜ਼ਿਲਾ ਸ਼ਹਿਰੀ ਪ੍ਰਧਾਨ ਦਿਲਬਾਗ ਸਿੰਘ ਭੰਗੂ 'ਤੇ ਕੁਝ ਅਣਪਛਾਤੇ ਵਿਅਕਤੀਆਂ ਵਲੋਂ ਕਥਿਤ ਤੌਰ ਤੇ ਜਾਨਲੇਵਾ ਹਮਲਾ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਜਿਸ ਸੰਬੰਧੀ ਥਾਣਾ ਸਿਵਲ ਲਾਈਨ ਦੀ ਪੁਲਸ ਵਲੋਂ ਮਾਮਲਾ ਦਰਜ ਕਰਕੇ ਛਾਣਬੀਣ ਸ਼ੁਰੂ ਕਰ ਦਿੱਤੀ ਗਈ ਹੈ, ਜਦੋਂਕਿ ਭੰਗੂ ਵਲੋਂ ਇਹ ਹਮਲਾ ਰਾਜਨੀਤਕ ਰੰਜਿਸ਼ ਤੋਂ ਪ੍ਰੇਰਿਤ ਹੋਣ ਦਾ ਖਦਸ਼ਾ ਪ੍ਰਗਟ ਕੀਤਾ ਗਿਆ ਹੈ। ਥਾਣਾ ਸਿਵਲ ਲਾਈਨ ਵਿਖੇ ਰਿਪੋਰਟ ਦਰਜ ਕਰਵਾਉਣ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸ਼ਿਵ ਸੈਨਾ (ਬਾਲ ਠਾਕਰੇ) ਯੂਥ ਦੇ ਪੰਜਾਬ ਪ੍ਰਧਾਨ ਸੁਖਦੇਵ ਸਿੰਘ ਸੰਧੂ ਸਮੇਤ ਦਿਲਬਾਗ ਸਿੰਘ ਭੰਗੂ ਨੇ ਕਿਹਾ ਕਿ ਲੰਘੀ 3 ਫਰਵਰੀ ਨੂੰ ਬਾਅਦ ਦੁਪਹਿਰ ਉਹ ਜਦੋਂ ਆਪਣੀ ਗੱਡੀ 'ਤੇ ਇਕ ਮੀਟਿੰਗ ਨੂੰ ਸੰਬੋਧਤ ਕਰਨ ਉਪਰੰਤ ਅਜਨਾਲਾ ਤੋਂ ਆਪਣੇ ਸਾਥੀ ਸੰਦੀਪ ਸਿੰਘ ਨਾਲ ਵਾਪਸ ਆ ਰਹੇ ਸਨ ਤਾਂ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਇਕ ਚਿੱਟੇ ਰੰਗ ਦੀ ਕਾਰ ਉਨ੍ਹਾਂ ਦਾ ਪਿੱਛਾ ਕਰ ਰਹੀ ਹੈ। ਸਥਾਨਕ ਕਚਹਿਰੀਆਂ ਨਜ਼ਦੀਕ ਹਰਤੇਜ ਹਸਪਤਾਲ ਦੇ ਸਾਹਮਣੇ ਆ ਕੇ ਉਕਤ ਕਾਰ ਉਨ੍ਹਾਂ ਦੀ ਗੱਡੀ ਅੱਗੇ ਆ ਕੇ ਖੜ੍ਹ ਗਈ, ਜਿਸ ਵਿਚੋਂ ਪੰਜ ਵਿਅਕਤੀ ਨਿਕਲੇ ਤੇ ਉਨ੍ਹਾਂ ਨੇ ਮਾਰਨਾ ਕੁੱਟਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਜ਼ਮੀਨ 'ਤੇ ਸੁੱਟਦਿਆਂ ਬੇਸਬਾਲ ਤੇ ਠੁੱਡਾਂ ਨਾਲ ਹਮਲਾ ਕਰ ਦਿੱਤਾ। ਉਹ ਤੇਜੀ ਨਾਲ ਉਥੋਂ ਦੌੜ ਕੇ ਹਰਤੇਜ ਹਸਪਤਾਲ ਵਿਚ ਵੜ ਗਏ।ਹਮਲਾਵਰਾਂ ਚੋਂ ਹਾਲੇ ਕਿਸੇ ਦੀ ਗ੍ਰਿਫਤਾਰੀ ਨਹੀਂ ਹੋ ਸਕੀ।

# ਫਿਲਮ ਜਗਤ ਦੀਆਂ ਵੱਡੀਆਂ ਹਸਤੀਆਂ ਸ਼ਾਹਰੁਖ ਦੇ ਹੱਕ 'ਚ ਨਿੱਤਰੀਆਂ





ਮੁੰਬਈ : ਆਈ.ਪੀ.ਐਲ 'ਚ ਪਾਕਿਸਤਾਨੀ ਕ੍ਰਿਕਟਰਾਂ ਨੂੰ ਸ਼ਾਮਲ ਕਰਨ ਦੀ ਹਮਾਇਤ ਕਰਕੇ ਸ਼ਿਵ ਸੈਨਾ ਦੀ ਅੱਖ ਦੀ ਕਿਰਕਿਰੀ ਬਣੇ ਸ਼ਾਹਰੁੱਖ ਖਾਨ ਦੇ ਹੱਕ 'ਚ ਫ਼ਿਲਮ ਜਗਤ ਦੀਆਂ ਕਈ ਹਸਤੀਆਂ ਖੁੱਲ੍ਹੇਆਮ ਆ ਗਈਆਂ ਹਨ।ਅਭਿਸ਼ੇਕ ਬੱਚਨ, ਸਲਮਾਨ ਖਾਨ, ਕਾਜੋਲ, ਬਿਪਾਸ਼ਾ ਬਾਸੂ ਤੇ ਸ਼ਬਾਨਾ ਆਜ਼ਮੀ ਨੇ ਸ਼ਾਹਰੁੱਖ ਦਾ ਪੱਖ ਲਿਆ ਹੈ ਤੇ ਕਿਹਾ ਹੈ ਕਿ ਉਹਨੇ ਕੁਝ ਵੀ ਗ਼ਲਤ ਨਹੀਂ ਕਿਹਾ। ਇਸ ਮੁੱਦੇ 'ਤੇ ਚੁੱਪ ਤੋੜਨ 'ਚ ਪਹਿਲ ਕਰਦਿਆਂ ਬਚਨ ਪਰਿਵਾਰ ਦੇ ਅਭਿਸ਼ੇਕ ਨੇ 'ਟਵਿੱਟਰ' ਉਤੇ ਲਿਖਿਆ ਹੈ ''ਪਿਛਲੇ ਕੁਝ ਦਿਨਾਂ ਤੋਂ ਜੋ ਕੁਝ ਹੋ ਰਿਹਾ ਹੈ, ਉਹ ਮੰਦਭਾਗਾ ਤੇ ਉਦਾਸ ਕਰਨ ਵਾਲਾ ਹੈ। ਮੇਰਾ ਮੰਨਣਾ ਹੈ ਕਿ ਖੇਡਾਂ, ਕਲਾਂ ਤੇ ਸਭਿਆਚਾਰ, ਸਿਆਸਤ ਤੋਂ ਉਪਰ ਹੋਣੇ ਚਾਹੀਦੇ ਹਨ।''

ਅੱਗੇ ਚੱਲ ਕੇ ਅਭਿਸ਼ੇਕ ਨੇ ਲਿਖਿਆ ਹੈ-''ਮੇਰੇ ਪਰਿਵਾਰ ਨੇ ਤੇ ਮੈਂ ਪਿਛਲੇ ਸਮੇਂ 'ਚ ਅਜਿਹੀਆਂ ਕਈ ਘਟਨਾਵਾਂ ਦਾ ਸਾਹਮਣਾ ਕੀਤਾ ਹੈ ਤੇ ਮੈਂ ਜੋ ਕਾਮਨਾ ਕਰਦਾ ਹਾਂ ਉਹ ਸਾਰੇ ਨਾਗਰਿਕਾਂ ਲਈ ਅਮਨ ਤੇ ਸ਼ਾਂਤੀ ਦੀ ਇੱਛਾ ਹੈ।'' ਸਲਮਾਨ ਖਾਨ, ਜਿਸਦੇ ਸ਼ਾਹਰੁਖ ਨਾਲ ਸਬੰਧ ਵੀ ਚੰਗੇ ਨਹੀਂ ਹਨ, ਉਸਨੇ ਵੀ ਸ਼ਾਹਰੁੱਖ ਦੇ ਹੱਕ 'ਚ ਨਿੱਤਰਦਿਆਂ ਕਿਹਾ ਹੈ ਕਿ ਉਸਨੇ ਅਜਿਹਾ ਕੁਝ ਵੀ ਨਹੀਂ ਕਿਹਾ ਜੋ ਗਲਤ ਹੋਵੇ। ਸਲਮਾਨ ਨੇ ਕਿਹਾ, ''ਉਹ ਕਾਹਦੇ ਲਈ ਮੁਆਫੀ ਮੰਗੇ?'' ''ਮਾਈ ਨੇਮ ਇਜ਼ ਖ਼ਾਨ' ਜ਼ਰੂਰ ਹੀ ਰਿਲੀਜ਼ ਹੋਣੀ ਚਾਹੀਦੀ ਹੈ। ਇਹ ਹੋਣੀ ਹੀ ਹੋਣੀ ਹੈ। ਸਨਅਤ ਵਜੋਂ ਅਸੀਂ ਸਰਕਾਰ ਨੂੰ ਮਨੋਰੰਜਨ ਕਰ ਦੇ ਰੂਪ 'ਚ ਭਾਰੀ ਕਰ ਅਦਾ ਕਰਦੇ ਹਾਂ ਤੇ ਲੋਕਾਂ ਦਾ ਮਨੋਰੰਜਨ ਵੀ ਕਰਦੇ ਹਾਂ। ਅਸੀਂ ਸਿਆਸਤਦਾਨਾਂ ਵਾਂਗ ਨਹੀਂ ਸੋਚਦੇ। ਮੈਨੂੰ ਇਹ ਸਮਝ ਨਹੀਂ ਲੱਗਦੀ ਕਿ ਮੋਰਚਾ ਲਾ ਕੇ ਕਿਸੇ ਦੇ ਘਰ ਤੱਕ ਜਾਣ ਦੀ ਕੀ ਤੁਕ ਹੈ?'' ਨਵੀਂ ਫਿਲਮ ਦੇ ਪ੍ਰਚਾਰ ਲਈ ਸ਼ਾਹਰੁਖ ਨਾਲ ਲੰਡਨ ਗਈ ਕਾਜੋਲ ਨੇ ਵੀ ਆਪਣੇ ਪ੍ਰਸੰਸਕਾਂ ਨੂੰ ਭਰੋਸਾ ਦਿੱਤਾ ਹੈ ਕਿ ਇਹ ਫਿਲਮ ਮਿੱਥੇ ਸਮੇਂ 'ਤੇ ਹੀ 12 ਫਰਵਰੀ ਨੂੰ ਰਿਲੀਜ਼ ਹੋਏਗੀ ਭਾਵੇਂ ਸ਼ਿਵ ਸੈਨਾ ਨੇ ਸਿਨੇਮਾ ਮਾਲਕਾਂ ਨੂੰ ਇਹਦੀ ਸਕਰੀਨਿੰਗ ਸਬੰਧੀ ਧਮਕੀ ਦਿੱਤੀ ਹੋਈ ਹੈ। ਕਾਜੋਲ ਟਵਿੱਟਰ 'ਤੇ ਲਿਖਦੀ ਹੈ, ''ਮੁੰਬਈ ਵਾਲਿਓ ਫਿਕਰ ਨਾ ਕਰੋ, ਚੰਗੇਜ਼ ਖ਼ਾਨ ਵੀ 'ਮਾਈ ਨੇਮ ਇਜ਼ ਖਾਨ' ਨੂੰ ਨਹੀਂ ਰੋਕ ਸਕਦਾ। ਬੱਸ ਆਸ ਰੱਖੋ ਤੇ ਆਪਣੀ ਸਾਰੀ ਚੰਗੀ ਊਰਜਾ ਦਾ ਪ੍ਰਵਾਹ ਵਹਿਣ ਦਿਓ।'' ਉਹ ਹੋਰ ਅੱਗੇ ਚਲ ਕੇ ਲਿਖਦੀ ਹੈ ''ਕੁਝ ਗੰਦੀ ਸਿਆਸਤ ਕਾਰਨ ਭਾਰਤ ਵਿਸ਼ਵ ਨਾਲੋਂ ਪਛੜ ਰਿਹਾ ਹੈ, ਆਓ ਇਕੱਠੇ ਹੋ ਕੇ ਉਨ੍ਹਾਂ ਨੂੰ ਜਮਹੂਰੀਅਤ ਦੀ ਸ਼ਕਤੀ ਦਿਖਾ ਦੇਈਏ।'' ਸ਼ਾਹਰੁਖ ਨੂੰ ਵਿਸ਼ੇਸ਼ ਹਸਤੀ ਕਰਾਰ ਦੇਂਦਿਆਂ ਬਿਪਾਸ਼ਾ ਬਾਸੂ ਆਖਦੀ ਹੈ ''ਜੇਕਰ ਮੈਨੂੰ ਤੁਸੀਂ ਪੁੱਛੋ ਤਾਂ ਮੇਰੇ ਮੁਤਾਬਕ ਉਹਨੇ ਕੁਝ ਵੀ ਗਲਤ ਨਹੀਂ ਕੀਤਾ। ਅਸੀਂ ਸਾਰੇ ਇਥੇ ਹਾਂ ਤੇ ਸ਼ਾਹਰੁੱਖ ਨਾਲ ਲੱਖਾਂ, ਕਰੋੜਾਂ ਲੋਕਾਂ ਦਾ ਪਿਆਰ ਤੇ ਹਮਾਇਤ ਹੈ। ਮੈਨੂੰ ਪੱਕਾ ਪਤਾ ਹੈ ਕਿ ਇਹ ਔਖੇ ਸਮੇਂ ਲੰਘ ਜਾਣਗੇ।'' ਫਰਹਾਨ ਅਖ਼ਤਰ ਨੇ ਫਿਲਮ ਦੇ ਸਮੇਂ ਸਿਰ ਰਿਲੀਜ਼ 'ਤੇ ਜ਼ੋਰ ਦੇਂਦਿਆਂ ਕਿਹਾ ਹੈ ਕਿ ਕਿਸੇ ਨੂੰ ਵੀ ਇਹ ਰੋਕਣ ਦਾ ਹੱਕ ਨਹੀਂ ਹੈ। ਅਜਿਹੀ ਗੁੰਡਾਗਰਦੀ ਤੋਂ ਡਰਨ ਦੀ ਕਿਸੇ ਨੂੰ ਵੀ ਲੋੜ ਨਹੀਂ ਹੈ। ਬਹੁਤ ਕਾਨੂੰਨ ਹਨ ਤੇ ਸਾਨੂੰ ਭਰੋਸਾ ਹੈ ਕਿ ਉਹ ਸਾਡੀ ਰੱਖੀ ਲਈ ਹਨ। ਸਾਰੀਆਂ ਸਿਆਸੀ ਪਾਰਟੀਆਂ 'ਤੇ ਤਿੱਖਾ ਹਮਲਾ ਕਰਦਿਆਂ ਸ਼ਬਾਨਾ ਆਜ਼ਮੀ ਨੇ ਕਿਹਾ ਹੈ ਕਿ ਇਨ੍ਹਾਂ ਨੂੰ ਸਿਰਫ ਆਪਣੇ ਹਿੱਤਾਂ ਦੀ ਪਈ ਹੋਈ ਹੈ। ਇਕ ਕੌਮੀ ਟੀ.ਵੀ. ਚੈਨਲ 'ਤੇ ਉਹਨੇ ਕਿਹਾ ਹੈ ਕਿ ਉਹਨੂੰ ਨਹੀਂ ਲੱਗਦਾ ਕਿ ਸ਼ਾਹਰੁੱਖ ਨੇ ਜੋ ਕੁਝ ਕਿਹਾ, ਸਿਆਸੀ ਪਾਰਟੀਆਂ ਉਸ ਤੋਂ ਸੱਚਮੁੱਚ ਆਹਤ ਹੋਈਆਂ ਹਨ। ਅਸਲ 'ਚ ਉਨ੍ਹਾਂ ਨੂੰ ਆਪਣੇ ਖੁੱਸ਼ ਰਹੇ ਸਿਆਸੀ ਆਧਾਰ ਦੀ ਫਿਕਰ ਹੈ ਤੇ ਅਜਿਹੀਆਂ ਤਿਕੜਮਬਾਜ਼ੀਆਂ ਕਰਕੇ ਉਹ ਖ਼ਬਰਾਂ 'ਚ ਰਹਿਣ ਦਾ ਯਤਨ ਕਰਦੇ ਹਨ।

# ਰਾਹੁਲ ਗਾਂਧੀ ਦੀ ਮੁੰਬਈ ਫੇਰੀ ਨੇ ਸ਼ਿਵ ਸੈਨਾ ਦੀ ਫੂਕ ਕੱਢੀ

**ਮੁੰਬਈ :** ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਸ਼ਿਵ ਸੈਨਾ ਦੀ ਚਣੌਤੀ ਨੂੰ ਦਰਕਿਨਾਰ ਕਰਦਿਆਂ ਬੇਝਿਜਕ ਹੋ ਕੇ ਮੁੰਬਈ ਦਾ ਦੌਰਾ ਕੀਤਾ। ਇਸ ਦੌਰੇ ਦੌਰਾਨ ਸ੍ਰੀ ਗਾਂਧੀ ਨੇ ਮੁੰਬਈ ਦੇ ਨੌਜਵਾਨਾਂ ਨੂੰ ਸਮੁੱਚੇ ਭਾਰਤ ਦੇ ਵਿਕਾਸ ਵਲ ਧਿਆਨ ਦੇਣ ਅਤੇ ਫੁੱਟ ਪਾਊ ਸਿਆਸਤ ਤੋਂ ਦੂਰ ਰਹਿਣ ਦਾ ਸੱਦਾ ਦਿੱਤਾ।



ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਬਦਲਾਅ ਚਾਹੁੰਦੇ ਹੋ ਤਾਂ ਸਿਆਸਤ ਅਤੇ ਕਾਂਗਰਸ ਪਾਰਟੀ 'ਚ ਸ਼ਾਮਲ ਹੋਵੋ। ਸ੍ਰੀ ਗਾਂਧੀ ਨੇ ਗੜਕਵੀਂ ਆਵਾਜ਼ 'ਚ ਕਿਹਾ ਕਿ ਕੁਝ ਲੋਕ ਅਸਲ ਮੁੱਦਿਆਂ ਤੋਂ ਤੁਹਾਡਾ ਧਿਆਨ ਹਟਾਉਣਾ ਚਾਹੁੰਦੇ ਹਨ, ਪਰ ਤੁਹਾਨੂੰ ਇੱਕਸੁਰਤਾ ਵਿਖਾਉਂਦਿਆਂ ਉਨ੍ਹਾਂ ਦੀਆਂ ਅਜਿਹੀਆਂ ਚਾਲਾਂ ਦਾ ਮੂੰਹ ਤੋੜ ਜਵਾਬ ਦੇਣਾ ਚਾਹੀਦਾ ਹੈ। ਮੁੰਬਈ ਦੇ ਉਪ ਨਗਰ ਇਲਾਕੇ ਵਿਲੇ ਪਾਰਲੇ 'ਚ ਕਾਲਜ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਗਾਂਧੀ ਨੇ ਕਿਹਾ ਕਿ ਕਾਂਗਰਸ ਇੱਕਜੁਟ ਭਾਰਤ ਦਾ ਸਮਰਥਨ ਕਰਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਦੋ ਤਰ੍ਹਾਂ ਦੇ ਆਗੂ ਹਨ, ਇੱਕ ਉਹ ਜੋ ਪਾੜੋ ਅਤੇ ਰਾਜ ਕਰੋ ਦੀ ਨੀਤੀ 'ਤੇ ਚੱਲਦੇ ਹਨ ਅਤੇ ਦੂਜੇ ਉਹ ਜੋ ਇੱਕਜੁਟ ਭਾਰਤ ਦੇ ਟੀਚਿਆਂ ਦੀ ਪ੍ਰਾਪਤੀ ਲਈ ਸਭਨਾਂ ਨੂੰ ਨਾਲ ਲੈ ਕੇ ਚੱਲਦਿਆਂ ਅੱਗੇ ਵਧਦੇ ਹਨ। ਕਾਂਗਰਸ ਦੇ ਜਨਰਲ ਸਕੱਤਰ ਨੇ ਕਿਹਾ ਕਿ ਕੁਝ ਲੋਕ ਜੋ ਤੁਹਾਨੂੰ ਫ਼ਿਰਕੂ ਅਤੇ ਭਾਸ਼ਾਈ ਆਧਾਰ 'ਤੇ ਵੰਡਣਾ ਚਾਹੁੰਦੇ ਹਨ, ਕਾਂਗਰਸ ਉਨ੍ਹਾਂ ਦੇ ਖਿਲਾਫ਼ ਹੈ। ਇਸ ਤੋਂ ਪਹਿਲਾਂ ਰਾਹੁਲ ਗਾਂਧੀ ਸਖ਼ਤ ਸੁਰੱਖਿਆ ਪ੍ਰਬੰਧਾਂ ਦੌਰਾਨ ਇਥੇ ਪਹੁੰਚੇ, ਜਿਨ੍ਹਾਂ ਨੂੰ ਸ਼ਿਵ ਸੈਨਾ ਨੇ ਕਾਲੇ ਝੰਡੇ ਵਿਖਾਉਣ ਦੀ ਧਮਕੀ ਦਿੱਤੀ ਸੀ। ਪੁਲਿਸ ਕਮਿਸ਼ਨਰ ਡੀ ਸ਼ਿਵਨੰਦਨ ਨੇ ਦੱਸਿਆ ਕਿ ਰਾਹੁਲ ਗਾਂਧੀ ਦੀ ''ਮੁੰਬਈ ਸਭ ਲਈ'' ਟਿੱਪਣੀ ਤੋਂ ਬਾਅਦ ਸ਼ਿਵਸੈਨਾ ਵਲੋਂ ਦਿੱਤੀਆਂ ਗਈਆਂ ਧਮਕੀਆਂ ਦੇ ਬਾਵਜੂਦ ਸ਼ਹਿਰ ਵਿਚ ਸ਼ਾਂਤੀ ਦਾ ਮਾਹੌਲ ਬਣਿਆ ਹੋਇਆ ਹੈ। ਅਧਿਕਾਰੀ ਨੇ ਦੱਸਿਆ ਕਿ ਕਈ ਲੋਕਾਂ ਨੂੰ ਚੌਕਸੀ ਵਜੋਂ ਹਿਰਾਸਤ ਵਿਚ ਲਿਆ ਗਿਆ ਹੈ। ਹਾਲਾਂਕਿ ਉਨ੍ਹਾਂ ਨੇ ਇਸ ਮੁੱਦੇ ਸਬੰਧੀ ਵਧੇਰੇ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਦੌਰੇ ਦੌਰਾਨ ਰਾਹੁਲ ਗਾਂਧੀ ਨੇ ਖੁੱਲ੍ਹ ਕੇ ਮੁੰਬਈ ਵਾਸੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਇਸੇ ਦੌਰਾਨ ਸ਼ਿਵ ਸੈਨਾ ਨੂੰ ਮੋੜਵਾਂ ਜਵਾਬ ਦਿੰਦਿਆਂ ਰਾਹੁਲ ਗਾਂਧੀ ਨੇ ਮੁੰਬਈ ਦੀਆਂ ਦੋ ਰੇਲਾਂ ਵਿਚ ਯਾਤਰਾ ਕੀਤੀ। ਮਹਾਂਨਗਰ ਦੀ ਆਪਣੀ ਥੋੜ੍ਹੇ ਸਮੇਂ ਦੀ ਯਾਤਰਾ ਦੌਰਾਨ ਸ੍ਰੀ ਗਾਂਧੀ ਸੁਰੱਖਿਆ ਨੂੰ ਲੈ ਕੇ ਮੌਜੂਦ ਖ਼ਤਰੇ ਦੀ ਪ੍ਰਵਾਹ ਨਾ ਕਰਦੇ ਹੋਏ, ਸ਼ਿਵ ਸੈਨਾ ਦੇ ਗੜ੍ਹ 'ਚ ਜਾ ਵੜੇ। ਕਾਲਜ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਉਪਰੰਤ ਰਾਹੁਲ ਅਚਾਨਕ ਆਪਣੇ ਵਾਹਨ ਤੋਂ ਉਤਰੇ ਅਤੇ ਕਾਫ਼ਲੇ ਨੂੰ ਛੱਡ ਕੇ ਪੱਛਮੀ ਰੇਲਵੇ ਦੇ ਅੰਧੇਰੀ ਰੇਲਵੇ ਸਟੇਸ਼ਨ 'ਚ ਦਾਖ਼ਲ ਹੋ ਗਏ, ਉਥੋਂ ਉਹ ਦਾਦਰ ਜਾ ਰਹੀ ਲੋਕਲ ਰੇਲ 'ਚ ਬੈਠ ਗਏ। ਇਸ ਤਰ੍ਹਾਂ ਦੀਆਂ ਵੀ ਖ਼ਬਰਾਂ ਹਨ ਕਿ ਰਾਹੁਲ ਨੇ ਮੁੰਬਈ ਦੇ ਇੱਕ ਏ ਟੀ ਐਮ ਤੋਂ ਪੈਸੇ ਵੀ ਕਢਵਾਏ।

ਜ਼ਿਕਰਯੋਗ ਹੈ ਕਿ ਰਾਹੁਲ ਨੇ ਵੇਰਾਰ ਤੋਂ ਦਾਦਰ ਜਾ ਰਹੀ ਰੇਲ ਗੱਡੀ 'ਚ ਆਮ ਲੋਕਾਂ ਨਾਲ ਦੂਜੀ ਸ਼੍ਰੇਣੀ 'ਚ ਸਫ਼ਰ ਕਰਕੇ ਲੋਕਾਂ ਨੂੰ ਖੁਸ਼ ਕਰ ਦਿੱਤਾ, ਪਰ ਉਨ੍ਹਾਂ ਦੀ ਇਸ ਅਚਾਨਕ ਰੇਲ ਯਾਤਰਾ ਤੋਂ ਸੁਰੱਖਿਆ ਕਰਮੀ ਸ਼ਸੋਪੰਜ 'ਚ ਪੈ ਗਏ। ਸ੍ਰੀ ਗਾਂਧੀ 15 ਮਿੰਟ ਦਾ ਸਫ਼ਰ ਕਰਕੇ ਦੁਪਹਿਰ ਸਵਾ ਇੱਕ ਵਜੇ ਦਾਦਰ ਪਹੁੰਚੇ। ਦਾਦਰ ਰੇਲਵੇ ਸਟੇਸ਼ਨ 'ਤੇ ਆਉਣ ਤੋਂ ਬਾਅਦ ਰਾਹੁਲ ਨੇ ਪੁਲ ਪਾਰ ਕੀਤਾ ਅਤੇ ਕੇਂਦਰੀ ਲਾਇਨ 'ਤੇ ਘਾਟਕੋਪਰ ਜਾ ਰਹੀ ਇੱਕ ਹੋਰ ਲੋਕਲ ਰੇਲ ਗੱਡੀ ਵਿਚ ਬੈਠ ਗਏ। ਰਾਹੁਲ ਨੇ ਉਨ੍ਹਾਂ ਯਾਤਰੂਆਂ ਨੂੰ ਆਟੋਗ੍ਰਾਫ਼ ਵੀ ਦਿੱਤੇ, ਜੋ ਨੌਜਵਾਨ ਆਗੂ ਨੂੰ ਅਚਾਨਕ ਆਪਣੇ ਦਰਮਿਆਨ ਵੇਖ ਕੇ ਹੈਰਾਨ ਹੋ ਗਏ ਸਨ। ਚਾਰ ਘੰਟਿਆਂ ਦੀ ਮੁੰਬਈ ਯਾਤਰਾ ਤੋਂ ਬਾਅਦ ਸ੍ਰੀ ਗਾਂਧੀ ਪੁਡੋਚੇਰੀ ਲਈ ਰਵਾਨਾ ਹੋ ਗਏ। ਰਾਹੁਲ ਦੀ ਫੇਰੀ ਨੂੰ ਵੇਖਦਿਆਂ ਸੂਬਾ ਸਰਕਾਰ ਨੇ ਸ਼ਹਿਰ ਅੰਦਰ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ।

ਕੇਂਦਰ ਦੀ ਘੁਰਕੀ 'ਤੇ ਮਹਾਰਾਸ਼ਟਰ ਸਰਕਾਰ ਸਰਗਰਮ ਟੈਕਸੀ ਨੀਤੀ ਤਹਿਤ ਸਿਰਫ਼ ਮਹਾਰਾਸ਼ਟਰ ਦੇ ਵਸਨੀਕਾਂ ਨੂੰ ਹੀ ਲਾਇਸੰਸ ਜਾਰੀ ਕਰਨ ਸਬੰਧੀ ਐਲਾਨ ਕਰਨ ਵਾਲੀ ਮਹਾਰਾਸ਼ਟਰ ਸਰਕਾਰ ਆਪਣੇ ਕੇਂਦਰੀ ਆਗੂਆਂ ਦੀ ਘੁਰਕੀ 'ਤੇ ਹੁਣ ਸ਼ਿਵ ਸੈਨਾ ਦੇ ਮੁੱਖ ਬੁਲਾਰੇ ਅਖ਼ਬਾਰ 'ਸਾਮਨਾ' ਖਿਲਾਫ਼ ਕਾਰਵਾਈ ਕਰਨ ਲਈ ਕਮਰ ਕੱਸਣ ਲੱਗੀ ਹੈ। ਇਸ ਮਾਮਲੇ ਵਿਚ ਸੂਬਾ ਸਰਕਾਰ ਨੇ ਐਡਵੋਕੇਟ ਜਨਰਲ ਤੋਂ ਸ਼ਿਵ ਸੈਨਾ ਦੇ ਮੁੱਖ ਬੁਲਾਰੇ ਅਖ਼ਬਾਰ ਵਿਰੁਧ ਕਾਰਵਾਈ ਕਰਨ ਲਈ ਕਾਨੂੰਨੀ ਸਲਾਹ ਮੰਗੀ ਹੈ।

ਯਾਦ ਰਹੇ ਸ਼ਿਵ ਸੈਨਾ ਨੇ ਰਾਹੁਲ ਗਾਂਧੀ ਦੇ ਮਹਾਰਾਸ਼ਟਰ ਦੌਰੇ ਦੌਰਾਨ ਉਨ੍ਹਾਂ ਦਾ ਕਾਲੇ ਝੰਡਿਆਂ ਨਾਲ ਸਵਾਗਤ ਕਰਨ ਦੀ ਧਮਕੀ ਦਿੱਤੀ ਹੈ, ਜਦਕਿ ਇਸ ਧਮਕੀ ਦੇ ਬਾਵਜੂਦ ਰਾਹੁਲ ਨੇ ਕਿਹਾ ਕਿ ਉਹ ਗਿੱਦੜ ਭਬਕੀਆਂ ਤੋਂ ਨਹੀਂ ਡਰਦੇ ਤੇ ਹਰ ਹਾਲਤ 'ਚ ਮਹਾਰਾਸ਼ਟਰ ਦਾ ਨਿਰਧਾਰਤ ਦੌਰਾ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਸਾਮਨਾ 'ਚ ਛਪੇ ਲੇਖ ਵਿਚ ਕਿਹਾ ਗਿਆ ਸੀ ਕਿ ਮੁੰਬਈ ਮਰਾਠੀਆਂ ਦਾ ਸ਼ਹਿਰ ਹੈ ਅਤੇ ਜੋ ਵੀ ਇਸ ਗੱਲ ਦਾ ਵਿਰੋਧ ਕਰੇਗਾ, ਉਸ ਨੂੰ ਹਥਿਆਰਾਂ ਦਾ ਸਾਹਮਣਾ ਕਰਨਾ ਪਵੇਗਾ।

## ਗ੍ਰਹਿ ਮੰਤਰੀ ਨੇ ਚੁੱਕੀਆਂ ਰਾਹੁਲ ਦੀਆਂ ਚੱਪਲਾਂ

**ਮੁੰਬਈ:** ਸ਼ਿਵ ਸੈਨਾ ਦੇ ਮੁਖੀ ਬਾਲ ਠਾਕਰੇ ਨੇ ਜਿਸ ਗੱਲ ਦਾ ਖ਼ਦਸ਼ਾ ਪ੍ਰਗਟਾਇਆ ਸੀ, ਉਸਨੂੰ ਮਹਾਰਾਸ਼ਟਰ ਦੇ ਮੁੱਖ ਮੰਤਰੀ ਅਸ਼ੋਕ ਚਵਾਨ ਨੇ ਤਾਂ ਪੂਰਾ ਨਹੀਂ ਕੀਤਾ ਪਰ ਗ੍ਰਹਿ ਰਾਜ ਮੰਤਰੀ ਰਮੇਸ਼ ਭਾਗਵੇ ਨੇ ਕਰ ਦਿਤਾ। ਰਾਹੁਲ ਨੇ ਜਦੋਂ ਇਕ ਪ੍ਰੋਗਰਾਮ ਦੌਰਾਨ ਚੱਪਲ ਉਤਾਰੀ ਤਾਂ ਗ੍ਰਹਿ ਰਾਜ ਮੰਤਰੀ ਨੇ ਉਨ੍ਹਾਂ ਨੂੰ ਹੱਥਾਂ ਵਿਚ ਚੁੱਕ ਲਿਆ। ਦੱਸਣਯੋਗ ਹੈ ਕਿ ਠਾਕਰੇ ਨੇ ਕਾਂਗਰਸੀ ਆਗੂ ਅਤੇ ਮੁੱਖ ਮੰਤਰੀ ਅਸ਼ੋਕ ਚਵਾਨ ਉਪਰ ਨਿਸ਼ਾਨਾ ਸੇਧਦੇ ਹੋਏ ਕਿਹਾ ਸੀ ਕਿ ਉਨ੍ਹਾਂ ਦੇ ਪਿਤਾ ਅਤੇ ਸਾਬਕਾ ਮੁੱਖ ਮੰਤਰੀ ਸ਼ੰਕਰ ਰਾਉ ਚਵਾਨ ਦੇ ਮੁੱਖ ਮੰਤਰੀ ਹੁੰਦਿਆਂ ਜਦੋਂ ਸੰਜੇ ਗਾਂਧੀ ਮੁੰਬਈ ਆਏ ਸਨ ਤਾਂ ਸ਼ੰਕਰ ਰਾਉ ਨੇ ਉਨ੍ਹਾਂ ਦੀਆਂ ਜੁੱਤੀਆਂ ਚੁੱਕੀਆਂ ਸਨ। ਹੁਣ ਰਾਹੁਲ ਗਾਂਧੀ ਮੁੰਬਈ ਆ ਰਹੇ ਹਨ, ਵੇਖਦੇ ਹਾਂ ਕਿ ਅਸ਼ੋਕ ਚਵਾਨ ਕੀ ਚੁੱਕਦੇ ਹਨ? ਇਸ ਤੋਂ ਪਹਿਲਾਂ ਮੁੱਖ ਮੰਤਰੀ ਅਸ਼ੋਕ ਚਵਾਨ ਰਾਹੁਲ ਗਾਂਧੀ ਦੀ ਉਡੀਕ ਵਿਚ 2 ਘੰਟੇ ਤਕ ਧੁੱਪੇ ਖੜੇ ਰਹੇ।

# ਦੁਵੱਲੇ ਸਬੰਧਾਂ 'ਤੇ ਕੇਂਦਰਤ ਹੋਵੇਗੀ ਪਾਕਿ ਨਾਲ ਗੱਲਬਾਤ

**ਇਸਲਾਮਾਬਾਦ:** ਭਾਰਤ ਤੇ ਪਾਕਿ ਦਰਮਿਆਨ ਸ਼ੁਰੂ ਹੋਣ ਵਾਲੀ ਪ੍ਰਸਤਾਵਤ ਗੱਲਬਾਤ ਦਹਿਸ਼ਤਵਾਦ ਤੇ ਦੁਵੱਲੇ ਸਬੰਧਾਂ ਵਲ ਕੇਂਦਰਤ ਹੋਵੇਗੀ। ਇਸ ਗੱਲਬਾਤ ਵਿਚ ਜਿੱਥੇ ਦਹਿਸ਼ਤਵਾਦ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ, ਉਥੇ ਦੁਵੱਲੇ ਸਬੰਧਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਮਸਲਿਆਂ ਨੂੰ ਵੀ ਵਿਚਾਰਿਆ ਜਾਵੇਗਾ।ਸੂਤਰਾਂ ਮੁਤਾਬਕ ਤਕਰੀਬਨ ਇਕ ਹਫ਼ਤੇ ਪਹਿਲਾਂ ਜਦੋਂ ਭਾਰਤੀ ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ ਆਪਣੇ ਪਾਕਿਸਤਾਨੀ ਹਮਰੁਤਬਾ ਸਲਮਾਨ ਬਸੀਰ ਨੂੰ ਸਕੱਤਰ ਪੱਧਰੀ ਗੱਲਬਾਤ ਦਾ ਪ੍ਰਸਤਾਵ ਦੇਣ ਲਈ ਫੋਨ ਕੀਤਾ ਸੀ ਤਾਂ ਉਸ ਸਮੇਂ ਉਨ੍ਹਾਂ ਸਪਸ਼ਟ ਕਰ ਦਿੱਤਾ ਸੀ ਕਿ ਗੱਲਬਾਤ ਦਹਿਸ਼ਤਵਾਦ ਤੇ ਦੋਹਾਂ ਦੇਸ਼ਾਂ ਦੇ ਸਬੰਧਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਮੁੱਦਿਆਂ 'ਤੇ ਕੇਂਦਰਤ ਰਹੇਗੀ। ਸੂਤਰਾਂ ਨੇ ਇਹ ਵੀ ਦੱਸਿਆ ਕਿ ਸ੍ਰੀਮਤੀ ਰਾਓ ਨੇ ਗੱਲਬਾਤ ਦੌਰਾਨ ਨਦੀਆਂ ਦੇ ਪਾਣੀ ਦੀ ਵੰਡ ਦੇ ਮੁੱਦੇ ਵਿਚਾਰਨ ਦੀ ਵੀ ਇੱਛਾ ਪ੍ਰਗਟਾਈ ਹੈ। ਕਿਉਂਕਿ ਪਿਛਲੇ ਕੁਝ ਸਾਲਾਂ ਵਿਚ ਪਾਣੀ ਸਬੰਧੀ ਵਿਵਾਦ ਦੋਹਾਂ ਦੇਸ਼ਾਂ ਦੇ ਆਪਸੀ ਰਿਸ਼ਤਿਆਂ ਨੂੰ ਪ੍ਰਭਾਵਤ ਕਰ ਰਿਹਾ ਹੈ।ਸੂਤਰਾਂ ਮੁਤਾਬਕ ਇਸਲਾਮਾਬਾਦ ਲਗਾਤਾਰ ਦਿੱਲੀ 'ਤੇ ਇਹ ਦੋਸ਼ ਲਗਾਉਂਦਾ ਰਿਹਾ ਹੈ ਕਿ ਭਾਰਤ ਨੇ ਨਦੀਆਂ ਦੇ ਪ੍ਰਵਾਹ ਨੂੰ ਰੋਕਿਆ ਹੋਇਆ ਹੈ, ਜਦਕਿ ਭਾਰਤ ਹਮੇਸ਼ਾ ਇਨ੍ਹਾਂ ਦੋਸ਼ਾਂ ਨੂੰ ਖਾਰਜ ਕਰਦਾ ਰਿਹਾ ਹੈ। ਇਸੇ ਤਰ੍ਹਾਂ ਸੂਤਰਾਂ ਨੇ ਇਹ ਵੀ ਦੱਸਿਆ ਕਿ ਸ੍ਰੀਮਤੀ ਰਾਓ ਨੇ ਗੱਲਬਾਤ ਦੌਰਾਨ ਸਮੁੱਚੀ ਗੱਲਬਾਤ ਦੀ ਪੂਰੀ ਤਰ੍ਹਾਂ ਬਹਾਲੀ ਦਾ ਕੋਈ ਸੰਕੇਤ ਨਹੀਂ ਦਿੱਤਾ।ਸੂਤਰਾਂ ਨੇ ਸ੍ਰੀਮਤੀ ਰਾਓ ਵਲੋਂ ਸਮੁੱਚੀ ਗੱਲਬਾਤ ਦਾ ਸੰਦਰਭ ਨਾ ਦੇਣ ਨੂੰ ਉਨ੍ਹਾਂ ਦਾ ਇੱਕ ਕੂਟਨੀਤਕ ਪੈਂਤੜਾ ਦੱਸਿਆ। ਜ਼ਿਕਰਯੋਗ ਹੈ ਕਿ ਦੋਹਾਂ ਦੇਸ਼ਾਂ ਦੇ ਵਿਦੇਸ਼ ਸਕੱਤਰਾਂ ਵਲੋਂ ਆਪਸੀ ਸੰਪਰਕ ਸਾਧਣ ਉਪਰੰਤ ਇਸਲਾਮਾਬਾਦ ਨੇ ਨਵੀਂ ਦਿੱਲੀ ਵਿਚ ਆਪਣੇ ਹਾਈ ਕਮਿਸ਼ਨ ਨੂੰ ਸ੍ਰੀਮਤੀ ਰਾਓ ਨਾਲ ਮੁਲਾਕਾਤ ਕਰਨ ਲਈ ਕਿਹਾ ਹੈ ਤਾਂ ਜੋ ਪ੍ਰਸਤਾਵਤ ਗੱਲਬਾਤ ਦੀ ਸਮੱਗਰੀ ਅਤੇ ਏਜੰਡੇ ਬਾਰੇ ਸਾਫ਼-ਸਾਫ਼ ਪਤਾ ਲਗਾਇਆ ਜਾ ਸਕੇ।

ਉਧਰ ਪਾਕਿਸਤਾਨ ਨੇ ਬੀਤੇ ਦਿਨੀਂ ਕਿਹਾ ਕਿ ਉਹ ਗੱਲਬਾਤ ਦੀ ਬਹਾਲੀ ਲਈ ਭਾਰਤ ਦੀ ਪੇਸ਼ਕਸ਼ 'ਤੇ ਜਵਾਬ ਤਿਆਰ ਕਰਨ ਦੀ ਪ੍ਰਕਿਰਿਆ ਵਿਚ ਹੈ। ਪਰ ਉਸ ਨੇ ਨਾਲ ਹੀ ਸੰਕੇਤ ਦਿੱਤੇ ਹਨ ਕਿ ਉਹ ਮੁਕੰਮਲ ਵਾਰਤਾ ਦੇ ਅਮਲ ਨੂੰ ਤਰਜ਼ੀਹ ਦੇਵੇਗਾ, ਜਿਹੜੀ ਕਿ ਸਾਲ 2008 ਵਿਚ ਹੋਏ ਮੁੰਬਈ ਹਮਲਿਆਂ ਤੋਂ ਬਾਅਦ ਠੱਪ ਪਈ ਹੈ। ਪਾਕਿਸਤਾਨ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਅਬਦੁੱਲ ਬਾਸਿਤ ਨੇ ਕਿਹਾ ਕਿ ਪਾਕਿ ਅਜੇ ਵੀ ਅੰਦਰੂਨੀ ਸਲਾਹ-ਮਸ਼ਵਰਾ ਕਰਨ ਦੀ ਪ੍ਰਕਿਰਿਆ ਵਿਚ ਹੈ ਅਤੇ ਪਾਕਿ ਨੇ ਅਜੇ ਤੱਕ ਅਸਲ ਵਿਚ ਜਵਾਬ ਤਿਆਰ ਨਹੀਂ ਕੀਤਾ ਹੈ। ਜਨਾਬ ਬਾਸਿਤ ਨੇ ਕਿਹਾ ਕਿ ਸਾਡੇ ਕੋਲ ਪਹਿਲਾਂ ਤੋਂ ਹੀ ਇੱਕ ਨਿਰਧਾਰਤ ਖਰੜਾ ਹੈ ਅਤੇ ਮੁੜ ਕੋਈ ਨਵੀਂ ਚੀਜ਼ ਈਜ਼ਾਦ ਕਰਨੀ ਜ਼ਰੂਰੀ ਨਹੀਂ ਹੈ। ਬੁਲਾਰੇ ਨੇ ਇਹ ਸਪਸ਼ਟ ਕੀਤਾ ਕਿ ਪਾਕਿਸਤਾਨ ਭਾਰਤ ਦੇ ਨਾਲ ਗੱਲਬਾਤ ਦੇ ਖਿਲਾਫ਼ ਨਹੀਂ ਹੈ, ਪਰ ਨਾਲ ਹੀ ਕਿਹਾ ਕਿ ਸਿਰਫ਼ ਗੱਲਬਾਤ ਕਰਨ ਲਈ ਵਾਰਤਾ ਸਾਰਥਕ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਗੱਲਬਾਤ ਰਚਨਾਤਮਕ ਅਤੇ ਸਾਰਥਕ ਹੋਣੀ ਚਾਹੀਦੀ ਹੈ। ਜਨਾਬ ਬਾਸਿਤ ਨੇ ਕਿਹਾ ਕਿ ਵਿਦੇਸ਼ ਸਕੱਤਰ ਨਿਰੂਪਮਾ ਰਾਓ ਨੇ ਨਵੀਂ ਦਿੱਲੀ ਵਿਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਸ਼ਾਇਦ ਮਲਿਕ ਨੂੰ ਬੀਤੇ ਦਿਨੀਂ ਹੋਈ ਇੱਕ ਬੈਠਕ ਵਿਚ ਸੰਕੇਤ ਦਿੱਤੇ ਸਨ ਕਿ ਦੋਹਾਂ ਧਿਰਾਂ ਨੂੰ ਵਾਰਤਾ ਦਾ ਪਹਿਲਾ ਦੌਰ ਸ਼ੁਰੂ ਕਰਨਾ ਚਾਹੀਦਾ ਹੈ।ਯਾਦ ਰਹੇ ਭਾਰਤ ਨੇ ਦੋਹਾਂ ਦੇਸ਼ਾਂ ਦੇ ਵਿਦੇਸ਼ ਸਕੱਤਰਾਂ ਦਰਮਿਆਨ ਇੱਕ ਬੈਠਕ ਕਰਵਾਉਣ ਦਾ ਪ੍ਰਸਤਾਵ ਵੀ ਰੱਖਿਆ ਹੈ, ਤਾਂ ਜੋ ਉਹ ਅੜਿੱਕੇ ਦੂਰ ਕੀਤੇ ਜਾ ਸਕਣ, ਜੋ ਮੁੰਬਈ ਹਮਲਿਆਂ ਤੋਂ ਬਾਅਦ ਪੈਦਾ ਹੋਏ। ਜ਼ਿਕਰਯੋਗ ਹੈ ਕਿ ਦਹਿਸ਼ਤਗਰਦੀ ਸੰਗਠਨ ਲਸ਼ਕਰ-ਏ-ਤੋਇਬਾ ਦੇ ਮੈਂਬਰਾਂ ਨੇ ਮੁੰਬਈ ਹਮਲਿਆਂ ਨੂੰ ਅੰਜਾਮ ਦਿੱਤਾ ਸੀ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕੁਝ ਦਿਨ ਪਹਿਲਾਂ ਕੇਂਦਰੀ ਵਿਦੇਸ਼ੀ ਮੰਤਰੀ ਐਸ ਐਮ ਕ੍ਰਿਸ਼ਨਾ ਨੇ ਵੀ ਭਾਰਤ ਨਾਲ ਗੱਲਬਾਤ ਸ਼ੁਰੂ ਕਰਨ ਦਾ ਸੰਕੇਤ ਦਿੱਤਾ ਸੀ। ਵਿਦੇਸ਼ ਸਕੱਤਰ ਪੱਧਰ ਦੀ ਗੱਲਬਾਤ ਦੀ ਪੇਸ਼ਕਸ਼ ਇਸ ਲਈ ਵੀ ਅਹਿਮ ਮੰਨੀ ਜਾ ਰਹੀ ਹੈ ਕਿਉਂਕਿ ਇਸੇ ਮਹੀਨੇ 26 ਫਰਵਰੀ ਨੂੰ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਸਾਰਕ ਦੇਸ਼ਾਂ ਦੇ ਗ੍ਰਹਿ ਮੰਤਰੀਆਂ ਦੇ ਸੰਮੇਲਨ 'ਚ ਹਿੱਸਾ ਲੈਣ ਲਈ ਪਾਕਿਸਤਾਨ ਜਾ ਰਹੇ ਹਨ। ਇਸ ਯਾਤਰਾ ਦੌਰਾਨ ਸ੍ਰੀ ਚਿਦੰਬਰਮ ਦੀ ਆਪਣੀ ਪਾਕਿ ਹਮਰੁਤਬਾ ਰਹਿਮਾਨ ਮਲਿਕ ਤੇ ਹੋਰਨਾਂ ਆਗੂਆਂ ਨਾਲ ਮੁਲਾਕਾਤ ਕੀਤੇ ਜਾਣ ਦੀ ਵੀ ਉਮੀਦ ਹੈ।



**ਮੁਕੰਮਲ ਵਾਰਤਾ ਦੇ ਅਮਲ ਨੂੰ ਤਰਜ਼ੀਹ ਦੇਵੇਗਾ ਪਾਕਿਸਤਾਨ**

**ਪਾਕਿ ਵਲੋਂ ਗੱਲਬਾਤ ਦੀ ਪੇਸ਼ਕਸ਼ ਦਾ ਮਜ਼ਾਕ** –ਭਾਰਤ ਵਲੋਂ ਕੀਤੀ ਗਈ ਗੱਲਬਾਤ ਦੀ ਪੇਸ਼ਕਸ਼ ਦਾ ਮਜ਼ਾਕ ਉਡਾਉਂਦਿਆਂ ਪਾਕਿਸਤਾਨ ਨੇ ਕਿਹਾ ਹੈ ਕਿ ਭਾਰਤ ਉਸ ਅੱਗੇ ਝੁਕ ਗਿਆ ਹੈ, ਜਦਕਿ ਦੂਜੇ ਪਾਸੇ ਭਾਰਤ ਵਲੋਂ ਬਦੇਸ਼ ਸਕੱਤਰ ਪੱਧਰ ਦੀ ਗੱਲਬਾਤ ਲਈ 18 ਅਤੇ 25 ਫਰਵਰੀ ਦੀ ਤਜਵੀਜ਼ ਰੱਖੀ ਗਈ ਹੈ।

ਪਾਕਿਸਤਾਨ ਦੇ ਬਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਪਹਿਲਾਂ ਭਾਰਤ ਨੇ ਆਪ ਹੀ ਪਾਕਿਸਤਾਨ ਨਾਲੋਂ ਰਿਸ਼ਤਾ ਤੋੜ ਲਿਆ ਸੀ, ਪਰ ਦੋ ਦਿਨ ਪਹਿਲਾਂ ਉਸਨੇ ਆਪ ਹੀ ਗੱਲਬਾਤ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਕਮਜ਼ੋਰ ਨਹੀਂ ਹੈ ਅਤੇ ਕਸ਼ਮੀਰ ਮੁੱਦੇ ਅਤੇ ਪਾਣੀਆਂ ਦੀ ਵੰਡ ਦੇ ਮਾਮਲੇ ਸਮੇਤ ਸਾਰੇ ਮੁੱਦਿਆਂ 'ਤੇ ਪਾਕਿਸਤਾਨ ਦਾ ਕੇਸ ਬਹੁਤ ਮਜ਼ਬੂਤ ਹੈ। ਉਧਰ ਭਾਰਤ ਨੇ ਬਦੇਸ਼ ਸਕੱਤਰ ਪੱਧਰ ਦੀ ਗੱਲਬਾਤ ਸੁਝਾਅ ਦਿੰਦਿਆਂ ਚਿਤਾਵਨੀ ਦਿੱਤੀ ਹੈ ਕਿ ਮੁੰਬਈ ਵਰਗੇ ਹਮਲੇ ਮੁੜ ਹੋਣ 'ਤੇ ਗੱਲਬਾਤ ਨੂੰ ਧੱਕਾ ਲੱਗੇਗਾ। ਭਾਰਤ ਨੇ ਸਾਫ ਸ਼ਬਦਾਂ 'ਚ ਕਿਹਾ ਕਿ ਗੱਲਬਾਤ ਦਾ ਅਰਥ ਵਿਆਪਕ ਗੱਲਬਾਤ ਦੀ ਬਹਾਲੀ ਨਹੀਂ ਹੋਵੇਗਾ। ਭਾਰਤ ਨੇ ਕਿਹਾ ਕਿ ਉਹ ਬਲੋਚਿਸਤਾਨ ਸਮੇਤ ਪਾਕਿਸਤਾਨ ਵਲੋਂ ਉਠਾਏ ਗਏ ਕਿਸੇ ਵੀ ਮੁੱਦੇ 'ਤੇ ਗੱਲਬਾਤ ਲਈ ਤਿਆਰ ਹੈ।

# ਪਚੌਰੀ ਦੇ ਬਚਾਅ 'ਚ ਆਏ ਮਨਮੋਹਨ ਸਿੰਘ

**ਨਵੀਂ ਦਿੱਲੀ:** ਹਿਮਾਲਿਆ ਦੀਆਂ ਬਰਫ਼ੀਲੀਆਂ ਪਹਾੜੀਆਂ (ਗਲੇਸ਼ੀਅਰ) ਦੇ ਖ਼ੁਰਨ ਸਬੰਧੀ ਅੰਤਰ ਸਰਕਾਰੀ ਪੈਨਲ (ਆਈ ਪੀ ਸੀ ਸੀ) ਦੀਆਂ ਅਪੁਸ਼ਟ ਖ਼ਬਰਾਂ ਲਈ ਆਲੋਚਨਾਵਾਂ ਦਾ ਸਾਹਮਣਾ ਕਰ ਰਹੇ ਆਰ ਕੇ ਪਚੌਰੀ ਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਖੁੱਲ੍ਹ ਕੇ ਬਚਾਅ ਕੀਤਾ। ਸ੍ਰੀ ਪਚੌਰੀ ਦੇ ਹੱਕ ਵਿਚ ਬੋਲਦਿਆਂ ਡਾ. ਸਿੰਘ ਨੇ ਕਿਹਾ ਕਿ ਮੌਸਮੀ ਤਬਦੀਲੀਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿਚ ਸ੍ਰੀ ਪਚੌਰੀ ਨੂੰ ਉਨ੍ਹਾਂ ਦੇ ਯੋਗਦਾਨ ਬਦਲੇ ਜੋ ਕੌਮਾਂਤਰੀ ਸਨਮਾਨ ਅਤੇ ਪ੍ਰਸਿੱਧੀ ਹਾਸਲ ਹੋਈ ਹੈ, ਉਹ ਅਸਲ ਵਿਚ ਉਸ ਦੇ ਹੱਕਦਾਰ ਸਨ। ਦਿੱਲੀ ਨਿਰੰਤਰ ਵਿਕਾਸ ਦੇ 10ਵੇਂ ਸਿਖਰ ਸੰਮੇਲਨ ਦਾ ਉਦਘਾਟਨ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਆਈ ਪੀ ਸੀ ਸੀ ਦੀ ਪ੍ਰੀਕਿਰਿਆ ਅਤੇ ਉਸ ਦੀ ਅਗਵਾਈ ਵਿਚ ਭਾਰਤ ਨੂੰ ਪੂਰਾ ਭਰੋਸਾ ਹੈ ਤੇ ਉਹ ਇਸ ਦੀ ਹਮਾਇਤ ਵੀ ਕਰਦੇ ਹਨ। ਉਨ੍ਹਾਂ ਹਾਲਾਂਕਿ ਇਹ ਵੀ ਕਿਹਾ ਕਿ ਕੁਝ ਦਿਨ ਪਹਿਲਾਂ ਆਈ ਪੀ ਸੀ ਸੀ ਨੂੰ ਆਪਣੇ ਕੰਮ ਲਈ ਆਲੋਚਨਾਵਾਂ ਦਾ ਸਾਹਮਣਾ ਕਰਨਾ ਪਿਆ ਸੀ, ਜਦਕਿ ਇਹ ਆਲੋਚਨਾਵਾਂ ਆਮ ਵਾਂਗ ਸਨ। ਡਾ. ਸਿੰਘ ਨੇ ਕਿਹਾ ਕਿ ਊਰਜਾ ਸੁਰੱਖਿਆ ਅਤੇ ਮੌਸਮੀ ਤਬਦੀਲੀਆਂ ਦੀਆਂ ਦੂਹਰੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿਚ ਸ੍ਰੀ ਪਚੌਰੀ ਦੀ ਅਗਵਾਈ ਵਿਚ ਊਰਜਾ ਖੋਜ ਸੰਸਥਾ (ਟੇਰੀ) ਦੇ ਯੋਗਦਾਨ ਨੂੰ ਉਚਿਤ ਕੌਮਾਂਤਰੀ ਸਨਮਾਨ ਅਤੇ ਮਾਨਤਾ ਮਿਲੀ ਹੋਈ ਹੈ। ਦੱਸਣਾ ਬਣਦਾ ਹੈ ਕਿ ਨੋਬੇਲ ਪੁਰਸਕਾਰ ਜੇਤੂ ਸ੍ਰੀ ਪਚੌਰੀ ਦੀ ਮੌਸਮੀ ਤਬਦੀਲੀਆਂ ਬਾਰੇ ਉਸ ਰਿਪੋਰਟ ਦਾ ਲਗਾਤਾਰ ਵਿਰੋਧ ਹੋ ਰਿਹਾ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਹਿਮਾਲਿਆ ਦੀਆਂ ਬਰਫ਼ੀਲੀਆਂ ਪਹਾੜੀਆਂ 2035 ਤੱਕ ਖੁਰ ਜਾਣਗੀਆਂ। ਸ੍ਰੀ ਪਚੌਰੀ ਦੀ ਅਗਵਾਈ ਵਾਲੀ ਜਥੇਬੰਦੀ ਆਈ ਪੀ ਸੀ ਸੀ ਵਲੋਂ ਤਿਆਰ ਕੀਤੀ ਇਸ ਰਿਪੋਰਟ ਦਾ ਕਈ ਵਿਗਿਆਨੀਆਂ ਨੇ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਅਸਲ ਵਿਚ ਇਹ ਪਹਾੜੀਆਂ 2350 ਤੱਕ ਵੀ ਪੂਰੀ ਤਰ੍ਹਾਂ ਨਹੀਂ ਖੁਰਨਗੀਆਂ। ਇਸੇ ਦੌਰਾਨ ਡਾ. ਸਿੰਘ ਨੇ ਮੌਸਮੀ ਤਬਦੀਲੀਆਂ ਨਾਲ ਨਜਿੱਠਣ ਲਈ ਕੌਮਾਂਤਰੀ ਸਹਿਮਤੀ ਦੀ ਘਾਟ ਦਾ ਜ਼ਿਕਰ ਕਰਦਿਆਂ ਉਦਯੋਗਿਕ ਦੇਸ਼ਾਂ ਨੂੰ ਕਾਰਬਨ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਬਾਰੇ ਜਲਦ ਟੀਚੇ ਐਲਾਨਣ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਵਿਕਸਤ ਦੇਸ਼ਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਜਲਦ ਤੋਂ ਜਲਦ ਇਸ ਮਸਲੇ ਵੱਲ ਆਪਣਾ ਰੁਖ਼ ਸਪਸ਼ਟ ਕਰਨ। ਮੌਸਮੀ ਤਬਦੀਲੀਆਂ ਬਾਰੇ ਹੋਏ ਕੋਪਨਹੇਗਨ ਸੰਮੇਲਨ ਵਿਚ ਸੀਮਿਤ ਉਪਲਬਧੀਆਂ 'ਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤ ਸਮਝੌਤੇ ਦੀ ਪੂਰੀ ਹਮਾਇਤ ਕਰਦਾ ਹੈ ਤੇ ਉਸ ਨੂੰ ਅੱਗੇ ਲਿਜਾਣ ਲਈ ਵਚਨਬੱਧ ਹੈ, ਪਰ ਉਨ੍ਹਾਂ ਨਾਲ ਹੀ ਇਹ ਵੀ ਸਪਸ਼ਟ ਕੀਤਾ ਕਿ ਸਵੈ ਇੱਛੁਕ ਸਮਝੌਤਾ ਹੈ, ਨਾ ਕਿ ਕਾਨੂੰਨੀ ਪਾਬੰਦੀਆਂ ਵਾਲਾ। ਕੋਪਨਹੇਗਨ ਸਮਝੌਤੇ ਬਾਰੇ ਡਾ. ਸਿੰਘ ਨੇ ਕਿਹਾ ਕਿ ਪੂਰੀ ਤਰ੍ਹਾਂ ਲਾਗੂ ਨਾ ਕੀਤੇ ਜਾ ਸਕਣ ਵਾਲੇ ਇਸ ਸਮਝੌਤੇ ਦੀ ਬਜਾਏ ਜੇਕਰ ਪੂਰੀ ਤਰ੍ਹਾਂ ਲਾਗੂ ਕੀਤੇ ਜਾਣ ਵਾਲੇ ਟੀਚੇ ਨਿਰਧਾਰਤ ਕੀਤੇ ਜਾਂਦੇ ਤਾਂ ਜ਼ਿਆਦਾ ਬਿਹਤਰ ਹੁੰਦਾ।



ਜਲਵਾਯੂ ਪਰਿਵਰਤਨ 'ਤੇ ਆਪਣੀ ਤਿੰਨ ਹਜ਼ਾਰ ਪੰਨਿਆਂ ਦੀ ਰਿਪੋਰਟ 'ਚ ਇੱਕ 'ਹਿਮਾਲਿਆ' ਗਲਤੀ ਹੋਣ ਤੋਂ ਬਾਅਦ ਆਲੋਚਨਾਵਾਂ ਦੇ ਘੇਰੇ ਵਿਚ ਆਈ, ਆਈ ਪੀ ਸੀ ਸੀ ਦਾ ਜਲਵਾਯੂ ਪਰਿਵਰਤਨ ਉੱਤੇ ਸੰਯੁਕਤ ਰਾਸ਼ਟਰ ਖਰੜਾ ਸੰਧੀ (ਯੂ.ਐੱਨ.ਐੱਫ ਸੀ ਸੀ ਸੀ) ਨੇ ਵੀ ਬਚਾਅ ਕੀਤਾ ਹੈ।

ਸੰਧੀ ਦੇ ਇੱਕ ਉੱਚ ਅਧਿਕਾਰੀ ਨੇ ਇੱਥੇ ਕਿਹਾ ਕਿ ਰਿਪੋਰਟ 'ਚ ਗਲਤੀ ਦੇ ਮੁੱਦੇ ਉੱਤੇ ਰਾਜਿੰਦਰ ਪਚੌਰੀ ਤੋਂ ਅਸਤੀਫੇ ਦੀ ਮੰਗ ਬੇਤੁੱਕੀ ਹੈ।


Quik Signs

Signs * Graphics * Wraps




ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi




ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਮਹਿੰਗਾਈ ਤੇ ਸੁਰੱਖਿਆ ਛਾਏ ਰਹੇ ਦਿੱਲੀ ਮੀਟਿੰਗ ਵਿਚ

**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਦੇਸ਼ ਵਿਚ ਵਧ ਰਹੀ ਘੁਸਪੈਠ ਦੀਆਂ ਕੋਸ਼ਿਸ਼ਾਂ 'ਤੇ ਡੂੰਘੀ ਚਿੰਤਾ ਪ੍ਰਗਟਾਉਂਦਿਆਂ ਸੁਰੱਖਿਆ ਪ੍ਰਤੀ ਖਤਰਿਆਂ ਨਾਲ ਨਜਿੱਠਣ ਲਈ ਕੇਂਦਰ ਅਤੇ ਸੂਬਿਆਂ ਵਿਚਾਲੇ ਬਿਹਤਰ ਤਾਲਮੇਲ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਦਹਿਸ਼ਤਵਾਦ, ਨਕਸਲਵਾਦ ਅਤੇ ਫਿਰਕੂ ਤਾਕਤਾਂ ਨੂੰ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਨਾਲ ਨਜਿੱਠਣ ਲਈ ਸਾਂਝੇ ਯਤਨਾਂ ਦੀ ਲੋੜ ਹੈ। ਉਨ੍ਹਾਂ ਸੂਬਿਆਂ ਅਤੇ ਕੇਂਦਰ ਸਰਕਾਰਾਂ ਨੂੰ ਇਨ੍ਹਾਂ ਨਾਲ ਦ੍ਰਿੜ ਸੰਕਲਪ ਨਾਲ ਨਜਿੱਠਣ ਦਾ ਸੱਦਾ ਦਿੱਤਾ। ਅੰਦਰੂਨੀ ਸੁਰੱਖਿਆ ਬਾਰੇ ਨਵੀਂ ਦਿੱਲੀ ਵਿੱਚ ਮੁੱਖ ਮੰਤਰੀਆਂ ਦੇ ਸੰਮੇਲਨ ਦਾ ਉਦਘਾਟਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਲਈ ਬੇਹੱਦ ਚੌਕਸੀ ਅਤੇ ਕੇਂਦਰ ਤੇ ਸੂਬਾ ਸਰਕਾਰਾਂ ਦੇ ਲਗਾਤਾਰ ਅਤੇ ਸਾਂਝੀਆਂ ਕੋਸ਼ਿਸ਼ਾਂ ਦੀ ਲੋੜ ਹੈ।





ਉਨ੍ਹਾਂ ਕਿਹਾ ਕਿ ਸਮੇਂ-ਸਮੇਂ 'ਤੇ ਇਨ੍ਹਾਂ ਪ੍ਰਣਾਲੀਆਂ ਦੀ ਸਮੀਖਿਆ ਕਰਨੀ ਪਵੇਗੀ ਅਤੇ ਦੇਸ਼ ਦੇ ਨਾਗਰਿਕਾਂ ਦੀ ਸੁਰੱਖਿਆ ਨਿਸ਼ਚਤ ਕਰਨੀ ਹੋਵੇਗੀ। ਪ੍ਰਧਾਨ ਮੰਤਰੀ ਨੇ ਜੰਮੂ ਤੇ ਕਸ਼ਮੀਰ ਅਤੇ ਪੂਰਬ-ਉਤਰ ਵਿੱਚ ਦਹਿਸ਼ਤਵਾਦ, ਨਕਸਲੀ ਹਿੰਸਾ ਅਤੇ ਫਿਰਕੂ ਤਾਕਤਾਂ ਨੂੰ ਵੱਡਾ ਖ਼ਤਰਾ ਕਰਾਰ ਦਿੱਤਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਸਾਰੇ ਸੁਰੱਖਿਆ ਸਬੰਧੀ ਮੁੱਖ ਖ਼ਤਰਿਆਂ ਤੋਂ ਜਾਣੂੰ ਹਾਂ। ਵਿਰੋਧੀ ਧੜੇ ਅਤੇ ਅਨਸਰ ਦੇਸ਼ ਵਿਚ ਦਹਿਸ਼ਤਗਰਦੀ ਗਤੀਵਿਧੀਆਂ ਚਲਾ ਰਹੇ ਹਨ। ਜੰਮੂ ਤੇ ਕਸ਼ਮੀਰ ਇਨ੍ਹਾਂ ਦੀਆਂ ਕਾਰਵਾਈਆਂ ਦਾ ਖਮਿਆਜ਼ਾ ਭੁਗਤ ਰਿਹਾ ਹੈ। ਡਾ. ਸਿੰਘ ਨੇ ਕਿਹਾ ਕਿ ਪੂਰਬ-ਉਤਰ ਵਿਚ ਦਹਿਸ਼ਤਵਾਦ ਅਤੇ ਹਿੰਸਕ ਘਟਨਾਵਾਂ ਵਾਪਰ ਰਹੀਆਂ ਹਨ। ਕਈ ਸੂਬੇ ਨਕਸਲਵਾਦ ਤੋਂ ਪ੍ਰਭਾਵਤ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕ ਸਮਾਜ ਨੂੰ ਫਿਰਕੂ ਅਤੇ ਖੇਤਰੀ ਆਧਾਰ 'ਤੇ ਵੰਡਣਾ ਚਾਹੁੰਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਨ੍ਹਾਂ ਸਾਰੇ ਖ਼ਤਰਿਆਂ ਨਾਲ ਨਜਿੱਠਣ ਲਈ ਦ੍ਰਿੜ ਸੰਕਲਪ ਅਤੇ ਚੌਕਸੀ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖ਼ਤਰਿਆਂ ਨਾਲ ਸਾਨੂੰ ਹਰ ਹਾਲਤ ਵਿਚ ਨਜਿੱਠਣਾ ਪਵੇਗਾ। ਇਸੇ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਵਿਚ ਕਈ ਦਹਿਸ਼ਤਗਰਦੀ ਹਮਲੇ ਕਰਨ ਲਈ ਜ਼ਿੰਮਵਾਰ ਲਸ਼ਕਰ-ਏ-ਤੋਇਬਾ ਅਤੇ ਹਿਜ਼ਬੁਲ ਮੁਜ਼ਾਹੀਦੀਨ ਜਿਹੀਆਂ ਦਹਿਸ਼ਤਗਰਦੀ ਜਥੇਬੰਦੀਆਂ ਨੇ ਬੀਤੇ ਵੀਰਵਾਰ ਨੂੰ ਮਕਬੂਜ਼ਾ ਕਸ਼ਮੀਰ ਦੇ ਮੁਜ਼ੱਫਰਾਬਾਦ 'ਚ ਇੱਕ ਮੀਟਿੰਗ ਕੀਤੀ ਸੀ ਅਤੇ ਇਹ ਸਾਫ਼ ਜ਼ਾਹਿਰ ਕੀਤਾ ਸੀ ਕਿ ਜਥੇਬੰਦੀਆਂ ਭਾਰਤ ਦੇ ਖਿਲਾਫ਼ ਸਾਜ਼ਿਸ਼ ਰਚ ਰਹੀਆਂ ਹਨ। ਅੰਦਰੂਨੀ ਸੁਰੱਖਿਆ ਬਾਰੇ ਮੁੱਖ ਮੰਤਰੀਆਂ ਦੇ ਸੰਮੇਲਨ ਨੂੰ ਸੰਬੋਧਨ ਕਰਦਿਆਂ ਸ੍ਰੀ ਚਿਦੰਬਰਮ ਨੇ ਕਿਹਾ ਕਿ ਹਿੰਸਾ ਉਨ੍ਹਾਂ ਦਾ ਹਥਿਆਰ ਹੈ ਅਤੇ ਉਨ੍ਹਾਂ ਦਾ ਮਕਸਦ ਕਸ਼ਮੀਰ ਨੂੰ ਜਬਰੀ ਵੱਖ ਕਰਨਾ ਹੈ।

ਇਸ ਦੌਰਾਨ ਵੱਧ ਰਹੀ ਮਹਿੰਗਾਈ ਨੂੰ ਰੋਕਣ ਲਈ ਸੂਬਾ ਸਰਕਾਰਾਂ ਨੂੰ ਕੇਂਦਰ ਨਾਲ ਮਿਲ ਕੇ ਕੰਮ ਕਰਨ ਦਾ ਸੱਦਾ ਦਿੰਦਿਆਂ ਪ੍ਰਧਾਨ ਮੰਤਰੀ ਨੇ ਉਮੀਦ ਜਤਾਈ ਕਿ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ 'ਚ ਜਲਦ ਹੀ ਕਮੀ ਆ ਜਾਵੇਗੀ। ਮਹਿੰਗਾਈ ਬਾਰੇ ਮੁੱਖ ਮੰਤਰੀਆਂ ਦੇ ਸੰਮੇਲਨ ਨੂੰ ਸੰਬੋਧਨ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਕੇਂਦਰ ਵਲੋਂ ਜਾਰੀ ਕੀਤੀਆਂ ਜਾਣ ਵਾਲੀਆਂ ਖੁਰਾਕੀ ਵਸਤਾਂ ਨੂੰ ਲੋੜਵੰਦ ਲੋਕਾਂ ਤੱਕ ਪਹੁੰਚਾਉਣ 'ਚ ਸੂਬੇ ਮਦਦ ਕਰਨ। ਜਨਤਕ ਵੰਡ ਪ੍ਰਣਾਲੀ ਨੂੰ ਖਸਤਾ ਹਾਲ ਦੱਸਦਿਆਂ ਡਾ. ਸਿੰਘ ਨੇ ਇਸ ਵਿਚ ਨਵੇਂ ਸਿਰੇ ਤੋਂ ਸੁਧਾਰ ਕਰਨ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਸੂਬਿਆਂ ਨੂੰ ਬਾਜ਼ਾਰ 'ਚ ਦਖ਼ਲਅੰਦਾਜ਼ੀ ਲਈ ਕੀਤੇ ਜਾ ਰਹੇ ਯਤਨਾਂ ਵਲ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ ਡਾ. ਸਿੰਘ ਨੇ ਇਸ ਸਮੱਸਿਆ ਨਾਲ ਨਜਿੱਠਣ ਲਈ ਮੁੱਖ ਮੰਤਰੀਆਂ ਤੇ ਸੀਨੀਅਰ ਕੇਂਦਰੀ ਮੰਤਰੀਆਂ ਦੀ ਅਗਵਾਈ ਵਿਚ ਇੱਕ ਕੋਰ ਕਮੇਟੀ ਬਣਾਉਣ ਦਾ ਫੈਸਲਾ ਵੀ ਲਿਆ ਹੈ। ਇਹ ਕਮੇਟੀ ਜ਼ਰੂਰੀ ਵਸਤੂ ਅਧਿਨਿਯਮ ਨੂੰ ਬਿਹਤਰ ਤਰੀਕੇ ਨਾਲ ਲਾਗੂ ਕਰਨ ਅਤੇ ਉਚ ਸੋਧ, ਭੰਡਾਰਾਂ ਅਤੇ ਵੇਅਰਹਾਊਸਿੰਗ ਬਾਰੇ ਸੁਝਾਅ ਦੇਵੇਗੀ। ਸੂਤਰਾਂ ਮੁਤਾਬਕ ਇਸ ਕਮੇਟੀ ਵਿਚ ਪੰਜਾਬ, ਪੱਛਮੀ ਬੰਗਾਲ, ਮੱਧਪ੍ਰਦੇਸ਼, ਗੁਜਰਾਤ, ਹਰਿਆਣਾ, ਤਾਮਿਲਨਾਡੂ ਤੇ ਆਂਧਰਾਪ੍ਰਦੇਸ਼ 'ਚ ਮੁੱਖ ਮੰਤਰੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ, ਖੇਤੀਬਾੜੀ ਮੰਤਰੀ ਸ਼ਰਦ ਪਵਾਰ, ਯੋਜਨਾ ਕਮਿਸ਼ਨਰ ਦੇ ਚੇਅਰਮੈਨ ਮੋਨਟੇਕ ਸਿੰਘ ਆਹਲੂਵਾਲੀਆ ਅਤੇ ਪ੍ਰਧਾਨ ਮੰਤਰੀ ਦੀ ਆਰਥਕ ਸਲਾਹਕਾਰ ਕੌਂਸਲ ਦੇ ਪ੍ਰਧਾਨ ਸੀ ਰੰਗਾਰਾਜਨ ਵੀ ਇਸ ਕਮੇਟੀ ਦੇ ਮੈਂਬਰ ਹੋਣਗੇ। ਜ਼ਿਕਰਯੋਗ ਹੈ ਕਿ ਬਾਜ਼ਾਰ ਦਖ਼ਲਅੰਦਾਜ਼ੀ ਪ੍ਰਣਾਲੀ ਤਹਿਤ ਜ਼ਰੂਰੀ ਵਸਤਾਂ ਨੂੰ ਖੁੱਲ੍ਹੇ ਬਾਜ਼ਾਰ ਵਿਚ ਸਸਤੀਆਂ ਦਰਾਂ 'ਤੇ ਉਪਲਬਧ ਕਰਵਾਇਆ ਜਾਂਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਪ੍ਰਣਾਲੀ ਦੇ ਲਾਗੂ ਹੋਣ ਨਾਲ ਰਾਸ਼ਨ ਪ੍ਰਣਾਲੀ ਦੀਆਂ ਖਾਮੀਆਂ ਨੂੰ ਦੂਰ ਕਰਨ ਵਿਚ ਮਦਦ ਮਿਲੇਗੀ। ਕੇਂਦਰ ਵਲੋਂ ਚੌਲ ਅਤੇ ਕਣਕ ਦੇ ਸਟਾਕ ਨੂੰ ਉਠਾਉਣ 'ਚ ਸੂਬਾ ਸਰਕਾਰਾਂ ਨੇ ਵਧੇਰੇ ਦਿਲਚਸਪੀ ਨਹੀਂ ਲਈ ਹੈ। ਉਨ੍ਹਾਂ ਸੂਬਾ ਸਰਕਾਰਾਂ ਨੂੰ ਆਪਣੀਆਂ ਸਪਲਾਈ ਕਾਰਪੋਰੇਸ਼ਨਾਂ ਮਜ਼ਬੂਤ ਕਰਨ ਦੀ ਹਦਾਇਤ ਵੀ ਦਿੱਤੀ। ਡਾ. ਸਿੰਘ ਨੇ ਕਣਕ, ਚੌਲ, ਦਾਲ, ਖੰਡ ਤੇ ਹੋਰ ਦੂਜੀਆਂ ਜ਼ਰੂਰੀ ਵਸਤਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਨ੍ਹਾਂ ਵਸਤਾਂ ਦੀ ਥੋਕ ਅਤੇ ਪ੍ਰਚੂਨ ਕੀਮਤ 'ਚ ਵੱਡਾ ਅੰਤਰ ਵੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧੀ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਸਬੰਧਤ ਮੰਤਰੀ ਨੇ ਵੀ ਇਸ ਗੱਲ ਦਾ ਕਈ ਵਾਰ ਜ਼ਿਕਰ ਕੀਤਾ ਹੈ।ਪ੍ਰਚੂਨ ਬਾਜ਼ਾਰ ਵਿੱਚ ਕੀਮਤਾਂ ਤੇਜ਼ੀ ਨਾਲ ਵਧਣ ਕਾਰਨ ਇਸ ਬਾਜ਼ਾਰ ਵਿੱਚ ਮੁਕਾਬਲੇਬਾਜ਼ੀ ਵਧਾਉਣ ਦੀ ਲੋੜ ਹੈ। ਪ੍ਰਧਾਨ ਮੰਤਰੀ ਨੇ ਸੂਬਿਆਂ ਵਿੱਚ ਲੱਗਣ ਵਾਲੇ ਸਥਾਨਕ ਕਰਾਂ ਵੱਲ ਮੁੱਖ ਮੰਤਰੀਆਂ ਦਾ ਧਿਆਨ ਦਿਵਾਇਆ। ਇਨ੍ਹਾਂ ਕਰਾਂ ਕਾਰਨ ਪ੍ਰਚੂਨ ਬਾਜ਼ਾਰ ਵਿੱਚ ਵਸਤਾਂ ਦੀ ਕੀਮਤ 10-15 ਫੀਸਦੀ ਵੱਧ ਜਾਂਦੀ ਹੈ। ਡਾ. ਸਿੰਘ ਨੇ ਮੁੱਖ ਮੰਤਰੀਆਂ ਨੂੰ ਉਨ੍ਹਾਂ ਕਾਰਨਾਂ ਵਲ ਗੌਰ ਕਰਨ ਲਈ ਕਿਹਾ, ਜਿਨ੍ਹਾਂ ਕਾਰਨ ਪ੍ਰਤੀ ਹੈਕਟੇਅਰ ਪੈਦਾਵਾਰ ਘੱਟ ਰਹੀ ਹੈ। ਉਨ੍ਹਾਂ ਕਿਹਾ ਕਿ ਦਾਲਾਂ ਸਮੇਤ ਕਈ ਫ਼ਸਲਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਵੱਲ ਸਹੀ ਤਰੀਕੇ ਨਾਲ ਧਿਆਨ ਦੇਣ ਨਾਲ ਉਨ੍ਹਾਂ ਦਾ ਉਤਪਾਦਨ ਵਧਾਇਆ ਜਾ ਸਕਦਾ ਹੈ।ਖੁਰਾਕੀ ਵਸਤਾਂ ਦੀ ਮਹਿੰਗਾਈ ਤੋਂ ਚਿੰਤਤ ਪ੍ਰਧਾਨ ਮੰਤਰੀ ਨੇ ਕਿਹਾ ਕਿ ਹੁਣ ਬੁਰਾ ਦੌਰ ਖ਼ਤਮ ਹੋ ਚੁੱਕਿਆ ਤੇ ਆਉਣ ਵਾਲੀ ਫ਼ਸਲ ਬਿਹਤਰ ਹੋਵੇਗੀ। ਉਨ੍ਹਾਂ ਕਿਹਾ ਕਿ ਭਾਰਤੀ ਕਿਸਾਨਾਂ ਨੂੰ ਵੀ ਉਨ੍ਹਾਂ ਦੀ ਫ਼ਸਲ ਦੀ ਵਧੀਆ ਕੀਮਤ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਖੁਰਾਕੀ ਵਸਤਾਂ ਦੇ ਉਤਪਾਦਨ ਸਬੰਧੀ ਅੰਕੜੇ ਸਾਹਮਣੇ ਆਉਣ ਤੋਂ ਬਾਅਦ ਮਹਿੰਗਾਈ ਰੁਕਣੀ ਸ਼ੁਰੂ ਹੋ ਜਾਵੇਗੀ। ਪ੍ਰਧਾਨ ਮੰਤਰੀ ਨੇ ਜਮ੍ਹਾਂਖੋਰਾਂ ਤੇ ਮੁਨਾਫ਼ਾਖੋਰਾਂ ਵਿਰੁੱਧ ਸਖ਼ਤ ਮੁਹਿੰਮ ਵਿੱਢਣ ਦੀ ਗੱਲ ਕਰਦਿਆਂ ਕਿਹਾ ਕਿ ਸੂਬਿਆਂ ਕੋਲ ਅਜਿਹਾ ਕਰਨ ਲਈ ਪੂਰੀਆਂ ਸ਼ਕਤੀਆਂ ਹਨ ਤੇ ਜ਼ਰੂਰੀ ਵਸਤਾਂ ਦੀ ਪੂਰਤੀ ਯਕੀਨੀ ਬਣਾਉਣ ਲਈ ਇਨ੍ਹਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਨੇ ਸੂਬਿਆਂ ਨੂੰ ਖੇਤੀਬਾੜੀ ਦੇ ਉਚਿਤ ਅੰਕੜੇ ਇਕੱਠੇ ਕਰਨ ਦੀ ਗੱਲ ਵੀ ਕਹੀ।ਡਾ. ਸਿੰਘ ਨੇ ਆਪਣੇ ਭਾਸ਼ਣ ਦੌਰਾਨ ਇਹ ਵੀ ਮੰਨਿਆ ਕਿ ਅਨਾਜਾਂ ਦਾ ਘੱਟੋ-ਘੱਟ ਮੁੱਲ ਵਧਾਉਣ ਨਾਲ ਵੀ ਮਹਿੰਗਾਈ ਵਧੀ ਹੈ। ਪਰ ਉਨ੍ਹਾਂ ਨਾਲ ਹੀ ਕਿਹਾ ਕਿ 2002 ਤੋਂ ਬਾਅਦ ਹੁਣ ਤੱਕ ਰਾਸ਼ਨ ਵਿੱਚ ਵਿਕਣ ਵਾਲੇ ਅਨਾਜ ਦਾ ਮੁੱਲ ਨਹੀਂ ਵਧਾਇਆ ਗਿਆ। ਕਣਕ ਉਤਪਾਦਕ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਡਾ. ਸਿੰਘ ਨੇ ਕਿਹਾ ਕਿ ਉਹ ਹਾੜੀ ਦੀ ਫ਼ਸਲ ਦੀ ਮੁੜ ਸਮੀਖਿਆ ਕਰਨ ਦੇ ਨਾਲ-ਨਾਲ 2010 ਦੀਆਂ ਸਾਉਣੀ ਦੀਆਂ ਫ਼ਸਲਾਂ ਲਈ ਵੀ ਹੁਣ ਤੋਂ ਅੰਕੜੇ ਇਕੱਠੇ ਕਰਨ। ਡਾ. ਸਿੰਘ ਨੇ ਕਿਹਾ ਕਿ ਦੇਸ਼ 'ਚ ਜਿਨ੍ਹਾਂ ਖੁਰਾਕੀ ਵਸਤਾਂ ਦੀ ਕਮੀ ਹੈ, ਉਨ੍ਹਾਂ ਦੇ ਆਯਾਤ ਨੂੰ ਖੁੱਲ੍ਹਾ ਕਰ ਦਿੱਤਾ ਗਿਆ ਹੈ। ਖੰਡ ਦੀਆਂ ਕੀਮਤਾਂ ਬਾਰੇ ਡਾ. ਸਿੰਘ ਨੇ ਕਿਹਾ ਕਿ ਕੌਮਾਂਤਰੀ ਬਾਜ਼ਾਰ ਵਿੱਚ ਕੀਮਤਾਂ ਵੱਧ ਹੋਣ ਕਾਰਨ ਇਸ ਦੀ ਕੀਮਤ ਨੂੰ ਕਾਬੂ ਕਰਨਾ ਅਜੇ ਸੰਭਵ ਨਹੀਂ ਹੈ। ਉਨ੍ਹਾਂ ਸਮੂਹ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਖੰਡ ਦੇ ਆਯਾਤ ਦੇ ਰਾਹ 'ਚ ਅੜਿੱਕਾ ਨਾ ਬਣਨ। ਯਾਦ ਰਹੇ ਬੀਤੀ 5 ਫਰਵਰੀ ਨੂੰ ਖੰਡ, ਦਾਲਾਂ ਤੇ ਤੇਲ ਸਮੇਤ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆਂ ਵਸਤੂਆਂ ਨੂੰ ਲੈ ਕੇ ਹੋਈ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਵੀ ਕੇਂਦਰੀ ਖੇਤੀਬਾੜੀ ਮੰਤਰੀ ਪਵਾਰ ਵਲੋਂ ਮਹਿੰਗਾਈ ਬਾਰੇ ਦਿੱਤੇ ਜਾ ਰਹੇ ਬਿਆਨਾਂ ਦਾ ਮੁੱਦਾ ਹੀ ਛਾਇਆ ਰਿਹਾ ਸੀ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਵਰਕਿੰਗ ਕਮੇਟੀ ਇਸ ਗੱਲ ਨੂੰ ਲੈ ਕੇ ਸਹਿਮਤ ਸੀ। ਵੱਧ ਰਹੀ ਮਹਿੰਗਾਈ ਦੇ ਸਮੇਂ ਦੌਰਾਨ ਕਿਸੇ ਵੀ ਮੰਤਰੀ ਨੂੰ ਅਜਿਹੇ ਬਿਆਨ ਨਹੀਂ ਦੇਣੇ ਚਾਹੀਦੇ, ਜੋ ਸਰਕਾਰ ਦੀਆਂ ਮੁਸ਼ਕਲਾਂ ਵਿਚ ਵਾਧਾ ਕਰਨ।

## ਸ਼ਰਦ ਪਵਾਰ ਨੂੰ ਜਨਤਕ ਸਮਾਰੋਹਾਂ ਤੋਂ ਦੂਰੀ ਦੀ ਚਿਤਾਵਨੀ

**ਜਲੰਧਰ:** ਦੇਸ਼ 'ਚ ਖੰਡ ਦੇ ਵਧੇ ਹੋਏ ਭਾਅ ਕਾਰਨ ਜਨਤਾ 'ਚ ਕੇਂਦਰੀ ਖੇਤੀ, ਖੁਰਾਕ ਅਤੇ ਖਪਤਕਾਰ ਮਾਮਲਿਆਂ ਦੇ ਮੰਤਰੀ ਸ਼ਰਦ ਪਵਾਰ ਪ੍ਰਤੀ ਪਾਏ ਜਾ ਰਹੇ ਰੋਸ ਨੂੰ ਵੇਖਦੇ ਹੋਏ ਖੁਫੀਆ ਏਜੰਸੀਆਂ ਨੇ ਕੇਂਦਰੀ ਮੰਤਰੀ ਨੂੰ ਸੁਚੇਤ ਕੀਤਾ ਹੈ ਕਿ ਉਹ ਅਗਲੇ ਕੁਝ ਦਿਨਾਂ ਤਕ ਜਨਤਕ ਸਮਾਰੋਹਾਂ 'ਚ ਹਿੱਸਾ ਲੈਣ ਤੋਂ ਪ੍ਰਹੇਜ਼ ਕਰਨ। ਪਤਾ ਲੱਗਾ ਹੈ ਕਿ ਸ਼ਰਦ ਪਵਾਰ ਪਿਛਲੇ ਕੁਝ ਦਿਨਾਂ ਤੋਂ ਜਨਤਕ ਸਮਾਰੋਹਾਂ 'ਚ ਨਹੀਂ ਜਾ ਰਹੇ ਤਾਂ ਕਿ ਕਿਤੇ ਜਨਤਾ ਵਲੋਂ ਉਨ੍ਹਾਂ 'ਤੇ ਹਮਲਾ ਹੀ ਨਾ ਹੋ ਜਾਵੇ। ਖੁਫੀਆ ਏਜੰਸੀਆਂ ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਜਿਸ ਤਰ੍ਹਾਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਗ੍ਰਹਿ ਮੰਤਰੀ ਪੀ.ਚਿਦਬੰਰਮ 'ਤੇ ਜੁੱਤੀ ਸੁੱਟੀ ਗਈ ਸੀ, ਉਸ ਤਰ੍ਹਾਂ ਦੀ ਘਟਨਾ ਹੁਣ ਸ਼ਰਦ ਪਵਾਰ ਨਾਲ ਵੀ ਹੋ ਸਕਦੀ ਹੈ। ਖੁਫੀਆ ਏਜੰਸੀਆਂ ਦੀ ਰਿਪੋਰਟ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਭੇਜੀ ਗਈ ਹੈ। ਅਸਲ ਵਿਚ ਪਵਾਰ ਵਲੋਂ ਖੰਡ ਅਤੇ ਹੋਰ ਖਾਣ-ਪੀਣ ਦੀਆਂ ਵਸਤਾਂ ਦੇ ਭਾਅ ਨੂੰ ਲੈ ਕੇ ਪਹਿਲਾਂ ਹੀ ਕੀਮਤਾਂ ਵਧਣ ਦੀ ਜੋ ਭਵਿੱਖਬਾਣੀ ਕੀਤੀ ਜਾ ਰਹੀ ਹੈ, ਉਸ ਕਾਰਨ ਜਨਤਾ 'ਚ ਗੁੱਸਾ ਵਧ ਰਿਹਾ ਹੈ ਅਤੇ ਸਰਕਾਰੀ ਖੁਫ਼ੀਆ ਏਜੰਸੀਆਂ ਇਸ ਗੱਲ ਨੂੰ ਭਲੀ-ਭਾਂਤ ਜਾਣਦੀਆਂ ਹਨ। ਇਸੇ ਕਾਰਨ ਪਵਾਰ ਨੂੰ ਕੇਂਦਰ ਵਲੋਂ ਸਲਾਹ ਦਿੱਤੀ ਗਈ ਹੈ ਕਿ ਉਹ ਉਨ੍ਹਾਂ ਸਮਾਰੋਹਾਂ 'ਚ ਨਾ ਜਾਣ, ਜਿੱਥੇ ਜਨਤਾ ਦੀ ਸ਼ਮੂਲੀਅਤ ਜ਼ਿਆਦਾ ਹੁੰਦੀ ਹੈ ਕਿਉਂਕਿ ਕੇਂਦਰ ਸਰਕਾਰ ਕਿਸੇ ਵੀ ਘਟਨਾ ਕਾਰਨ ਆਪਣੇ ਆਪ ਨੂੰ ਕਿਸੇ ਮੁਸੀਬਤ 'ਚ ਨਹੀਂ ਪਾਉਣਾ ਚਾਹੁੰਦੀ। ਖੁਫੀਆ ਏਜੰਸੀਆਂ ਨੇ ਕਿਹਾ ਹੈ ਕਿ ਜਦੋਂ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਹੇਠਾਂ ਆ ਜਾਣਗੀਆਂ ਤਾਂ ਹੀ ਉਨ੍ਹਾਂ ਨੂੰ ਜਨਤਕ ਸਮਾਰੋਹਾਂ ਵਿਚ ਜਾਣਾ ਚਾਹੀਦਾ ਹੈ। ਪਵਾਰ ਪਿਛਲੇ ਕੁਝ ਦਿਨਾਂ ਤੋਂ ਇਸੇ ਕਾਰਨ ਖੰਡ ਦੇ ਭਾਅ ਘਟਣ ਦੇ ਬਿਆਨ ਦੇ ਰਹੇ ਹਨ।



## ਚੰਡੀਗੜ੍ਹ ਦੇ ਮੁੱਦੇ 'ਤੇ ਬਾਦਲ ਤੇ ਹੁੱਡਾ ਫਿਰ ਭਿੜਨ ਲਗੇ

**ਚੰਡੀਗੜ੍ਹ:** ਪਿਛਲੇ 45 ਸਾਲਾਂ ਤੋਂ ਚੰਡੀਗੜ੍ਹ ਬਾਰੇ ਪਏ ਰੇੜਕੇ ਨੂੰ ਲੈ ਕੇ ਬੀਤੀ 7 ਫ਼ਰਵਰੀ ਨੂੰ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦਰਮਿਆਨ ਉਸ ਵੇਲੇ ਖੜਕ ਪਈ ਜਦੋਂ ਚੰਡੀਗੜ੍ਹ, ਪੰਜਾਬ ਨੂੰ ਦੇਣ ਦੀ ਮੰਗ 'ਤੇ ਭੁਪਿੰਦਰ ਸਿੰਘ ਹੁੱਡਾ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਖੜਕਵਾਂ ਜਵਾਬ ਦਿਤਾ ਕਿ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾਉਣ ਦੀ ਨਸੀਹਤ ਦੇਣ ਵਾਲੇ ਪੰਜਾਬ ਨੂੰ ਹੀ ਚੰਡੀਗੜ੍ਹ ਤੋਂ ਬਾਹਰ ਜਾ ਕੇ ਨਵੀਂ ਰਾਜਧਾਨੀ ਬਣਾ ਲੈਣੀ ਚਾਹੀਦੀ ਹੈ।

ਨਵੀਂ ਦਿੱਲੀ 'ਚ ਮੁੱਖ ਮੰਤਰੀਆਂ ਦੇ ਸੰਮੇਲਨ ਦੌਰਾਨ ਭਾਵੇਂ ਦੋਹਾਂ ਆਗੂਆਂ ਨੇ ਇਸ ਮੁੱਦੇ ਨੂੰ ਬਹੁਤਾ ਨਹੀਂ ਚੁਕਿਆ ਪਰ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੁੱਡਾ ਨੇ ਚੰਡੀਗੜ੍ਹ ਉਪਰ ਹਰਿਆਣਾ ਦਾ ਹੱਕ ਠੋਕ ਦਿਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਰਾਜਧਾਨੀ ਦੇ ਮਸਲੇ ਨੂੰ ਇਕ ਪਾਸੜ ਹੋ ਕੇ ਨਹੀਂ ਵੇਖਣਾ ਚਾਹੀਦਾ ਕਿਉਂਕਿ ਇਸ ਨਾਲ ਹੋਰ ਮੁੱਦੇ ਜਿਵੇਂ ਦਰਿਆਈ ਪਾਣੀ ਅਤੇ ਇਲਾਕੇ ਵੀ ਜੁੜੇ ਹੋਏ ਹਨ। ਬਾਦਲ ਵਲੋਂ ਚੰਡੀਗੜ੍ਹ ਦਾ ਮਸਲਾ ਉਠਾਏ ਜਾਣ 'ਤੇ ਹੈਰਾਨੀ ਪ੍ਰਗਟ ਕਰਦਿਆਂ ਹਰਿਆਣਾ ਦੇ ਮੁੱਖ ਮੰਤਰੀ ਨੇ ਕਿਹਾ ਕਿ ਇਹੋ ਜਿਹੇ ਰੇੜਕੇ ਵਾਲੇ ਮੁੱਦੇ ਨੂੰ ਅਹਿਮ ਕਾਨਫ਼ਰੰਸ ਵਿਚ ਉਠਾਉਣਾ ਠੀਕ ਨਹੀਂ। ਉਨ੍ਹਾਂ ਇਹ ਵੀ ਕਿਹਾ ਕਿ ਬਾਦਲ ਪਹਿਲਾਂ ਵੀ ਚੰਡੀਗੜ੍ਹ ਅਤੇ ਦਰਿਆਈ ਪਾਣੀਆਂ ਬਾਰੇ ਬਿਆਨ ਦੇ ਚੁੱਕੇ ਹਨ, ਜਿਸ ਕਾਰਨ ਮਜਬੂਰੀਵਸ ਮੈਨੂੰ ਜਵਾਬ ਦੇਣਾ ਪੈ ਰਿਹਾ ਹੈ। ਦਰਿਆਈ ਪਾਣੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਹਰਿਆਣਾ ਵੀ ਕੇਂਦਰੀ ਅੰਨ ਭੰਡਾਰ ਵਿਚ ਕਣਕ ਅਤੇ ਚੌਲਾਂ ਦਾ ਵੱਡਾ ਯੋਗਦਾਨ ਪਾਉਂਦਾ ਹੈ, ਜਿਸ ਕਰ ਕੇ ਉਸ ਦਾ ਸਤਲੁਜ ਅਤੇ ਹੋਰ ਦਰਿਆਵਾਂ ਦੇ ਪਾਣੀਆਂ ਉਪਰ ਪੂਰਾ ਹੱਕ ਬਣਦਾ ਹੈ। ਉਨ੍ਹਾਂ ਕੇਂਦਰ ਸਰਕਾਰ ਦੀ ਗੁੱਝੀ ਥਾਪੀ ਦੇ ਅਸਰ ਹੇਠ ਇਥੋਂ ਤਕ ਕਿਹਾ ਕਿ ਸੂਬੇ ਦਾ ਹੱਕ 100 ਫ਼ੀ ਸਦੀ ਸਹੀ ਅਤੇ ਕਾਨੂੰਨੀ ਹੈ।

ਦਸਣਯੋਗ ਹੈ ਕਿ ਸਤਲੁਜ-ਯਮਨਾ ਲਿੰਕ ਨਹਿਰ ਅਤੇ ਵਾਧੂ ਪਾਣੀਆਂ ਦੇ ਹਿੱਸੇ ਵਿਚੋਂ 3.8 ਐਮ.ਏ.ਐਫ਼. ਪਾਣੀ ਹਰਿਆਣੇ ਵਿਚ ਲਿਜਾਣ ਲਈ ਸੁਪਰੀਮ ਕੋਰਟ ਦੇ ਫ਼ੈਸਲੇ ਵਿਰੁਧ ਕੇਸ ਪੰਜਾਬ ਸਰਕਾਰ ਨੇ ਪਿਛਲੇ ਦੋ ਸਾਲਾਂ ਤੋਂ ਦਾਇਰ ਕੀਤਾ ਹੈ ਜਿਸ ਦੀ ਸੁਣਵਾਈ ਅਜੇ ਹੋਣੀ ਹੈ। ਇਕ ਹੋਰ ਮਾਮਲਾ ਸੁਪਰੀਮ ਕੋਰਟ ਵਿਚ ਦਾਇਰ ਕਰ ਕੇ ਪੰਜਾਬ ਨੇ ਪਹਾੜੀ ਸੂਬਿਆਂ ਨੂੰ ਦਿਤੀਆਂ ਰਿਆਇਤਾਂ ਅਪਣੇ ਲਈ ਵੀ ਮੰਗੀਆਂ ਹਨ। ਸਿਆਸੀ ਮਾਹਰਾਂ ਦਾ ਵਿਚਾਰ ਹੈ ਕਿ ਅਕਾਲੀ-ਭਾਜਪਾ ਸਰਕਾਰ ਅਪਣੀਆਂ ਕਮਜ਼ੋਰੀਆਂ ਨੂੰ ਛੁਪਾਉਣ ਲਈ ਚੰਡੀਗੜ੍ਹ ਅਤੇ ਦਰਿਆਈ ਪਾਣੀਆਂ ਦੀ ਗੱਲ ਛੇੜ ਦਿੰਦੀ ਹੈ ਜਦਕਿ ਹਰਿਆਣੇ ਦੀ ਕਾਂਗਰਸ ਸਰਕਾਰ ਕੇਂਦਰ ਦੀ ਸ਼ਹਿਰ 'ਤੇ ਬਾਦਲ ਸਰਕਾਰ ਨੂੰ ਰਗੜੇ ਲਾਉਣੇ ਸ਼ੁਰੂ ਕਰ ਦਿੰਦੀ ਹੈ।

## ਮੋਦੀ ਵਲੋਂ ਮਨਮੋਹਨ ਸਿੰਘ ਦਾ ਗੁਣਗਾਨ

**ਨਵੀਂ ਦਿੱਲੀ:** ਮਹਿੰਗਾਈ ਦੇ ਮੁੱਦੇ 'ਤੇ ਕੇਂਦਰ ਸਰਕਾਰ ਨਾਲ ਖਹਿਬੜਨ ਵਾਲੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਲੰਘੀ 7 ਫ਼ਰਵਰੀ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਇਹ ਕਹਿ ਕੇ ਪ੍ਰਸ਼ੰਸਾ ਕੀਤੀ ਕਿ ਉਨ੍ਹਾਂ ਦੇ ਰਾਜ ਵਿਚ ਕਿਸੇ ਗ਼ੈਰ ਕਾਂਗਰਸੀ ਸਰਕਾਰ ਵਾਲੇ ਸੂਬੇ ਨਾਲ ਵਿਤਕਰਾ ਨਹੀਂ ਹੋਇਆ। ਇਸ ਦੇ ਨਾਲ ਹੀ ਮੋਦੀ ਨੇ ਗ੍ਰਹਿ ਮੰਤਰੀ ਪੀ. ਚਿਦੰਬਰਮ ਅਤੇ ਗ੍ਰਹਿ ਸਕੱਤਰ ਜੀ.ਕੇ. ਪਿੱਲੇ ਦੀ ਸੁਰੱਖਿਆ ਮੁੱਦਿਆਂ ਨਾਲ ਨਜਿੱਠਣ ਦੀ ਕਾਬਲੀਅਤ ਦੀ ਪ੍ਰਸ਼ੰਸਾ ਕੀਤੀ। ਮੁੱਖ ਮੰਤਰੀਆਂ ਦੇ ਸੰਮੇਲਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਅਤਿਵਾਦ ਨਾਲ ਨਜਿੱਠਣ ਲਈ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਗ੍ਰਹਿ ਸਕੱਤਰ ਦਾ ਹੁੰਗਾਰਾ ਤਾਰੀਫ਼ ਦੇ ਕਾਬਲ ਹੈ। ਰਾਸ਼ਟਰਪਤੀ ਵਲੋਂ ਗੁਜਕੋਕ ਬਿਲ ਨੂੰ ਮਨਜ਼ੂਰੀ ਨਾ ਦੇਣ ਦੇ ਸੰਦਰਭ ਵਿਚ ਉਨ੍ਹਾਂ ਕਿਹਾ ਕਿ ਲੋੜੀਂਦੀ ਕਾਨੂੰਨੀ ਵਿਵਸਥਾ ਦੀ ਘਾਟ ਅੰਦਰੂਨੀ ਸੁਰੱਖਿਆ ਲਈ ਸੱਭ ਤੋਂ ਵੱਡਾ ਮੁੱਦਾ ਹੈ। ਜੇ ਕੇਂਦਰ ਦੀ ਇਹ ਸੋਚ ਹੈ ਕਿ ਕੇਂਦਰ ਅਤੇ ਸੂਬਿਆਂ ਦਰਮਿਆਨ ਸੱਤਾ ਦੀ ਮੌਜੂਦਾ ਵੰਡ ਬਾਰੇ ਸਮੀਖਿਆ ਦੀ ਲੋੜ ਹੈ ਤਾਂ ਇਸ ਮੁੱਦੇ ਨੂੰ ਵਿਧਾਨ ਦੇ ਮੌਜੂਦਾ ਸਰੂਪ ਦੇ ਨਜ਼ਰੀਏ ਨਾਲ ਵੇਖਿਆ ਜਾਵੇ। ਅਸੀਂ ਇਸ ਮੁੱਦੇ ਉਤੇ ਬਹਿਸ ਵਿਚ ਸ਼ਾਮਲ ਹੋਵਾਂਗੇ। ਉਨ੍ਹਾਂ ਕਿਹਾ, 'ਮੈਂ ਆਸ ਕਰਦਾ ਹਾਂ ਕਿ ਦਾਊਦ ਇਬਰਾਹੀਮ ਅਤੇ ਮੁੰਬਈ ਹਮਲੇ ਦੇ ਦੋਸ਼ੀਆਂ ਵਿਰੁਧ ਕਾਰਵਾਈ ਲਈ ਕੇਂਦਰ ਅਪਣੀ ਤਾਕਤ ਦਾ ਪ੍ਰਦਰਸ਼ਨ ਕਰੇਗਾ।''



## ਜਦੋਂ ਮੁਖਰਜੀ ਅਤੇ ਮੋਦੀ ਭਿੜੇ

ਸੰਮੇਲਨ ਵਿਚ ਮਹਿੰਗਾਈ ਦੇ ਮੁੱਦੇ ਬਾਰੇ ਕੁੱਝ ਸੂਬਿਆਂ ਅਤੇ ਕੇਂਦਰ ਸਰਕਾਰ ਦਰਮਿਆਨ ਜ਼ਬਰਦਸਤ ਖਿੱਚੋਤਾਣ ਹੋਈ। ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਅਤੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦਰਮਿਆਨ ਤਾਂ ਤਿੱਖੀ ਬਹਿਸ ਹੀ ਛਿੜ ਗਈ ਜਿਸ ਨੂੰ ਬੰਦ ਕਰਵਾਉਣ ਲਈ ਪ੍ਰਧਾਨ ਮੰਤਰੀ ਨੂੰ ਦਖ਼ਲ ਦੇਣਾ ਪਿਆ। ਮੁਖਰਜੀ ਨੇ ਉਸ ਸਮੇਂ ਦਖ਼ਲ ਦਿਤਾ ਜਦੋਂ ਮੋਦੀ ਨੇ ਮੀਟਿੰਗ ਦੌਰਾਨ ਅਪਣੇ ਭਾਸ਼ਣ ਵਿਚ ਕੇਂਦਰ ਉਪਰ ਚੋਣ ਮਨੋਰਥ ਪੱਤਰ ਅਨੁਸਾਰ ਗ਼ਰੀਬਾਂ ਨੂੰ 3 ਰੁਪਏ ਪ੍ਰਤੀ ਕਿਲੋ ਚੌਲ ਨਾ ਦਿਤੇ ਜਾਣ ਦਾ ਦੋਸ਼ ਲਗਾਇਆ। ਮੁਖਰਜੀ ਨੇ ਮੋਦੀ ਨੂੰ ਵਿਚਾਲੇ ਟੋਕਿਆ ਅਤੇ ਸਿਆਸਤ ਕਰਨ ਦਾ ਦੋਸ਼ ਲਗਾਇਆ। ਨਰਿੰਦਰ ਮੋਦੀ ਨੇ ਵੀ ਮਹਿੰਗਾਈ ਦੇ ਮੁੱਦੇ 'ਤੇ ਕੇਂਦਰ ਨੂੰ ਘੇਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੋਸ਼ ਲਗਾਇਆ ਕਿ ਕੇਂਦਰ ਨੇ ਮਹਿੰਗਾਈ ਰੋਕਣ ਲਈ ਲੋੜੀਂਦੇ ਕਦਮ ਨਹੀਂ ਚੁੱਕੇ ਅਤੇ ਮੌਸਮ ਨੂੰ ਇਸ ਲਈ ਜ਼ੁੰਮੇਵਾਰ ਠਹਿਰਾਇਆ ਗਿਆ। ਉਨ੍ਹਾਂ ਤਰਕ ਦਿਤਾ, ''ਮੌਸਮ ਸਬੰਧੀ ਜ਼ਿਆਦਾ ਮਾੜੇ ਹਾਲਾਤ ਤਿੰਨ ਸਾਲ ਤਕ 2000 ਤੋਂ 2002 ਦਰਮਿਆਨ ਰਹੇ ਫਿਰ ਵੀ ਖ਼ੁਰਾਕੀ ਪਦਾਰਥਾਂ ਦੀਆਂ ਕੀਮਤਾਂ ਬਹੁਤੀਆਂ ਨਹੀਂ ਵਧੀਆਂ। ਦਸਣਯੋਗ ਹੈ ਕਿ ਉਸ ਸਮੇਂ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਦੀ ਸਰਕਾਰ ਸੀ।



## ਮਾਇਆ ਜੀ ਸੰਮੇਲਨ ਤੋਂ ਦੂਰ ਰਹੇ

**ਨਵੀਂ ਦਿੱਲੀ :**ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੂੰ ਹਟਾਉਣ ਤੋਂ ਬਾਅਦ ਹੀ ਮੁੱਖ ਮੰਤਰੀਆਂ ਦੀ ਮੀਟਿੰਗ 'ਚ ਸ਼ਾਮਲ ਹੋਣ ਦਾ ਬਿਆਨ ਦੇਣ ਵਾਲੀ ਸੂਬੇ ਦੀ ਮੁੱਖ ਮੰਤਰੀ ਮਾਇਆਵਤੀ ਆਪਣੇ ਵਾਅਦੇ ਮੁਤਾਬਕ ਇਸ ਸੰਮੇਲਨ ਤੋਂ ਦੂਰ ਹੀ ਰਹੀ। ਮਾਇਆਵਤੀ ਨੇ ਇਸ ਸੰਮੇਲਨ 'ਚ ਆਪਣੀ ਥਾਂ ਸੂਬੇ ਦੇ ਮੁੱਖ ਮੰਤਰੀ ਲਾਲਜੀ ਵਰਮਾ ਨੂੰ ਭੇਜ ਦਿੱਤਾ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਖੰਡ ਦੀ ਵਧ ਰਹੀ ਕੀਮਤ ਲਈ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਮਾਇਆਵਤੀ ਸਰਕਾਰ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ, ਜਿਸ ਤੋਂ ਬਾਅਦ ਮਾਇਆਵਤੀ ਨੇ ਵੀ ਉਨ੍ਹਾਂ ਨੂੰ ਮੋੜਵਾਂ ਜਵਾਬ ਦਿੱਤਾ ਸੀ। ਉਸ ਵੇਲੇ ਮਾਇਆਵਤੀ ਨੇ ਐਲਾਨ ਕੀਤਾ ਸੀ ਕਿ ਜੇਕਰ ਪ੍ਰਧਾਨ ਮੰਤਰੀ ਸੰਮੇਲਨ ਤੋਂ ਪਹਿਲਾਂ ਕੇਂਦਰੀ ਖੇਤੀਬਾੜੀ ਮੰਤਰੀ ਨੂੰ ਮੰਤਰੀ ਮੰਡਲ ਤੋਂ ਬਾਹਰ ਨਹੀਂ ਕਰਦੇ ਤਾਂ ਉਹ ਸੰਮੇਲਨ 'ਚ ਨਹੀਂ ਆਵੇਗੀ।



# ਕਿਸ ਦਿਸ਼ਾ ਵਲ ਜਾਵੇਗਾ ਹਰਿਆਣਾ ਦੀ ਸਿਆਸਤ ਦਾ ਕਾਰਵਾਂ


**ਬੀ.ਕੇ. ਚੰਮ**

ਹਰਿਆਣਾ ਦੀ ਸਿਆਸਤ ਸੰਕਟ ਦੇ ਦੌਰ 'ਚੋਂ ਲੰਘ ਰਹੀ ਹੈ। ਇਸ ਦੀ ਭਵਿੱਖੀ ਦਿਸ਼ਾ ਕੀ ਹੋਵੇਗੀ, ਇਸ ਦਾ ਜੁਆਬ ਮੋਟੇ ਤੌਰ 'ਤੇ ਦੋ ਕਾਰਕਾਂ (ਫੈਕਟਰਾਂ) 'ਤੇ ਨਿਰਭਰ ਕਰਦਾ ਹੈ। ਪਹਿਲਾ ਸਿਆਸੀ ਪਾਰਟੀਆਂ ਦੀ ਸਥਿਤੀ ਅਤੇ ਉਹ ਕਿਹੋ ਜਿਹਾ ਗੱਠਜੋੜ ਕਰਦੀਆਂ ਹਨ। ਦੂਜਾ ਕਾਂਗਰਸ ਸਰਕਾਰ ਸਿਆਸੀ ਤੇ ਪ੍ਰਸ਼ਾਸਨਿਕ ਚੁਣੌਤੀਆਂ ਨਾਲ ਕਿਵੇਂ ਨਜਿੱਠਦੀ ਹੈ? ਹਰਿਆਣਾ ਦੀ ਸਿਆਸਤ ਦਾ ਇਹ ਸੰਕਟਮਈ ਦੌਰ ਪਿਛਲੀਆਂ ਗਹਿਮਾ-ਗਹਿਮੀ ਵਾਲੀਆਂ ਵਿਧਾਨ ਸਭਾ ਚੋਣਾਂ ਤੇ ਏਲਨਾਬਾਦ ਉਪ-ਚੋਣ ਤੋਂ ਬਾਅਦ ਸ਼ੁਰੂ ਹੋਇਆ। ਕਾਂਗਰਸ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਅਣਕਿਆਸੇ ਤੌਰ 'ਤੇ ਬਹੁਮਤ ਹਾਸਿਲ ਕਰਨ ਵਿਚ ਨਾਕਾਮ ਰਹੀ ਤੇ ਉਨ੍ਹਾਂ ਚੋਣਾਂ ਵਿਚ ਇਨੈਲੋ ਉੱਭਰ ਕੇ ਸਾਹਮਣੇ ਆਈ, ਜਿਸਨੇ 90 ਮੈਂਬਰੀ ਵਿਧਾਨ ਸਭਾ 'ਚ 31 ਸੀਟਾਂ ਹਾਸਿਲ ਕੀਤੀਆਂ, ਜਦਕਿ 2005 ਦੀਆਂ ਵਿਧਾਨ ਸਭਾ ਚੋਣਾਂ 'ਚ ਉਸਨੂੰ 9 ਸੀਟਾਂ ਹੀ ਮਿਲ ਸਕੀਆਂ ਸਨ। ਕਾਂਗਰਸ ਏਲਨਾਬਾਦ 'ਚ ਉਪ ਚੋਣ ਵੀ ਹਾਰ ਗਈ।

ਸਮੇਂ ਤੋਂ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ 'ਚ ਸਪਸ਼ਟ ਬਹੁਮਤ ਨਾ ਮਿਲਣ ਦੇ ਬਾਵਜੂਦ ਕਾਂਗਰਸ ਆਜ਼ਾਦ ਮੈਂਬਰਾਂ ਦੀ ਹਮਾਇਤ ਲੈ ਕੇ ਆਪਣੀ ਸਰਕਾਰ ਬਣਾਉਣ 'ਚ ਸਫਲ ਹੋਈ। ਬਾਅਦ ਵਿਚ ਇਸਨੇ ਪਿਤਾ-ਪੁੱਤਰ (ਭਜਨ ਲਾਲ-ਕੁਲਦੀਪ ਬਿਸ਼ਨੋਈ) ਦੀ ਹਰਿਆਣਾ ਜਨਹਿਤ ਕਾਂਗਰਸ (ਹਜਕਾਂ) ਦੇ 6 ਵਿਧਾਇਕਾਂ 'ਚੋਂ 5 ਦੀ ਕਾਂਗਰਸ ਵਿਚ ਦਲ-ਬਦਲੀ ਕਰਵਾ ਕੇ ਆਪਣਾ ਪੂਰਨ ਬਹੁਮਤ ਬਣਾ ਲਿਆ।

2005 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਸੱਤਾ ਵਿਚ ਆਉਣ ਪਿੱਛੋਂ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵਲੋਂ ਜਨਤਾ ਦੇ ਵੱਖ-ਵੱਖ ਵਰਗਾਂ ਨੂੰ ਵਿਆਪਕ ਰਿਹਾਇਤਾਂ ਤੇ ਰਾਹਤਾਂ ਦੇਣ ਦੇ ਬਾਵਜੂਦ ਪਿਛਲੀਆਂ ਚੋਣਾਂ 'ਚ ਇਹ ਸੱਤਾਧਾਰੀ ਪਾਰਟੀ ਆਪਣੇ ਅੰਦਰ ਜਾਰੀ ਕਲੇਸ਼ ਤੇ ਲੀਡਰਸ਼ਿਪ ਦੇ ਬਹੁਤ ਜ਼ਿਆਦਾ ਆਤਮ-ਵਿਸ਼ਵਾਸ ਕਾਰਨ ਅੰਸ਼ਿਕ ਤੌਰ 'ਤੇ ਹਾਰ ਗਈ।

ਆਪਣੇ ਦਾਅਵਿਆਂ ਅਤੇ ਪ੍ਰਤੀ-ਦਾਅਵਿਆਂ ਦੇ ਬਾਵਜੂਦ ਏਲਨਾਬਾਦ ਉਪ-ਚੋਣ ਦੇ ਨਤੀਜੇ ਦੋਹਾਂ ਧਿਰਾਂ ਲਈ ਜਿੱਤ ਤੇ ਹਾਰ ਵਾਲੇ ਸਿੱਧ ਹੋਏ ਹਨ। ਇਨੈਲੋ ਨੂੰ ਇਸ ਗੱਲ ਦੀ ਤਸੱਲੀ ਹੋਵੇਗੀ ਕਿ ਉਸ ਨੇ ਆਪਣੀ ਇਹ ਸੀਟ ਬਚਾ ਲਈ ਹੈ। ਪਰ 2009 ਦੀਆਂ ਚੋਣਾਂ ਦੇ ਮੁਕਾਬਲੇ ਇਸ ਵਾਰ ਉਸਦੀਆਂ ਵੋਟਾਂ 'ਚ ਘੱਟੋ-ਘੱਟ 10 ਹਜ਼ਾਰ ਦੀ ਗਿਰਾਵਟ ਆਈ ਹੈ। ਦੂਜੇ ਪਾਸੇ ਕਾਂਗਰਸ ਸੱਤਾ ਵਿਚ ਹੋਣ ਅਤੇ ਪੂਰੀ ਤਾਕਤ ਨਾਲ ਚੋਣ ਲੜਨ ਦੇ ਬਾਵਜੂਦ ਹਾਰ ਗਈ। ਪਰ ਇਸਨੇ ਉਥੇ ਆਪਣਾ ਵੋਟ ਪ੍ਰਤੀਸ਼ਤ ਵਧਾ ਕੇ ਇਨੈਲੋ ਦੇ ਰਵਾਇਤੀ ਗੜ੍ਹ 'ਚ ਸੰਨ੍ਹ ਲਗਾਈ।





ਬੇਸ਼ੱਕ ਵਿਧਾਨ ਸਭਾ ਚੋਣਾਂ ਤੇ ਏਲਨਾਬਾਦ ਉਪ ਚੋਣ ਨੇ ਸੂਬੇ ਦੀ ਸਿਆਸਤ ਵਿਚ ਸੰਕਟਕਾਲ ਦੇ ਪੜਾਅ ਦੀ ਸ਼ੁਰੂਆਤ ਕਰ ਦਿੱਤੀ ਹੈ ਪਰ ਇਸਨੇ ਹਰਿਆਣਾ ਦੀਆਂ ਮੁੱਖ ਸਿਆਸੀ ਪਾਰਟੀਆਂ ਦੀ ਸਿਹਤ 'ਚ ਆਈ ਤਬਦੀਲੀ ਦਾ ਸੰਕੇਤ ਵੀ ਦੇ ਦਿੱਤਾ ਹੈ। ਕਾਂਗਰਸ ਦੀ ਮਜ਼ਬੂਤ ਸਿਹਤ 2005 'ਚ ਹੋਈ ਭਾਰੀ ਜਿੱਤ ਤੋਂ ਬਾਅਦ ਸਾਹਮਣੇ ਆਈ ਸੀ ਪਰ ਹੁਣ ਉਸ ਵਿਚ ਹੌਲੀ-ਹੌਲੀ ਗਿਰਾਵਟ ਆਈ ਹੈ। ਪਾਰਟੀ ਹਾਈਕਮਾਨ ਵਲੋਂ ਹੁੱਡਾ ਪ੍ਰਤੀ ਝੁਕਾਅ ਹੋਣ ਦੇ ਬਾਵਜੂਦ ਨਾਰਾਜ਼ ਮੈਂਬਰਾਂ ਦੇ ਸੁਰ ਫਿਰ ਤਿੱਖੇ ਹੋ ਸਕਦੇ ਹਨ। ਨਾਰਾਜ਼ ਮੈਂਬਰਾਂ ਤੇ ਵਿਰੋਧੀ ਧਿਰ ਵਲੋਂ ਚਲਾਈ ਜਾਣ ਵਾਲੀ ਹੁੱਡਾ ਵਿਰੋਧੀ ਮੁਹਿੰਮ ਦੀ ਮਜ਼ਬੂਤੀ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਮੁੱਖ ਮੰਤਰੀ ਸਿਆਸੀ ਤੇ ਪ੍ਰਸ਼ਾਸਨਿਕ ਚੁਣੌਤੀਆਂ ਨਾਲ ਕਿਵੇਂ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਦੇ ਹਨ।

2005 ਵਿਚ ਮੁੱਖ ਮੰਤਰੀ ਦੇ ਅਹੁਦੇ 'ਤੇ ਬੈਠਣ ਤੋਂ ਬਾਅਦ ਸ੍ਰੀ ਹੁੱਡਾ ਦੇ ਅਕਸ ਵਿਚ ਵਿਆਪਕ ਤਬਦੀਲੀ ਆਈ ਹੈ। 2005 ਵਿਚ ਜਦੋਂ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਲਈ ਚੁਣਿਆ ਗਿਆ ਸੀ ਤਾਂ ਉਨ੍ਹਾਂ ਦਾ ਅਕਸ ਇਕ ਸਿੱਧੇ-ਸਾਦੇ, ਸਰਲ ਤੇ ਨਿਮਰ ਸੁਭਾਅ ਦੇ ਆਦਮੀ ਵਾਲਾ ਸੀ। ਉਦੋਂ ਹਰਿਆਣਾ ਕਾਂਗਰਸ ਦੇ ਕਈ ਧੜਿਆਂ ਨੇ ਅਨੁਮਾਨ ਪ੍ਰਗਟਾਇਆ ਸੀ ਕਿ ਉਹ ਮੁੱਖ ਮੰਤਰੀ ਵਜੋਂ ਅਸਫਲ ਰਹਿਣਗੇ ਪਰ ਆਪਣੇ 5 ਵਰ੍ਹਿਆਂ ਦੇ ਕਾਰਜਕਾਲ ਵਿਚ ਉਨ੍ਹਾਂ ਨੇ ਖ਼ੁਦ ਨੂੰ ਇਕ ਕੁਸ਼ਲ ਸਿਆਸਤਦਾਨ ਵਜੋਂ ਸਿੱਧ ਕੀਤਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੇ ਪ੍ਰਸ਼ਾਸਨ ਵਿਚ ਕੁਝ ਊਣਤਾਈਆਂ ਵੀ ਸਨ, ਖਾਸ ਕਰਕੇ ਨੌਕਰਸ਼ਾਹੀ ਅਤੇ ਪੁਲਸ 'ਤੇ ਕੰਟਰੋਲ ਰੱਖਣ 'ਚ। ਸ਼ਾਇਦ ਇਸ ਦਾ ਕਾਰਨ ਕਿਸੇ ਨੂੰ ਨੁਕਸਾਨ ਨਾ ਪਹੁੰਚਾਉਣ ਦਾ ਸੁਭਾਅ ਹੈ ਪਰ ਉਨ੍ਹਾਂ ਨੇ 2009 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਪੈਦਾ ਹੋਈਆਂ ਸੰਕਟਮਈ ਸਥਿਤੀਆਂ ਉਤੇ ਜਿਸ ਤਰ੍ਹਾਂ ਕਾਬੂ ਪਾਇਆ, ਉਸਨੇ ਇਹ ਦਿਖਾ ਦਿੱਤਾ ਕਿ ਉਨ੍ਹਾਂ ਨੇ ਸਿਆਸੀ ਪ੍ਰਬੰਧ ਕਰਨ 'ਚ ਮੁਹਾਰਤ ਹਾਸਿਲ ਕਰ ਲਈ ਹੈ।

ਸੂਬੇ 'ਚ ਖਾਪ ਪੰਚਾਇਤਾਂ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਦੇ ਖ਼ਾਤਮੇ ਵਿਚ ਉਨ੍ਹਾਂ ਦੀ ਇਸ ਮੁਹਾਰਤ ਨੂੰ ਦੇਖਣਾ ਅਜੇ ਬਾਕੀ ਹੈ। ਪਾਰਟੀ ਦੇ ਨਾਰਾਜ਼ ਸਾਥੀ ਮੈਂਬਰਾਂ ਵਲੋਂ ਖੜ੍ਹੀਆਂ ਕੀਤੀਆਂ ਜਾਣ ਵਾਲੀਆਂ ਸਮੱਸਿਆਵਾਂ ਤੋਂ ਇਲਾਵਾ ਸ੍ਰੀ ਹੁੱਡਾ ਲਈ ਮੁੱਖ ਸਿਆਸੀ ਚੁਣੌਤੀ ਇਨੈਲੋ ਵਲੋਂ ਹੋਵੇਗੀ। ਇਹ ਮੁੱਖ ਵਿਰੋਧੀ ਪਾਰਟੀ ਮਹਿੰਗਾਈ, ਬਿਜਲੀ ਦੇ ਸੰਕਟ, ਵਿਗੜੀ ਕਾਨੂੰਨ ਵਿਵਸਥਾ ਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ ਨੂੰ ਲੈ ਕੇ ਸਰਕਾਰ ਨੂੰ ਘੇਰ ਸਕਦੀ ਹੈ। ਹਾਲਾਂਕਿ ਭ੍ਰਿਸ਼ਟਾਚਾਰ, ਖਰਾਬ ਕਾਨੂੰਨ ਵਿਵਸਥਾ ਅਤੇ ਸਿਆਸੀ ਬਦਲੇ, ਦਹਿਸ਼ਤ ਵਾਲਾ ਮਾਹੌਲ ਇਨੈਲੋ ਮੁਖੀ ਓਮ ਪ੍ਰਕਾਸ਼ ਚੌਟਾਲਾ ਦੇ ਸ਼ਾਸਨਕਾਲ (1999-2005) 'ਚ ਵੀ ਸੀ ਅਤੇ ਸੂਬੇ ਦੀ ਸਿਆਸਤ ਨੂੰ ਉਦੋਂ ਡੂੰਘੀ ਸੱਟ ਲੱਗੀ ਸੀ ਪਰ ਪਾਰਟੀ ਵਲੋਂ ਚਲਾਏ ਸਰਕਾਰ ਵਿਰੋਧੀ ਅੰਦੋਲਨਾਂ ਕਾਰਨ ਅਤੇ ਸਮਾਂ ਬੀਤਣ ਦੇ ਨਾਲ ਹੀ ਉਨ੍ਹਾਂ ਦਾ ਪ੍ਰਭਾਵ ਵੀ ਖਤਮ ਹੋ ਜਾਵੇਗਾ ਕਿਉਂਕਿ ਜਨਤਾ ਦੀ ਯਾਦਦਾਸ਼ਤ ਥੋੜ੍ਹਚਿਰੀ ਹੁੰਦੀ ਹੈ।

ਇਸਤੋਂ ਇਲਾਵਾ ਹੁੱਡਾ ਸਰਕਾਰ ਹੁਣ ਜਨਤਾ ਨੂੰ ਓਨੇ ਵੱਡੇ ਪੱਧਰ 'ਤੇ ਰਿਆਇਤਾਂ ਅਤੇ ਰਾਹਤਾਂ ਨਹੀਂ ਦੇ ਸਕੇਗੀ, ਜਿੰਨੀਆਂ ਉਸ ਨੇ 2005-09 ਦੇ ਆਪਣੇ ਕਾਰਜਕਾਲ 'ਚ ਦਿੱਤੀਆਂ ਸਨ ਅਤੇ ਜਿਸ ਕਾਰਨ ਪੈਦਾ ਹੋਏ ਮਾਲੀ ਸੰਕਟ ਦਾ ਅੱਜ ਸਰਕਾਰ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ।

ਇਹ ਭਵਿੱਖਬਾਣੀ ਕਰਨਾ ਤਾਂ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ ਕਿ ਸ੍ਰੀ ਹੁੱਡਾ ਦੀ ਸਰਕਾਰ ਮੌਜੂਦਾ ਆਰਥਿਕ ਸੰਕਟ 'ਚੋਂ ਨਿਕਲਣ ਲਈ ਕਿੰਨੇ ਵਾਧੂ ਆਰਥਿਕ ਸੋਮੇ ਜੁਟਾਉਣ 'ਚ ਸਫਲ ਹੋਵੇਗੀ ਪਰ ਜੇ ਸਰਕਾਰ ਨਵੇਂ ਆਰਥਿਕ ਸੋਮੇ ਜੁਟਾਉਣ ਲਈ ਕੋਈ ਕਦਮ ਚੁੱਕਦੀ ਹੈ ਤਾਂ ਉਸ ਨਾਲ ਨਿਕਲਣ ਵਾਲੇ ਉਲਟ ਨਤੀਜਿਆਂ ਦਾ ਸਾਹਮਣਾ ਕਰਨ ਲਈ ਉਸ ਕੋਲ 2014 ਵਿਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਦੇ 4 ਵਰ੍ਹਿਆਂ ਦਾ ਸਮਾਂ ਹੈ। ਸੱਤਾਧਾਰੀ ਕਾਂਗਰਸ ਵਾਂਗ ਹੀ ਇਨੈਲੋ ਲਈ ਵੀ ਸਿਆਸਤ ਦਾ ਸਫਰ ਸੌਖਾ ਨਹੀਂ ਹੋਵੇਗਾ। ਇਸਦੇ ਲਈ ਮੁੱਖ ਸਮੱਸਿਆਵਾਂ ਰੋਹਤਕ-ਝੱਜਰ-ਸੋਨੀਪਤ ਦੇਸਵਾਲ ਜਾਟ ਬੈਲਟ ਵਿਚ ਆਪਣੇ ਪੈਰ ਜਮਾਉਣ 'ਚ ਅਸਫਲਤਾ, ਓਮ ਪ੍ਰਕਾਸ਼ ਚੌਟਾਲਾ, ਉਨ੍ਹਾਂ ਦੇ ਦੋਹਾਂ ਪੁੱਤਰਾਂ ਅਜੇ ਤੇ ਅਭੇ ਚੌਟਾਲਾ ਦੇ ਵਿਰੁੱਧ ਆਮਦਨ ਤੋਂ ਜ਼ਿਆਦਾ ਜਾਇਦਾਦ ਬਣਾਉਣ ਦੇ ਮਾਮਲੇ ਅਤੇ ਵਿਰੋਧੀ ਧਿਰ ਵਿਚ ਏਕਤਾ ਨਾ ਹੋਣਾ ਹੈ। ਦੇਸਵਾਲ ਜਾਟ ਬੈਲਟ ਹੁੱਡਾ ਦਾ ਗੜ੍ਹ ਹੈ। ਇੱਥੋਂ ਤਕ ਕਿ ਸਵ. ਚੌਧਰੀ ਦੇਵੀ ਲਾਲ, ਜੋ ਪ੍ਰਭਾਵਸ਼ਾਲੀ ਜਾਟ ਨੇਤਾ ਅਤੇ ਚੌਟਾਲਾ ਦੇ ਪਿਤਾ ਸਨ, ਵੀ ਇਸ ਖੇਤਰ ਵਿਚ ਲੋਕ ਸਭਾ ਚੋਣਾਂ ਵਿਚ ਸ੍ਰੀ ਹੁੱਡਾ ਤੋਂ ਹਾਰ ਗਏ ਸਨ।

ਚੌਟਾਲਾ ਦੀ ਦੂਜੀ ਸਮੱਸਿਆ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਪੁੱਤਰਾਂ ਵਿਰੁੱਧ ਆਮਦਨ ਤੋਂ ਜ਼ਿਆਦਾ ਜਾਇਦਾਦ ਦੇ ਮਾਮਲੇ ਵਿਚ ਸੀ.ਬੀ.ਆਈ. ਵਲੋਂ ਚਲਾਇਆ ਗਿਆ ਕੇਸ ਹੈ। ਉਨ੍ਹਾਂ 'ਤੇ ਇਹ ਕਥਿਤ ਦੋਸ਼ ਹੈ ਕਿ ਉਨ੍ਹਾਂ ਨੇ ਚੌਟਾਲਾ ਸ਼ਾਸਨ ਦੇ ਸਮੇਂ ਲੱਗਭਗ 15 ਸੌ ਕਰੋੜ ਰੁਪਏ ਦੀ ਜਾਇਦਾਦ ਬਣਾਈ। ਸੀ.ਬੀ.ਆਈ. ਨੇ ਅਜੇ ਤੇ ਅਭੇ ਵਿਰੁੱਧ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ ਅਤੇ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਤੋਂ ਸਾਬਕਾ ਮੁੱਖ ਮੰਤਰੀ ਦੇ ਵਿਰੁੱਧ ਮੁਕੱਦਮਾ ਚਲਾਉਣ ਦੀ ਇਜਾਜ਼ਤ ਮੰਗੀ ਹੈ। ਇਹ ਮਾਮਲਾ ਚੌਟਾਲਾ ਦੇ ਸਿਰ 'ਤੇ ਤਲਵਾਰ ਵਾਂਗ ਲਟਕ ਰਿਹਾ ਹੈ। ਇਨੈਲੋ ਲਈ ਹੋਰ ਨਾਂਹ ਪੱਖੀ ਪਹਿਲੂ ਸੂਬੇ ਦੀਆਂ ਵਿਰੋਧੀ ਪਾਰਟੀਆਂ ਦੀ ਕਮਜ਼ੋਰ ਹਾਲਤ ਅਤੇ ਉਨ੍ਹਾਂ ਵਿਚ ਇਕਜੁੱਟਤਾ ਦਾ ਨਾ ਹੋਣਾ ਹੈ। ਭਾਜਪਾ ਤੇ ਭਜਨ ਲਾਲ ਦੀ ਹਜਕਾਂ ਬੁਰੀ ਤਰ੍ਹਾਂ ਨਾਲ ਸੂਬੇ 'ਚ ਆਪਣਾ ਆਧਾਰ ਗੁਆ ਚੁੱਕੀਆਂ ਹਨ। ਇਨੈਲੋ ਵਾਂਗ ਹੀ ਉਨ੍ਹਾਂ ਦੇ ਅਤੇ ਬਸਪਾ ਦੇ ਕੁਝ ਨੇਤਾ ਚੋਣਾਂ ਤੋਂ ਪਹਿਲਾਂ ਕਾਂਗਰਸ ਵਿਚ ਸ਼ਾਮਿਲ ਹੋਣ ਲਈ ਆਪਣੀਆਂ ਪਾਰਟੀਆਂ ਛੱਡ ਗਏ ਸਨ।

ਭਾਜਪਾ, ਹਜਕਾਂ ਅਤੇ ਬਸਪਾ ਨੇ ਏਲਨਾਬਾਦ ਉਪ ਚੋਣ ਵਿਚ ਆਪਣੇ ਉਮੀਦਵਾਰ ਤਕ ਖੜ੍ਹੇ ਨਹੀਂ ਕੀਤੇ। ਸਮਾਂ ਬੀਤਣ ਦੇ ਨਾਲ ਨਾਲ ਆਪਣੀਆਂ ਚੋਣ ਮਜਬੂਰੀਆਂ ਕਾਰਨ ਸ਼ਾਇਦ ਉਨ੍ਹਾਂ ਨੂੰ ਆਪਸ ਵਿਚ ਹੱਥ ਮਿਲਾਉਣ ਲਈ ਮਜਬੂਰ ਹੋਣਾ ਪਵੇ। ਉਨ੍ਹਾਂ ਵਲੋਂ ਇਕ ਦੂਜੇ ਪ੍ਰਤੀ ਹਮਦਰਦੀ ਪ੍ਰਗਟਾਉਣ ਦੇ ਸੰਕੇਤ ਹੁਣ ਤੋਂ ਹੀ ਮਿਲਣੇ ਸ਼ੁਰੂ ਹੋ ਗਏ ਹਨ।

ਉਪਰੋਕਤ ਕਾਰਕ ਅਤੇ ਰੁਝਾਨ, ਜੋ ਆਉਣ ਵਾਲੇ ਸਮੇਂ ਵਿਚ ਰਫਤਾਰ ਫੜਨਗੇ, ਹਰਿਆਣਾ ਦੀ ਸਿਆਸਤ ਦੀ ਦਿਸ਼ਾ ਤੈਅ ਕਰਨਗੇ ਪਰ ਇਹ ਦਿਸ਼ਾ ਕਿਸੇ ਵੀ ਹਾਲਤ ਵਿਚ ਹਰਿਆਣਾ ਦੀਆਂ ਮੁੱਖ ਸਿਆਸੀ ਪਾਰਟੀਆਂ ਲਈ ਸਹਿਜ ਤੇ ਸਰਲ ਨਹੀਂ ਹੋਵੇਗੀ।

# ਅਮਰ ਸਿੰਘ ਨੂੰ ਸਮਾਜਵਾਦੀ ਪਾਰਟੀ ਵਿਚੋਂ ਛਾਂਗਣ ਦੇ ਸਬੱਬ


**-ਵਿਨੀਤ ਨਾਰਾਇਣ**



ਸਿਆਸਤ ਦੇ ਸਦਾਬਹਾਰ ਚਰਚਿਤ ਚਿਹਰੇ ਅਮਰ ਸਿੰਘ ਦੇ ਸਿਤਾਰੇ ਗਰਦਿਸ਼ 'ਚ ਹਨ। ਸਪਾ ਦੇ ਨੇਤਾ ਮੁਲਾਇਮ ਸਿੰਘ ਯਾਦਵ ਨੇ ਆਪਣੇ ਇਸ ਨੇੜਲੇ ਸਹਿਯੋਗੀ ਨੂੰ ਪਾਰਟੀ 'ਚੋਂ ਕੱਢ ਦਿੱਤਾ ਹੈ। ਪਿਛਲੇ ਕੁਝ ਹਫ਼ਤਿਆਂ ਦੀਆਂ ਘਟਨਾਵਾਂ ਇਸ ਸਿੱਟੇ ਵਲ ਇਸ਼ਾਰਾ ਕਰ ਰਹੀਆਂ ਸਨ। ਦੋਵਾਂ ਵਿਚਾਲੇ ਝਗੜੇ ਦੇ ਕਾਰਨਾਂ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਅਖਿਲੇਸ਼ ਯਾਦਵ ਅਤੇ ਰਾਮਗੋਪਾਲ ਯਾਦਵ ਦੀ ਅਮਰ ਸਿੰਘ ਨਾਲ ਨਾਰਾਜ਼ਗੀ ਲੁਕੀ ਨਹੀਂ ਹੈ, ਇਸ ਲਈ ਇਹੀ ਮੰਨਿਆ ਜਾ ਰਿਹਾ ਹੈ ਕਿ ਇਸ ਝਗੜੇ ਦੀ ਜੜ੍ਹ 'ਚ ਇਹੀ ਮਨ-ਮੁਟਾਅ ਹੈ ਪਰ ਉਦਯੋਗਿਕ ਜਗਤ 'ਚ ਚਰਚਾ ਕੁਝ ਹੋਰ ਹੀ ਹੈ। ਸਾਰੇ ਜਾਣਦੇ ਹਨ ਕਿ ਦੇਸ਼ ਦੇ ਇਕ ਸਭ ਤੋਂ ਵੱਡੇ ਘਰਾਣੇ ਦੇ ਦੋ ਭਰਾਵਾਂ ਦਰਮਿਆਨ ਪਿਛਲੇ ਕੁਝ ਵਰ੍ਹਿਆਂ ਤੋਂ ਵਿਵਾਦ ਚਲ ਰਿਹਾ ਹੈ। ਇਨ੍ਹਾਂ 'ਚੋਂ ਇਕ ਭਰਾ ਨਾਲ ਅਮਰ ਸਿੰਘ ਡਟ ਕੇ ਖੜ੍ਹੇ ਰਹੇ ਹਨ। ਕਿਹਾ ਜਾ ਰਿਹਾ ਹੈ ਕਿ ਯੂ.ਪੀ. ਵਿਚ ਸੱਤਾ ਤੋਂ ਬਾਹਰ ਹੋਣ ਤੋਂ ਬਾਅਦ ਦੂਜੇ ਭਰਾ ਨੂੰ ਲੱਗਦਾ ਸੀ ਕਿ ਅਮਰ ਸਿੰਘ ਕੁਝ ਠੰਡੇ ਹੋ ਜਾਣਗੇ ਪਰ ਅਮਰ ਸਿੰਘ ਨੇ ਹਮੇਸ਼ਾ ਸਹੀ ਮੌਕੇ 'ਤੇ ਸਹੀ ਫੈਸਲਾ ਲੈ ਕੇ ਆਪਣੇ ਵਿਰੋਧੀਆਂ ਨੂੰ ਚਿੱਤ ਕੀਤਾ ਹੈ। ਕੇਂਦਰ ਵਿਚ ਜਦੋਂ ਰਾਜ ਸਰਕਾਰ ਆਈ ਸੀ ਤਾਂ ਅਮਰ ਸਿੰਘ ਨੇ ਸ੍ਰੀ ਵਾਜਪਾਈ ਨਾਲ ਅਜਿਹੀ ਜੁਗਲਬੰਦੀ ਕੀਤੀ ਸੀ ਕਿ ਭਾਜਪਾ ਦੇ ਨੇਤਾ ਤਕ ਉਨ੍ਹਾਂ ਤੋਂ ਪ੍ਰੇਸ਼ਾਨ ਸਨ। ਯੂ.ਪੀ.ਏ. ਦੀ ਸਰਕਾਰ ਆਈ ਤਾਂ ਅਮਰ ਸਿੰਘ ਨੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨਾਲ ਅਜਿਹੀਆਂ ਤਾਰਾਂ ਜੋੜੀਆਂ ਕਿ ਉਨ੍ਹਾਂ ਦੀ ਹੈਸੀਅਤ ਬਰਕਰਾਰ ਰਹੀ। ਜਦੋਂ ਮਨਮੋਹਨ ਸਰਕਾਰ ਪ੍ਰਮਾਣੂ ਮੁੱਦੇ 'ਤੇ ਭਰੋਸੇ ਦੀ ਵੋਟ 'ਚ ਹਾਰਨ ਲੱਗੀ ਤਾਂ ਅਮਰ ਸਿੰਘ ਨੇ ਵੈਰ-ਵਿਰੋਧ ਭੁਲਾ ਕੇ ਸਰਕਾਰ ਦਾ ਸਮਰਥਨ ਕੀਤਾ। ਇਸ 'ਤੇ ਵੀ ਅਮਰ ਸਿੰਘ ਦੀ ਬੱਲੇ-ਬੱਲੇ ਹੋਈ। ਸਪਾ 'ਤੇ ਅਮਰ ਸਿੰਘ ਦੀ ਪਕੜ ਇੰਨੀ ਮਜ਼ਬੂਤ ਕਿਵੇਂ ਹੋਈ ਕਿ ਪਾਰਟੀ ਦੇ ਪੁਰਾਣੇ ਧਾਗ ਨੇਤਾ ਹਾਸ਼ੀਏ 'ਤੇ ਸੁੱਟ ਦਿੱਤੇ ਗਏ ਜਾਂ ਪਾਰਟੀ ਛੱਡ ਕੇ ਚਲੇ ਗਏ, ਇਸਨੂੰ ਲੈਕੇ ਸੱਤਾ ਦੇ ਗਲਿਆਰਿਆਂ ਵਿਚ ਕਈ ਤਰ੍ਹਾਂ ਦੀਆਂ ਕਹੀ ਜਾ ਰਹੀਆਂ ਹਨ।

ਅੱਜ ਸਪਾ ਅਮਰ ਸਿੰਘ 'ਤੇ ਪੂੰਜੀਪਤੀਆਂ ਦਾ ਪੱਖ ਪੂਰਨ ਅਤੇ ਪਾਰਟੀ 'ਚ ਸਮਾਜਵਾਦੀ ਕਦਰਾਂ-ਕੀਮਤਾਂ ਤੋਂ ਕਿਨਾਰਾ ਕਰਨ ਦਾ ਦੋਸ਼ ਲਗਾ ਰਹੀ ਹੈ। ਸਪਾ ਵਾਲੇ ਇਹ ਕਿਵੇਂ ਭੁੱਲ ਗਏ ਕਿ ਯੂ.ਪੀ.ਵਿਚ ਮੁਲਾਇਮ ਸਿੰਘ ਦੀ ਪਿਛਲੀ ਸਰਕਾਰ ਬਣਦਿਆਂ ਹੀ ਯੂ.ਪੀ. ਵਿਕਾਸ ਪ੍ਰੀਸ਼ਦ ਬਣਾਈ ਗਈ ਸੀ, ਜਿਸਦੇ ਮੁਖੀ ਅਮਰ ਸਿੰਘ ਅਤੇ ਮੈਂਬਰ ਉਹ ਸਾਰੇ ਉਦਯੋਗਪਤੀ ਸਨ, ਜਿਨ੍ਹਾਂ ਦੇ ਅਮਰ ਸਿੰਘ ਨਾਲ ਗੂੜ੍ਹੇ, ਸੰਬੰਧ ਸਨ। ਉਦੋਂ ਸਪਾ ਵਾਲਿਆਂ ਨੇ ਇਸਦਾ ਵਿਰੋਧ ਕਿਉਂ ਨਹੀਂ ਕੀਤਾ ਸੀ। ਅਚਾਨਕ ਅਜਿਹਾ ਕੀ ਹੋ ਗਿਆ ਕਿ ਅਮਰ ਸਿੰਘ ਦਾਲ 'ਚ ਰੋੜ ਵਾਂਗ ਨਜ਼ਰ ਆਉਣ ਲੱਗ ਪਏ।

ਅਸਲ ਵਿਚ ਗੱਲ ਕੁਝ ਹੋਰ ਹੈ। ਸਿਆਸੀ ਮੋਹਰੇ ਫਿੱਟ ਕਰਨ ਵਿਚ ਉਸਤਾਦ ਅਮਰ ਸਿੰਘ ਲੱਗਦਾ ਹੈ ਇਸ ਵਾਰ ਮਾਤ ਖਾ ਗਏ। ਅੰਦਰਲੀ ਜਾਣਕਾਰੀ ਰੱਖਣ ਵਾਲੇ ਭਰੋਸੇਯੋਗ ਸੂਤਰ ਦੱਸਦੇ ਹਨ ਕਿ ਉਸ ਵਾਲੇ ਉਦਯੋਗਿਕ ਘਰਾਣੇ ਦੇ ਵੱਡੇ ਭਰਾ ਨੇ ਮੁਲਾਇਮ ਸਿੰਘ ਯਾਦਵ ਅਤੇ ਅਖਿਲੇਸ਼ ਯਾਦਵ ਨਾਲ ਮੁਲਾਕਾਤ ਕਰਕੇ ਪੁੱਛਿਆ ਸੀ ਕਿ ਉਨ੍ਹਾਂ ਦਾ ਛੋਟਾ ਭਰਾ ਸਪਾ ਨੂੰ ਕਿੰਨੇ ਪੈਸੇ ਦਿੰਦਾ ਹੈ? ਤੇ ਨਾਲ ਹੀ ਇਹ ਵੀ ਪੇਸ਼ਕਸ਼ ਕੀਤੀ ਕਿ ਉਹ ਚਾਹੁਣ ਤਾਂ ਉਨ੍ਹਾਂ ਦੀ ਪਾਰਟੀ ਨੂੰ ਇਸ ਨਾਲੋਂ ਵੀ ਜ਼ਿਆਦਾ ਮਦਦ ਮਿਲ ਸਕਦੀ ਹੈ ਪਰ ਸ਼ਰਤ ਹੈ ਕਿ ਅਮਰ ਸਿੰਘ ਨੂੰ ਪਾਰਟੀ 'ਚੋਂ ਬਾਹਰ ਕੱਢਿਆ ਜਾਵੇ। ਲੱਗਦਾ ਹੈ ਕਿ ਵੱਡੇ ਭਰਾ ਦੀ ਇਹ ਤਰਕੀਬ ਕੰਮ ਕਰ ਗਈ ਤੇ ਨਤੀਜਾ ਸਾਰਿਆਂ ਦੇ ਸਾਹਮਣੇ ਹੈ। ਹੁਣ ਤਾਂ ਅਮਰ ਸਿੰਘ ਆਪਣੇ ਬਾਥਰੂਮ ਵਿਚ ਇਹੀ ਗਾਣਾ ਗੁਣਗੁਣਾ ਰਹੇ ਹੋਣਗੇ- 'ਰਹਿਤੇ ਥੇ ਕਭੀ ਜਿਨ ਕੇ ਦਿਲ ਮੇਂ ਹਮ ਜਾਨ ਸੇ ਭੀ ਪਯਾਰੋਂ ਕੀ ਤਰਹਾ, ਬੈਠੇ ਹੈਂ ਉਨਹੀਂ ਕੇ ਕੂਚੇ ਮੇਂ ਹਮ ਆਜ ਗੁਨਾਹਗਾਰੋਂ ਕੀ ਤਰਹਾ।' ਅਮਰ ਸਿੰਘ ਇੰਨੀ ਆਸਾਨੀ ਨਾਲ ਡਿੱਗਣ ਵਾਲੀ ਕੰਧ ਨਹੀਂ। ਉਹ ਕਿਤੇ ਨਾ ਕਿਤੇ ਆਪਣਾ ਜੁਗਾੜ ਫਿੱਟ ਕਰ ਹੀ ਲੈਣਗੇ। ਸੋਨੀਆ ਗਾਂਧੀ ਬੇਸ਼ੱਕ ਉਨ੍ਹਾਂ ਨੂੰ ਆਪਣੇ ਨੇੜੇ ਨਾ ਲੱਗਣ ਦੇਵੇ ਪਰ ਮਾਇਆਵਤੀ ਤੋਂ ਲੈ ਕੇ ਦਰਜਨਾਂ ਖੇਤਰੀ ਪਾਰਟੀਆਂ ਤੱਕ 'ਚ ਜਾਣ ਦਾ ਉਨ੍ਹਾਂ ਦਾ ਬਦਲ ਖੁੱਲ੍ਹਾ ਹੈ ਕਿਉਂਕਿ ਹਰੇਕ ਪਾਰਟੀ ਨੂੰ ਪੈਸਾ ਇਕੱਠਾ ਕਰਨ ਵਾਲੇ ਨੇਤਾ ਦੀ ਲੋੜ ਹੈ ਤੇ ਅਮਰ ਸਿੰਘ ਇਸ ਕਲਾ 'ਚ ਮਾਹਿਰ ਹਨ ਪਰ ਉਨ੍ਹਾਂ ਦੀ ਮੁਸ਼ਕਿਲ ਇਹ ਹੈ ਕਿ ਸੱਤਾਧਾਰੀ ਪਾਰਟੀ ਅਜੇ ਕਮਜ਼ੋਰ ਨਹੀਂ ਹੋਈ ਹੈ।



ਜਿੱਥੋਂ ਤਕ ਅਮਰ ਸਿੰਘ ਵਲੋਂ ਆਪਣੀ ਨਵੀਂ ਪਾਰਟੀ ਬਨਾਉਣ ਦੀ ਗੱਲ ਹੈ ਤਾਂ ਉਸ ਵਿਚ ਉਨ੍ਹਾਂ ਦੀ ਸਫਲਤਾ ਸ਼ੱਕੀ ਜਿਹੀ ਹੈ ਕਿਉਂਕਿ ਕਿਸੇ ਵੀ ਸਿਆਸੀ ਪਾਰਟੀ ਨੂੰ ਜ਼ਮੀਨ ਤੋਂ ਖੜ੍ਹੀ ਕਰਨ ਲਈ ਦੇਸ਼ ਦੀਆਂ ਗਲੀਆਂ-ਪਿੰਡਾਂ 'ਚ ਚੱਪਲਾਂ ਘਿਸਾਉਣੀਆਂ ਪੈਂਦੀਆਂ ਹਨ, ਧੂੜ ਫੱਕਣੀ ਪੈਂਦੀ ਹੈ, ਜਨਤਾ ਦੀਆਂ ਖਰੀਆਂ-ਖੋਟੀਆਂ ਸੁਣਨੀਆਂ ਪੈਂਦੀਆਂ ਹਨ। ਫਾਈਵ ਸਟਾਰ ਕਲਚਰ ਦੇ ਆਦੀ ਅਮਰ ਸਿੰਘ ਅਜਿਹਾ ਕਰ ਸਕਣਗੇ, ਇਸ ਵਿਚ ਸ਼ੱਕ ਹੈ, ਇਸ ਲਈ ਸ਼ਾਇਦ ਉਨ੍ਹਾਂ ਦੀ ਇਹ ਕੋਸ਼ਿਸ਼ ਪ੍ਰਵਾਨ ਨਾ ਚੜ੍ਹੇ।

ਅਮਰ ਸਿੰਘ ਨਾਲ ਖਾਰ ਰੱਖਣ ਵਾਲੇ ਮੰਨਦੇ ਹਨ ਕਿ ਇਹ ਅਮਰ ਸਿੰਘ ਦੇ ਪਤਨ ਦੀ ਸ਼ੁਰੂਆਤ ਹੈ। ਸਿੰਗਾਪੁਰ ਤੋਂ ਕਿਡਨੀ ਦਾ ਆਪ੍ਰੇਸ਼ਨ ਕਰਵਾ ਕੇ ਪਰਤੇ ਅਮਰ ਸਿੰਘ ਦੀ ਸਿਹਤ ਹੁਣ ਅਜਿਹੀ ਨਹੀਂ ਹੈ ਕਿ ਉਹ ਕੋਈ ਨਵੀਂ ਪਾਰਟੀ ਖੜ੍ਹੀ ਕਰ ਸਕੇ।

## ਅਮਰ ਸਿੰਘ ਨੇ ਕਿਹਾ, ਮੈਂ ਕਦੇ ਕਾਂਗਰਸ ਵਿਰੋਧੀ ਨਹੀਂ

**ਨਵੀਂ ਦਿੱਲੀ :** ਬੀਤੇ ਕੱਲ੍ਹ ਹੀ ਸਮਾਜਵਾਦੀ ਪਾਰਟੀ (ਸਪਾ) ਤੋਂ ਬਰਤਰਫ ਕੀਤੇ ਗਏ ਅਮਰ ਸਿੰਘ ਨੇ ਕਾਂਗਰਸ ਦਾ ਗੁਣਗਾਨ ਸ਼ੁਰੂ ਕਰ ਦਿੱਤਾ ਹੈ। ਨਵੀਂ ਦਿੱਲੀ ਵਿਚ ਇਕ ਪ੍ਰੈੱਸ ਕਾਨਫਰੰਸ ਦੌਰਾਨ ਜਿੱਥੇ ਸ੍ਰੀ ਸਿੰਘ ਨੇ ਕਾਂਗਰਸ ਦੇ ਹੱਕ ਵਿਚ ਕਸੀਦੇ ਪੜ੍ਹੇ, ਉੱਥੇ ਬਸਪਾ ਵਿਚ ਸ਼ਾਮਲ ਹੋਣ ਦੀ ਕਿਸੇ ਵੀ ਸੰਭਾਵਨਾ ਤੋਂ ਸਪੱਸ਼ਟ ਇਨਕਾਰ ਕਰ ਦਿੱਤਾ। ਇਸ ਕਾਨਫਰੰਸ ਦੌਰਾਨ ਸ੍ਰੀ ਸਿੰਘ ਨੇ ਉੱਤਰ ਪ੍ਰਦੇਸ਼ ਨੂੰ ਤਿੰਨ ਹਿੱਸਿਆਂ ਵਿਚ ਤੋੜਨ ਲਈ ਬਸਪਾ ਦੀ ਮਦਦ ਕਰਨ ਤੋਂ ਇਲਾਵਾ ਕਾਂਗਰਸ ਪ੍ਰਤੀ ਵੀ ਨਰਮ ਵਤੀਰਾ ਅਪਨਾਉਣ ਦਾ ਸੰਕੇਤ ਦਿੱਤਾ। ਕਾਂਗਰਸ ਪਾਰਟੀ ਬਾਰੇ ਸ੍ਰੀ ਸਿੰਘ ਨੇ ਕਿਹਾ ਕਿ ਭਾਵੇਂ ਇਸ ਪਾਰਟੀ ਵਿਚ ਵੀ ਇੱਕ ਪਰਿਵਾਰ ਨੂੰ ਮਹੱਤਵ ਦਿੱਤਾ ਜਾਂਦਾ ਹੈ, ਪਰ ਇਸ ਦੇ ਬਾਵਜੂਦ ਇੱਥੇ ਸਪਾ ਦੇ ਮੁਕਾਬਲੇ ਵਧੇਰੇ ਲੋਕਤੰਤਰ ਹੈ।ਕਾਂਗਰਸ ਤੇ ਬਸਪਾ ਵਿਚ ਫ਼ਰਕ ਕਰਦਿਆਂ ਸ੍ਰੀ ਸਿੰਘ ਨੇ ਕਿਹਾ ਕਿ ਰਾਹੁਲ ਨੇ ਪਾਰਟੀ ਵਿਚ ਅੰਦਰੂਨੀ ਲੋਕਤੰਤਰ ਨੂੰ ਬੜਾਵਾ ਦਿੱਤਾ ਹੈ, ਜਦ ਕਿ ਬਸਪਾ ਅਜੇ ਇਸ ਦਿਸ਼ਾ ਵੱਲ ਨਹੀਂ ਤੁਰੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵਿਚ ਚੋਣਾਂ ਦਾ ਬੇਹੱਦ ਮਹੱਤਵ ਹੈ ਤੇ ਇਸ ਪਾਰਟੀ ਦੀ ਕੋਰ ਕਮੇਟੀ ਮਾਮਲਿਆਂ ਨੂੰ ਅੰਤਿਮ ਰੂਪ ਦਿੰਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਵਿਚ ਪਾਰਟੀ ਮੁਖੀ ਵੱਲੋਂ ਲਏ ਫੈਸਲੇ ਦੀ ਹਰ ਕੋਈ ਤਾਮੀਲ ਕਰਦਾ ਹੈ ਤੇ ਇਹ ਪਾਰਟੀ ਜਲਦ ਕੋਈ ਬਿਆਨ ਨਹੀਂ ਬਦਲਦੀ। ਉਨ੍ਹਾਂ ਕਿਹਾ ਕਿ ਵਾਰ-ਵਾਰ ਬਿਆਨ ਬਦਲਣ ਵਾਲੀਆਂ ਪਾਰਟੀਆਂ ਜਲਦ ਆਪਣੀ ਭਰੋਸੇਯੋਗਤਾ ਗੁਆ ਬੈਠਦੀਆਂ ਹਨ।ਪੱਤਰਕਾਰਾਂ ਵੱਲੋਂ ਕਾਂਗਰਸ ਵਿਚ ਸ਼ਾਮਲ ਹੋਣ ਸਬੰਧੀ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ, "ਉਹ ਬੱਚੇ ਨਹੀਂ ਜੋ ਨਰਸਰੀ ਵਿਚ ਦਾਖ਼ਲਾ ਲੈਣਾ ਚਾਹੁੰਦੇ ਹੋਣ।" ਕਿਸੇ ਸਮੇਂ ਕਾਂਗਰਸ ਵਿਚ ਰਹਿ ਚੁੱਕੇ ਸ੍ਰੀ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਡੀਐਨਏ ਕਾਂਗਰਸ ਵਿਰੋਧੀ ਨਹੀਂ ਹੈ ਤੇ ਉਨ੍ਹਾਂ ਦੇ ਕਾਂਗਰਸ ਵਿੱਚ ਅਜੇ ਵੀ ਕਈ ਮਿੱਤਰ ਹਨ।

## ਦੇਸ਼ ਦਾ ਇਕ ਤਿਹਾਈ ਹਿੱਸਾ ਜ਼ਮੀਨੀ ਪਾਣੀ ਦੇ ਸੰਕਟ 'ਚ

**ਨਵੀਂ ਦਿੱਲੀ:**ਭਾਰਤ ਦਾ ਇਕ ਤਿਹਾਈ ਤੋਂ ਵੱਧ ਹਿੱਸਾ ਜ਼ਮੀਨੀ ਪਾਣੀ ਦੇ ਸੰਕਟ ਦੀ ਲਪੇਟ ਵਿਚ ਹੈ। ਪੰਜਾਬ ਤੇ ਹਰਿਆਣਾ ਦੀ ਸਥਿਤੀ ਖਤਰਨਾਕ ਹੈ। ਰਾਜਸਥਾਨ, ਆਂਧਰਾ ਪ੍ਰਦੇਸ਼ ਤੇ ਤਾਮਿਲਨਾਡੂ ਵਿਚ ਵੀ ਸਥਿਤੀ ਗੰਭੀਰ ਹੈ। ਯੂ.ਪੀ., ਉਤਰਾਖੰਡ, ਪੱਛਮੀ ਬੰਗਾਲ ਤੇ ਕੇਰਲਾ ਵੀ ਇਸ ਸਮੱਸਿਆ ਤੋਂ ਅਛੂਤੇ ਨਹੀਂ ਹਨ। ਕੁਲ 5723 ਬਲਾਕਾਂ ਵਿਚੋਂ 839 ਬਹੁਤ ਵਧੇਰੇ ਜ਼ਮੀਨੀ ਪਾਣੀ ਕੱਢੇ ਜਾਣ ਕਾਰਨ ਡਾਰਕ ਜ਼ੋਨ ਵਿਚ ਆ ਗਏ ਹਨ ਜਦਕਿ 226 ਦੀਹਾਲਤ ਨਾਜ਼ੁਕ ਹੈ। 550 ਬਲਾਕ ਐਸੇ ਹਨ, ਜਿਨ੍ਹਾਂ ਨੂੰ ਅਰਧ-ਨਾਜ਼ੁਕ ਹਾਲਤ ਵਿਚ ਮੰਨਿਆ ਜਾ ਰਿਹਾ ਹੈ। ਦਿੱਲੀ ਤੇ ਇਸਦੇ ਆਲੇ-ਦੁਆਲੇ ਦੇ ਇਲਾਕਿਆਂ ਦੀ ਹਾਲਤ ਹੋਰ ਵੀ ਗੰਭੀਰ ਹੈ। ਦਿੱਲੀ ਦੇ 9 ਬਲਾਕਾਂ ਵਿਚੋਂ 7 ਡਾਰਕ ਜ਼ੋਨ ਵਿਚ ਹਨ। ਪੰਜਾਬ ਦੇ 137 ਬਲਾਕਾਂ ਵਿਚੋਂ 103 ਡਾਰਕ ਜ਼ੋਨ ਵਿਚ, 5 ਨਾਜ਼ੁਕ ਜ਼ੋਨ ਵਿਚ ਅਤੇ 4 ਅਰਧ-ਨਾਜ਼ੁਕ ਜ਼ੋਨ ਵਿਚ ਹਨ। ਹਰਿਆਣਾ ਦੇ 113 ਬਲਾਕਾਂ ਵਿਚੋਂ 555 ਡਾਰਕ ਜ਼ੋਨ, 11 ਨਾਜ਼ੁਕ ਅਤੇ 5 ਅਰਧ-ਨਾਜ਼ੁਕ ਜ਼ੋਨ ਵਿਚ ਹਨ।

# ਮੁੰਬਈ ਨੂੰ ਧੁਰਾ ਬਣਾ ਕੇ ਖੇਡੀ ਜਾ ਰਹੀ ਹੈ ਖਤਰਨਾਕ ਰਾਜਨੀਤੀ


**ਜਤਿੰਦਰ ਪਨੂੰ**

ਬੁੱਢਾ ਹੋ ਚੁੱਕਾ ਬਾਲ ਠਾਕਰੇ ਤੇ ਉਸ ਦੀ ਥਾਂ ਲੈਣ ਲਈ ਤਰਲੋ-ਮੱਛੀ ਹੋ ਰਿਹਾ ਉਸ ਦਾ ਭਤੀਜਾ ਰਾਜ ਠਾਕਰੇ ਇੱਕੋ ਵੰਨਗੀ ਦੇ ਵੀ ਹਨ ਤੇ ਇੱਕੋ ਜਿਹੀ ਬਿਮਾਰ ਮਾਨਸਿਕਤਾ ਦੇ ਮਰੀਜ਼ ਵੀ। ਕੋਈ ਵੀ ਹੋਸ਼ਮੰਦ ਵਿਅਕਤੀ ਉਨ੍ਹਾਂ ਦੀ ਰਾਜਨੀਤੀ ਨੂੰ ਠੀਕ ਕਰਾਰ ਨਹੀਂ ਦੇ ਸਕਦਾ। ਚਿਰਾਂ ਤੱਕ ਸ਼ਿਵ ਸੈਨਾ ਦੀ ਸਹਿਯੋਗੀ ਰਹੀ ਭਾਰਤੀ ਜਨਤਾ ਪਾਰਟੀ ਤੇ ਉਸ ਦੇ ਪ੍ਰਿਤਪਾਲਕ ਰਾਸ਼ਟਰੀ ਸੋਇਮਸੇਵਕ ਸੰਘ ਨੂੰ ਵੀ ਆਖ਼ਰ ਉਸ ਨਾਲੋਂ ਨਿਖੇੜਾ ਜ਼ਾਹਰ ਕਰਨਾ ਜ਼ਰੂਰੀ ਹੋ ਗਿਆ। ਕਾਰਨ ਕੋਈ ਰਾਜਸੀ ਨਹੀਂ ਸੀ। ਭਤੀਜੇ ਨਾਲ ਭੇੜ ਵਿਚ ਬਾਲ ਠਾਕਰੇ ਵਲੋਂ ਮਰਾਠੇ ਲੋਕਾਂ ਦਾ ਨਾਇਕ ਬਣਨ ਖਾਤਰ ਉੱਤਰ ਭਾਰਤੀ ਲੋਕਾਂ ਵਿਰੁਧ ਰਾਤ-ਦਿਨ ਭੜਾਸ ਕੱਢੇ ਜਾਣ ਨੇ ਇਹ ਹਾਲਤ ਪੈਦਾ ਕੀਤੀ ਸੀ। ਹਾਲੇ ਵਿਧਾਨ ਸਭਾ ਚੋਣਾਂ ਵਿਚ ਸਾਢੇ ਚਾਰ ਸਾਲ ਰਹਿੰਦੇ ਹਨ, ਨੇੜੇ ਜਾ ਕੇ ਦੋਵਾਂ ਧਿਰਾਂ ਦੀ ਸਾਂਝ ਫਿਰ ਪੈ ਜਾਣੀ ਹੈ, ਓਨੀ ਦੇਰ ਦੋਵੇਂ ਆਪੋ ਆਪਣਾ ਅਧਾਰ ਕਾਇਮ ਰੱਖਣ ਲਈ ਇਕ ਦੂਜੇ ਨਾਲੋਂ ਉਲਟ ਪੈਂਤੜਾ ਵੀ ਲੈ ਸਕਦੀਆਂ ਹਨ। ਕਾਂਗਰਸ ਪਾਰਟੀ ਵੀ ਚਾਚਾ ਭਤੀਜਾ ਠਾਕਰਿਆਂ ਨਾਲ ਸਿੰਙ ਫਸਾਈ ਰੱਖ ਕੇ ਇਹ ਜ਼ਾਹਰ ਕਰ ਰਹੀ ਹੈ ਕਿ ਸ਼ਿਵਸੈਨਾ ਨਾਲ ਅਸਲੀ ਆਢਾ ਉਹੋ ਲੈ ਰਹੀ ਹੈ। ਇਹਨਾਂ ਸਭਨਾਂ ਨੂੰ ਆਪੋ ਆਪਣਾ ਕੰਮ ਕਰਦੇ ਛੱਡ ਕੇ ਲੀਡਰਾਂ ਦੀ ਬਜਾਏ ਮੁੱਦਿਆਂ ਦੀ ਵਿਚਾਰ ਕੀਤੀ ਜਾਣੀ ਬਣਦੀ ਹੈ।

ਸਾਡੀ ਨਜ਼ਰ ਵਿਚ ਸਾਰੀ ਖੇਡ ਓਨੀ ਰਾਜਨੀਤਕ ਨਹੀਂ, ਜਿੰਨੀ ਉਨ੍ਹਾਂ ਦੀ ਸੋਚਣੀ ਦੇ ਦੋਹਰੇ ਮਿਆਰਾਂ ਦੀ ਹੈ। ਪਹਿਲਾਂ ਅਸੀਂ ਸ਼ਿਵ ਸੈਨਾ ਦੇ ਪੈਂਤੜਿਆਂ ਨੂੰ ਹੀ ਲੈ ਲਈਏ। ਉਸ ਦੇ ਮੁਖੀ ਬਾਲ ਠਾਕਰੇ ਨੂੰ ਸ਼ਾਹਰੁਖ ਖਾਨ ਦੀ ਏਨੀ ਕੀ ਗੱਲ ਵੀ ਬੁਰੀ ਲੱਗੀ ਹੈ ਕਿ ਪਾਕਿਸਤਾਨੀ ਕ੍ਰਿਕਟ ਖਿਡਾਰੀਆਂ ਨੂੰ ਭਾਰਤ ਵਿਚ ਖੇਡਣ ਦੇਣਾ ਗਲਤ ਨਹੀਂ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਖਿਡਾਰੀਆਂ ਲਈ ਖਰਚਾ ਦੇਣ ਤੋਂ ਸ਼ਾਹਰੁਖ ਖਾਨ ਵੀ ਪਾਸਾ ਵੱਟ ਗਿਆ ਤੇ ਸ਼ਿਲਪਾ ਸ਼ੈਟੀ ਵੀ, ਪਰ ਜੋ ਕੁਝ ਸ਼ਾਹਰੁਖ ਦਾ ਆਖਿਆ ਬਾਲ ਠਾਕਰੇ ਨੂੰ ਚੁਭ ਗਿਆ, ਉਹੋ ਕੁਝ ਸ਼ਿਲਪਾ ਸ਼ੈਟੀ ਦਾ ਆਖਿਆ ਨਹੀਂ ਚੁਭਿਆ ਸੀ। ਸ਼ਿਲਪਾ ਸ਼ੈਟੀ ਨੇ ਸ਼ਾਹਰੁਖ ਖਾਨ ਤੋਂ ਦੋ ਦਿਨ ਪਹਿਲਾਂ ਇਹ ਕਿਹਾ ਸੀ ਕਿ ਪਾਕਿਸਤਾਨੀ ਖਿਡਾਰੀ ਚੰਗੇ ਹੋਣ ਦੇ ਬਾਵਜੂਦ ਅਸੀਂ ਉਨ੍ਹਾਂ ਪਿੱਛੇ ਪੈਸੇ ਇਸ ਕਰਕੇ ਨਹੀਂ ਲਾਏ, ਕਿਉਂਕਿ ਏਥੇ ਕੁਝ ਪਾਗਲ ਕਿਸਮ ਦੀ ਮਾਨਸਿਕਤਾ ਵਾਲੇ ਲੋਕਾਂ ਨੇ ਉਨ੍ਹਾਂ ਨੂੰ ਖੇਡਣ ਨਹੀਂ ਸੀ ਦੇਣਾ। ਜੇ ਸਰਕਾਰ ਜ਼ਿੰਮੇਵਾਰੀ ਲਵੇ ਕਿ ਅਜਿਹਾ ਕੁਝ ਨਹੀਂ ਹੋਵੇਗਾ ਤਾਂ ਉਹ ਖਿਡਾਰੀ ਏਥੇ ਖਿਡਾਏ ਵੀ ਜਾ ਸਕਦੇ ਹਨ। ਠਾਕਰੇ ਨੂੰ ਸ਼ਿਲਪਾ ਦੀ ਗੱਲ ਇਸ ਕਰਕੇ ਨਾ ਚੁੱਭੀ ਕਿਉਂਕਿ ਉਹ ਹਿੰਦੂ ਸੀ, ਜਦਕਿ ਸ਼ਾਹਰੁਖ ਖਾਨ ਨੂੰ ਮੁਸਲਮਾਨ ਹੋਣ ਕਰਕੇ ਇਹ ਸੁਣਾ ਦਿੱਤਾ ਗਿਆ, ''ਤੂੰ ਲਾਹੌਰ ਹੀ ਚਲਾ ਜਾਹ।'' ਉਹ ਲਾਹੌਰ ਕਿਉਂ ਚਲਾ ਜਾਵੇ ਤੇ ਇਸਦੀ ਥਾਂ ਏਦਾਂ ਦੀ ਬੇਹੂਦਗੀ ਕਰਨ ਵਾਲੇ ਪਾਗਲਖਾਨੇ ਕਿਉਂ ਨਾ ਭੇਜ ਦਿੱਤੇ ਜਾਣ? ਇਸ ਬਾਰੇ ਭਾਰਤ ਦੇ ਲੋਕਾਂ ਨੂੰ ਕਦੇ ਨਾ ਕਦੇ ਸੋਚਣਾ ਪਵੇਗਾ।

ਫਿਰ ਬਾਲ ਠਾਕਰੇ ਨੂੰ ਸਿਰਫ਼ ਪਾਕਿਸਤਾਨੀ ਖਿਡਾਰੀਆਂ ਨਾਲ ਹੀ ਤਾਂ ਨਫਰਤ ਨਹੀਂ, ਉਸ ਨੇ ਆਸਟਰੇਲੀਆ ਦੇ ਖਿਡਾਰੀਆਂ ਨੂੰ ਵੀ ਮੁੰਬਈ ਵਿਚ ਨਾ ਖੇਡਣ ਦੇਣ ਦੀ ਧਮਕੀ ਦਿੱਤੀ ਹੋਈ ਹੈ। ਕਾਰਨ ਇਸ ਦਾ ਇਹ ਦੱਸਿਆ ਹੈ ਕਿ ਆਸਟਰੇਲੀਆ ਵਿਚ ਭਾਰਤੀਆਂ ਉਤੇ ਹਮਲੇ ਕੀਤੇ ਜਾ ਰਹੇ ਹਨ। ਓਥੇ ਹੋ ਰਹੇ ਹਮਲਿਆਂ ਤੋਂ ਅਸੀਂ ਸਾਰੇ ਭਾਰਤੀ ਦੁਖੀ ਹਾਂ, ਇਸ ਦੀ ਚਿੰਤਾ ਵੀ ਕਰਦੇ ਹਾਂ, ਪਰ ਬਾਲ ਠਾਕਰੇ ਦੀ ਦਲੀਲ ਉਨ੍ਹਾਂ ਘਟਨਾਵਾਂ ਨਾਲ ਜੋੜੇ ਜਾਣ ਦੀ ਗੁੰਜਾਇਸ਼ ਬਿਲਕੁਲ ਨਹੀਂ।

ਸਾਡੀ ਜਾਣਕਾਰੀ ਅਨੁਸਾਰ ਹੁਣ ਤੱਕ ਜਿੰਨੇ ਕੁ ਭਾਰਤੀਆਂ ਉੱਤੇ ਆਸਟਰੇਲੀਆ ਵਿਚ ਹਮਲੇ ਹੋਏ ਹਨ, ਦੋ ਚਾਰ ਦੱਖਣੀ ਭਾਰਤੀ ਹੋਣਗੇ, ਬਾਕੀ ਆਮ ਕਰਕੇ ਉਸੇ ਉੱਤਰੀ ਭਾਰਤ ਤੋਂ ਗਏ ਹਨ, ਜਿੱਥੋਂ ਦੇ ਲੋਕਾਂ ਦਾ ਮੁੰਬਈ ਆਉਣਾ ਵੀ ਨਾ ਚਾਚਾ ਠਾਕਰੇ ਨੂੰ ਪਸੰਦ ਹੈ ਤੇ ਨਾ ਭਤੀਜਾ ਠਾਕਰੇ ਨੂੰ। ਜਿਨ੍ਹਾਂ ਦਾ ਮੁੰਬਈ ਆਉਣਾ ਵੀ ਉਨ੍ਹਾਂ ਨੂੰ ਪਸੰਦ ਨਹੀਂ, ਉਨ੍ਹਾਂ ਦਾ ਆਸਟਰੇਲੀਆ ਬੈਠਿਆਂ ਦਾ ਵੀ ਉਨ੍ਹਾਂ ਨੂੰ ਕੋਈ ਦਰਦ ਨਹੀਂ ਹੋ ਸਕਦਾ। ਅਸਲ ਵਿਚ ਤਾਂ ਉਨ੍ਹਾਂ ਦੇ ਦਿਮਾਗ ਵਿਚ ਕੀੜਾ ਸਰਕਦਾ ਤੇ ਕੁਝ ਨਾ ਕੁਝ ਅਜਿਹਾ ਕਰਨ ਨੂੰ ਉਕਸਾਉਂਦਾ ਹੈ, ਜਿਸ ਨਾਲ ਉਹ ਮੀਡੀਏ ਵਿਚ ਛਾਏ ਰਹਿਣ। ਇਹੋ ਕਾਰਨ ਹੈ ਕਿ ਆਸਟਰੇਲੀਆ ਦੀ ਕ੍ਰਿਕਟ ਟੀਮ ਦੇ ਖਿਡਾਰੀਆਂ ਨੂੰ ਵੀ ਪਾਕਿਸਤਾਨੀ ਖਿਡਾਰੀਆਂ ਵਾਂਗ ਹੀ ਏਥੇ ਨਾ ਖੇਡਣ ਦੇਣ ਦੀ ਧਮਕੀ ਦੇ ਦਿੱਤੀ ਹੈ।





.....ਤੇ ਸਵਾਲ ਤਾਂ ਇਹ ਵੀ ਸੋਚਣਾ ਬਣਦਾ ਹੈ ਕਿ ਉਨ੍ਹਾਂ ਦੀ ਹਰ ਗੱਲ ਨੂੰ ਅਸੀਂ ਲੋਕ ਵੀ ਇੱਕੋ ਚੌਖਟੇ ਵਿਚ ਰੱਖ ਕੇ ਕਿਉਂ ਵੇਖਦੇ ਹਾਂ? ਮਿਸਾਲ ਵਜੋਂ ਪਿਛਲੇ ਦਿਨੀਂ ਓਥੇ ਇਹ ਗੱਲ ਪਹਿਲਾਂ ਮੁੱਖ ਮੰਤਰੀ ਅਸ਼ੋਕ ਚਵਾਨ ਨੇ ਕਹੀ ਤੇ ਫਿਰ ਚਾਚਾ-ਭਤੀਜਾ ਠਾਕਰੇ ਵੀ ਕਹਿਣ ਲੱਗ ਪਏ ਕਿ ਮੁੰਬਈ ਦੇ ਟੈਕਸੀ ਡਰਾਈਵਰਾਂ ਨੂੰ ਮਰਾਠੀ ਬੋਲੀ ਸਿੱਖਣੀ ਚਾਹੀਦੀ ਹੈ। ਜਦੋਂ ਉਨ੍ਹਾਂ ਨੇ ਇਹ ਕਿਹਾ ਸੀ ਕਿ ਮੁੰਬਈ ਅੰਦਰ ਹਿੰਦੀ ਤੇ ਅੰਗਰੇਜ਼ੀ ਦੇ ਬੋਰਡ ਵੀ ਨਹੀਂ ਲਾਉਣ ਦੇਣੇ, ਉਸ ਦਾ ਵਿਰੋਧ ਕੀਤਾ ਜਾਣਾ ਜਾਇਜ਼ ਸੀ ਤੇ ਅਸੀਂ ਵੀ ਕੀਤਾ ਸੀ, ਪਰ ਹੁਣ ਵਾਲੀ ਗੱਲ ਉਸ ਨਾਲੋਂ ਵੱਖਰੀ ਹੈ। ਵਖਰੇਵਾਂ ਇਹ ਹੈ ਕਿ ਇਸ ਵਾਰੀ ਹਿੰਦੀ ਜਾਂ ਅੰਗਰੇਜ਼ੀ ਬੋਲਣ ਦਾ ਵਿਰੋਧ ਨਹੀਂ ਕੀਤਾ ਗਿਆ, ਖੁਦ ਠਾਕਰੇ ਦੀ ਸ਼ਿਵ ਸੈਨਾ ਹਿੰਦੀ ਦੇ ਦੋ ਅਖ਼ਬਾਰ ਛਾਪ ਰਹੀ ਹੈ, ਸਗੋਂ ਇਹ ਕਿਹਾ ਗਿਆ ਹੈ ਕਿ ਟੈਕਸੀ ਡਰਾਈਵਰਾਂ ਨੂੰ ਸਥਾਨਕ ਬੋਲੀ ਸਿੱਖਣੀ ਚਾਹੀਦੀ ਹੈ। ਮੁੰਬਈ ਵਿਚ ਸਿਰਫ ਹਿੰਦੀ ਤੇ ਅੰਗਰੇਜ਼ੀ ਪੜ੍ਹੇ ਲੋਕਾਂ ਨੇ ਹੀ ਟੈਕਸੀ 'ਤੇ ਨਹੀਂ ਬੈਠਣਾ ਹੁੰਦਾ, ਮਰਾਠੀ ਬੋਲੀ ਬੋਲਣ ਤੱਕ ਸੀਮਤ ਸਥਾਨਕ ਲੋਕ ਵੀ ਬੈਠਦੇ ਹੋਣਗੇ। ਜੇ ਟੈਕਸੀ ਡਰਾਈਵਰ ਸਥਾਨਕ ਬੋਲੀ ਨਹੀਂ ਜਾਣਦਾ ਤਾਂ ਉਹਨੂੰ ਅਤੇ ਸਵਾਰੀ ਨੂੰ ਦੋਵਾਂ ਨੂੰ ਮੁਸ਼ਕਲ ਪੇਸ਼ ਆ ਸਕਦੀ ਹੈ। ਮਰਾਠੀ ਬੋਲੀ ਦਾ ਕੋਈ ਇਮਤਿਹਾਨ ਤਾਂ ਪਾਸ ਨਹੀਂ ਕਰਨਾ, ਗੁਜ਼ਾਰੇ ਜੋਗੀ ਜ਼ਰੂਰ ਆਉਂਦੀ ਹੋਣੀ ਚਾਹੀਦੀ ਹੈ।

ਸਾਡੇ ਪੰਜਾਬੀ ਮਿੱਤਰਾਂ ਨੂੰ ਇਹ ਗੱਲ ਆਪਣੇ ਰਾਜ ਦੇ ਹਾਲਾਤ ਦੇ ਚੌਖਟੇ ਵਿਚ ਰੱਖ ਕੇ ਸਮਝਣੀ ਚਾਹੀਦੀ ਹੈ। ਅਸੀਂ ਏਥੇ ਲਗਾਤਾਰ ਮੰਗ ਕਰ ਰਹੇ ਹਾਂ ਕਿ ਪੰਜਾਬੀ ਦੀ ਪੜ੍ਹਾਈ ਘੱਟੋ-ਘੱਟ ਦਸਵੀਂ ਜਮਾਤ ਤੱਕ ਲਾਜ਼ਮੀ ਹੋਣੀ ਚਾਹੀਦੀ ਹੈ, ਤੇ ਹੁਣ ਪੰਜਾਬ ਸਰਕਾਰ ਨੇ ਇਸ ਮਕਸਦ ਲਈ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਨਵਾਂ ਨੋਟੀਫਿਕੇਸ਼ਨ ਜਾਰੀ ਕਰਦੇ ਸਮੇਂ ਕਾਨਵੈਂਟ ਅਤੇ ਕੇਂਦਰੀ ਵਿਦਿਆਲੇ ਵੀ ਬਾਹਰ ਨਹੀਂ ਰਹਿਣ ਦਿੱਤੇ ਗਏ।

ਦਲੀਲ ਅਸੀਂ ਕਰਨਾਟਕਾ ਦੀ ਵਰਤੀ ਹੈ ਕਿ ਓਥੇ ਸਾਰੇ ਲੋਕਾਂ ਲਈ ਕੰਨੜ ਭਾਸ਼ਾ ਪੜ੍ਹਨਾ ਲਾਜ਼ਮੀ ਬਣਾ ਦਿੱਤਾ ਗਿਆ ਹੈ। ਇੰਜ ਕਰ ਕੇ ਅਸੀਂ ਪੰਜਾਬ ਵਿਚ ਕੁਝ ਵੀ ਗਲਤ ਨਹੀਂ ਕੀਤਾ, ਪਰ ਜੇ ਇਹੋ ਮੰਗ ਮਹਾਰਾਸ਼ਟਰ ਵਿਚ ਕੀਤੀ ਜਾਂਦੀ ਹੈ ਤਾਂ ਅਸੀਂ ਉੱਬਲ ਪੈਂਦੇ ਹਾਂ। ਠਾਕਰਿਆਂ ਦੀ ਜ਼ੋਰ-ਜ਼ਬਰਦਸਤੀ ਤੇ ਬਦਤਮੀਜ਼ਾਂ ਦਾ ਡਟਵਾਂ ਵਿਰੋਧ ਕੀਤਾ ਜਾਣਾ ਚਾਹੀਦਾ ਹੈ, ਪਰ ਜੇ ਗੱਲ ਕੋਈ ਠੀਕ ਆਖੀ ਜਾਵੇ, ਉਹਨੂੰ ਮੰਨਣ 'ਚ ਵੀ ਹਰਜ ਨਹੀਂ ਹੋਣਾ ਚਾਹੀਦਾ। ਜੇ ਇੰਜ ਵਿਰੋਧ ਦੀ ਖਾਤਰ ਹੀ ਉਨ੍ਹਾਂ ਦੀ ਹਰ ਗੱਲ ਨੂੰ ਗਲਤ ਠਹਿਰਾਇਆ ਜਾਵੇ ਤਾਂ ਇਸ ਨਾਲ ਉਨ੍ਹਾਂ ਨੂੰ ਮਰਾਠੀ ਲੋਕਾਂ ਦੀ ਮਾਨਸਿਕਤਾ ਭੜਕਾਉਣੀ ਸੌਖੀ ਹੋ ਜਾਵੇਗੀ। ਜਿੱਥੋਂ ਤੱਕ ਮੁੰਬਈ ਦੇ ਅਜੋਕੇ ਹਾਲਾਤ ਦਾ ਸੰਬੰਧ ਹੈ, ਉਸ ਵਿਚ ਕਈ ਧਿਰਾਂ ਦੋਹਰੀ ਮਾਨਸਿਕਤਾ ਦਾ ਸ਼ਿਕਾਰ ਨਜ਼ਰ ਆ ਰਹੀਆਂ ਹਨ। ਉਨ੍ਹਾਂ ਵਿਚ ਠਾਕਰੇ ਚਾਚਾ-ਭਤੀਜਾ ਵੀ ਹਨ, ਰਾਜ ਦੀ ਸਰਕਾਰ ਚਲਾਉਣ ਵਾਲੇ ਵੀ ਤੇ ਉਨ੍ਹਾਂ ਪਿੱਛੇ ਖੜੀ ਕਾਂਗਰਸ ਪਾਰਟੀ ਦੇ ਆਗੂ ਵੀ।

ਪਿਛਲੇਰੇ ਸਾਲ ਦੇ ਇੱਕ ਦਿਨ ਰਾਜ ਠਾਕਰੇ ਨੇ ਆਪਣੀ ਨਵ-ਨਿਰਮਾਣ ਸੈਨਾ ਨੂੰ ਨਿਰਮਾਣ, ਭਾਵ ਕਿ ਉਸਾਰੀ ਦੇ ਕੰਮ ਕਰਨ ਦੀ ਥਾਂ ਭੰਨ-ਤੋੜ ਕਰਨ ਲਈ ਬਜ਼ਾਰਾਂ ਵਿਚ ਕੱਢ ਦਿੱਤਾ। ਉਨ੍ਹਾਂ ਨੇ ਉੱਤਰ ਭਾਰਤੀਆਂ ਦੇ ਖਿਲਾਫ਼ ਪੂਰਾ ਖਰੂਦ ਕੀਤਾ। ਦੋ ਦਿਨ ਲੋਕ ਟੈਲੀਵੀਜ਼ਨ ਸਕਰੀਨਾਂ ਉੱਤੇ ਉੱਤਰ ਭਾਰਤੀਆਂ ਦੇ ਖਿਲਾਫ ਹੁੰਦੀ ਗੁੰਡਾਗਰਦੀ ਨੂੰ ਵੇਖਦੇ ਰਹੇ। ਸ਼ਹਿਰ ਦਾ ਕਮਿਸ਼ਨਰ ਖੁਦ ਇਕ ਉੱਤਰ ਭਾਰਤੀ ਸੀ। ਪੰਜਵੇਂ ਦਿਨ ਉਸ ਉਤਰ ਭਾਰਤੀ ਪੁਲਸ ਕਮਿਸ਼ਨਰ ਦੀ ਧੀ ਦਾ ਵਿਆਹ ਸੀ।

ਸੱਦਾ ਦੇਣ ਦੀ ਫਰਾਖਦਿਲੀ ਉਹਨੇ ਵੀ ਵਿਖਾ ਦਿੱਤੀ ਤੇ ਉੱਤਰ ਭਾਰਤੀਆਂ ਨੂੰ ਮੁੰਬਈ ਵਿਚੋਂ ਨਿਕਲ ਜਾਣ ਦੇ ਦਬਾਕੜੇ ਛੱਡਣ ਵਾਲਾ ਰਾਜ ਠਾਕਰੇ ਉਚੇਚੇ ਮਹਿਮਾਨ ਵਜੋਂ ਉਸ ਦੇ ਘਰ ਸ਼ਗਨ ਪਾਉਣ ਚਲਾ ਗਿਆ। ਕੀ ਇਸ ਤੋਂ ਪ੍ਰਭਾਵ ਇਹ ਨਹੀਂ ਨਿਕਲਦਾ ਕਿ ਰਾਜ ਠਾਕਰੇ ਦੀ ਰਾਜਨੀਤੀ ਅੰਦਰਖਾਤੇ ਦੀ ਗਿੱਟ-ਮਿੱਟ ਕਰ ਕੇ ਖੇਡੀ ਗਈ ਗਿਣੀ-ਮਿਥੀ ਖੇਡ ਸੀ?

ਦੂਜਾ ਸਵਾਲ ਹੈ ਰਾਹੁਲ ਗਾਂਧੀ ਨੂੰ ਸ਼ਿਵ ਸੈਨਾ ਵਲੋਂ ਪੇਸ਼ ਕੀਤੀ ਗਈ ਚੁਣੌਤੀ ਤੇ ਮੋੜਵਾਂ ਵਾਰ ਕਰਨ ਲਈ ਉਸ ਵਲੋਂ ਮੁੰਬਈ ਦਾ ਭਲਵਾਨੀ ਗੇੜਾ ਕੱਢਣ ਦਾ। ਸ਼ਿਵ ਸੈਨਾ ਨੂੰ ਤਾਂ ਸਚਿਨ ਤੇਂਦੁਲਕਰ ਤੇ ਮੁਕੇਸ਼ ਅੰਬਾਨੀ ਦਾ ਇਹ ਕਹਿਣਾ ਵੀ ਠੀਕ ਨਹੀਂ ਸੀ ਲੱਗਾ ਕਿ ਉਹ ਭਾਰਤੀ ਹੋਣ ਵਿਚ ਮਾਣ ਮਹਿਸੂਸ ਕਰਦੇ ਹਨ ਤੇ ਭਾਰਤੀ ਹੋਣ ਕਰਕੇ ਮੁੰਬਈ ਉਤੇ ਹਰ ਦੇਸ਼-ਵਾਸੀ ਦਾ ਬਰਾਬਰ ਦਾ ਹੱਕ ਸਮਝਦੇ ਹਨ। ਰਾਹੁਲ ਗਾਂਧੀ ਨੇ ਜੋ ਕਿਹਾ ਸੀ, ਉਹ ਗਲਤ ਨਹੀਂ ਸੀ, ਪਰ ਪੂਰਾ ਠੀਕ ਵੀ ਨਹੀਂ ਸੀ।

ਉਸ ਨੇ ਬਿਹਾਰ ਵਿਚ ਜਾ ਕੇ ਓਥੋਂ ਦੇ ਲੋਕਾਂ ਨੂੰ ਖੁਸ਼ ਕਰਨ ਲਈ ਕਹਿ ਦਿੱਤਾ ਕਿ ਮੁੰਬਈ ਉਤੇ ਦਹਿਸ਼ਤਗਰਦ ਹਮਲੇ ਵੇਲੇ ਤਾਂ ਕੁਰਬਾਨੀ ਉੱਤਰ ਭਾਰਤੀਆਂ ਨੇ ਦਿੱਤੀ ਸੀ। ਸਾਰੀ ਗੱਲ ਠੀਕ ਹੁੰਦੇ ਹੋਏ ਵੀ ਪੂਰੀ ਠੀਕ ਇਸ ਕਰ ਕੇ ਨਹੀਂ ਸੀ ਕਿ ਉੱਤਰ ਭਾਰਤੀਆਂ ਨੇ ਵੀ ਇਕੱਲਿਆਂ ਨੇ ਕੁਰਬਾਨੀ ਨਹੀਂ ਸੀ ਦਿੱਤੀ, ਮਹਾਰਾਸ਼ਟਰ ਦੇ ਹੇਮੰਤ ਕਰਕਰੇ ਤੇ ਅਸ਼ੋਕ ਕਾਮਟੇ ਨੇ ਵੀ ਜਾਨ ਗਵਾਈ ਸੀ ਤੇ ਬੰਗਲੌਰ ਵੱਸਦੇ ਕੇਰਲਾ ਦੇ ਉਨੀਕ੍ਰਿਸ਼ਨਨ ਪਰਵਾਰ ਦਾ ਫੌਜੀ ਮੇਜਰ ਪੁੱਤ ਵੀ ਸ਼ਹੀਦ ਹੋਇਆ ਸੀ। ਰਾਹੁਲ ਗਾਂਧੀ ਜੇ ਸਾਰਾ ਠੀਕ ਬੋਲਦਾ ਤਾਂ ਸ਼ੁਰੂ ਏਥੋਂ ਕਰਦਾ ਕਿ ਉਸ ਪਰਖ ਦੀ ਘੜੀ ਮਹਾਰਾਸ਼ਟਰ ਦੇ ਕਰਕਰੇ ਤੇ ਕਾਮਟੇ ਦੇ ਨਾਲ ਨਾਲ ਭਾਰਤ ਦੇ ਕਈ ਹੋਰਨਾਂ ਰਾਜਾਂ ਦੇ ਲੋਕਾਂ ਨੇ ਵੀ ਸਾਂਝੇ ਮਨੋਰਥ ਲਈ ਜਾਨ ਦਿੱਤੀ ਸੀ। ਫੇਰ ਵੀ ਜੋ ਉਸ ਨੇ ਕਿਹਾ, ਉਸ ਦੇ ਕੋਈ ਵਿਚਾਰਾਂ ਜਾਂ ਸ਼ਬਦਾਂ ਵਜੋਂ ਊਣਤਾਈ ਕੱਢਣ ਦੀ ਬਜਾਏ ਸ਼ਿਵ ਸੈਨਾ ਇਹ ਚੁਣੌਤੀ ਦੇਣ ਦੇ ਗਲਤ ਪਾਸੇ ਤੁਰ ਪਈ ਕਿ ਰਾਹੁਲ ਗਾਂਧੀ ਮੁੰਬਈ ਆ ਕੇ ਵਿਖਾਵੇ।

ਦੋ ਦਿਨ ਬਾਅਦ ਹੀ ਰਾਹੁਲ ਗਾਂਧੀ ਮੁੰਬਈ ਪਹੁੰਚ ਗਿਆ। ਸ਼ਿਵ ਸੈਨਾ ਨੇ ਕਾਲੇ ਝੰਡੇ ਵਿਖਾਉਣ ਦਾ ਐਲਾਨ ਕਰ ਦਿੱਤਾ। ਜੇ ਉਹ ਵਾਜਬ ਦੂਰੀ ਰੱਖ ਕੇ ਇੰਜ ਕਰਦੇ ਤਾਂ ਰੋਸ ਵਜੋਂ ਅਜਿਹਾ ਕਰਨਾ ਉਨ੍ਹਾਂ ਦਾ ਜਮਹੂਰੀ ਹੱਕ ਸੀ, ਪਰ ਨਾ ਉਹ ਹੱਦਾਂ ਤੱਕ ਸੀਮਤ ਰਹੇ ਤੇ ਨਾ ਜਮਹੂਰੀ ਹੱਕ ਦੀ ਵਰਤੋਂ ਦਾ ਮੌਕਾ ਰਾਜ ਸਰਕਾਰ ਨੇ ਦਿੱਤਾ। ਇਹੋ ਜਿਹੇ ਪ੍ਰਬੰਧ ਕੀਤੇ ਗਏ ਕਿ ਰਾਹੁਲ ਗਾਂਧੀ ਦੇ ਦੌਰੇ ਮੌਕੇ ਸ਼ਿਵ ਸੈਨਾ ਵਾਲੇ ਖੂੰਜੇ ਲੱਗੇ ਰਹਿ ਗਏ? ਪੁਲਸ ਦੇ ਪੱਕੇ ਪ੍ਰਬੰਧਾਂ ਦੇ ਬਾਵਜੂਦ ਹਾਲਤ ਸੁੰਨ-ਸਾਨ ਵਾਲੀ ਨਹੀਂ ਸੀ। ਰਾਹੁਲ ਗਾਂਧੀ ਦੇ ਸਾਊ ਸਰੋਤਿਆਂ ਨੇ ਉਸ ਦੀ ਗੱਲ ਸੁਣੀ ਵੀ ਤੇ ਆਪਣੀ ਕਹੀ ਵੀ। ਜੇ ਉਹ ਰੇਲ ਗੱਡੀ ਵਿਚ ਜਾ ਵੜਿਆ ਤਾਂ ਓਥੇ ਵੀ ਕਿਉਂਕਿ ਆਮ ਲੋਕ ਸਨ, ਸ਼ਿਵ ਸੈਨਾ ਵਾਲੇ ਨਹੀਂ ਸਨ, ਕਿਸੇ ਨੇ ਕੋਈ ਬਦਤਮੀਜੀ ਨਹੀਂ ਸੀ ਕੀਤੀ। ਇਸ ਸਾਰੇ ਘਟਨਾਕ੍ਰਮ ਤੋਂ ਬਾਅਦ ਸਾਰਾ ਮੀਡੀਆ ਇੱਕੋ ਗੱਲ ਕਹਿ ਰਿਹਾ ਹੈ ਕਿ ਸ਼ਿਵ ਸੈਨਾ ਦੇ ਹੁੱਲੜਬਾਜ਼ਾਂ ਦੀ ਫੂਕ ਨਿਕਲ ਗਈ ਤੇ ਉਨ੍ਹਾਂ ਦਾ ਹੀਜ ਪਿਆਜ ਜ਼ਾਹਰ ਹੋ ਗਿਆ ਹੈ।

ਬਿਲਕੁਲ ਠੀਕ ਗੱਲ ਹੈ ਕਿ ਉਨ੍ਹਾਂ ਦਾ ਹੀਜ-ਪਿਆਜ਼ ਜ਼ਾਹਰ ਹੋ ਗਿਆ ਹੈ, ਪਰ ਸਿਰਫ਼ ਉਨ੍ਹਾਂ ਦਾ ਨਹੀਂ, ਉਸ ਰਾਜ ਦੀ ਸਰਕਾਰ ਦਾ ਵੀ ਜਾਹਰ ਹੋਣੋਂ ਨਹੀਂ ਬਚਿਆ। ਰਾਹੁਲ ਗਾਂਧੀ ਦੇ ਦੌਰੇ ਨੂੰ ਕਾਮਯਾਬ ਕਰਨ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਰੋਕਣ ਦੇ ਪ੍ਰਬੰਧ ਏਦਾਂ ਕੀਤੇ ਗਏ, ਜਿਵੇਂ ਕਦੇ ਮਹਾਤਮਾ ਬੁੱਧ ਬਣਨ ਤੋਂ ਪਹਿਲਾਂ ਰਾਜ ਕੁਮਾਰ ਸਿਧਾਰਥ ਦੇ ਬਾਹਰ ਨਿਕਲਣ ਵੇਲੇ ਕੀਤੇ ਜਾਂਦੇ ਸਨ ਕਿ ਕੋਈ ਬਦਸ਼ਗਨੀ ਵਾਲੀ ਘਟਨਾ ਉਹਦੇ ਮੱਥੇ ਨਾ ਆਣ ਵੱਜੇ। ਇਹਨਾਂ ਪ੍ਰਬੰਧਾਂ ਨੇ ਰਾਜ ਸਰਕਾਰ ਦੀ ਪਕਿਆਈ ਦਰਸਾ ਦਿੱਤੀ ਹੈ। ਜਿਹੜੀ ਗੱਲ ਉਸ ਦੇ ਖਿਲਾਫ ਜਾਂਦੀ ਹੈ, ਉਹ ਇਹ ਕਿ ਇਸੇ ਇਕ ਘਟਨਾ ਨੇ ਇਹ ਵੀ ਦਰਸਾ ਦਿੱਤਾ ਹੈ ਕਿ ਮਹਾਰਾਸ਼ਟਰ ਦੀ ਸਰਕਾਰ ਆਪਣੀ ਜ਼ਿੰਮੇਵਾਰੀ ਪ੍ਰਤੀ ਇਮਾਨਦਾਰ ਨਹੀਂ। ਜੇ ਉਹ ਰਾਹੁਲ ਗਾਂਧੀ ਦੇ ਦੌਰੇ ਵੇਲੇ ਏਨੇ ਪੱਕੇ ਪ੍ਰਬੰਧ ਕਰ ਸਕਦੀ ਹੈ ਤਾਂ ਓਦੋਂ ਅੱਖਾਂ ਅਤੇ ਕੰਨ ਕਿਉਂ ਬੰਦ ਕਰ ਲੈਂਦੀ ਰਹੀ ਹੈ, ਜਦੋਂ ਸ਼ਿਵ ਸੈਨਾ ਅਤੇ ਮਹਾਰਾਸ਼ਟਰ ਨਵ ਨਿਰਮਾਣ ਸੈਨਾ ਦੇ ਚਾਚਾ-ਭਤੀਜਾ ਮਾਰਕੇ ਵਾਲੇ ਲੋਕ ਸਧਾਰਨ ਉੱਤਰ ਭਾਰਤੀਆਂ ਵਿਰੁਧ ਗੁੰਡਾਗਰਦੀ ਕਰਦੇ ਸਨ? ਕੀ ਇਸ ਦਾ ਦੂਜੇ ਪਾਸਿਓਂ ਵੇਖਿਆ ਇਹ ਮਤਲਬ ਨਹੀਂ ਨਿਕਲਦਾ ਕਿ ਰਾਜ ਸਰਕਾਰ ਜਾਣ-ਬੁੱਝ ਕੇ ਇਹੋ ਜਿਹੇ ਤੱਤਾਂ ਨੂੰ ਖੁੱਲ੍ਹ ਖੇਡਣ ਦਾ ਮੌਕਾ ਦੇਂਦੀ ਹੈ, ਤਾਂ ਕਿ ਉਨ੍ਹਾਂ ਦੇ ਡਰਾਏ ਤੇ ਸਤਾਏ ਹੋਏ ਲੋਕੀਂ ਜਾਨ-ਮਾਲ ਦੀ ਰਾਖੀ ਦੀ ਆਸ ਵਿਚ ਇਕ ਖਾਸ ਧਿਰ ਦਾ ਵੋਟ ਬੈਂਕ ਬਣੇ ਰਹਿਣ?

ਬੜੀ ਖਤਰਨਾਕ ਰਾਜਨੀਤੀ ਹੈ ਇਹ। ਇਸ ਤਰ੍ਹਾਂ ਦੇ ਦਾਅ ਖੇਡ ਕੇ ਉੱਤਰ ਪ੍ਰਦੇਸ਼ ਤੇ ਬਿਹਾਰ ਵਿਚ ਤਾਂ ਸ਼ਾਇਦ ਕੁਝ ਪ੍ਰਾਪਤੀ ਕਰ ਲਈ ਜਾਵੇ, ਦੇਸ਼ ਦੇ ਵੱਖ-ਵੱਖ ਕੋਨਿਆਂ 'ਚੋਂ ਇਹੋ ਜਿਹੀਆਂ ਚੁਣੌਤੀਆਂ ਪੇਸ਼ ਹੋਣ ਨੂੰ ਨਹੀਂ ਰੋਕਿਆ ਜਾ ਸਕੇਗਾ। ਦੇਸ਼ ਪਾਰਟੀਆਂ ਤੋਂ ਵੱਡਾ ਹੁੰਦਾ ਹੈ। ਪਾਰਟੀਆਂ ਤਾਂ ਦੇਸ਼ ਤੋਂ ਵਾਰੀਆਂ ਜਾ ਸਕਦੀਆਂ ਹਨ, ਪਰ ਪਾਰਟੀਆਂ ਦੇ ਹਿੱਤਾਂ ਲਈ ਦੇਸ਼ ਦੇ ਹਿੱਤ ਵਾਰ ਦਿੱਤੇ ਜਾਣ, ਇਸ ਗੱਲ ਦੀ ਹਮਾਇਤ ਨਾ ਅੱਜ ਤੱਕ ਕਿਸੇ ਸਿਧਾਂਤਕਾਰ ਨੇ ਕੀਤੀ ਹੈ ਤੇ ਨਾ ਕਦੇ ਕਰਨੀ ਹੈ।

# ਤਹਿਸੀਲਾਂ 'ਚ ਭ੍ਰਿਸ਼ਟਾਚਾਰ ਰੋਕਣ ਲਈ ਸਖ਼ਤੀ ਦੇ ਹੁਕਮ

**ਚੰਡੀਗੜ੍ਹ :** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਦੀ ਮੀਟਿੰਗ ਦੌਰਾਨ ਅੰਮ੍ਰਿਤਸਰ ਦੇ ਡੀ.ਸੀ. ਕਾਹਨ ਸਿੰਘ ਪੰਨੂ ਨੇ ਆਪਣੀ ਪੇਸ਼ਕਾਰੀ ਦੌਰਾਨ ਸਾਬਤ ਕੀਤਾ ਕਿ ਜੇਕਰ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਵਿਚ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦੀ 'ਇੱਛਾ ਸ਼ਕਤੀ' ਹੋਵੇ ਤਾਂ ਸਰਕਾਰੀ ਦਫ਼ਤਰਾਂ ਵਿਚ ਰਿਸ਼ਵਤ ਦਿੱਤੇ ਬਿਨਾਂ ਵੀ ਜਨਤਾ ਦਾ ਕੰਮ ਸੰਭਵ ਹੋ ਸਕਦਾ ਹੈ। ਇਸ ਮੀਟਿੰਗ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਮਾਲ ਵਿਭਾਗ ਦੇ ਅਧਿਕਾਰੀਆਂ ਵਲੋਂ 'ਉਪਰ ਚੜ੍ਹਾਵਾ' ਚਾੜ੍ਹਨ ਦੇ ਨਾਂ 'ਤੇ ਮੋਟੀ ਰਿਸ਼ਵਤ ਲਈ ਜਾਂਦੀ ਹੈ ਪਰ ਜਦੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਮਾਲ ਮੰਤਰੀ ਅਜੀਤ ਸਿੰਘ ਕੋਹਾੜ ਤੋਂ ਭ੍ਰਿਸ਼ਟਾਚਾਰ ਖਤਮ ਕਰਨ ਵਿਚ ਸਹਿਯੋਗ ਦੀ ਮੰਗ ਕੀਤੀ ਤਾਂ ਮੰਤਰੀ ਨੇ ਹਾਂ-ਪੱਖੀ ਹੁੰਗਾਰਾ ਭਰਿਆ ਜਿਸਨੇ ਅੰਮ੍ਰਿਤਸਰ ਦੀ ਜਨਤਾ ਦਾ ਕੰਮ ਸੁਖਾਲਾ ਕਰ ਦਿੱਤਾ।

ਉਪ ਮੁੱਖ ਮੰਤਰੀ ਨੇ ਤਹਿਸੀਲਾਂ ਵਿਚੋਂ ਭ੍ਰਿਸ਼ਟਾਚਾਰ ਰੋਕਣ ਲਈ ਜਿੱਥੇ ਡਿਪਟੀ ਕਮਿਸ਼ਨਰਾਂ ਨੂੰ ਜਵਾਬਦੇਹ ਬਣਾਉਣ ਦੀ ਗੱਲ ਕਹੀ ਉੱਥੇ 'ਅੰਮ੍ਰਿਤਸਰ ਮਾਡਲ' ਅਪਨਾਉਣ ਲਈ ਕਿਹਾ। ਸ੍ਰੀ ਸੁਖਬੀਰ ਸਿੰਘ ਬਾਦਲ ਨੇ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਨੂੰ ਕਿਹਾ ਕਿ ਡਿਪਟੀ ਕਮਿਸ਼ਨਰ ਦੀ ਕਾਰਗੁਜ਼ਾਰੀ ਦੀ ਹਰ ਤਿੰਨ ਮਹੀਨਿਆਂ ਬਾਅਦ ਸਮੀਖਿਆ ਦੀ ਵਿਵਸਥਾ ਆਰੰਭੀ ਜਾਵੇ ਅਤੇ ਉਸ ਵਿਚ 20 ਫੀਸਦੀ ਅੰਕ ਜ਼ਿਲ੍ਹੇ ਅੰਦਰ ਭ੍ਰਿਸ਼ਟਾਚਾਰ ਬਾਰੇ ਲੋਕਾਂ ਦੀ ਧਾਰਨਾ ਬਾਰੇ ਰੱਖੇ ਜਾਣ। ਉਨ੍ਹਾਂ ਕਿਹਾ ਕਿ ਹਰ ਤਿਮਾਹੀ ਅੰਦਰ ਡਿਪਟੀ ਕਮਿਸ਼ਨਰਾਂ ਦੀ ਇਕ ਤੋਂ 20 ਤੱਕ ਦਰਜਾਬੰਦੀ ਹੋਵੇਗੀ ਅਤੇ ਲਗਾਤਾਰ ਦੋ ਤਿਮਾਹੀਆਂ ਵਿਚ ਪਿੱਛੇ ਰਹਿਣ ਵਾਲੇ ਅਧਿਕਾਰੀਆਂ ਨੂੰ ਬਦਲ ਦਿੱਤਾ ਜਾਵੇਗਾ।

ਉਪ ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਮ ਜਨਤਾ ਤੱਕ ਜਨਤਕ ਸੇਵਾਵਾਂ ਦੀ ਸੁਚੱਜੀ ਪਹੁੰਚ ਨੂੰ ਯਕੀਨੀ ਬਨਾਉਣ। ਉਨ੍ਹਾਂ ਕਿਹਾ ਕਿ ਇਹ ਸਰਕਾਰ ਦਾ ਫਰਜ਼ ਹੈ ਕਿ ਸਮੂਹ ਭਲਾਈ ਯੋਜਨਾਵਾਂ ਦਾ ਸਬੰਧਤ ਲੋਕਾਂ ਤੱਕ ਫਾਇਦਾ ਪਹੁੰਚੇ। ਇਸ ਲਈ ਜ਼ਿਲੇ ਦੇ ਡਿਪਟੀ ਕਮਿਸ਼ਨਰ ਦਾ ਇਹ ਇਖ਼ਲਾਕੀ ਫਰਜ਼ ਹੈ ਕਿ ਕਿ ਉਹ ਸਮੂਹ ਸਬੰਧਤ ਜਨਤਕ ਸੇਵਾਵਾਂ ਆਮ ਲੋਕਾਂ ਤੱਕ ਸੁਚੱਜੇ ਢੰਗ ਨਾਲ ਪਹੁੰਚਾਉਣ।

ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵਲੋਂ ਚਾਲੂ ਵਰ੍ਹੇ ਦੌਰਾਨ ਪ੍ਰਸ਼ਾਸਕੀ ਸੁਧਾਰਾਂ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਲਈ ਹਰ ਡਿਪਟੀ ਕਮਿਸ਼ਨਰ ਆਪਣੇ ਜ਼ਿਲ੍ਹੇ ਅੰਦਰ ਆਮ ਲੋਕਾਂ ਦੀ ਜ਼ਿੰਦਗੀ ਨੂੰ ਸੁਖਾਲਾ ਬਨਾਉਣ ਲਈ ਇਨ੍ਹਾਂ ਸੁਧਾਰਾਂ ਨੂੰ ਲਾਗੂ ਕਰਨਾ ਯਕੀਨੀ ਬਣਾਏ। ਡਿਪਟੀ ਕਮਿਸ਼ਨਰਾਂ ਨੂੰ ਆਪਣਾ ਜਨਤਾ ਨਾਲ ਤਾਲਮੇਲ ਵਧਾਉਣ ਦੀ ਸਲਾਹ ਦਿੰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਉਹ ਹਰ ਜ਼ਿਲੇ ਤੋਂ ਪ੍ਰਸ਼ਾਸਕੀ ਸੁਧਾਰਾਂ ਨੂੰ ਲਾਗੂ ਕਰਨ, ਜ਼ਿਲ੍ਹੇ ਅੰਦਰ ਭ੍ਰਿਸ਼ਟਾਚਾਰ ਬਾਰੇ ਆਮ ਜਨਤਾ ਦੀ ਧਾਰਨਾ ਅਤੇ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਆਪਣੇ ਤੌਰ 'ਤੇ ਫੀਡ ਬੈਕ ਲਿਆ ਕਰਨਗੇ। ਜਾਇਦਾਦ ਦੀ ਰਜਿਸਟਰੇਸ਼ਨ ਅਤੇ ਹੋਰ ਜਨਤਕ ਸੇਵਾਵਾਂ ਵਿਚ ਮਾਲੀਏ ਦੀ ਚੋਰੀ ਨੂੰ ਅਸਰਦਾਰ ਢੰਗ ਨਾਲ ਲਾਗੂ ਕੀਤੇ ਜਾਣ ਦੀ ਲੋੜ ਉਤੇ ਜ਼ੋਰ ਦਿੰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਹਰ ਡਿਪਟੀ ਕਮਿਸ਼ਨਰ ਜ਼ਮੀਨਾਂ ਅਤੇ ਹੋਰ ਜਾਇਦਾਦਾਂ ਦੀਆਂ ਕੀਮਤਾਂ ਦਾ ਕੰਪਿਊਟਰੀਕਰਨ ਕਰਕੇ ਰਜਿਸਟਰੇਸ਼ਨ ਅਥਾਰਟੀ ਦੀ ਘੱਟ ਤੋਂ ਘੱਟ ਮਨਮਰਜ਼ੀ ਨੂੰ ਯਕੀਨੀ ਬਣਾਏ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਜ਼ਿਲ੍ਹਿਆਂ ਅੰਦਰ ਗਠਤ ਵੱਖ ਵੱਖ ਸਲਾਹਕਾਰ ਕਮੇਟੀਆਂ ਦੀ ਹਰ ਮਹੀਨੇ ਇਕ ਮੀਟਿੰਗ ਕਰਨ ਲਈ ਵੀ ਨਿਰਦੇਸ਼ ਦਿੱਤੇ।


# ਚੌਧਰੀ ਜਗਜੀਤ ਸਿੰਘ ਸਮੇਤ 7 ਦੋਸ਼ੀਆਂ ਖਿਲਾਫ਼ ਦੋਸ਼ ਆਇਦ

**ਲੁਧਿਆਣਾ:** ਸਿਟੀ ਸੈਂਟਰ ਘੁਟਾਲੇ ਵਿਚ ਸਰਕਾਰੀ ਪੱਖ ਵਲੋਂ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ ਸਮੇਤ ਅੱਧੀ ਦਰਜਨ ਦੇ ਕਰੀਬ ਮੁੱਖ ਕਥਿਤ ਦੋਸ਼ੀਆਂ ਖ਼ਿਲਾਫ਼ ਦੋਸ਼ ਆਇਦ ਦੀ ਕਾਰਵਾਈ ਮੁਕੰਮਲ ਕਰ ਲਈ ਗਈ ਹੈ ਅਤੇ ਅਦਾਲਤ ਵਲੋਂ ਮਾਮਲੇ ਦੀ ਸੁਣਵਾਈ 27 ਫਰਵਰੀ ਤੱਕ ਮੁਲਤਵੀ ਕਰ ਦਿੱਤੀ ਗਈ ਹੈ।

ਇਸ ਘੁਟਾਲੇ ਵਿਚ ਵਿਜੀਲੈਂਸ ਵਲੋਂ ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਪਹਿਲਾਂ ਹੀ ਦੋਸ਼ ਆਇਦ ਕਰਨ ਦੀ ਕਾਰਵਾਈ ਮੁਕੰਮਲ ਕੀਤੀ ਜਾ ਚੁੱਕੀ ਹੈ। ਸਰਕਾਰੀ ਪੱਖ ਵਲੋਂ ਜਿਨ੍ਹਾਂ ਦੋਸ਼ੀਆਂ ਖਿਲਾਫ਼ ਦੋਸ਼ ਆਇਦ ਕਰਨ ਦੀ ਕਾਰਵਾਈ ਮੁਕੰਮਲ ਕੀਤੀ ਗਈ ਉਸ ਵਿਚ ਰਣਇੰਦਰ ਸਿੰਘ, ਰਮਿੰਦਰ ਸਿੰਘ, ਚੌਧਰੀ ਜਗਜੀਤ ਸਿੰਘ, ਸਾਬਕਾ ਐਡਵੋਕੇਟ ਜਨਰਲ ਹਰਪ੍ਰੀਤ ਸਿੰਘ ਸੰਧੂ, ਅਸ਼ਵਜੀਤ ਸਿੰਘ, ਕਮਲ ਵਰਮਾ ਅਤੇ ਅਮਿਤ ਸਰਦਾਨਾ ਸ਼ਾਮਿਲ ਹਨ। ਹੁਣ ਇਸ ਮਾਮਲੇ ਵਿਚ ਸਿਟੀ ਸੈਂਟਰ ਦੀ ਉਸਾਰੀ ਕਰਨ ਵਾਲੀ ਕੰਪਨੀ ਟੂਡੇ ਹੋਮਜ਼, ਨਗਰ ਸੁਧਾਰ ਟਰੱਸਟ ਦੇ ਟਰੱਸਟੀ ਅਤੇ ਅਧਿਕਾਰੀਆਂ ਖਿਲਾਫ਼ ਦੋਸ਼ ਆਇਦ ਕਰਨ ਦੀ ਕਾਰਵਾਈ 27 ਫਰਵਰੀ ਨੂੰ ਸ਼ੁਰੂ ਕੀਤੀ ਜਾਵੇਗੀ।

# ਥਾਂਓ ਨਾਲ ਨਾ ਬੰਦੇ ਬਦਲਦੇ ਨੇ, ਭਾਵੇਂ ਚੀਨ ਤੇ ਭਾਵੇਂ ਇਰਾਕ ਹੋਵੇ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**



ਪ੍ਰੋ. ਰੋਮਾਣਾ

ਗੁਮਨਾਮ ਜਿਹੇ ਕਵੀ ਜ਼ਮੀਲ ਚੌਧਰੀ ਦੀ ਉਪਰੋਕਤ ਸਤਰ ਭਾਵੇਂ ਪ੍ਰਵਾਨਤ ਕਹਾਵਤਾਂ, ਜਿਵੇਂ 'ਜੈਸਾ ਦੇਸ਼ ਵੈਸਾ ਭੇਸ' ਜਾਂ 'ਰੋਮ 'ਚ ਰਹੋ ਤਾਂ ਰੋਮਨਾਂ ਵਾਂਗ ਹੀ ਕਰੋ' ਦੇ ਬਿਲਕੁਲ ਵਿਪਰੀਤ ਲਗਦੀ ਹੈ ਪਰ ਇਸ ਸਤਰ ਦਾ ਵੀ ਇਕ ਆਪਣਾ ਸੱਚ ਹੈ। ਇਹ ਤਾਂ ਮੈਨੂੰ ਨਹੀਂ ਪਤਾ ਕਿ ਜਦੋਂ ਇਹ ਸਤਰ ਲਿਖੀ ਗਈ ਹੋਣੀ ਹੈ ਉਸ ਵੇਲੇ ਚੀਨ, ਇਰਾਕ ਜਾਂ ਭਾਰਤ 'ਚ ਰਹਿਤਲ ਦੇ ਕਿੰਨੇ 'ਕੁ ਵੱਡੇ ਵਖਰੇਵੇਂ ਹੋਣਗੇ ਪਰ ਇਕ ਗੱਲ ਪੱਕੀ ਹੈ ਕਿ ਬੰਦਾ ਭਾਵੇਂ ਕਿਧਰੇ ਵੀ ਰਹੇ ਉਸ ਦੇ ਜਮਾਂਦਰੂ ਸਭਿਆਚਾਰ ਦੇ ਕੁਝ ਨਾ ਕੁਝ ਚੰਗੇ ਜਾਂ ਮਾੜੇ ਅੰਸ਼ ਉਸ ਦੇ ਨਾਲ ਹੀ ਰਹਿੰਦੇ ਹਨ। ਸ਼ੈਰੀ ਨੇ ਆਪਣੀ ਇਸ ਡਾਇਰੀ 'ਚ ਸਾਡੇ ਇਕ ਅਜਿਹੇ ਮਿੱਤਰ ਭਜਨ ਦਾ ਜ਼ਿਕਰ ਕੀਤਾ ਹੈ ਜਿਸ ਨੂੰ 37-38 ਸਾਲ ਸਮੁੰਦਰੋਂ ਪਾਰ ਰਹਿੰਦੇ ਨੂੰ ਹੋ ਗਏ ਹਨ ਪਰ ਆਪਣੇ ਪੇਂਡੂ ਸੁਭਾਅ ਦੇ ਕੁਝ ਅੰਸ਼ ਅੱਜ ਵੀ ਤੇ ਉਵੇਂ ਹੀ ਉਸ ਦੇ ਅੰਗ ਸੰਗ ਹਨ।

---

ਅੱਜ ਕੱਲ ਅਮਰੀਕਾ ਰਹਿੰਦਾ ਅਮਨਪਾਲ ਸਿੰਘ ਬੋਪਾਰਾਏ ਚੰਡੀਗੜ੍ਹ 'ਚ ਮੇਰਾ ਮਹਿਮਾਨ ਹੈ। ਅਸੀਂ ਯੂਨੀਵਰਸਿਟੀ 'ਚ ਬੈਚ ਮੇਟ ਰਹੇ ਹਾਂ ਜਿਥੇ ਬੋਪਾਰਾਏ ਅਰਥ-ਸ਼ਾਸਤਰ ਦੀ ਮਾਸਟਰ ਡਿਗਰੀ ਕਰਦਾ ਸੀ। ਹੋਸਟਲ 'ਚ ਸਾਡੇ ਕਮਰੇ ਬਿਲਕੁਲ ਨਾਲ ਨਾਲ ਹੁੰਦੇ ਸਨ। ਸਾਡੇ ਪੁਰਾਣੇ ਸਾਥੀ ਇਸ ਨੂੰ ਪਾਲੀ ਬੋਪਾਰਾਏ ਦੇ ਨਾਂ ਨਾਲ ਜਾਣਦੇ ਹਨ। ਉਸ ਵੇਲੇ ਇਹ ਇਕ ਜੋਸ਼ ਭਰਪੂਰ ਮਾਰਕਸਵਾਦੀ ਹੁੰਦਾ ਸੀ ਜੋ ਸਟਾਲਿਨ ਦੇ ਮੁਕਾਬਲੇ ਟਰਾਟਸਕੀ ਦਾ ਉਪਾਸ਼ਕ ਸੀ। ਹੋਸਟਲ ਦੇ ਸਾਡੇ ਵਾਲੇ ਬਲਾਕ 'ਚ ਜ਼ਿਆਦਾ ਵਿਦਿਆਰਥੀ ਇਕਨਾਮਿਕਸ ਡੀਪਾਰਟਮੈਂਟ ਦੇ ਹੀ ਹੁੰਦੇ ਸਨ ਜਿਨ੍ਹਾਂ 'ਚ ਗੁਰਦਾਸਪੁਰ ਲਾਗੇ ਦਾ ਇਕ ਭਜਨ ਸਿੰਘ ਵੀ ਹੁੰਦਾ ਸੀ ਜਿਸ ਨਾਲ ਸਾਡੀ ਮਿੱਤਰਤਾ ਕਦੇ ਕੌੜੀ ਤੇ ਕਦੇ ਮਿੱਠੀ ਰਹੀ। ਹੁਣ ਪਾਲੀ ਤੇ ਭਜਨ ਦੋਵੇਂ ਅਮਰੀਕਾ ਰਹਿੰਦੇ ਹਨ ਪਰ ਰੁਝੇਵਿਆਂ ਕਾਰਨ ਇਨ੍ਹਾਂ ਦਾ ਮੇਲ-ਜੋਲ ਬਹੁਤਾ ਨਹੀਂ ਰਿਹਾ। ਭਜਨ ਬੜਾ ਅਜੀਬ ਕਿਸਮ ਦਾ ਵਿਦਿਆਰਥੀ ਸੀ। ਕਿਤਾਬੀ ਪੜ੍ਹਾਈ 'ਚ ਉਹ ਬਹੁਤ ਹੁਸ਼ਿਆਰ ਸੀ। ਉਹ ਬੀ. ਏ. 'ਚੋਂ ਵੀ ਫਸਟ ਡਵੀਜ਼ਨ ਲੈ ਕੇ ਆਇਆ ਸੀ ਤੇ ਐਮ. ਏ. ਭਾਗ ਪਹਿਲਾ 'ਚੋਂ ਵੀ ਉਹਦੇ 60% ਤੋਂ ਉਪਰ ਨੰਬਰ ਸਨ। ਉਨ੍ਹਾਂ ਦਿਨਾਂ 'ਚ ਆਰਟਸ 'ਚੋਂ ਫਸਟ ਡਵੀਜ਼ਨ ਲੈਣੀ ਇਕ ਅਲੋਕਾਰ ਗੱਲ ਹੁੰਦੀ ਸੀ। ਦੂਜੇ ਪਾਸੇ ਪੰਜਾਬ ਯੂਨੀਵਰਸਿਟੀ 'ਚ ਆਪਣੇ ਆਮ ਵਿਹਾਰ 'ਚ ਉਹ ਬੜਾ ਬੇ-ਸਲੀਕਾ ਤੇ ਉਜੱਡ ਬੰਦਾ ਸੀ ਪਰ ਦਿਲ ਦਾ ਬੜਾ ਸਾਫ ਤੇ ਦੂਜੇ ਦੇ ਦੁੱਖ ਨੂੰ ਆਪਣਾ ਸਮਝਣ ਵਾਲਾ। ਦਿਖਾਵਾ ਕਰਨਾ ਉਸ ਨੂੰ ਬਿਲਕੁਲ ਵੀ ਨਹੀਂ ਸੀ ਆਉਂਦਾ। ਆਪਣੇ ਖਰਵ੍ਹੇ ਤੇ ਬੇ-ਸੋਚੇ ਸਮਝੇ ਬੋਲਾਂ ਕਰਕੇ ਉਸ ਨੇ ਬੜੇ ਲੋਕ ਨਾਰਾਜ਼ ਕੀਤੇ ਸਨ। ਮੈਨੂੰ ਵੀ ਕਈ ਵਾਰ ਉਸ 'ਤੇ ਬਹੁਤ ਗੁੱਸਾ ਆਇਆ ਸੀ। ਅੱਜ ਅਸੀਂ ਉਸ ਦੀਆਂ ਨਿੱਕੀਆਂ ਨਿਕੀਆਂ ਜਿੱਦ ਵਰਗੀਆਂ ਲੜਾਈਆਂ ਯਾਦ ਕਰਕੇ ਹੱਸ ਵੀ ਰਹੇ ਹਾਂ ਤੇ ਉਸ ਨੂੰ ਮਿਸ ਵੀ ਕਰ ਰਹੇ ਹਾਂ।

ਸਾਡੇ ਤਿੰਨਾਂ ਜਣਿਆਂ ਦੀਆਂ ਕਲਾਸਾਂ ਸਵੇਰੇ ਇਕੋ ਵੇਲੇ ਸ਼ੁਰੂ ਹੁੰਦੀਆਂ। ਸੋ ਅਸੀਂ ਸਵੇਰੇ ਬਰੇਕਫਾਸਟ ਲਈ ਕੰਟੀਨ ਵੀ ਇਕੱਠੇ ਜਾਂਦੇ ਤੇ ਨਾਸ਼ਤਾ ਅਸੀਂ ਕੰਟੀਨ ਦੇ ਅੰਦਰ ਦੀ ਬਜਾਏ ਬਾਹਰ ਲਾਅਨ 'ਚ ਬੈਠ ਕੇ ਕਰਦੇ। ਭਜਨ ਸਕੂਲ ਦੇ ਜ਼ਮਾਨੇ 'ਚ ਕਬੱਡੀ ਦਾ ਖਿਡਾਰੀ ਰਿਹਾ ਸੀ ਸੋ ਉਸ ਦੀ ਖੁਰਾਕ ਵੀ ਚੰਗੀ ਸੀ। ਨਾਸ਼ਤੇ 'ਚ ਉਸ ਨੇ ਵਾਰੀ ਵਾਰੀ ਦੋ-ਦੋ ਬਰੈਡ ਪੀਸ ਮੰਗਵਾਈ ਜਾਣੇ ਕਦੇ ਆਮਲੇਟ ਨਾਲ ਕਦੇ ਮੱਖਣ ਨਾਲ। ਜਦੋਂ ਅੰਦਰ ਹਿਸਾਬ ਕਿਤਾਬ ਦਰਜ ਕਰਨ ਜਾਣਾ ਤਾਂ ਉਸਨੂੰ ਕਹਿਣਾ, "ਠੇਕੇਦਾਰ, 2/33 ਚਾਰ ਪੀਸ ਆਮਲੇਟ ਤੇ ਮੱਖਣ।" ਠੇਕੇਦਾਰ ਨੇ ਅੱਗੋਂ ਕਹਿਣਾ- "ਨਹੀਂ ਬਾਊ ਜੀ, 8 ਪੀਸ ਦੋ ਆਮਲੇਟ ਤੇ ਦੋ ਮੱਖਣ।" ਬਸ ਇਸੇ ਗੱਲ ਤੇ ਉਸਨੇ ਜਿੱਦਦੇ ਰਹਿਣਾ ਤੇ ਗੱਲ 6 ਤੇ ਮੁਕਾ ਲੈਣੀ। ਪੜਾਈ ਦੇ ਦਿਨਾਂ 'ਚ ਕਾਫੀ ਵਿਦਿਆਰਥੀ ਜੋ ਰਾਤ ਨੂੰ ਦੇਰ ਤੱਕ ਪੜ੍ਹਦੇ ਸਨ ਉਹ ਸ਼ਾਮ ਨੂੰ ਖਾਣਾ ਨਹੀਂ ਸਨ ਖਾਂਦੇ ਤੇ ਰਾਤ ਦੇ ਦੋ ਢਾਈ ਵਜੇ ਸੌਣ ਤੋਂ ਪਹਿਲਾਂ ਪੀ.ਜੀ.ਆਈ. ਦੇ ਸਾਹਮਣੇ ਲੱਗੀਆਂ ਰੇਹੜੀਆਂ 'ਤੇ ਪਰੌਂਠੇ ਖਾ ਕੇ ਆਉਂਦੇ ਹੁੰਦੇ ਸਨ। 1976-77 ਦੇ ਗੇੜ ਵਿਚ ਇਹ ਰੇਹੜੀਆਂ ਉਥੋਂ ਹਟਾ ਦਿੱਤੀਆਂ ਗਈਆਂ ਪਰ ਫੁੱਟਪਾਥ 'ਤੇ ਬਹਿ ਕੇ ਚਾਹ-ਪਰੌਂਠੇ ਦੇਣ ਵਾਲੇ ਸ਼ਾਇਦ ਅੱਜ ਕੱਲ੍ਹ ਵੀ ਬਹਿੰਦੇ ਹਨ। ਭਜਨ ਵੀ ਰਾਤਾਂ ਦਾ ਪੜਾਕੂ ਸੀ ਤੇ ਰਾਤ ਨੂੰ ਪਰੌਂਠੇ ਖਾਣ ਜਾਂਦਾ ਤੇ ਗਿਣਤੀ ਦਾ ਝਗੜਾ ਕੰਟੀਨ ਦੇ ਠੇਕੇਦਾਰ ਵਾਂਗ ਪਰੌਂਠਿਆਂ ਵਾਲੇ ਨਾਲ ਵੀ ਕਰਦਾ। ਸਾਡਾ ਤਿੰਨਾਂ ਜਣਿਆਂ ਦਾ ਇੱਕੋ ਸਰਵੈਂਟ ਸੀ ਸਵਰਨਾ ਜੋ ਸਾਨੂੰ ਲੋੜ ਪੈਣ 'ਤੇ ਕਮਰੇ 'ਚ ਚਾਹ ਪਾਣੀ ਦੇ ਜਾਂਦਾ ਸੀ। ਜਦ ਅਸੀਂ ਲੰਚ ਕਰਕੇ ਆਉਣਾ ਤਾਂ ਭਜਨ ਨੇ ਸਵਰਨੇ ਨੂੰ ਸੱਦ ਲੈਣਾ ਤੇ ਕਹਿਣਾ "ਠੀਕ ਚਾਰ ਵਜੇ ਮੇਰੇ ਲਈ ਕਮਰੇ 'ਚ ਇਕ ਦੁੱਧ ਲੈ ਆਵੀਂ ਤੇ ਹੋ ਸਕੇ ਤੇ ਚੋਰੀ ਹੀ ਉਸਮੇਂ ਏਕ ਅੰਡਾ ਫੋੜ ਲਾਨਾ" ਤੇ ਸਵਰਨੇ ਨੇ ਹਸਦੇ ਨੇ 'ਠੀਕ ਜੀ' ਕਹਿ ਕੇ ਚਲੇ ਜਾਣਾ। ਨਾ ਕਦੇ ਉਹ ਦੁੱਧ 'ਚ ਆਂਡਾ ਫੈਂਟ ਕੇ ਲਿਆਇਆ ਤੇ ਨਾ ਹੀ ਭਜਨ ਨੇ ਕਦੇ ਕੋਈ ਇਤਰਾਜ ਕੀਤਾ ਪਰ ਉਹ ਇਹ ਕਹਿੰਦਾ ਜ਼ਰੂਰ ਸੀ। ਰਾਤ ਨੂੰ ਜੇ ਉਸ ਨੂੰ ਪੜ੍ਹਦੇ ਨੂੰ ਨੀਂਦਰ ਔਣ ਲੱਗ ਪੈਣੀ ਤਾਂ ਉਸ ਨੇ ਨੀਂਦਰ ਨੂੰ ਭਜਾਉਣ ਲਈ ਸਿਆਲਾਂ ਦੇ ਦਿਨਾਂ 'ਚ ਨੰਗੇ ਸਿਰ 'ਤੇ ਬਨੈਣ ਨਾਲ ਹੀ ਬਾਹਰ ਆਪਣੀ ਬਾਲਕੋਨੀ 'ਚ ਆ ਜਾਣਾ ਤੇ ਲੱਗ ਪੈਣਾ ਉੱਚੀ ਉੱਚੀ ਤੇ ਬਿਨਾ ਕਿਸੇ ਦਾ ਨਾਂ ਲਏ ਗਾਲ੍ਹਾਂ ਕੱਢਣ। ਜਦੋਂ ਤੱਕ ਲੋਕਾਂ ਨੇ ਉਠ ਕੇ ਆਪਣੀਆਂ ਬਾਲਕੋਨੀਆਂ 'ਚ ਆਉਣਾ ਤਾਂ ਭਜਨ ਕਮਰੇ 'ਚ ਜਾ ਕੇ ਪੜਨ ਲੱਗਿਆ ਹੁੰਦਾ। ਇਸ ਕਾਰਨ ਇਕ ਦੋ ਵਾਰ ਉਸ ਦੀ ਸ਼ਿਕਾਇਤ ਵੀ ਹੋ ਚੁੱਕੀ ਸੀ।

ਪਾਲੀ ਬੋਪਾਰਾਏ ਤੋਂ ਕਿਧਰੇ ਭਜਨ ਨੂੰ ਇਹ ਪਤਾ ਲੱਗ ਗਿਆ ਕਿ ਇਕ ਮਨਮੀਤ ਨਾਂ ਦੀ ਕੁੜੀ ਨਾਲ ਮੇਰੀ ਚੰਗੀ ਜਾਣ-ਪਹਿਚਾਣ ਹੈ ਤੇ ਉਹ ਭਾਪਿਆਂ ਦੀ ਕੁੜੀ ਹੈ, ਹੈ ਵੀ ਬਹੁਤ ਸੋਹਣੀ ਤੇ ਕਮਿਸਟਰੀ ਦੀ ਐਮ.ਐਸ.ਸੀ. ਕਰਦੀ ਹੈ। ਬਸ ਫੇਰ ਕੀ ਸੀ ਪਹਿਲਾਂ ਤਾਂ ਉਹ ਦੋ ਤਿੰਨ ਗੇੜੇ ਕਮਿਸਟਰੀ ਵਿਭਾਗ ਦੇ ਲਾ ਕੇ ਉਸ ਨੂੰ ਚੰਗੀ ਤਰ੍ਹਾਂ ਦੇਖ ਪਰਖ ਕੇ ਆਇਆ। ਫੇਰ ਜਦੋਂ ਵੀ ਅਸੀਂ ਇਕੱਠੇ ਹੋਣਾ ਉਸ ਨੇ ਵਿੰਗੇ-ਸਿੱਧੇ ਢੰਗ ਨਾਲ ਮਨਮੀਤ ਦੀ ਗੱਲ ਜ਼ਰੂਰ ਕਰਨੀ। ਉਸ ਨੂੰ 'ਜੱਟ' ਸ਼ਬਦ ਬੋਲਣ ਦੀ ਬਹੁਤ ਆਦਤ ਸੀ। ਸਵੇਰੇ ਨਾਸ਼ਤੇ ਸਮੇਂ ਹਮੇਸ਼ਾ ਗੱਲ ਉਸ ਨੇ ਸ਼ੁਰੂ ਇਥੋਂ ਹੀ ਕਰਨੀ, 'ਓਏ ਸੰਧੂਆ, ਕਿੱਦਾਂ ਐ ਫਿਰ ਭਾਪਣ ਤੇਰੀ।'' ਕਦੇ ਕਹਿਣਾ "ਓਏ ਜੱਟਾ, ਭਾਪਣ ਸੋਹਣੀ ਬੜੀ ਜਿਆਦਾ ਐ, ਵਿਆਹ ਕਰਵਾ ਕੇ ਟਿਭ ਜਾ।' ਇਥੇ ਡੀਸੀਆਂ, ਸ਼ੀਸੀਆਂ ਦੇ ਮੁੰਡੇ ਬੜੇ ਪੜ੍ਹਦੇ ਨੇ, ਲੈ ਜਾਣੀ ਆ ਕਿਸੇ ਪਤੰਗ ਵਾਂਗ ਉਡਾ ਕੇ ਤੇ ਵਿਹੰਦਾ ਰਹਿ ਜਾਏਂਗਾ ਜੱਟਾ"। ਇਕ ਦਿਨ ਕਹਿੰਦਾ, "ਜੱਟਾ, ਭਾਪੇ ਤਾਂ ਬੜੇ ਹਿਸਾਬੀ ਕਿਤਾਬੀ ਹੁੰਦੇ ਨੇ। ਮਨਮੀਤ ਨੂੰ ਤੇ ਇਕਨਾਮਿਕਸ ਦੀ ਐਮ.ਏ. ਕਰਨੀ ਚਾਹੀਦੀ ਸੀ। ਇਹ ਕਮਿਸਟਰੀ 'ਚ ਕਿਧਰ ਲਗੀ ਫਿਰਦੀ ਏ।" ਕੋਲੋਂ ਪਾਲੀ ਬੋਪਾਰਾਏ ਕਹਿਣ ਲੱਗਾ, 'ਪਹਿਲੇ ਦਿਨ ਆਈ ਤਾਂ ਆਪਣੇ ਡਿਪਾਰਟਮੈਂਟ ਇਕਨਾਮਿਕਸ 'ਚ ਹੀ ਦਾਖਲ ਹੋਣ ਸੀ। ਉਥੇ ਕਿਧਰੇ 'ਸੁਰੀਲੀ' ਆਵਾਜ਼ 'ਚ ਤੈਨੂੰ ਪ੍ਰਵਚਨ ਕਰਦੇ ਨੂੰ ਸੁਣ ਲਿਆ, ਬੱਸ ਫਿਰ ਭੱਜੀ ਵਾਹੋ ਦਾਹੀ ਬਾਹਰ ਨੂੰ ਤੇ ਜਿਹੜਾ ਡਿਪਾਰਟਮੈਂਟ ਅੱਗੇ ਆਇਆ ਉਸੇ 'ਚ ਵੜ ਗਈ ਦਾਖਲਾ ਲੈ ਲਿਆ।" ਪਾਲੀ ਦੀ ਟਿੱਚਰ ਸੁਣ ਕੇ ਭਜਨ ਛਿੱਥਾ ਪੈ ਗਿਆ ਤੇ ਬੇਸ਼ਰਮ ਜਿਹਾ ਹੋ ਕੇ ਕਹਿਣ ਲੱਗਾ, "ਹੱਲਾਅ! ਨਹੀਂ, ਇੱਦਾਂ ਕਿੱਦਾਂ ਹੋ ਸਕਦਾ ਏ। ਬੀ. ਐਸ. ਈ. ਕੀਤੀ ਹੋਣੀ ਏ ਤਾਂਈਂ ਕਮਿਸਟਰੀ 'ਚ ਗਈ ਏ। ਇਕਨਾਮਿਕਸ 'ਚ ਕਿੱਦਾਂ ਆ ਸਕਦੀ ਸੀ।" ਮੈਨੂੰ ਭਜਨ ਦੀਆਂ ਫਜ਼ੂਲ ਗੱਲਾਂ ਤੇ ਅੰਦਰੋਂ ਗੁੱਸਾ ਤਾਂ ਬਹੁਤ ਆਉਂਦਾ ਪਰ ਮੈਂ ਹੱਸ ਕੇ ਟਾਲ ਛੱਡਦਾ।

ਮੈਂ ਆਪਣੇ ਮਿੱਤਰ ਮੇਜਰ ਨਾਲ ਭਜਨ ਨੂੰ ਸਬਕ ਸਿਖਾਉਣ ਦੀ ਸਲਾਹ ਬਣਾਈ। ਇਸ ਵਿਚ ਅਸੀਂ ਪਾਲੀ ਬੋਪਾਰਾਏ ਨੂੰ ਵੀ ਸ਼ਾਮਲ ਕਰ ਲਿਆ। ਪਾਲੀ ਨੇ ਜਿਹੜੀ ਸਕੀਮ ਦੱਸੀ ਉਹ ਸੀ ਵੀ ਬੜੀ ਮਜੇਦਾਰ ਤੇ ਹੋਈ ਵੀ ਬੜੀ ਕਾਰਗਰ। ਪਾਲੀ ਨੂੰ ਪਤਾ ਸੀ ਕਿ ਅਸਲ 'ਚ ਭਜਨ ਹੈ ਬੜਾ ਡਰਪੋਕ ਤੇ ਉਸ ਨੂੰ ਆਪਣੇ ਕੈਰੀਅਰ ਦਾ ਵੀ ਬਹੁਤ ਫਿਕਰ ਹੈ। ਫੈਸਲਾ ਹੋਇਆ ਕਿ ਅਗਲੇ ਦਿਨ ਮਨਮੀਤ ਤੇ ਉਸ ਦੀ ਰੂਮ ਮੇਟ ਪੁਸ਼ਪਿੰਦਰ ਨੂੰ ਮੈਂ ਉਸ ਵੇਲੇ ਮਿਲਣ ਲਈ ਆਪਣੇ ਹੋਸਟਲ 'ਚ ਬੁਲਾ ਲੈਣਾ ਹੈ, ਅਮੂਮਨ ਜਿਹੜੇ ਵੇਲੇ ਵਾਰਡਨ ਡਾ. ਤਿਵਾੜੀ ਹੋਸਟਲ ਦੇ ਦਫਤਰ 'ਚ ਬੈਠਦਾ ਹੈ ਅਤੇ ਦੋਵਾਂ ਕੁੜੀਆਂ ਨੂੰ ਸਾਰੀ ਗੱਲ ਸਮਝਾ ਦੇਣੀ ਹੈ। ਇਸੇ ਪੁਸ਼ਪਿੰਦਰ ਦਾ ਜ਼ਿਕਰ ਮੈਂ ਪਹਿਲਾਂ ਵੀ ਕੀਤਾ ਹੈ ਕਿ ਕਿਵੇਂ ਇਹ ਸਾਨੂੰ ਅਚਾਨਕ ਨਿਊ ਯਾਰਕ ਤੋਂ 100 ਕੁ ਮੀਲ 'ਤੇ ਆਪਣੀ ਨਨਾਣ

## ਸ਼ੈਰੀ ਦੀ ਡਾਇਰੀ

ਦੇ ਸਟੋਰ 'ਤੇ ਕੰਮ ਕਰਦੀ ਮਿਲ ਪਈ ਸੀ ਤੇ ਅਗਲੇ ਦਿਨ ਅਸੀਂ ਮੁੜਦਿਆਂ ਉਸ ਕੋਲ ਨਾਸ਼ਤਾ ਵੀ ਕੀਤਾ ਸੀ।

ਭਜਨ ਤੇ ਪੁਸ਼ਪਿੰਦਰ ਦੇ ਸਬੰਧ 'ਚ ਇਕ ਬੜੀ ਦਿਲਚਸਪ ਘਟਨਾ ਹੈ ਜਿਸਦਾ ਇਥੇ ਜ਼ਿਕਰ ਕਰਨਾ ਜ਼ਰੂਰੀ ਹੈ। ਗੱਲ ਇਸ ਤਰ੍ਹਾਂ ਸੀ ਕਿ ਚਾਚੇ ਗੁਲਾਟੀ ਦੀ ਕੰਟੀਨ 'ਤੇ ਰੌਣਕ ਜਿਆਦਾ ਹੁੰਦੀ ਸੀ ਜਿਸ ਕਰਕੇ ਆਸੇ-ਪਾਸੇ ਦੇ ਵਿਭਾਗ ਦੇ ਵਿਦਿਆਰਥੀ ਵੀ ਚਾਹ ਪੀਣ ਇਥੇ ਹੀ ਆ ਜਾਂਦੇ ਸਨ। ਚਾਹ ਤਾਂ ਐਸੀ-ਵੈਸੀ ਹੀ ਹੁੰਦੀ ਸੀ ਪਰ ਅੰਗਰੇਜੀ ਤੇ ਪੰਜਾਬੀ ਵਿਭਾਗ ਦੀ ਰੌਣਕ ਚੰਗੀ ਹੁੰਦੀ ਸੀ। ਇਕ ਦਿਨ ਭੀੜ ਵਾਹਵਾ ਸੀ ਤੇ ਜਦੋਂ ਪੁਸ਼ਪਿੰਦਰ ਚਾਹ ਦਾ ਗਲਾਸ ਕਾਊਂਟਰ ਤੋਂ ਚੁੱਕ ਕੇ ਪਿੱਛੇ ਮੁੜਨ ਲੱਗੀ ਤਾਂ ਉਸਦੀ ਕੂਹਣੀ ਬਿਲਕੁਲ ਪਿੱਛੇ ਖੜੇ ਭਜਨ 'ਚ ਵੱਜੀ ਤੇ ਚਾਹ ਛਲਕ ਕੇ ਭਜਨ ਦੀ ਕਮੀਜ਼ 'ਤੇ ਪੈ ਗਈ। ਬੱਸ ਫੇਰ ਕੀ ਭਜਨ ਲੱਗ ਪਿਆ ਆਪਣੇ ਸੁਭਾਅ ਅਨੁਸਾਰ ਬੋਲਣ। ਪੁਸ਼ਪਿੰਦਰ ਨੇ ਦੋ ਤਿੰਨ ਵਾਰ 'ਵੈਰੀ ਸੌਰੀ' ਕਿਹਾ ਪਰ ਭਜਨ ਕਿਥੇ ਸੁਣਨ ਵਾਲਾ ਸੀ ਕਹੇ "ਤੇਰੀ ਸੌਰੀ ਨੂੰ ਮੈਂ ਚੱਟਣਾ ਐ।" ਪੁਸ਼ਪਿੰਦਰ ਤੋਂ ਵੀ ਐਨੇ ਮੁੰਡੇ ਕੁੜੀਆਂ 'ਚ ਬੇਇਜ਼ਤੀ ਸਹਿਣ ਨਾ ਹੋਈ ਤੇ ਬੋਲੀ, "ਗੱਲ ਸੁਣ ਓਏ ਕਾਕਾ, ਬਹੁਤਾ ਸਿਰ ਨਾ ਚੜੀ ਜਾ। ਚੱਲ 15 ਸੈਕਟਰੋਂ ਤੈਨੂੰ ਨਵਾਂ ਝੱਗਾ ਲੈ ਦੇਨੀ ਆ। ਚਾਹ ਮੈਂ ਜਾਣ ਕੇ ਤਾਂ ਨਹੀਂ ਡੋਲੀ? ਤੇ ਤੈਨੂੰ ਸੱਤ ਵਾਰ ਸੌਰੀ ਕਹਿ ਦਿੱਤਾ ਏ ਤੂੰ ਏਂ ਕਿ ਜੋ ਅਵਾ-ਤਵਾ ਗੰਦੀ ਜ਼ਬਾਨ ਤੇ ਆਈ ਜਾਂਦਾ ਏ ਬੋਲੀ ਜਾਨਾ ਏ।" ਏਨੇ ਨੂੰ ਚਾਚਾ ਗੁਲਾਟੀ ਵੀ ਬਾਹਰ ਆ ਗਿਆ ਤੇ ਕੁਝ ਹੋਰਾਂ ਨੇ ਵਿਚ ਪੈ ਕੇ ਦੋਵਾਂ ਨੂੰ ਚੁੱਪ ਕਰਾ ਦਿੱਤਾ। ਜਦੋਂ ਸਭ ਚੁੱਪ ਹੋ ਗਏ ਤਾਂ ਚਾਚਾ ਕਹਿਣ ਲੱਗਾ, "ਬੀਬਾ ਹੁਣ ਇਹਨੂੰ ਨਵਾਂ ਝੱਗਾ ਲੈ ਕੇ ਦੇਣਾ ਨਾ ਭੁੱਲ ਜਾਵੀਂ।" ਤੇ ਫਿਰ ਪਹਿਲਾਂ ਵਾਲੀ ਰੌਣਕ ਤਾਜਾ ਹੋ ਗਈ। ਇਸ ਘਟਨਾ ਤੋਂ ਬਾਅਦ ਭਜਨ ਨੂੰ ਪੁਸ਼ਪਿੰਦਰ 'ਤੇ ਗੁੱਸਾ ਵੀ ਬੜਾ ਸੀ ਤੇ ਉਸਤੋਂ ਬਾਅਦ ਉਹ ਚਾਚੇ ਗੁਲਾਟੀ ਦੀ ਕੰਟੀਨ 'ਤੇ ਵੀ ਕਦੀ ਨਹੀਂ ਗਿਆ।

ਮਿਥੇ ਹੋਏ ਸਮੇਂ 'ਤੇ ਮਨਮੀਤ ਤੇ ਪੁਸ਼ਪਿੰਦਰ ਸਾਡੇ ਹੋਸਟਲ ਆ ਗਈਆਂ ਤੇ ਅਸੀਂ ਤਿੰਨੇ ਗੈਸਟ ਰੂਮ 'ਚ ਬੈਠ ਗਏ। ਪਾਲੀ ਨੇ ਜਾ ਭਜਨ ਦੇ ਬੂਹੇ 'ਤੇ ਦਸਤਕ ਦਿੱਤੀ ਤੇ ਉਸ ਦਸਿਆ ਕਿ ਮਨਮੀਤ ਪੁਸ਼ਪਿੰਦਰ ਨੂੰ ਨਾਲ ਲੈ ਕੇ ਡਾ. ਤਿਵਾੜੀ ਕੋਲ ਤੇਰੀ ਸ਼ਿਕਾਇਤ ਕਰਨ ਆਈ ਹੈ। ਉਸ ਨੂੰ ਸਮਝਾਇਆ ਸੀ ਪਰ ਉਹ ਕਹਿੰਦੀ ਹੈ ਕਿ ਭਜਨ ਹਰ ਰੋਜ਼ ਸ਼ੈਰੀ ਕੋਲ ਮੇਰਾ ਨਾਂ ਲੈ ਲੈ ਕੇ ਬੇਇਜ਼ਤੀ ਕਰਦਾ ਹੈ। ਭਜਨ ਪਹਿਲਾਂ ਤਾਂ ਗੱਲ ਸੁਣ ਕੇ ਹੀ ਘਬਰਾ ਗਿਆ। ਫਿਰ ਜਦੋਂ ਉਸ ਨੇ ਇਕ ਮੈਸ ਦੇ ਸਰਵੈਂਟ ਨੂੰ ਭੇਜ ਕੇ ਪਤਾ ਕੀਤਾ ਕਿ ਵਾਕਿਆ ਈ ਦੋ ਕੁੜੀਆਂ ਸ਼ੈਰੀ ਕੋਲ ਗੈਸਟ ਰੂਮ 'ਚ ਬੈਠੀਆਂ ਹਨ ਤੇ ਤਿਵਾੜੀ ਸਾਹਿਬ ਵੀ ਆਪਣੇ ਦਫਤਰ 'ਚ ਬੈਠੇ ਹਨ ਤਾਂ ਪਾਲੀ ਨੂੰ ਕਹਿਣ ਲੱਗਾ, "ਜੱਟਾ, ਬਲਾਵਾਂ ਤਾਂ ਬੂਹੇ 'ਤੇ ਆਣ ਖਲੋਤੀਆਂ ਨੇ, ਹੁਣ ਕੀ ਬਣੇਗਾ?' ਦੱਸ ਹੁਣ ਕਿਧਰ ਜਾਵਾਂਗੇ?" ਪਾਲੀ ਹੱਸ ਕੇ ਕਹਿਣ ਲੱਗਾ, "ਢੱਠੇ ਖੂਹ 'ਚ ਭਾਊ ਹੋਰ ਕਿਧਰ। ਤੈਨੂੰ ਕਿੰਨੀ ਵਾਰ ਸਮਝਾਇਆ ਏ ਕਿ ਤਮੀਜ਼ 'ਚ ਰਿਹਾ ਕਰ, ਤੂੰ ਸੁਣਦੈਂ ਕਿਸੇ ਦੀ।"

"ਸ਼ੈਰੀ ਨੂੰ ਚਵਲ ਜਹੇ ਨੂੰ ਸ਼ਰਮ ਨਹੀਂ ਆਈ ਆਪਸੀ ਹਾਸੇ-ਠੱਠੇ ਦੀ ਸ਼ਿਕਾਇਤ ਕੁੜੀਆਂ ਕੋਲ ਕਰਦੇ ਨੂੰ, ਤਿਵਾੜੀ ਤਾਂ ਮੈਨੂੰ ਪਹਿਲਾਂ ਈ ਹੋਸਟਲ 'ਚੋਂ ਕੱਢਣ ਨੂੰ ਫਿਰਦੈ। ਇਕ ਦਿਨ ਮੇਰੇ ਮੋਢੇ 'ਤੇ ਹੱਥ ਰੱਖ ਕੇ ਆਂਹਦਾ ਸੀ, "ਭਜਨ ਪੁੱਤਰ ਰਾਤ ਨੂੰ ਚਾਂਗਰਾਂ ਨਾ ਮਾਰਿਆ ਕਰ, ਸਗੋਂ ਸੌਂਇਆ ਕਰ। ਸਵੇਰੇ ਫਰੈਸ਼ ਉਠੀਦਾ ਐ। ਜੇ ਚਾਂਗਰਾ ਬਿਨਾਂ ਨਹੀਂ ਸਰਦਾ ਤਾਂ ਹਫਤਾ ਗੁਰਦਾਸਪੁਰ ਲਾ ਆਇਆ ਕਰ।" ਇਹ ਉਤੋਂ ਬਲਦੀ ਤੇ ਤੇਲ ਪਾਉਣ ਆ ਗਈਆਂ ਨੇ। ਆਹ ਪੁਸ਼ਪਿੰਦਰ ਤਾਂ ਉਂਝ ਈ ਮੇਰੀ ਦੁਸ਼ਮਣ ਏ। ਜੇ ਗੱਲ ਡਿਪਾਰਟਮੈਂਟ ਚਲੀ ਗਈ, ਸਾਡਾ ਹੈਡ ਤਾਂ ਜੱਟਾਂ ਦੇ ਮੁੰਡਿਆਂ ਨੂੰ ਇਕਨਾਮਿਕਸ ਪੜ੍ਹਦੇ ਦੇਖ ਉਂਜ ਹੀ ਸੜ ਬਲ ਜਾਂਦਾ ਆ, ਮੇਰੇ ਵਰਗੇ ਫਸਟ ਡਵੀਜ਼ਨਰ ਤਾਂ ਉਹਨੂੰ ਉਂਜ ਈ ਫੁੱਟੀ ਅੱਖ ਨਹੀਂ ਭਾਉਂਦੇ। ਪਾਲੀ, ਜੇ ਮੇਰੇ ਕੈਰੀਅਰ ਨੂੰ ਆਂਚ ਆ ਗਈ ਤਾਂ ਸਮਝ ਲੈ ਸ਼ੈਰੀ ਦੀ ਖੈਰ ਨਹੀਂ।" ਭਜਨ ਦੇ ਮਨ ਦੇ ਵਹਿਮ ਜਿਉਂਦੇ ਜਾਗਦੇ ਭੂਤਾਂ ਵਾਂਗ ਉਸ ਦੀਆਂ ਅੱਖਾਂ ਸਾਹਮਣੇ ਸਾਕਾਰ ਹੋ ਰਹੇ ਸਨ।

ਪਾਲੀ ਨੇ ਉਸ ਨੂੰ ਜਿਆਦਾ ਡਰਿਆ ਵੇਖ ਧਰਵਾਸ ਦਿੱਤਾ ਤੇ ਸੁਣਾ ਦਿੱਤਾ ਕਿ ਉਹ ਕਮਰੇ ਨੂੰ ਜੰਦਰਾ ਮਾਰ ਕੇ ਹੋਸਟਲ ਦੇ ਪਿਛਲੇ ਪਾਸਿਓਂ ਕੰਟੀਨ ਵਿਚੋਂ ਦੀ ਨਿਕਲ ਕੇ ਪੀ. ਜੀ. ਆਈ. ਤੋਂ 22 ਸੈਕਟਰ ਦੀ ਬਸ ਫੜ ਲਵੇ ਤੇ ਕਵਾਟਰ 'ਚ ਪਹੁੰਚ ਜਾਵੇ। ਅੱਵਲ ਤਾਂ ਮੇਜਰ ਹੁਣੀ ਉਥੇ ਬੈਠੇ ਹੀ ਹੋਣੇ ਨੇ, ਨਹੀਂ ਤਾਂ ਚਾਬੀ ਬੂਹੇ ਉਤੇ ਪਈ ਹੋਣੀ ਹੈ। ਦੁਧ ਦੀ ਬੋਤਲ 22 ਸੈਕਟਰੋਂ ਲੈ ਜਾਵੇ ਬਾਕੀ ਚਾਹ ਦਾ ਸਾਮਾਨ ਕਵਾਟਰ 'ਚ ਪਿਆ ਹੈ। ਨਾਲ ਜਰਾ ਹੋਰ ਸਵਾਦ ਲੈਣ ਲਈ ਉਸ ਕਹਿ ਦਿੱਤਾ ਕਿ ਪਿਛਲੇ ਪਾਸਿਓਂ ਜਾਣ ਲੱਗਾ ਮਾਤਾ ਗੁਜਰੀ ਹੋਸਟਲ ਵਲ ਨਾ ਵੇਖੀਂ, ਉਥੇ ਮਨਮੀਤ ਹੁਣਾਂ ਦੀਆਂ ਸਹੇਲੀਆਂ ਛੱਲੀਆਂ ਵਾਲੀ ਮਾਈ ਕੋਲ ਖਲੋਤੀਆਂ ਹੋਣੀਆਂ ਨੇ ਤੇ ਜੇ ਉਨ੍ਹਾਂ ਵੇਖ ਲਿਆ ਤਾਂ ਦੱਸਣਗੀਆਂ ਕਿ ਇਧਰੋਂ ਭੱਜਿਆ ਏ ਭਜਨ ਭਾਊ। ਇਹ ਵੀ ਧਰਵਾਸ ਦਿਤਾ ਕਿ ਉਹ ਕੋਸ਼ਿਸ਼ ਕਰਦਾ ਹੈ ਕਿ ਗੱਲ ਆਪਸ 'ਚ ਬੈਠ ਕੇ ਮੁਕਾ ਲਈਏ ਤੇ ਸ਼ਾਮ ਨੂੰ ਉਸ ਕੋਲ ਆਵੇਗਾ। ਭਜਨ ਨੂੰ ਡਰੇ ਹੋਏ ਨਿਆਣੇ ਵਾਂਗ ਜਿਵੇਂ ਪਾਲੀ ਕਹਿੰਦਾ ਸੀ ਉਵੇਂ ਕਰੀ ਜਾਂਦਾ ਵੇਖ ਉਸ ਨੂੰ ਹਾਸੀ ਰੋਕਣੀ ਮੁਸ਼ਕਲ ਹੋ ਰਹੀ ਸੀ। ਇਸ ਘਟਨਾ ਤੋਂ ਬਾਅਦ ਭਜਨ ਨੇ ਮੇਰੇ ਨਾਲ ਤਾਂ ਬਿਲਕੁਲ ਬੋਲਣਾ ਚਾਲਣਾ ਬੰਦ ਕਰ ਦਿੱਤਾ ਪਰ ਪਾਲੀ ਨਾਲ ਉਸਦੀ ਮਿੱਤਰਤਾ ਹੋਰ ਗੂੜ੍ਹੀ ਹੋ ਗਈ। ਮੈਂ ਚਾਹੁੰਦਾ ਸੀ ਕਿ ਭਜਨ ਨੂੰ ਦੱਸ ਦਿੱਤਾ ਜਾਵੇ ਕਿ ਇਹ ਸਭ ਤਮਾਸ਼ਾ ਉਸਨੂੰ ਜਰਾ ਵੱਤਰ ਕਰਨ ਲਈ ਕੀਤਾ ਸੀ ਪਰ ਪਾਲੀ ਤੇ ਮੇਜਰ ਕਹਿੰਦੇ ਸਨ ਕਿ ਮਹੀਨਾ ਕੁ ਇਸੇ ਤਰ੍ਹਾਂ ਰਹਿਣ ਦੇ ਤੇ ਫਿਰ ਇਕ ਦਿਨ ਚੰਗੀ ਪਾਰਟੀ ਕਰਕੇ ਸਾਰੀ ਗੱਲ ਦੱਸਾਂਗੇ। ਉਨ੍ਹਾਂ ਇਸੇ ਤਰ੍ਹਾਂ ਕੀਤਾ। ਪਹਿਲਾਂ ਬੈਠ ਕੇ ਸਭ ਨੂੰ ਭਜਨ ਦੀ ਗਲਤੀ ਦੱਸੀ ਫਿਰ ਉਸ ਨੂੰ ਠੀਕ ਕਰਨ ਵਾਸਤੇ ਕੀਤੇ ਨਾਟਕ ਬਾਰੇ ਦੱਸਿਆ ਤੇ ਫਿਰ ਅੱਧੀ ਰਾਤ ਤੱਕ ਹਾਸਾ-ਠੱਠਾ ਤੇ ਖਾਣ-ਪੀਣ ਚਲਦਾ ਰਿਹਾ ਤੇ ਅਗਲੇ ਦਿਨ ਤੋਂ ਲੈ ਕੇ ਸੈਸ਼ਨ ਦੇ ਖਤਮ ਹੋਣ ਤੱਕ ਭਜਨ ਫਿਰ ਉਸੇ ਰੰਗ 'ਚ ਵਿਚਰਨ ਲੱਗਾ। ਸਗੋਂ ਅਸੀਂ ਪਹਿਲਾਂ ਨਾਲੋਂ ਵੀ ਵੱਧ ਨੇੜੇ ਹੋ ਗਏ।

ਜਿਨ੍ਹਾਂ ਦਿਨਾਂ 'ਚ ਅਸੀਂ ਡਿਗਰੀਆਂ ਕੀਤੀਆਂ ਨੇ ਉਨ੍ਹਾਂ ਦਿਨਾਂ 'ਚ ਚੰਗੇ ਸਕਾਲਰ ਵਿਦਿਆਰਥੀਆਂ ਨੂੰ ਉਚੇਰੀ ਪੜ੍ਹਾਈ ਲਈ ਇੰਗਲੈਂਡ, ਅਮਰੀਕਾ 'ਚ ਦਾਖਲਾ ਸਹਿਜੇ ਮਿਲ ਜਾਂਦਾ ਸੀ, ਖਾਸ ਕਰਕੇ ਇੰਜੀਨੀਅਰਿੰਗ, ਫਿਜ਼ਿਕਸ, ਕਮਿਸਟਰੀ ਤੇ ਇਕਨਾਮਿਕਸ ਦੇ ਸਕਾਲਰਾਂ ਨੂੰ। ਭਜਨ ਤੇ ਪਾਲੀ ਬੋਪਾਰਾਏ ਦੋਵੇਂ ਪੀ. ਐਚ. ਡੀ. ਕਰਨ ਇੰਗਲੈਂਡ ਚਲੇ ਗਏ ਸਨ ਉਹ ਗਏ ਵੀ ਵੱਖਰੇ ਵੱਖਰੇ ਤੇ ਵੱਖਰੀਆਂ ਵੱਖਰੀਆਂ ਥਾਂਵਾਂ 'ਤੇ। ਪੀ. ਐਚ. ਡੀ. ਕਰਨ ਤੋਂ ਬਾਅਦ ਭਜਨ ਨੂੰ ਤਾਂ ਅਮਰੀਕਾ 'ਚ ਇਕ ਯੂਨੀਵਰਸਿਟੀ 'ਚ ਲੈਕਚਰਾਰ ਦੀ ਨੌਕਰੀ ਮਿਲ ਗਈ ਤੇ ਪਾਲੀ ਨੂੰ ਇੰਗਲੈਂਡ ਦੀ ਹੀ ਇਕ ਯੂਨੀਵਰਸਿਟੀ 'ਚ। 10-12 ਸਾਲ ਬਾਅਦ ਪਾਲੀ ਨੇ ਇਕ ਅਮਰੀਕਨ ਯੂਨੀਵਰਸਿਟੀ 'ਚ ਜਾਂ ਨੌਕਰੀ ਕੀਤੀ ਤੇ ਉਹ ਵੀ ਉਥੇ ਹੀ ਸੈਟਲ ਹੋ ਗਿਆ। ਅੱਜ ਕੱਲ ਅਧਿਆਪਕੀ ਤੋਂ ਦੋਵੇਂ ਰਿਟਾਇਰ ਹੋ ਚੁੱਕੇ ਹਨ ਪਰ ਵਿਹਲੇ ਨਹੀਂ ਹਨ। ਭਜਨ ਕਿਸੇ ਬੈਂਕਿੰਗ ਅਦਾਰੇ ਨਾਲ ਅੰਕੜਾ ਸਲਾਹਕਾਰ ਹੈ ਤੇ ਪਾਲੀ ਲਿਖਣ-ਪੜ੍ਹਨ ਦਾ ਕੰਮ ਕਰਦਾ ਹੈ। ਕਿਸੇ ਗੋਰੇ ਅਰਥਸ਼ਾਸਤਰੀ ਨਾਲ ਸਾਂਝੇ ਤੌਰ 'ਤੇ ਇੰਗਲੈਂਡ ਦੇ ਕਿਸੇ ਮਸ਼ਹੂਰ ਪਬਲਿਸ਼ਰ ਨੇ ਉਸਦੀਆਂ ਦੋ ਕਿਤਾਬਾਂ ਛਾਪੀਆਂ ਨੇ ਜਿਸ ਤੋਂ ਉਸਨੂੰ ਚੋਖੀ ਕਮਾਈ ਹੋਈ ਹੈ। ਅੱਜ ਕੱਲ ਭਾਰਤ ਵੀ ਉਹ ਉਸੇ ਪਬਲਿਸ਼ਰ ਲਈ 'ਭਾਰਤੀ ਸਟੇਟ, ਅਰਥਚਾਰਾ ਤੇ ਮਾਓਵਾਦ' ਵਿਸ਼ੇ ਤੇ ਕਿਤਾਬ ਲਿਖਣ ਲਈ ਆਇਆ ਹੋਇਆ ਹੈ। ਜਿਸ ਲਈ ਉਹ 3-4 ਮਹੀਨਿਆਂ ਤੋਂ ਕਲਮ ਤੇ ਕੈਮਰਾ ਚੁੱਕੀ ਬੰਗਾਲ, ਛਤੀਸ਼ਗੜ੍ਹ ਤੇ ਝਾਰਖੰਡ 'ਚ ਘੁੰਮ ਰਿਹਾ ਹੈ। ਜਦੋਂ ਅਰਾਮ ਕਰਨਾ ਹੁੰਦਾ ਹੈ ਤਾਂ ਚੰਡੀਗੜ੍ਹ ਮੇਰੇ ਕੋਲ ਹਫਤਾ ਦਸ ਦਿਨ ਲਾ ਜਾਂਦਾ ਹੈ।



ਕੱਲ ਅਸੀਂ ਭਜਨ ਦਾ ਫੋਨ ਨੰਬਰ ਲੱਭਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਕੋਈ ਸਫਲਤਾ ਨਹੀਂ ਮਿਲੀ। ਅੱਜ ਸ਼ਾਮ ਜਦੋਂ ਅਮਰੀਕਾ 'ਚ ਦਿਨ ਚੜ ਗਿਆ ਤਾਂ ਪਾਲੀ ਨੇ ਫਿਰ ਕੋਸ਼ਿਸ਼ ਸ਼ੁਰੂ ਕੀਤੀ ਤੇ ਇਹ ਅੱਗੇ ਦੀ ਅੱਗੇ ਸੰਪਰਕ ਬਣਾਉਂਦਾ ਰਿਹਾ ਤੇ ਅੰਤ ਨੰਬਰ ਤਾਂ ਮਿਲ ਗਿਆ ਪਰ ਸੰਦੇਸ਼-ਮਸ਼ੀਨ ਬੋਲਦੀ ਰਹੀ, ਭਜਨ ਨਹੀਂ। ਇਕ ਘੰਟੇ ਬਾਅਦ ਫਿਰ ਫੋਨ ਮਿਲਾਇਆ ਤਾਂ ਅੱਗੋਂ ਇਕ ਔਰਤ ਬੋਲੀ। ਪਤਾ ਲਗਾ ਕਿ ਇਹ ਭਜਨ ਦੀ ਨੂੰਹ-ਰਾਣੀ ਹੈ ਤੇ ਉਸ ਫੋਨ ਭਜਨ ਨੂੰ ਦੇ ਦਿੱਤਾ। ਪਾਲੀ ਨੂੰ ਭਜਨ ਨੇ ਜਲਦੀ ਹੀ ਪਛਾਣ ਲਿਆ ਤੇ ਫਿਰ ਉਸੇ ਹੋਸਟਲ ਵਾਲੀ ਟੋਨ 'ਚ ਗੱਲ ਕੀਤੀ। ਪਾਲੀ ਨੇ ਦੱਸਿਆ ਕਿ ਉਹ ਚੰਡੀਗੜ੍ਹ ਸ਼ੈਰੀ ਸੰਧੂ ਦੇ ਘਰੋਂ ਬੋਲ ਰਿਹਾ ਹੈ ਪਰ ਉਸ ਨੂੰ ਮੇਰੇ ਬਾਰੇ ਕੁਝ ਯਾਦ ਨਾ ਆਇਆ। ਫਿਰ ਪਾਲੀ ਨੇ ਉਸ ਨੂੰ ਮੇਰੇ ਡਿਪਾਰਟਮੈਂਟ ਬਾਰੇ, ਪੰਜਾਬ 'ਚ ਮੇਰੇ ਸ਼ਹਿਰ ਬਾਰੇ ਦੱਸਿਆ। ਉਹ ਅੰਦਾਜ਼ੇ ਲਾਉਣ ਦੀ ਕੋਸ਼ਿਸ਼ ਕਰਨ ਲੱਗਾ ਪਰ ਠੀਕ ਤਰ੍ਹਾਂ ਨਹੀਂ ਪਹਿਚਾਣ ਸਕਿਆ। ਹਾਲਾਂਕਿ ਪਾਲੀ ਅਨੁਸਾਰ ਉਸ ਦੀ ਆਵਾਜ਼ 'ਚ ਵੀ ਹੋਸਟਲ ਵਾਲੀ ਗਰਜ ਹੈ ਤੇ ਯਾਦਦਾਸ਼ਤ ਵੀ ਠੀਕ ਹੈ। ਫਿਰ ਉਸ ਨੇ ਭਜਨ ਨੂੰ ਮਨਮੀਤ ਤੇ ਪੁਸ਼ਪਿੰਦਰ ਦਾ ਹਵਾਲਾ ਦਿੱਤਾ ਤਾਂ ਉਸ ਨੂੰ ਝੱਟ ਸਭ ਕੁਝ ਯਾਦ ਆ ਗਿਆ ਤੇ ਆਪਣੀ ਨੂੰਹ ਤੇ ਬੱਚਿਆਂ ਨੂੰ ਬਾਹਰ ਜਾਣ ਲਈ ਕਹਿੰਦਾ ਸੁਣਾਈ ਦਿੱਤਾ ਤੇ ਉਹ ਹੀ ਹੋਸਟਲ ਵਾਲਾ ਭਜਨ ਸਾਕਾਰ ਹੋ ਗਿਆ। ਉਹਦੇ ਕਹਿਣ 'ਤੇ ਪਾਲੀ ਨੇ ਫੋਨ ਮੈਨੂੰ ਦੇ ਦਿੱਤਾ। ਮੇਰੇ ਹੈਲੋ ਕਹਿਣ 'ਤੇ ਅੱਗੋਂ ਆਵਾਜ਼ ਆਉਂਦੀ ਹੈ, "ਸੁਣਾ ਜੱਟਾ ਕੀ ਹਾਲ ਐ ਤੇਰਾ।" ਫਿਰ ਅਸੀਂ ਆਪਣੇ ਆਪਣੇ ਪਰਿਵਾਰਾਂ ਬਾਰੇ ਦੱਸਦੇ ਹਾਂ ਬੱਚਿਆਂ ਬਾਰੇ ਦੱਸਦੇ ਪੁਛਦੇ ਹਾਂ। ਅਚਾਨਕ ਉਹ ਪੁਛਦਾ ਹੈ, "ਜੱਟਾ ਉਹ

(ਬਾਕੀ ਸਫਾ 37 ਉਤੇ)

# ਕੋਸ਼ਿਸ਼ ਤੇ ਫਿਰ ਦੁਆ ਕਰਨੀ ਪਵੇਗੀ ਪੰਜਾਬ ਦੇ ਲੋਕਾਂ ਦੇ ਭਲੇ ਲਈ

## ਪੰਜਾਬ ਦਾ ਵਿਕਾਸ -ਇਕ ਬਹਿਸ-

*ਪਿਛਲੇ ਕੁਝ ਦਹਾਕਿਆਂ ਵਿਚ ਜਿਸ ਤਰ੍ਹਾਂ ਪੰਜਾਬ ਵਿਕਾਸ ਦੇ ਹਰ ਨਜ਼ਰੀਏ ਤੋਂ ਲਗਾਤਾਰ ਹੇਠਾਂ ਵੱਲ ਜਾ ਰਿਹਾ ਹੈ ਉਸ ਪ੍ਰਤੀ ਪੰਜਾਬ ਦੇ ਸਭ ਹਿਤੈਸ਼ੀ ਚਿੰਤਤ ਹਨ। ਪੰਜਾਬ ਨੂੰ ਇਸ ਨਿਘਾਰ ਵਿਚੋਂ ਕਿਵੇਂ ਕੱਢਿਆ ਜਾਵੇ? ਇਸ ਬਾਰੇ ਵੱਖ ਵੱਖ ਵਿਦਵਾਨਾਂ ਦੀਆਂ ਵੱਖ ਵੱਖ ਰਾਵਾਂ ਹਨ। ਪੰਜਾਬ ਦੇ ਇਕ ਉਘੇ ਅਰਥਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਪੰਜਾਬ ਦੇ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਨਿਘਾਰ ਦੇ ਕਾਰਨ ਗਿਣਦਿਆਂ ਇਸ ਨੂੰ ਮੋੜਾ ਦੇਣ ਲਈ ਵਿਕਾਸ ਦਾ ਇਕ ਮਾਡਲ ਆਪਣੇ ਇਸ ਲੇਖ ਵਿਚ ਪੇਸ਼ ਕੀਤਾ ਹੈ ਪਰ ਵਿਕਾਸ ਦੇ ਇਸ ਮਾਡਲ ਨਾਲ ਡਾ. ਗੁਰਬਚਨ ਬਿਲਕੁਲ ਵੀ ਸਹਿਮਤ ਨਹੀਂ ਹਨ। ਉਨ੍ਹਾਂ ਬੜੇ ਤਿੱਖੇ ਸੁਰ ਵਿਚ ਇਸ ਮਾਡਲ ਦਾ ਖੰਡਨ ਕਰਦਿਆਂ ਪੰਜਾਬ ਦੇ ਸਹਿਜ ਵਿਕਾਸ ਵੱਲ ਤੁਰਨ ਦੀ ਲੋੜ ਦੀ ਗੱਲ ਕੀਤੀ ਹੈ। ਅਸੀਂ ਇਹ ਦੋਵੇਂ ਲੇਖ ਪਾਠਕਾਂ ਦੀ ਦਿਲਚਸਪੀ ਲਈ ਇਥੇ ਛਾਪ ਰਹੇ ਹਾਂ। ਇਸ ਮੁੱਦੇ 'ਤੇ ਸਾਨੂੰ ਪਾਠਕਾਂ ਦੇ ਹੁੰਗਾਰੇ ਦੀ ਵੀ ਉਡੀਕ ਰਹੇਗੀ। -ਸੰਪਾਦਕ*

**ਡਾ. ਸੁੱਚਾ ਸਿੰਘ ਗਿੱਲ**

ਦੇਸ਼ ਦੀ ਵੰਡ ਸਮੇਂ ਪੰਜਾਬ ਆਰਥਿਕ ਪੱਖੋਂ ਦੇਸ਼ ਦਾ ਪਹਿਲੇ ਦਰਜੇ ਦਾ ਸੂਬਾ ਨਹੀਂ ਸੀ। 1950-51 ਵਿਚ ਪ੍ਰਤੀ ਵਿਅਕਤੀ ਆਮਦਨ ਵਿਚ ਪੱਛਮੀ ਬੰਗਾਲ ਇਕ ਨੰਬਰ 'ਤੇ ਸੀ। ਪੰਜਾਬ ਦੋ ਨੰਬਰ 'ਤੇ ਸੀ। 1955-56 ਵਿਚ ਪੰਜਾਬ ਨੂੰ ਮਹਾਰਾਸ਼ਟਰ ਨੇ ਪਿੱਛੇ ਛੱਡ ਦਿੱਤਾ ਅਤੇ 1960-61 ਵਿਚ ਗੁਜਰਾਤ ਇਸ ਤੋਂ ਅੱਗੇ ਨਿਕਲ ਗਿਆ ਅਤੇ ਪ੍ਰਤੀ ਵਿਅਕਤੀ ਆਮਦਨ ਵਿਚ ਪੰਜਾਬ ਚੌਥੇ ਨੰਬਰ 'ਤੇ ਚਲਾ ਗਿਆ। ਪਰ 1964-65 ਵਿਚ ਪੰਜਾਬ ਸੂਬੇ ਨੇ ਸਭ ਨੂੰ ਪਿੱਛੇ ਛੱਡ ਦਿੱਤਾ ਅਤੇ ਨੰਬਰ ਇਕ ਸੂਬਾ ਬਣ ਗਿਆ। ਦੇਸ਼ ਦੇ ਵੱਡੇ ਸੂਬਿਆਂ ਵਿਚੋਂ ਪੰਜਾਬ ਨੇ ਆਪਣੀ ਨੰਬਰ ਇਕ ਪੁਜ਼ੀਸ਼ਨ 1991-92 ਤਕ ਬਣਾਈ ਰੱਖੀ। ਪਰ ਇਸ ਤੋਂ ਬਾਅਦ ਮਹਾਰਾਸ਼ਟਰ ਬੜੀ ਤੇਜ਼ੀ ਨਾਲ ਅੱਗੇ ਵਧਿਆ ਅਤੇ ਪੰਜਾਬ ਨੂੰ ਪਹਿਲੀ ਤੋਂ ਦੂਜੀ ਪੁਜ਼ੀਸ਼ਨ 'ਤੇ ਧੱਕ ਦਿੱਤਾ।

ਪੰਜਾਬ ਦੇ ਆਰਥਿਕ ਵਿਕਾਸ ਦੀ ਦਰ 1960-61 ਤੋਂ ਲੈ ਕੇ 1980-81 ਤਕ ਹਮੇਸ਼ਾ ਦੇਸ਼ ਤੋਂ ਵਧ ਰਹੀ ਅਤੇ 1980-81 ਵਿਚ ਸੂਬੇ ਦੀ ਪ੍ਰਤੀ ਵਿਅਕਤੀ ਆਮਦਨ ਦੇਸ਼ ਨਾਲੋਂ ਦੁੱਗਣੀ ਹੋ ਗਈ। 1980-81 ਤੋਂ ਬਾਅਦ ਦੇਸ਼ ਦੀ ਆਮਦਨ ਦੇ ਵਿਕਾਸ ਦੀ ਦਰ ਪੰਜਾਬ ਦੀ ਆਮਦਨ ਦੇ ਬਰਾਬਰ ਹੋ ਗਈ ਅਤੇ 1990-91 ਤਕ ਪੰਜਾਬ ਦੇਸ਼ ਦੀ ਤਰ੍ਹਾਂ 5.5 ਪ੍ਰਤੀਸ਼ਤ ਦੀ ਸਾਲਾਨਾ ਦਰ ਨਾਲ ਵਿਕਾਸ ਕਰਦਾ ਰਿਹਾ। ਇਸ ਤੋਂ ਬਾਅਦ ਪੰਜਾਬ ਦੇ ਆਰਥਿਕ ਵਿਕਾਸ ਦੀ ਦਰ ਦੇਸ਼ ਤੋਂ ਪਛੜਨ ਲੱਗ ਪਈ। ਇਸ ਨਾਲ ਮਹਾਰਾਸ਼ਟਰ ਜੋ ਕਾਫੀ ਤੇਜ਼ੀ ਨਾਲ ਅੱਗੇ ਵਧ ਰਿਹਾ ਸੀ, ਪੰਜਾਬ ਨੂੰ 1992-93 ਵਿਚ ਪਿੱਛੇ ਛੱਡ ਗਿਆ।

ਜਦੋਂ ਦੇਸ਼ ਦੇ ਵਿਕਾਸ ਦੀ ਦਰ 1990-91 ਤੋਂ 2000-01 ਤਕ 6 ਪ੍ਰਤੀਸ਼ਤ ਸਾਲਾਨਾ ਤੋਂ ਵਧ ਗਈ ਤਾਂ ਪੰਜਾਬ ਦੇ ਵਿਕਾਸ ਦੀ ਦਰ ਘਟ ਕੇ 4.5 ਪ੍ਰਤੀਸ਼ਤ ਹੋ ਗਈ ਤੇ ਇਸ ਤੋਂ ਬਾਅਦ ਜਦੋਂ ਦੇਸ਼ ਦੇ ਵਿਕਾਸ ਦੀ ਦਰ 6-7 ਪ੍ਰਤੀਸ਼ਤ ਸਾਲਾਨਾ ਦਰ ਤੋਂ ਵਧਣ ਲੱਗ ਪਈ ਤਾਂ ਪੰਜਾਬ ਦੇ ਵਿਕਾਸ ਦੀ ਸਾਲਾਨਾ ਦਰ ਘੱਟ ਕੇ 4 ਪ੍ਰਤੀਸ਼ਤ ਅਤੇ ਕਈ ਸਾਲਾਂ ਵਿਚ 2 ਪ੍ਰਤੀਸ਼ਤ ਦੀ ਦਰ ਤਕ ਆ ਪਹੁੰਚੀ। ਤੇਜ਼ੀ ਨਾਲ ਵਿਕਾਸ ਕਰ ਰਹੇ ਸੂਬੇ, ਪੰਜਾਬ ਤੋਂ ਅੱਗੇ ਨਿਕਲਣ ਲੱਗ ਪਏ। 2007-08 ਵਿਚ ਹਰਿਆਣਾ ਪੰਜਾਬ ਤੋਂ ਅੱਗੇ ਨਿਕਲ ਗਿਆ। ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਲਗਭਗ ਪੰਜਾਬ ਤੋਂ ਬਹੁਤ ਹੀ ਥੋੜ੍ਹੇ ਪਿੱਛੇ ਹਨ। ਜਿਹੜੇ ਸੂਬੇ ਤੇਜ਼ੀ ਨਾਲ ਵਿਕਾਸ ਕਰ ਰਹੇ ਹਨ ਉਨ੍ਹਾਂ ਵਿਚ ਮਹਾਰਾਸ਼ਟਰ, ਹਰਿਆਣਾ, ਗੁਜਰਾਤ, ਹਿਮਾਚਲ ਪ੍ਰਦੇਸ਼, ਤਾਮਿਲਨਾਡੂ ਅਤੇ ਕਰਨਾਟਕ ਸ਼ਾਮਿਲ ਹਨ। ਇਨ੍ਹਾਂ ਦੇ ਵਿਕਾਸ ਦੀ ਸਾਲਾਨਾ ਦਰ ਦੇਸ਼ ਦੇ ਵਿਕਾਸ ਤੋਂ ਉਪਰ ਹੈ। ਜੇਕਰ ਇਸੇ ਤਰ੍ਹਾਂ ਪੰਜਾਬ ਦੇ ਵਿਕਾਸ ਦੀ ਦਰ ਚਲਦੀ ਰਹੀ ਅਤੇ ਦੇਸ਼ ਦੇ ਦੂਜੇ ਸੂਬੇ ਇਸੇ ਤਰ੍ਹਾਂ ਤੇਜ਼ੀ ਨਾਲ ਵਿਕਾਸ ਕਰਦੇ ਰਹੇ ਤਾਂ ਪੰਜਾਬ ਮੁੱਖ ਸੂਬਿਆਂ ਵਿਚੋਂ ਤੀਸਰੇ ਤੋਂ ਚੌਥੇ ਅਤੇ ਚੌਥੇ ਤੋਂ ਪੰਜਵੇਂ ਸਥਾਨ 'ਤੇ ਪਹੁੰਚ ਜਾਵੇਗਾ। ਵਿਸ਼ਵ ਬੈਂਕ ਦੀ ਰਿਪੋਰਟ (2002) ਅਨੁਸਾਰ ਪੰਜਾਬ 2012 ਵਿਚ ਸੱਤਵੇਂ ਸਥਾਨ 'ਤੇ ਪਹੁੰਚ ਸਕਦਾ ਹੈ। ਜੇਕਰ ਛੋਟੇ ਰਾਜਾਂ ਨੂੰ ਵੀ ਸ਼ਾਮਿਲ ਕਰ ਲਿਆ ਜਾਵੇ ਤਾਂ 2009 ਤਕ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਛੇਵੇਂ ਸਥਾਨ 'ਤੇ ਪਹੁੰਚ ਚੁੱਕਾ ਹੈ, ਜੋ ਰਾਜ ਇਸ ਤੋਂ ਅੱਗੇ ਹਨ ਉਨ੍ਹਾਂ ਵਿਚ ਦਿੱਲੀ, ਗੋਆ, ਪਾਂਡੀਚੇਰੀ, ਮਹਾਰਾਸ਼ਟਰ ਅਤੇ ਹਰਿਆਣਾ ਸ਼ਾਮਿਲ ਹਨ। ਜੇ ਪੰਜਾਬ ਦੇ ਵਿਕਾਸ ਦੀ ਦਰ 4-5 ਪ੍ਰਤੀਸ਼ਤ ਸਾਲਾਨਾ ਰਹਿੰਦੀ ਹੈ ਅਤੇ ਦੇਸ਼ ਦੇ ਵਿਕਾਸ ਦੀ ਦਰ 7-8 ਪ੍ਰਤੀਸ਼ਤ ਰਹਿੰਦੀ ਹੈ ਤਾਂ ਅਗਲੇ ਪੰਜ ਸਾਲਾਂ ਤਕ ਗੁਜਰਾਤ, ਹਿਮਾਚਲ ਪ੍ਰਦੇਸ਼ ਅਤੇ ਤਾਮਿਲਨਾਡੂ, ਤਿੰਨ ਹੋਰ ਸੂਬੇ ਪੰਜਾਬ ਤੋਂ ਅੱਗੇ ਨਿਕਲ ਜਾਣਗੇ ਅਤੇ ਸੂਬਾ ਪ੍ਰਤੀ ਵਿਅਕਤੀ ਆਮਦਨ ਵਿਚ ਨੌਵੇਂ ਸਥਾਨ 'ਤੇ ਚਲਾ ਜਾਵੇਗਾ ਅਤੇ ਮਨੁੱਖੀ ਵਿਕਾਸ ਦੇ ਸੂਚਕ ਅੰਕ ਵਿਚ ਦੂਜੇ ਤੋਂ ਪੰਜਵੇਂ ਜਾਂ ਛੇਵੇ ਨੰਬਰ 'ਤੇ ਚਲਾ ਜਾਵੇਗਾ।

ਪੰਜਾਬ ਸਿਰਫ ਪ੍ਰਤੀ ਵਿਅਕਤੀ ਆਮਦਨ ਵਿਚ ਹੀ ਪਿੱਛੇ ਨਹੀਂ ਰਹਿ ਰਿਹਾ ਸਗੋਂ ਵਿੱਦਿਆ ਅਤੇ ਸਿਹਤ ਦੇ ਮਾਮਲੇ ਵਿਚ ਵੀ ਸੂਬੇ ਦੀ ਹਾਲਤ ਚੰਗੀ ਨਹੀਂ। ਸਾਖਰਤਾ ਵਿਚ ਪੰਜਾਬ ਦਾ ਭਾਰਤ ਦੇ ਰਾਜਾਂ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਵਿਚ 17ਵਾਂ ਨੰਬਰ ਆਉਂਦਾ ਹੈ। 2009 ਤੱਕ ਸੂਬੇ ਵਿਚ 6-14 ਦੀ ਉਮਰ ਵਾਲੇ ਸਾਰੇ ਬੱਚੇ ਸਕੂਲਾਂ ਵਿਚ ਨਹੀਂ ਜਾਂਦੇ ਹਨ। ਪੰਜਵੀਂ ਤੱਕ 23.66 ਪ੍ਰਤੀਸ਼ਤ ਬੱਚੇ ਅਤੇ ਅੱਠਵੀਂ ਤਕ 32.98 ਪ੍ਰਤੀਸ਼ਤ ਬੱਚੇ ਸਕੂਲ ਛੱਡ ਜਾਂਦੇ ਹਨ। 7 ਪ੍ਰਤੀਸ਼ਤ ਬੱਚੇ ਅਜੇ ਵੀ ਸਕੂਲ ਵਿਚ ਦਾਖਲ ਨਹੀਂ ਹੋ ਰਹੇ। ਉਚ ਵਿਦਿਆ ਵਿਚ ਬੱਚਿਆਂ ਦਾ ਪ੍ਰਤੀਸ਼ਤ ਕੌਮੀ ਪ੍ਰਤੀਸ਼ਤ ਨਾਲੋਂ ਘੱਟ ਚੱਲ ਰਿਹਾ ਹੈ। ਬੱਚੇ ਜੋ ਵਿੱਦਿਆ ਲੈ ਰਹੇ ਹਨ ਉਸਦੀ ਕੁਆਲਿਟੀ ਕਾਫੀ ਮਾੜੀ ਹੈ। ਕਿੱਤਾ-ਮੁਖੀ ਵਿਦਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਵਿਚੋਂ ਸਿਰਫ 20 ਪ੍ਰਤੀਸ਼ਤ ਨੌਕਰੀਆਂ 'ਤੇ ਲਗਾਉਣ ਦੇ ਕਾਬਲ ਹਨ।

ਸਿਹਤ ਦੇ ਸੂਚਕ ਵੀ ਚੰਗੀ ਪੁਜ਼ੀਸ਼ਨ ਨਹੀਂ ਦਰਸਾ ਰਹੇ। ਇਕ ਹਜ਼ਾਰ ਪਿੱਛੇ 43 ਬੱਚੇ ਇਕ ਸਾਲ ਦੀ ਉਮਰ ਤੋਂ ਪਹਿਲਾਂ ਮਰ ਜਾਂਦੇ ਹਨ ਅਤੇ 52 ਬੱਚੇ ਇਕ ਹਜ਼ਾਰ ਪਿੱਛੇ ਪੰਜ ਸਾਲ ਦੀ ਉਮਰ ਤੋਂ ਪਹਿਲਾਂ ਮਰ ਜਾਂਦੇ ਹਨ। ਇਕ ਲੱਖ ਪਿੱਛੇ 178 ਔਰਤਾਂ ਜਣੇਪੇ ਵਿਚ ਮਰ ਜਾਂਦੀਆਂ ਹਨ। ਇਹ ਗਿਣਤੀ ਪਿਛਲੇ ਸਮੇਂ ਵਿਚ ਘਟਣ ਦੀ ਬਜਾਏ ਵਧ ਗਈ ਹੈ। ਪੰਜਾਬ ਸਭ ਤੋਂ ਵਧ ਕੁੜੀ-ਮਾਰ ਰਾਜਾਂ ਵਿਚ ਆਉਂਦਾ ਹੈ। ਜਿੰਨੇ ਵੱਧ ਪੜ੍ਹੇ-ਲਿਖੇ ਅਤੇ ਅਮੀਰ ਲੋਕ ਹਨ ਉਤਨੇ ਹੀ ਵੱਧ ਕੁੜੀ ਮਾਰ ਹਨ। ਇਸ ਕਰਕੇ ਸੂਬੇ ਦੀ ਦੇਸ਼ ਭਰ ਵਿਚ ਬਦਨਾਮੀ ਹੋ ਰਹੀ ਹੈ। ਸਿਹਤ ਅਤੇ ਵਿਦਿਆ ਦੇ ਸੂਚਕ ਅੰਕਾਂ ਵਿਚ ਪਛੜ ਰਹੀ ਹਾਲਤ ਅਤੇ ਪ੍ਰਤੀ ਵਿਅਕਤੀ ਆਮਦਨ ਵਿਚ ਸਟੇਟ ਦੀ ਵਿਗੜ ਰਹੀ ਪੁਜ਼ੀਸ਼ਨ ਕਾਰਨ ਮਨੁੱਖੀ ਵਿਕਾਸ ਵਿਚ ਵੀ ਪੰਜਾਬ ਹੁਣ ਦੂਜੀ ਪੁਜ਼ੀਸ਼ਨ ਤੋਂ ਪਛੜ ਕੇ ਤੀਜੀ-ਚੌਥੀ ਪੁਜ਼ੀਸ਼ਨ ਵਿਚ ਚਲਾ ਜਾਵੇਗਾ। ਪੰਜਾਬ ਦੇ ਪਛੜ ਜਾਣ ਦੇ ਨਾਲ-ਨਾਲ ਰੁਜ਼ਗਾਰ ਦੀਆਂ ਸੰਭਾਵਨਾਵਾਂ ਘਟ ਗਈਆਂ ਹਨ। ਇਸ ਕਰਕੇ ਨੌਜਵਾਨਾਂ ਦੀ ਵੱਡੀ ਗਿਣਤੀ ਅਤੇ ਖਾਸ ਕਰਕੇ ਪੜ੍ਹੇ-ਲਿਖੇ ਨੌਜਵਾਨ ਸੂਬਾ ਛੱਡ ਕੇ ਦੇਸ਼ਾਂ-ਵਿਦੇਸ਼ਾਂ ਵਿਚ ਜਾ ਰਹੇ ਹਨ। ਪਿੱਛੇ ਰਹਿ ਗਏ ਨੌਜਵਾਨ ਨਸ਼ਿਆਂ ਵਿਚ ਫਸ ਕੇ ਆਪਣੀ ਜਵਾਨੀ ਬਰਬਾਦ ਕਰ ਰਹੇ ਹਨ। ਸੂਬੇ ਵਿਚ ਉਨ੍ਹਾਂ ਵਾਸਤੇ ਕੰਮ ਕਾਫੀ ਘਟ ਗਿਆ ਹੈ। ਖੇਤੀ ਵਿਚ ਮਸ਼ੀਨੀਕਰਨ ਨੇ ਲੋਕਾਂ ਨੂੰ ਵਿਹਲੇ ਕਰ ਦਿੱਤਾ ਹੈ।

ਆਮਦਨ ਅਤੇ ਮਨੁੱਖੀ ਵਿਕਾਸ ਵਿਚ ਪਛੜਨ ਨਾਲ ਪੰਜਾਬ ਦੇ ਪੇਂਡੂ ਖੇਤਰ ਹੀ ਵੱਡੀ ਮਾਰ ਝੱਲ ਰਹੇ ਹਨ। ਪਿੰਡਾਂ ਵਿਚ 66 ਪ੍ਰਤੀਸ਼ਤ ਆਬਾਦੀ ਰਹਿ ਰਹੀ ਹੈ ਅਤੇ 39 ਪ੍ਰਤੀਸ਼ਤ ਲੋਕ ਖੇਤੀ ਉਪਰ ਨਿਰਭਰ ਹਨ। ਸੂਬੇ ਦੀ ਖੇਤੀ ਦਾ ਕੁਲ ਆਮਦਨ ਵਿਚ ਹਿੱਸਾ 2007-08 ਵਿਚ ਘਟ ਕੇ 20 ਪ੍ਰਤੀਸ਼ਤ ਰਹਿ ਗਿਆ ਹੈ। ਜੇ ਸਹਾਇਕ ਧੰਦੇ ਇਸ ਵਿਚ ਸ਼ਾਮਿਲ ਕਰ ਲਏ ਜਾਣ ਤਾਂ ਵੀ ਇਹ ਹਿੱਸਾ 31 ਪ੍ਰਤੀਸ਼ਤ ਹੀ ਬਣਦਾ ਹੈ। ਪਿੰਡ ਵਿਚ ਰਹਿਣ ਦਾ ਅਰਥ ਹੈ ਕਿ ਪ੍ਰਤੀ ਵਿਅਕਤੀ ਆਮਦਨ ਘੱਟ ਹੁੰਦੀ ਹੈ। ਪੇਂਡੂ ਲੋਕ ਵਿੱਦਿਆ ਵਿਚ ਪਛੜ ਜਾਂਦੇ ਹਨ ਅਤੇ ਸਿਹਤ ਸਹੂਲਤਾਂ ਦੀ ਘਾਟ ਕਾਰਨ ਮਾੜੀ ਸਿਹਤ ਦਾ ਸ਼ਿਕਾਰ ਹੋ ਜਾਂਦੇ ਹਨ। ਸਕੂਲਾਂ ਦੀ ਹੋਂਦ ਅਤੇ ਸਿਹਤ ਢਾਂਚੇ ਦੇ ਬਾਵਜੂਦ ਲੋਕ ਵਿਦਿਆ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਸਿਹਤ ਸਹੂਲਤਾਂ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੋ ਰਹੀਆਂ। ਪੰਜਾਬੀ ਯੂਨੀਵਰਸਿਟੀ ਵਲੋਂ ਕਰਵਾਏ ਅਧਿਐਨਾਂ ਅਨੁਸਾਰ ਪੇਂਡੂਆਂ ਦੀ ਯੂਨੀਵਰਸਿਟੀਆਂ ਦੇ ਕੈਂਪਸਾਂ ਵਿਚ ਪ੍ਰਤੀਸ਼ਤਤਾ ਸਿਰਫ 4.07 ਹੈ ਅਤੇ ਕਿੱਤਾ-ਮੁੱਖੀ ਵਿਦਿਆ ਵਿਚ ਸਿਰਫ 3.71 ਹੈ। ਇਸ ਕਰਕੇ ਮੌਜੂਦਾ ਆਰਥਿਕ ਦਸ਼ਾ ਅਤੇ ਦਿਸ਼ਾ ਦੀ ਜ਼ਿਆਦਾ ਮਾਰ ਪੇਂਡੂ ਖੇਤਰ 'ਤੇ ਪੈ ਰਹੀ ਹੈ।

ਆਰਥਿਕਤਾ ਦੀ ਮੌਜੂਦਾ ਦਸ਼ਾ ਅਤੇ ਦਿਸ਼ਾ ਪੰਜਾਬ ਦੀ ਵਸੋਂ ਦੇ ਵੱਡੇ ਹਿੱਸੇ ਦੇ ਮਾਫਕ ਨਹੀਂ ਆ ਰਹੀ ਅਤੇ ਉਹ ਇਸਦੇ ਸ਼ਿਕਾਰ ਹੋ ਕੇ ਮਾਯੂਸੀ ਵਿਚ ਜਾ ਰਹੇ ਹਨ। ਇਸ ਦਸ਼ਾ ਅਤੇ ਦਿਸ਼ਾ ਵਿਚ ਆਰਥਿਕਤਾ ਦੇ ਜਾਣ ਦੀ ਪ੍ਰਕਿਰਿਆ 1980ਵਿਆਂ ਵਿਚ ਸ਼ੁਰੂ ਹੋਈ ਅਤੇ ਸਮੇਂ ਦੇ ਨਾਲ ਗਹਿਰੀ ਹੁੰਦੀ ਗਈ। 1980ਵਿਆਂ ਦੇ ਦਹਾਕੇ ਨੇ ਪੰਜਾਬ ਦੇ ਲੋਕਾਂ ਦੀ ਜਮਹੂਰੀ ਲਹਿਰ ਨੂੰ ਕਮਜ਼ੋਰ ਕੀਤਾ ਅਤੇ ਸਰਕਾਰ ਨੂੰ ਵਿੱਤੀ ਪੱਖੋਂ ਬਹੁਤ ਹੌਲਾ ਕਰ ਦਿੱਤਾ। ਸਰਕਾਰਾਂ ਟੈਕਸ ਰਾਹੀਂ ਪੈਸਾ ਇਕੱਠਾ ਕਰਨ ਦੀ ਬਜਾਏ ਕਰਜ਼ੇ ਲੈ ਕੇ ਆਪਣਾ ਕੰਮ ਕਰਨ ਲੱਗ ਪਈਆਂ ਅਤੇ ਕਰਜ਼ੇ ਦੇ ਭਾਰ ਹੇਠ ਦੱਬੀਆਂ ਗਈਆਂ। 2006-07 ਤਕ ਸਰਕਾਰ ਦਾ ਕਰਜ਼ਾ 48, 344 ਕਰੋੜ ਰੁਪਏ ਤਕ ਪਹੁੰਚ ਗਿਆ। 2008-09 ਵਿਚ ਇਹ ਕਰਜ਼ਾ ਵਧ ਕੇ 57,369 ਕਰੋੜ ਰੁਪਏ ਹੋ ਗਿਆ ਅਤੇ 2009-10 ਤਕ ਇਹ 63,000 ਕਰੋੜ ਰੁਪਏ ਹੋ ਜਾਵੇਗਾ। ਇਹ ਕਰਜ਼ਾ ਸਟੇਟ ਦੀ ਕੁਲ ਆਮਦਨ ਦੇ 40 ਪ੍ਰਤੀਸ਼ਤ ਦੇ ਲਗਭਗ ਹੈ ਅਤੇ ਸਰਕਾਰ ਦੇ ਕੁਲ ਬਜਟ ਤੋਂ ਦੋ ਗੁਣਾਂ ਹੈ। ਇਸ ਕਰਜ਼ੇ ਦੀ ਪੂਰਤੀ ਵਿਚ ਸਰਕਾਰ ਦਾ 30 ਪ੍ਰਤੀਸ਼ਤ ਤੋਂ ਵੱਧ ਬਜਟ ਲੱਗ ਜਾਂਦਾ ਹੈ। ਇਸ ਕਰਕੇ ਸਰਕਾਰ ਕੋਲ ਸਾਧਨਾਂ ਦੀ ਐਨੀ ਘਾਟ ਪੈਦਾ ਹੋ ਗਈ ਹੈ ਕਿ ਅੱਠਵੀਂ ਯੋਜਨਾ 1992-1997 ਤੋਂ ਲੈ ਕੇ ਹੁਣ ਤੱਕ (11ਵੀਂ ਯੋਜਨਾ ਦੇ ਅੱਧ ਤਕ) ਕਦੇ ਵੀ ਸਰਕਾਰ ਪਾਸੋਂ ਯੋਜਨਾਵਾਂ ਦੇ ਵਿੱਤੀ ਟੀਚੇ ਪੂਰੇ ਨਹੀਂ ਹੋਏ।

ਅਠਵੀਂ ਯੋਜਨਾ (1992-97) ਵਿਚ ਸਾਧਨਾਂ ਦੀ ਘਾਟ ਕਾਰਨ 35.63 ਪ੍ਰਤੀਸ਼ਤ ਖਰਚ ਘੱਟ ਕੀਤਾ ਗਿਆ। ਨੌਵੀਂ ਯੋਜਨਾ (1997-02) ਵਿਚ 43.68 ਪ੍ਰਤੀਸ਼ਤ ਘੱਟ ਖਰਚ ਹੋਇਆ। ਦਸਵੀਂ ਯੋਜਨਾ ਵਿਚ 36.03 ਪ੍ਰਤੀਸ਼ਤ ਘਟ ਖਰਚ ਕੀਤਾ ਗਿਆ। ਗਿਆਰਵੀਂ ਯੋਜਨਾ ਦਾ ਕੰਮ ਅੱਧ ਵਿਚ ਆ ਕੇ ਲਟਕ ਗਿਆ ਹੈ। ਇਸ ਸਾਲ ਸਰਕਾਰ ਯੋਜਨਾ ਉੱਪਰ ਤਜਵੀਜ਼ ਦਾ ਹੁਣ ਤਕ ਸਿਰਫ 10 ਪ੍ਰਤੀਸ਼ਤ ਹੀ ਖਰਚ ਕਰ ਸਕੀ ਹੈ। ਸਰਕਾਰ ਪਾਸ ਮੁਲਾਜ਼ਮਾਂ ਨੂੰ ਤਨਖਾਹਾਂ ਅਤੇ ਆਪਣਾ ਕੰਮ-ਕਾਰ ਚਲਾਉਣ ਵਾਸਤੇ ਪੈਸੇ ਨਹੀਂ ਹਨ। ਇਹ ਖਰਚੇ ਵੀ ਕਰਜ਼ੇ ਲੈ ਕੇ ਪੂਰੇ ਕੀਤੇ ਜਾ ਰਹੇ ਹਨ। ਇਸ ਕਰਕੇ ਸੂਬੇ ਦੇ ਵਿਕਾਸ ਵਾਸਤੇ ਸਰਕਾਰ ਪਾਸ ਸਾਧਨ ਨਹੀਂ ਹਨ। ਇਸਦਾ ਇਕ ਕਾਰਨ ਤਾਂ ਤਨਖਾਹਾਂ ਵਿਚ ਵਾਧਾ ਹੈ ਪਰ ਇਹ ਮੁੱਖ ਕਾਰਨ ਨਹੀਂ ਹੈ। ਸਰਕਾਰੀ ਅਤੇ ਨੀਮ ਸਰਕਾਰੀ ਮੁਲਾਜ਼ਮਾਂ ਦੀ ਗਿਣਤੀ ਵਿਚ ਪਿਛਲੇ 20 ਸਾਲਾਂ ਵਿਚ 10-11 ਪ੍ਰਤੀਸ਼ਤ ਦੀ ਕਮੀ ਆ ਗਈ ਹੈ। ਸਰਕਾਰ ਦੀ ਮਾੜੀ ਵਿੱਤੀ ਹਾਲਤ ਦੇ ਦੋ ਮੁੱਖ ਕਾਰਨ ਹਨ। ਪਹਿਲਾ, ਸਰਕਾਰਾਂ ਆਪਣੀ ਲੋੜ ਅਨੁਸਾਰ ਟੈਕਸਾਂ ਅਤੇ ਗੈਰ ਟੈਕਸਾਂ ਦੇ ਵਸੀਲੇ ਲੋੜੀਂਦੀ ਮਾਤਰਾ ਵਿਚ ਇਕੱਠੇ ਕਰਨ ਵਿਚ ਕਾਮਯਾਬ ਨਹੀਂ ਹੋਈਆ। ਸੂਬੇ ਵਿਚ ਕੁੱਲ ਟੈਕਸ ਅਤੇ ਕੁੱਲ ਆਮਦਨ ਦਾ ਅਨੁਪਾਤ 8 ਪ੍ਰਤੀਸ਼ਤ ਦੇ ਆਸਪਾਸ ਹੀ ਚੱਲ ਰਿਹਾ ਹੈ ਜਦੋਂਕਿ ਖਰਚੇ ਅਤੇ ਆਮਦਨ ਦਾ ਅਨੁਪਾਤ ਵਧ ਰਿਹਾ ਹੈ। ਤੇਜ਼ੀ ਨਾਲ ਵਧ ਰਹੀਆਂ ਸਟੇਟਾਂ ਵਿਚ ਟੈਕਸ ਆਮਦਨ ਦਾ ਅਨੁਪਾਤ 10-14 ਪ੍ਰਤੀਸ਼ਤ ਚਲ ਰਿਹਾ ਹੈ ਜਦੋਂਕਿ ਪੰਜਾਬ ਵਿਚ ਇਹ 8 ਪ੍ਰਤੀਸ਼ਤ ਦੇ ਆਸਪਾਸ ਖੜ੍ਹਾ ਹੈ, ਜਿਸ ਕਾਰਨ ਸਰਕਾਰ ਨੂੰ ਵਿਤੀ ਸਾਧਨਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਨੂੰ ਵਧਾਉਣ ਵਾਸਤੇ ਸੂਬੇ ਦੇ ਅਮੀਰ ਪੇਂਡੂ ਅਤੇ ਸ਼ਹਿਰੀ ਲੋਕਾਂ ਉੱਪਰ ਟੈਕਸ ਦਾ ਲੋੜੀਂਦਾ ਬੋਝ ਵਧਾਉਣ ਦੀ ਜ਼ਰੂਰਤ ਹੈ।

ਦੂਸਰਾ ਕਾਰਨ ਹੈ ਕਿ ਸਮੇਂ ਦੇ ਨਾਲ ਨਾਲ ਸਰਕਾਰ ਵੱਲੋਂ ਲੋਕਾਂ ਨੂੰ ਮੁਫ਼ਤਖੋਰੇ ਬਣਾਇਆ ਗਿਆ ਹੈ। ਪਹਿਲਾਂ ਮਾਮਲਾ ਖਤਮ ਕੀਤਾ ਗਿਆ, ਫਿਰ ਅਬਿਆਨਾ ਖ਼ਤਮ ਕੀਤਾ ਅਤੇ ਫਿਰ ਟਿਊਬਵੈਲਾਂ ਦੇ ਬਿੱਲ ਮਾਫ ਕੀਤੇ। ਸ਼ਹਿਰਾਂ ਵਿਚ ਚੁੰਗੀ ਖ਼ਤਮ ਕੀਤੀ ਗਈ, ਹਾਊਸ ਟੈਕਸ ਹਟਾਇਆ ਗਿਆ ਅਤੇ ਨਵੀਆਂ ਸੇਵਾਵਾਂ ਨੂੰ ਟੈਕਸਮੁਕਤ ਰੱਖਿਆ ਗਿਆ। ਪਿਛਲੇ ਸਮੇਂ ਵਿਚ ਏ.ਸੀ. ਬੱਸਾਂ ਉੱਪਰ ਟੈਕਸ ਘਟਾਇਆ ਗਿਆ। ਇਸ ਵਕਤ ਸਬਸਿਡੀਆਂ ਦਾ ਭਾਰ ਸੂਬੇ ਦੇ ਬਜਟ ਵਿਚ 35,00 ਕਰੋੜ ਰੁਪਏ ਦੇ ਪਾਸ ਪਹੁੰਚ ਗਿਆ ਹੈ। ਜਦੋਂ ਸਰਕਾਰਾਂ ਟੈਕਸਾਂ ਵਿਚ ਰਿਆਇਤਾਂ ਦੇਣਗੀਆਂ ਅਤੇ ਸਬਸਿਡੀਆਂ ਵਧਾਉਣਗੀਆਂ ਤਾਂ ਉਨ੍ਹਾਂ ਦੀ ਵਿੱਤੀ ਹਾਲਤ ਮਾੜੀ ਹੋ ਹੀ ਜਾਵੇਗੀ। ਇਹੀ ਪੰਜਾਬ ਵਿਚ ਵਾਪਰਿਆ ਹੈ। ਸਾਡੇ ਪਾਸ ਗਵਾਂਢੀ ਰਾਜ ਹਰਿਆਣਾ ਨਾਲੋਂ ਵਸੋਂ ਅਤੇ ਏਰੀਆ ਜ਼ਿਆਦਾ ਹੈ। ਸਾਡੀ ਕੁੱਲ ਆਮਦਨ ਵੀ ਹਰਿਆਣਾ ਤੋਂ 30 ਪ੍ਰਤੀਸ਼ਤ ਜ਼ਿਆਦਾ ਹੈ ਪਰ ਟੈਕਸ ਦੀ ਉਗਰਾਹੀ 30 ਪ੍ਰਤੀਸ਼ਤ ਘੱਟ ਹੈ।

ਵਿਦਿਆ ਅਤੇ ਸਿਹਤ ਸੇਵਾਵਾਂ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਅਮੀਰ ਲੋਕਾਂ ਵਾਸਤੇ ਪ੍ਰਾਈਵੇਟ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਬਣ ਗਈਆਂ ਹਨ ਅਤੇ ਪੰਜ ਤਾਰਾ ਹਸਪਤਾਲ ਖੁੱਲ੍ਹ ਗਏ ਹਨ। ਜਿੱਥੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ, ਉਥੇ ਵਿੱਦਿਆ ਨਾਂ ਦੀ ਕੋਈ ਚੀਜ਼ ਨਹੀਂ। ਸਰਕਾਰੀ ਹਸਪਤਾਲ ਅਤੇ ਡਿਸਪੈਂਸਰੀਆਂ ਤੋਂ ਸਿਹਤ ਸੇਵਾਵਾਂ ਨਹੀਂ ਮਿਲ ਰਹੀਆਂ। ਆਮ ਆਦਮੀ ਵਿੱਦਿਆ ਅਤੇ ਰੁਜ਼ਗਾਰ ਤੋਂ ਬਾਹਰ ਹੋ ਗਿਆ ਹੈ ਅਤੇ ਸਿਹਤ ਸੇਵਾਵਾਂ ਉਸਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਇਹ ਸਰਕਾਰ ਦੀ ਮਾੜੀ ਵਿੱਤੀ ਹਾਲਤ ਅਤੇ ਸਰਕਾਰੀ ਨੀਤੀਆਂ ਕਾਰਨ ਹੀ ਹੋ ਰਿਹਾ ਹੈ। ਮਾੜੀ ਵਿੱਤੀ ਹਾਲਤ ਅਤੇ ਲੋਕ ਵਿਰੋਧੀ ਨੀਤੀਆਂ ਨੇ ਆਮ ਆਦਮੀ ਦੀ ਹਾਲਤ ਪਤਲੀ ਕਰ ਦਿੱਤੀ ਹੈ।

ਦੂਜੇ ਪਾਸੇ ਰਾਜ ਪ੍ਰਬੰਧ ਵਿਚ ਆਏ ਨਿਘਾਰ ਕਾਰਨ ਹਾਲਾਤ ਹੋਰ ਵੀ ਗੰਭੀਰ ਹੋ ਗਏ ਹਨ। ਇਸ ਪੱਖ ਨੂੰ ਮਹਿਸੂਸ ਕਰਦੇ ਹੋਏ ਸਰਕਾਰ ਵਲੋਂ ਪੰਜਾਬ ਰਾਜ ਪ੍ਰਬੰਧ ਸੁਧਾਰ ਕਮਿਸ਼ਨ ਬਣਾਇਆ ਗਿਆ ਹੈ ਤਾਂ ਕਿ ਇਸ ਪ੍ਰਬੰਧ ਵਿਚ ਕੁਝ ਸੁਧਾਰ ਕੀਤਾ ਜਾਵੇ। ਪੰਜਾਬ ਦਾ ਰਾਜ ਪ੍ਰਬੰਧ 1980ਵਿਆਂ ਵਿਚ ਤਹਿਸ-ਨਹਿਸ ਹੋ ਗਿਆ ਸੀ। ਇਹ ਇਸ ਤੋਂ ਪਹਿਲਾਂ ਵਿਕਾਸ-ਮੁਖੀ ਹੋਣ ਕਾਰਨ ਸਾਰੇ ਦੇਸ਼ ਵਿਚ ਮਸ਼ਹੂਰ ਸੀ। 1980ਵਿਆਂ ਵਿਚ ਇਸਦੀ ਤਬਦੀਲੀ ਵਿਕਾਸ-ਮੁਖੀ ਤੋਂ ਅਮਨ-ਕਾਨੂੰਨ ਮੁਖੀ ਕਰ ਦਿੱਤੀ ਗਈ। 1992 ਤੋਂ ਬਾਅਦ ਕਈ ਸਰਕਾਰਾਂ ਆਈਆਂ ਅਤੇ ਗਈਆਂ, ਕਿਸੇ ਵੱਲੋਂ ਇਸਨੂੰ ਠੀਕ ਨਹੀਂ ਕੀਤਾ ਗਿਆ। ਇਸ ਪ੍ਰਬੰਧ ਵਿਚ ਨਿਘਾਰ ਆਉਂਦਾ ਗਿਆ ਅਤੇ ਭ੍ਰਿਸ਼ਟਾਚਾਰ ਫੈਲਦਾ ਗਿਆ। ਵਿਕਾਸ ਤਾਂ ਇਕ ਪਾਸੇ ਰਿਹਾ, ਇਹ ਟੈਕਸ ਅਤੇ ਗੈਰ ਟੈਕਸ ਸਾਧਨ ਇਕੱਠੇ ਕਰਨ ਦੇ ਕਾਬਲ ਵੀ ਨਹੀਂ ਰਿਹਾ। ਇਕ ਪਾਸੇ ਟੈਕਸਾਂ ਦੀ ਚੋਰੀ ਨੇ ਇਸਨੂੰ ਹੋਰ ਖੋਖਲਾ ਬਣਾ ਦਿੱਤਾ ਅਤੇ ਦੂਜੇ ਪਾਸੇ ਇਸ ਨੇ ਸਰਕਾਰ ਨੂੰ ਕੰਗਾਲ ਕਰ ਦਿੱਤਾ। ਇਸਨੇ ਚਲ ਰਹੀਆਂ ਸਰਕਾਰੀ ਏਜੰਸੀਆਂ ਨੂੰ ਲਕਵਾ ਰੋਗ ਲਗਾ ਦਿੱਤਾ।

ਇਸ ਕਰਕੇ ਸੂਬੇ ਵਿਚ ਉੱਪਰ ਤੋਂ ਲੈ ਕੇ ਹੇਠਾਂ ਤਕ ਯੋਜਨਾ ਬਾਰੇ ਕੋਈ ਸੁਹਿਰਦ ਨਹੀਂ। ਯੋਜਨਾ ਟੀਚਿਆਂ ਨੂੰ ਪ੍ਰਾਪਤ ਕਰਨ ਬਾਰੇ ਕੋਈ ਸਰਗਰਮੀ ਨਹੀਂ। ਇਥੋਂ ਤੱਕ ਕਿ ਕੇਂਦਰ ਵਲੋਂ ਚਲਾਈਆਂ ਸਕੀਮਾਂ ਬਾਰੇ ਸੂਬੇ ਵਿਚ ਸੁਹਿਰਦਤਾ ਨਹੀਂ। ਇਸ ਸਮੇਂ ਸ਼ਹਿਰੀ ਵਿਕਾਸ ਲਈ ਕੇਂਦਰੀ ਸਕੀਮ ਵਿਚੋਂ ਸਿਰਫ ਇਕ ਪ੍ਰਤੀਸ਼ਤ ਫੰਡ ਵਰਤੇ ਗਏ ਹਨ। ਬਾਗਬਾਨੀ ਮਿਸ਼ਨ ਵਿਚ 5 ਪ੍ਰਤੀਸ਼ਤ, ਸਫਾਈ ਮੁਹਿੰਮ ਵਿਚ 3.54 ਪ੍ਰਤੀਸ਼ਤ ਫੰਡ ਵਰਤੇ ਗਏ ਹਨ। ਘੱਟ ਫੰਡ ਵਰਤਣ ਨਾਲ ਰਾਜ ਨੂੰ ਨੁਕਸਾਨ ਹੋਇਆ। ਇਹ ਨੁਕਸਾਨ ਅਫ਼ਸਰਸ਼ਾਹੀ ਦੀ ਅਣਗਹਿਲੀ ਨਾਲ ਹੋਇਆ ਪਰ ਕਿਸੇ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਇਸ ਤੋਂ ਇਲਾਵਾ ਖੇਤੀ ਵਿਕਾਸ ਨਾਲ ਸੰਬੰਧਿਤ ਵਿਦਿਆ, ਖੋਜ ਅਤੇ ਪਸਾਰ ਉੱਪਰ ਪੈਸਾ ਖਰਚਣ ਦੀ ਬਜਾਏ ਇਸ ਉਪਰ ਕੱਟ ਲਗਾਈ ਗਈ ਅਤੇ ਖੇਤੀਬਾੜੀ ਦਾ ਮਾੜਾ ਹਾਲ ਕਰ ਦਿੱਤਾ ਗਿਆ।

ਸਿਆਸਤਦਾਨ ਲਗਾਤਾਰ ਪੰਜਾਬ ਵਾਸਤੇ ਕੇਂਦਰ ਤੋਂ ਖੇਤੀ ਸੰਬੰਧੀ ਪੈਕੇਜ ਦੀ ਮੰਗ ਕਰਦੇ ਰਹੇ ਪਰ ਅਫਸਰਸ਼ਾਹੀ ਪੰਜਾਬ ਦੀ ਖੇਤੀ ਵਿਚ ਕੋਈ ਵੀ ਸੰਕਟ ਨਾ ਹੋਣ ਬਾਰੇ ਕੇਂਦਰ ਨੂੰ ਲਗਾਤਾਰ ਲਿਖਦੀ ਰਹੀ। ਇਸ ਕਾਰਨ ਪੰਜਾਬ ਦੀ ਖੇਤੀ ਅਤੇ ਸਿੰਚਾਈ ਪ੍ਰਬੰਧ ਨੂੰ ਮੁੜ ਲੀਹਾਂ 'ਤੇ ਪਾਉਣ ਵਾਸਤੇ ਕੇਂਦਰ ਤੋਂ ਕੋਈ ਵੀ ਪੈਕੇਜ ਨਹੀਂ ਮਿਲ ਸਕਿਆ। ਇਹ ਸਰਕਾਰੀ ਦੁਰਪ੍ਰਬੰਧ ਕਾਰਨ ਹੋਇਆ। ਪੰਜਾਬ ਰਾਜ ਪ੍ਰਬੰਧ ਖ਼ਰਾਬ ਹੁੰਦਾ ਗਿਆ।

ਇਸ ਕੰਮ ਵਿਚ ਸੱਤਾ 'ਤੇ ਕਾਬਜ਼ ਪਾਰਟੀਆਂ ਅਤੇ ਵਿਰੋਧੀ ਪਾਰਟੀਆਂ-ਦੋਵੇਂ ਸ਼ਾਮਿਲ ਹਨ। ਉਨ੍ਹਾਂ ਵੱਲੋਂ ਇਸ ਨੂੰ ਸੁਧਾਰਨ ਵਾਸਤੇ ਨਾ ਕੋਈ ਕੰਮ ਕੀਤਾ ਗਿਆ ਅਤੇ ਨਾ ਹੀ ਦੁਰਪ੍ਰਬੰਧ ਖ਼ਿਲਾਫ ਆਵਾਜ਼ ਉਠਾਈ ਗਈ। ਇਨ੍ਹਾਂ ਪਾਰਟੀਆਂ ਤੋਂ ਬਾਹਰ ਜਮਹੂਰੀ ਲਹਿਰ ਵੀ ਇਸ ਦੁਰਪ੍ਰਬੰਧ ਖ਼ਿਲਾਫ ਕੋਈ ਆਵਾਜ਼ ਨਹੀਂ ਉਠਾ ਸਕੀ। ਇਸ ਕਰਕੇ ਇਹ ਵਿਗਾੜ ਤਿੰਨ ਦਹਾਕਿਆਂ ਤੋਂ ਚੱਲ ਰਿਹਾ ਹੈ। ਇਹ ਪੰਜਾਬ ਅਤੇ ਲੋਕਾਂ ਦੀ ਵੱਡੀ ਬਦਕਿਸਮਤੀ ਹੈ। ਸਾਡੀ ਜ਼ਮੀਨ ਖ਼ਰਾਬ ਹੋ ਗਈ, ਧਰਤੀ ਹੇਠਲਾ ਪਾਣੀ ਮੁੱਕਣ ਕਿਨਾਰੇ ਪਹੁੰਚ ਗਿਆ ਅਤੇ ਲੋਕਾਂ ਦੀ ਸਿਹਤ ਖਰਾਬ ਹੋ ਗਈ। ਇਲਾਜ ਪ੍ਰਬੰਧ ਐਨਾ ਖਰਾਬ ਹੋ ਗਿਆ ਕਿ ਕੈਂਸਰ ਟਰੇਨ ਬਠਿੰਡਾ ਤੋਂ ਬੀਕਾਨੇਰ ਚਲਦੀ ਰਹੀ। ਪੰਜਾਬ ਦੀ ਮਨੁੱਖੀ ਸ਼ਕਤੀ ਦੇ ਵਿਕਾਸ ਵਿਚ ਆਏ ਵਿਗਾੜ ਕਾਰਨ ਅਸੀਂ ਆਪਣੇ ਹੱਕਾਂ ਅਤੇ ਫ਼ਰਜ਼ਾਂ ਨੂੰ ਭੁੱਲਣ ਲੱਗੇ। ਇਹ ਪੰਜਾਬ ਅਤੇ ਪੰਜਾਬ ਦੇ ਲੋਕਾਂ ਦਾ ਦੁਖਾਂਤ ਹੈ। ਪੰਜਾਬ ਦੇ ਲੋਕ ਇਕ ਬਿਹਤਰ ਪ੍ਰਬੰਧ ਅਤੇ ਸਿਆਸੀ ਲੀਡਰਸ਼ਿਪ ਦੇ ਹੱਕਦਾਰ ਹਨ ਪਰ ਉਹ ਇਸ ਤੋਂ ਵੰਚਤ ਹੋ ਗਏ ਹਨ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹਾਲਾਤ ਇਕ ਜਗ੍ਹਾ ਖੜ੍ਹੇ ਨਹੀਂ ਰਹਿੰਦੇ। ਪੰਜਾਬ ਦੇਸ਼ ਦੀ

*(ਬਾਕੀ ਸਫਾ 34 'ਤੇ)*



# ਪੰਜਾਬ ਦੇ ਲੋਕਾਂ ਨੂੰ ਪੁੱਠੀ ਮੱਤ ਦਿੰਦਾ ਡਾ. ਸੁੱਚਾ ਸਿੰਘ ਗਿੱਲ ਦਾ ਲੇਖ

**ਗੁਰਬਚਨ ਸਿੰਘ**

ਪੰਜਾਬੀ ਦੀ ਇਕ ਕਹਾਵਤ ਦੀ ਹੈ 'ਨੀਮ ਹਕੀਮ ਖਤਰਾ ਏ ਜਾਨ'। ਜੇ ਇਸਨੂੰ ਹੋਰ ਗੰਭੀਰ ਪ੍ਰਸੰਗ ਵਿਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ 'ਵਿਦਵਾਨ ਬੇਈਮਾਨ-ਖਤਰਾ ਮਹਾਨ।' ਕਿਉਂਕਿ ਨੀਮ ਹਕੀਮ ਦਾ ਖਤਰਾ ਇਕ ਜਾਨ ਨੂੰ ਹੁੰਦਾ ਹੈ, ਜਦੋਂਕਿ ਬੇਈਮਾਨ ਵਿਦਵਾਨ ਸਮੁੱਚੀਆਂ ਕੌਮਾਂ ਦੀ ਬੇੜੀ ਡੋਬਣ ਦਾ ਕਾਰਨ ਬਣ ਜਾਂਦੇ ਹਨ। 'ਪ੍ਰਸਿੱਧ ਅਰਥਸ਼ਾਸਤਰੀ' ਡਾ. ਸੁੱਚਾ ਸਿੰਘ ਗਿੱਲ ਦੀ ਲਿਖਤ 'ਪੰਜਾਬ ਦੀ ਆਰਥਿਕਤਾ ਦੀ ਦਸ਼ਾ



ਅਤੇ ਦਿਸ਼ਾ-ਚੁਣੌਤੀਆਂ ਅਤੇ ਸੰਭਾਵਨਾਵਾਂ' ਪੂਰਨ ਰੂਪ ਵਿਚ ਇਸੇ ਕਹਾਵਤ ਦੀ ਪੁਸ਼ਟੀ ਕਰਦੀ ਹੈ। ਇਸ ਲਿਖਤ ਵਿਚ ਡਾ. ਗਿੱਲ ਨੇ ਪੰਜਾਬ ਦੀ ਆਰਥਿਕਤਾ ਦੇ ਪੱਛੜ ਜਾਣ ਅਤੇ ਇਸਦੀ ਅਜੋਕੀ ਹਾਲਤ ਬਾਰੇ ਕੁਝ ਅੰਕੜਿਆਂ ਨਾਲ ਰੋਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਇਸਨੂੰ ਮੁੜ ਤੋਂ ਲੀਹ 'ਤੇ ਲਿਆਉਣ ਦੇ ਕੁਝ ਆਪਣੇ ਵਲੋਂ ਸੁਝਾਅ ਵੀ ਦਿੱਤੇ ਹਨ। ਪਰ ਕੀ ਉਨ੍ਹਾਂ ਦੇ ਇਹ ਸੁਝਾਅ ਪੰਜਾਬ ਦੀ ਪਿਛਲੀ ਜਾਂ ਅੱਜ ਦੀ ਹਕੀਕਤ ਦੇ ਬਰ ਮੇਚ ਹਨ ਜਾਂ ਕੀ ਇਹ ਪੰਜਾਬ ਦੇ ਅਗਲੇਰੇ ਆਰਥਿਕ ਵਿਕਾਸ ਦੀ ਜਾਮਨੀ ਭਰਦੇ ਹਨ? ਇਹ ਸੁਆਲ ਬੜਾ ਅਹਿਮ ਹੈ।

ਕਿਹਾ ਜਾ ਸਕਦਾ ਹੈ ਕਿ ਕਿਸੇ 'ਵਿਦਵਾਨ' ਦੀ ਲਿਖਤ ਬਾਰੇ ਏਨੀ ਕੁਤਿੱਤਣ ਨਾਲ ਟਿੱਪਣੀ ਕਰਨ ਲੱਗਿਆਂ ਕਿਤੇ ਲਿਖਤ ਦਲੀਲ ਜਾਂ ਤਰਕ ਪੱਖੋਂ ਊਣੀ ਤਾਂ ਨਹੀਂ ਰਹਿ ਜਾਵੇਗੀ। ਦਲੀਲ ਜਾਂ ਤਰਕ ਕਿਸੇ ਵਿਦਵਾਨ ਨੇ ਸੰਕਲਪੀ ਗਿਆਨ ਦਾ ਜੁਆਬ ਦੇ ਸਕਦੇ ਹਨ ਪਰ ਜਿਨ੍ਹਾਂ ਲੋਕਾਂ ਨੂੰ ਅਹਿਸਾਸ ਹੈ ਕਿ ਪੰਜਾਬ ਦੇ ਪਿਛਲੇ ਅਖੌਤੀ ਆਰਥਕ ਵਿਕਾਸ ਨੇ ਕਿਵੇਂ ਹਕੀਕਤ ਵਿਚ ਪੰਜਾਬ ਦੇ ਸਮੁੱਚੇ ਅਰਥਚਾਰੇ ਅਤੇ ਸਮਾਜ-ਸੱਭਿਆਚਾਰ ਦਾ ਬੇੜਾ ਗਰਕ ਕਰ ਦਿੱਤਾ ਹੈ, ਉਹ ਏਨੀ ਕੁ ਕੁਤੱਤਣ ਤੋਂ ਬਿਨਾ ਇਸ ਲਿਖਤ ਨੂੰ ਪੜ੍ਹ ਹੀ ਨਹੀਂ ਸਕਦੇ। ਸਾਮਰਾਜੀ-ਸਰਮਾਏਦਾਰੀ ਲੀਹਾਂ 'ਤੇ ਹੋਏ ਆਰਥਿਕ ਵਿਕਾਸ ਨੇ ਜਿਵੇਂ ਸਮੁੱਚੇ ਪੰਜਾਬ ਨੂੰ ਵਹਿਸ਼ਤ ਦੀ ਭੱਠੀ ਵਿਚ ਝੋਕਿਆ ਹੈ, ਉਸਦਾ ਅਹਿਸਾਸ ਕਰਕੇ ਹੀ ਆਮ ਮਨੁੱਖ ਕੰਬ ਜਾਂਦਾ ਹੈ। ਇਸ ਤਰਜ਼ ਦੇ ਵਿਕਾਸ ਨੇ ਨਾ ਸਿਰਫ ਪੰਜਾਬ ਦੇ ਕੁਦਰਤੀ ਸੋਮਿਆਂ ਦਾ ਉਜਾੜਾ ਕੀਤਾ ਹੈ ਸਗੋਂ ਪੰਜਾਬ ਦੇ ਮਿਹਨਤੀ ਲੋਕਾਂ ਨੂੰ ਉਨ੍ਹਾਂ ਦੀ ਮਿੱਟੀ ਤੋਂ ਉਖਾੜ ਕੇ, ਉਨ੍ਹਾਂ ਨੂੰ ਨਸ਼ੇਖੋਰੀ, ਤਣਾਅ, ਉਨੀਂਦਰੇ ਵਰਗੇ ਮਾਨਸਿਕ ਰੋਗ ਤੇ ਕੈਂਸਰ, ਏਡਜ਼, ਸ਼ੂਗਰ ਅਤੇ ਦਿਲ-ਦੌਰੇ ਵਰਗੀਆਂ ਅਨੇਕਾਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾਇਆ ਹੈ। ਪਰ ਅਜੇ ਤੱਕ ਵੀ ਡਾ. ਸੁੱਚਾ ਸਿੰਘ ਗਿੱਲ ਵਰਗੇ ਅਖੌਤੀ 'ਖੱਬੇ ਪੱਖੀ' ਬੁੱਧੀਜੀਵੀ ਇਸੇ ਤਰਜ਼ ਦੇ ਵਿਕਾਸ ਦੀ ਵਕਾਲਤ ਕਰ ਰਹੇ ਹਨ।

ਡਾ. ਸੁੱਚਾ ਸਿੰਘ ਗਿੱਲ ਵੱਲੋਂ ਪੰਜਾਬ ਦੀ ਮੰਦੀ ਆਰਥਕ ਦਸ਼ਾ ਬਾਰੇ ਜੋ ਅੰਕੜੇ ਦਿੱਤੇ ਗਏ ਹਨ, ਬਿਲਕੁੱਲ ਦਰੁੱਸਤ ਅਤੇ ਸਹੀ ਹਨ। ਪਰ ਮਸਲਾ ਇਨ੍ਹਾਂ ਅੰਕੜਿਆਂ ਦੀ ਵਿਆਖਿਆ ਤੇ ਪੇਸ਼ਕਾਰੀ ਦਾ ਹੈ। ਇਨ੍ਹਾਂ ਅੰਕੜਿਆਂ ਦੀ ਬਦਲਵੀਂ ਵਿਆਖਿਆ ਕਰਨ ਤੋਂ ਪਹਿਲਾਂ ਇਥੇ ਅਸੀਂ ਡਾ. ਸੁੱਚਾ ਸਿੰਘ ਗਿੱਲ ਵੱਲੋਂ ਇਸ ਮੰਦੀ ਹਾਲਤ ਨੂੰ ਦੂਰ ਕਰਨ ਲਈ ਦਿੱਤੇ ਸੁਝਾਅ ਵੱਲ ਪਾਠਕਾਂ ਦਾ ਧਿਆਨ ਦਿਵਾਉਣਾ ਚਾਹੁੰਦੇ ਹਾਂ। ਡਾ. ਗਿੱਲ ਅਨੁਸਾਰ, "ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹਾਲਾਤ ਇਕ ਜਗ੍ਹਾ ਖੜ੍ਹੇ ਨਹੀਂ ਰਹਿੰਦੇ। ਪੰਜਾਬ ਦੇਸ਼ ਦੀ ਵੰਡ ਦੇ ਸਦਮੇ ਵਿਚੋਂ ਬੜੀ ਤੇਜ਼ੀ ਨਾਲ ਉਭਰਿਆ ਅਤੇ ਇਸਨੇ ਆਪਣੇ-ਆਪ ਨੂੰ ਦੇਸ਼ ਦਾ ਨੰਬਰ ਇਕ ਸੂਬਾ ਬਣਾ ਲਿਆ। ਅੱਜ ਵੀ ਇਸ ਦੀ ਸੰਭਾਵਨਾ ਸੂਬੇ ਵਿਚ ਮੌਜੂਦ ਹੈ। ਇਸ ਸੰਭਾਵਨਾ ਨੂੰ ਪ੍ਰਾਪਤੀ ਵਿਚ ਤਬਦੀਲ ਕਰਨ ਦੀ ਜ਼ਰੂਰਤ ਹੈ। ਇਹ ਕੰਮ ਸੂਬੇ ਦੀ ਸਿਆਸੀ ਲੀਡਰਸ਼ਿਪ ਨੂੰ ਉਸੇ ਤਰ੍ਹਾਂ ਹੀ ਕਰਨਾ ਪਵੇਗਾ, ਜਿਵੇਂ ਇਸ ਸਦੀ ਦੇ ਪੰਜਾਹਵਿਆਂ ਅਤੇ ਸੱਠਵਿਆਂ ਵਿਚ ਸਰਕਾਰ ਨੇ ਸ. ਪ੍ਰਤਾਪ ਸਿੰਘ ਕੈਰੋਂ ਦੀ ਲੀਡਰਸ਼ਿਪ ਵਿਚ ਮੁੜ-ਵਸੇਬਾ, ਚੱਕਬੰਦੀ, ਨਹਿਰੀ ਪ੍ਰਬੰਧ, ਖੇਤੀਬਾੜੀ ਖੋਜ, ਵਿੱਦਿਆ ਅਤੇ ਪਸਾਰ ਪ੍ਰਬੰਧ ਆਦਿ ਦੀਆਂ ਨੀਤੀਆਂ ਰਾਹੀਂ ਕੀਤਾ ਸੀ। ਇਸ ਨਾਲ ਹਰੀ ਕ੍ਰਾਂਤੀ ਲਿਆਂਦੀ ਗਈ ਅਤੇ ਰਾਜ ਪ੍ਰਬੰਧ ਨੂੰ ਵਿਕਾਸ-ਮੁਖੀ ਬਣਾ ਦਿੱਤਾ ਗਿਆ।"

ਇੱਥੇ ਡਾ. ਗਿੱਲ ਦੀ ਕਿਸੇ ਖਲਨਾਇਕ ਨੂੰ ਨਾਇਕ ਬਣਾਉਣ ਦੀ ਕਲਾ ਉੱਤੇ ਬਲਿਹਾਰੇ ਜਾਣ ਨੂੰ ਦਿਲ ਕਰਦਾ ਹੈ ਪਰ ਉਨ੍ਹਾਂ ਨੇ ਆਪਣੀ ਇਸ ਕਲਾ ਪਿੱਛੇ ਕਿੱਡੇ ਵੱਡੇ ਸੱਚ ਨੂੰ ਲੁਕੋ ਲਿਆ ਹੈ, ਇਸ ਦੀ ਜਾਣਕਾਰੀ ਪੰਜਾਬ ਦੇ ਲੋਕਾਂ ਨੂੰ ਜ਼ਰੂਰ ਹੋਣੀ ਚਾਹੀਦੀ ਹੈ। ਇੱਥੇ ਇਹ ਗੱਲ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਕਿ ਪੱਛਮੀ ਸਾਮਰਾਜੀ ਵਿਕਾਸ ਦੇ ਚੁੰਧਿਆਏ ਪ੍ਰਤਾਪ ਸਿੰਘ ਕੈਰੋਂ ਨੇ ਜਿਵੇਂ ਅਮਰੀਕੀ ਅਤੇ ਰੂਸੀ ਸਾਮਰਾਜੀਆਂ ਦੇ ਦਲਾਲ ਪੰਡਤ ਜਵਾਹਰ ਲਾਲ ਨਹਿਰੂ ਨਾਲ ਮਿਲ ਕੇ ਪੰਜਾਬ ਦੇ ਕੁਦਰਤੀ ਸਹਿਜ ਵਿਕਾਸ ਦੀ ਥਾਂ ਪੰਜਾਬ ਦੇ ਅਰਥਚਾਰੇ ਨੂੰ ਸੰਸਾਰ ਸਾਮਰਾਜੀ ਤੰਦੂਆ-ਜਾਲ ਦੇ ਲਪੇਟੇ ਵਿਚ ਲਿਆਉਣ ਦੀਆਂ ਹਾਲਤਾਂ ਪੈਦਾ ਕੀਤੀਆਂ, ਉਹ ਆਪਣੇ ਆਪ ਵਿਚ ਬੇਮਿਸਾਲ ਹੈ।

ਜਿਸ ਪ੍ਰਤਾਪ ਸਿੰਘ ਕੈਰੋਂ ਨੂੰ ਡਾ. ਗਿੱਲ ਵਿਕਾਸ ਮੁਖੀ ਅਤੇ ਜਮਹੂਰੀ ਲਹਿਰ ਦਾ ਪ੍ਰਤੀਨਿਧ ਬਣਾ ਕੇ ਪੇਸ਼ ਕਰ ਰਿਹਾ ਹੈ, ਉਹ ਅਸਲ ਵਿਚ 1947 ਤੋਂ ਬਾਅਦ ਦੇ ਪੰਜਾਬ ਦਾ ਸਭ ਤੋਂ ਵੱਡਾ ਖਲਨਾਇਕ ਹੈ। ਇਸੇ ਪ੍ਰਤਾਪ ਸਿੰਘ ਕੈਰੋਂ ਨੇ ਬ੍ਰਾਹਮਣੀ ਤਾਨਾਸ਼ਾਹੀ ਦੇ ਪੈਰੋਕਾਰ ਪੰਡਤ ਜਵਾਹਰ ਲਾਲ ਨਹਿਰੂ ਨਾਲ ਮਿਲ ਕੇ ਪੰਜਾਬ ਦੇ ਜਮਹੂਰੀ ਅਤੇ ਬਹੁਪੱਖੀ ਆਰਥਕ ਵਿਕਾਸ ਲਈ ਲੜ ਰਹੇ ਸ਼੍ਰੋਮਣੀ ਅਕਾਲੀ ਦਲ ਅਤੇ ਉਸ ਵੇਲੇ ਕਿਸੇ ਹੱਦ ਤਕ ਅਗਾਂਹਵਧੂ ਰੋਲ ਨਿਭਾਅ ਰਹੀ ਕਮਿਊਨਿਸਟ ਲਹਿਰ ਨੂੰ ਕੁਚਲਣ ਵਿਚ ਸਭ ਤੋਂ ਅਹਿਮ ਰੋਲ ਨਿਭਾਇਆ ਅਤੇ ਦੇਸ਼ ਦੇ ਹਰ ਸੂਬੇ ਵਿਚ ਅੱਡ-ਅੱਡ ਕੌਮਾਂ ਦੇ ਵੱਸ ਰਹੇ ਲੋਕਾਂ ਨੂੰ ਵੱਧ ਅਧਿਕਾਰ ਜਾਂ ਖੁਦਮੁਖਤਿਆਰੀ ਦੇ ਕੇ ਸਮੁੱਚੇ ਦੇਸ਼ ਦੇ ਕੇਂਦਰਤ ਢਾਂਚੇ ਨੂੰ ਜਮਹੂਰੀ ਲੀਹਾਂ ਉੱਤੇ ਉਸਾਰਨ ਦਾ ਵਿਰੋਧ ਕੀਤਾ। ਅਸਲ ਵਿਚ ਕੈਰੋਂ ਤੇ ਨਹਿਰੂ ਦੀ ਜੁੰਡਲੀ ਨੇ ਹੀ ਅਮਰੀਕੀ ਸਾਮਰਾਜੀਆਂ ਨਾਲ ਮਿਲ ਕੇ ਪੰਜਾਬ ਵਿਚ ਅਖੌਤੀ ਹਰੇ ਇਨਕਲਾਬ ਦਾ ਮੁੱਢ ਬੰਨ੍ਹਿਆ, ਜਿਸਨੇ ਪੰਜਾਬ ਦੇ ਕੁਦਰਤੀ ਸੋਮਿਆਂ ਤੇ ਮਿਹਨਤੀ ਲੋਕਾਂ ਦੀ ਕਿਰਤ ਸ਼ਕਤੀ ਦੀ ਲੁੱਟ ਦੇ ਰਾਹ ਖੋਲ੍ਹ ਦਿੱਤੇ।

ਡਾ. ਗਿੱਲ ਦੇ ਆਪਣੇ ਕਥਨ ਮੁਤਾਬਕ ਹੀ, "ਪ੍ਰਤਾਪ ਸਿੰਘ ਕੈਰੋਂ ਨੇ ਮੁੜ ਵਸੇਬਾ, ਚੱਕਬੰਦੀ, ਨਹਿਰੀ ਪ੍ਰਬੰਧ ਅਤੇ ਖੇਤੀਬਾੜੀ ਖੋਜ" ਰਾਹੀਂ ਹਰੀ ਕ੍ਰਾਂਤੀ ਲਿਆਂਦੀ ਅਤੇ ਰਾਜ ਪ੍ਰਬੰਧ ਨੂੰ ਵਿਕਾਸ ਮੁਖੀ ਬਣਾ ਦਿੱਤਾ।" ਅਸਲ ਵਿਚ ਕੈਰੋਂ ਨੇ ਪੰਜਾਬ ਅੰਦਰ ਚੱਕਬੰਦੀ, ਨਹਿਰੀ ਪ੍ਰਬੰਧ ਅਤੇ ਖੇਤੀਬਾੜੀ ਖੋਜ ਪੰਜਾਬ ਦੇ ਕੁਦਰਤੀ ਅਤੇ ਸਹਿਜ ਵਿਕਾਸ ਨੂੰ ਮੁੱਖ ਰੱਖ ਕੇ ਨਹੀਂ ਸੀ ਕੀਤੀ ਸਗੋਂ ਹਰੀ ਕ੍ਰਾਂਤੀ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕੀਤੀ ਸੀ ਜਿਸ ਦੀ ਸਾਰੀ ਯੋਜਨਾਬੰਦੀ ਅਮਰੀਕੀ ਸਾਮਰਾਜੀਆਂ ਦੀ ਦੇਖ-ਰੇਖ ਹੇਠ ਹੋਈ। ਲੁਧਿਆਣਾ ਦੀ ਖੇਤੀਬਾੜੀ ਯੂਨੀਵਰਸਿਟੀ ਤਾਂ ਪਿਛਲੇ ਕੁਝ ਸਾਲਾਂ ਤੱਕ ਅਮਰੀਕੀ ਸਾਮਰਾਜੀਆਂ ਦੀ ਸਹਾਇਤਾ ਨਾਲ ਚੱਲਦੀ ਰਹੀ ਹੈ। ਇਸ ਦਾ ਹੁਣ ਦਾ ਵਾਈਸ ਚਾਂਸਲਰ 'ਹਰੇ ਇਨਕਲਾਬ' ਦੇ ਨਿਕਲੇ ਮਾਰੂ ਸਿੱਟਿਆਂ ਦੇ ਬਾਵਜੂਦ ਅਜੇ ਤੱਕ ਪੂਰੀ ਬੇਸ਼ਰਮੀ ਨਾਲ ਅਮਰੀਕੀ ਤਰਜ਼ ਦੇ ਖੇਤੀ ਵਿਕਾਸ ਦੀ ਪੈਰਵਾਈ ਕਰ ਰਿਹਾ ਹੈ।

ਅਸਲ ਵਿਚ ਜਿਹੜੀ ਗੱਲ ਡਾ. ਗਿੱਲ ਪੰਜਾਬ ਦੇ ਲੋਕਾਂ ਤੋਂ ਲੁਕੋ ਰਹੇ ਹਨ, ਉਹ ਇਹ ਹੈ ਕਿ ਪੰਜਾਬ ਦੀ ਅਜੋਕੀ ਆਰਥਿਕ ਮੰਦਹਾਲੀ ਦਾ ਬੁਨਿਆਦੀ ਕਾਰਨ ਪ੍ਰਤਾਪ ਸਿੰਘ ਕੈਰੋਂ ਵਲੋਂ ਪੰਜਾਬ ਦਾ ਸਾਮਰਾਜੀ ਲੀਹਾਂ ਉੱਤੇ ਤੋਰਿਆ ਗਿਆ ਇਹ ਆਰਥਕ ਵਿਕਾਸ ਹੀ ਹੈ, ਜਿਸਨੇ ਨਾ ਸਿਰਫ ਪੰਜਾਬ ਦੇ ਕੁਦਰਤੀ ਸੋਮਿਆਂ ਦਾ ਉਜਾੜਾ ਕੀਤਾ ਸਗੋਂ ਪੰਜਾਬ ਦੇ ਮਿਹਨਤੀ ਲੋਕਾਂ ਨੂੰ ਸਿਹਤਮੰਦ ਗੁਰੂ-ਸੱਭਿਆਚਾਰ ਤੋਂ ਤੋੜ ਕੇ ਉਨ੍ਹਾਂ ਨੂੰ ਪੱਛਮੀ ਸਾਮਰਾਜੀ ਸੱਭਿਆਚਾਰ ਨਾਲ ਜੋੜਨ ਦਾ ਪਾਪ ਕੀਤਾ ਹੈ। ਇੱਥੇ ਇਹ ਗੱਲ ਇਕ ਵਾਰ ਫਿਰ ਦੁਹਰਾਉਣ ਦੀ ਲੋੜ ਹੈ ਕਿ ਪੰਜਾਬ ਦੀ ਅਜੋਕੀ ਆਰਥਕ ਤੇ ਸਮਾਜੀ-ਸੱਭਿਆਚਾਰਕ ਮੰਦਹਾਲੀ ਦਾ ਮੂਲ ਕਾਰਨ ਸਾਮਰਾਜੀ ਸਰਮਾਏਦਾਰੀ ਲੀਹਾਂ 'ਤੇ ਹੋਇਆ ਇਹੀ ਆਰਥਕ ਵਿਕਾਸ ਹੈ, ਜਿਸਦੀ ਸ਼ੁਰੂਆਤ ਕੈਰੋਂ ਦੇ ਰਾਜ ਵੇਲੇ ਹੋਈ।

ਡਾ. ਸੁੱਚਾ ਸਿੰਘ ਗਿੱਲ ਵਰਗੇ 'ਪ੍ਰਸਿੱਧ ਅਰਥ ਸ਼ਾਸਤਰੀ' ਨੂੰ ਇਸ ਗੱਲ ਦਾ ਇਲਮ ਹੋਣਾ ਚਾਹੀਦਾ ਹੈ ਕਿ ਸਾਮਰਾਜੀ ਸਰਮਾਇਆ ਵਾਧੂ ਕਦਰ ਪੈਦਾ ਨਹੀਂ ਕਰਦਾ। ਇਸ ਲਈ ਸੰਸਾਰ ਦੇ ਕਿਸੇ ਵੀ ਦੇਸ਼ ਵਿਚ ਜਿੱਥੇ ਵੀ ਸਾਮਰਾਜੀ ਲੀਹਾਂ 'ਤੇ ਆਰਥਿਕ ਵਿਕਾਸ ਹੋਇਆ ਹੈ, ਉੱਥੇ ਜਿੰਨਾ ਚਿਰ ਸਾਮਰਾਜੀ ਸਰਮਾਏ ਦੀ ਨਿਰੰਤਰ ਆਮਦ ਕਾਇਮ ਰਹਿੰਦੀ ਹੈ, ਓਨਾ ਚਿਰ ਹੀ ਇਹ ਭਰਮਾਊ ਵਿਕਾਸ ਜਾਰੀ ਰਹਿੰਦਾ ਹੈ। ਜਦੋਂ ਹੀ ਇਸ ਸਰਮਾਏ ਦੀ ਆਮਦ ਰੁਕਦੀ ਹੈ ਉਦੋਂ ਹੀ ਉਥੋਂ ਦੇ ਅਰਥਚਾਰੇ ਦੇ ਸਾਰੇ ਅੰਗ ਮੁਰਝਾਉਣੇ ਸ਼ੁਰੂ ਕਰ ਦਿੰਦੇ ਹਨ ਤੇ ਇਹ ਸੋਕਾ ਸਮੁੱਚੇ ਅਰਥਚਾਰੇ ਨੂੰ ਰੁੰਡ-ਮਰੁੰਡ ਕਰ ਦਿੰਦਾ ਹੈ। ਡਾ. ਗਿੱਲ ਦਾ ਇਹ ਕਹਿਣਾ ਕਿ 'ਸਾਡੀ ਜ਼ਮੀਨ ਖਰਾਬ ਹੋ ਗਈ, ਧਰਤੀ ਹੇਠਲਾ ਪਾਣੀ ਮੁੱਕਣ ਕਿਨਾਰੇ ਪਹੁੰਚ ਗਿਆ ਅਤੇ ਲੋਕਾਂ ਦੀ ਸਿਹਤ ਖਰਾਬ ਹੋ ਗਈ, ਇਲਾਜ ਪ੍ਰਬੰਧ ਏਨਾ ਖਰਾਬ ਹੋ ਗਿਆ ਕਿ ਕੈਂਸਰ ਟਰੇਨ ਬਠਿੰਡਾ ਤੋਂ ਬੀਕਾਨੇਰ ਚੱਲਦੀ ਰਹੀ, ਪੰਜਾਬ ਦੀ ਮਨੁੱਖੀ ਸ਼ਕਤੀ ਵਿਕਾਸ ਵਿਚ ਆਏ ਵਿਗਾੜ ਕਾਰਨ ਅਸੀਂ ਆਪਣੇ ਹੱਕਾਂ ਤੇ ਫਰਜ਼ਾਂ ਨੂੰ ਭੁੱਲਣ ਲੱਗੇ', ਇਹ ਸਾਰਾ ਕੁਝ ਇਸੇ ਸਾਮਰਾਜੀ ਵਿਕਾਸ ਦੀ ਦੇਣ ਹੈ, ਜਿਸ ਨੂੰ ਡਾ. ਗਿੱਲ ਨਵੇਂ ਸਿਰਿਓਂ ਕਿਸੇ ਅਖੌਤੀ ਦੂਜੇ ਹਰੇ ਇਨਕਲਾਬ ਰਾਹੀਂ ਜਾਰੀ ਰੱਖਣਾ ਚਾਹੁੰਦੇ ਹਨ। ਫਿਰ ਪੰਜਾਬ ਦੇ ਲੋਕਾਂ ਦੀ ਤਾਂ ਤੀਹਰੀ ਲੁੱਟ ਹੋ ਰਹੀ ਹੈ। ਪੰਜਾਬ ਦੇ ਲੋਕਾਂ ਨੂੰ ਪਹਿਲਾਂ ਸਾਮਰਾਜੀ ਸਰਮਾਇਆ ਲੁੱਟਦਾ ਹੈ, ਫਿਰ ਦਿੱਲੀ ਉੱਤੇ ਕਾਬਜ਼ ਦਲਾਲ ਸਰਮਾਏਦਾਰੀ ਲੁੱਟਦੀ ਹੈ ਤੇ ਰਹਿੰਦੀ-ਖੂਹੰਦੀ ਕਸਰ ਸਿਰੇ ਦੀ ਕੁਰੱਪਟ ਅਫਸਰਸ਼ਾਹੀ ਪੂਰੀ ਕਰ ਦਿੰਦੀ ਹੈ। ਇਸ ਤੀਹਰੀ ਲੁੱਟ ਤੋਂ ਬਾਅਦ ਵੀ ਜੇ ਕੋਈ ਅਜੇ ਸੋਚਦਾ ਹੈ ਕਿ ਮੌਜੂਦਾ ਲੀਹਾਂ ਉੱਤੇ ਪੰਜਾਬ ਦਾ ਵਿਕਾਸ ਜਾਰੀ ਰੱਖਿਆ ਜਾ ਸਕਦਾ ਹੈ, ਫਿਰ ਉਹ ਜਾਂ ਤਾਂ ਆਹਲਾ ਦਰਜੇ ਦਾ ਮੂਰਖ ਹੈ ਜਾਂ ਸਿਰੇ ਦਾ ਬੇਈਮਾਨ। ਹੁਣ ਇਹ ਡਾ. ਗਿੱਲ ਨੇ ਵੇਖਣਾ ਹੈ ਕਿ ਉਹ ਕਿਹੜੇ ਜੁਮਰੇ ਵਿਚ ਆਉਂਦੇ ਹਨ।

ਇਹੀ ਕਾਰਨ ਹੈ ਕਿ ਡਾ. ਗਿੱਲ ਨੂੰ 1980ਵਿਆਂ ਦੇ ਦਹਾਕੇ ਵਿਚ 'ਸਰਕਾਰ ਦੇ ਵਿੱਤੀ ਪੱਖੋਂ ਬਹੁਤ ਹੌਲੇ ਹੋਣ' ਦਾ ਕਾਰਨ ਇਹ ਸਾਮਰਾਜੀ ਵਿਕਾਸ ਨਜ਼ਰ ਨਹੀਂ ਆਉਂਦਾ ਸਗੋਂ ਉਹ ਇਸ ਨੂੰ ਕਿਸੇ ਅਖੌਤੀ ਜਮਹੂਰੀ ਲਹਿਰ ਦੇ ਕਮਜ਼ੋਰ ਹੋਣ ਦੇ ਗੱਲ ਮੜ੍ਹ ਦਿੰਦੇ ਹਨ। ਜਦੋਂਕਿ ਇਸ ਦਹਾਕੇ ਵਿਚ ਜਮਹੂਰੀ ਲਹਿਰ ਦੀ ਅਗਵਾਈ ਸਿਰਫ ਤੇ ਸਿਰਫ ਸ਼੍ਰੋਮਣੀ ਅਕਾਲੀ ਦਲ ਕਰ ਰਿਹਾ ਸੀ, ਜਿਹੜਾ 'ਅਨੰਦਪੁਰ ਦੇ ਮਤੇ' ਦੀ ਪ੍ਰਾਪਤੀ ਲਈ ਜੂਝ ਰਿਹਾ ਸੀ ਅਤੇ ਜਿਸ ਦਾ ਸਿੱਟਾ ਕੇਂਦਰ ਦੀ ਤਾਨਾਸ਼ਾਹ ਇੰਦਰਾ ਗਾਂਧੀ ਸਰਕਾਰ ਵਲੋਂ ਕੀਤੇ ਸਾਕਾ ਨੀਲਾ ਤਾਰਾ ਅਤੇ ਸਿੱਖ ਨਸਲਕੁਸ਼ੀ ਦੇ ਰੂਪ ਵਿਚ ਨਿਕਲਿਆ ਅਤੇ ਜਿਸਨੇ ਸਮੁੱਚੇ ਪੰਜਾਬ ਨੂੰ 15 ਸਾਲ ਅੱਗ ਦੀ ਭੱਠੀ ਵਿਚ ਝੋਕੀ ਰੱਖਿਆ। ਡਾ. ਗਿੱਲ ਇਸ ਜੱਦੋਜਹਿਦ ਨੂੰ ਕਿਸੇ ਅਖੌਤੀ ਜਮਹੂਰੀ ਲਹਿਰ ਦੀ ਕਮਜ਼ੋਰੀ ਵਿਚ ਵੇਖਦੇ ਹਨ।

ਅਸਲ ਵਿਚ ਡਾ. ਗਿੱਲ ਵਰਗੇ ਅਖੌਤੀ ਖੱਬੇਪੱਖੀ ਬੁੱਧੀਜੀਵੀਆਂ ਦੀ ਇਹੀ ਤ੍ਰਾਸਦੀ ਹੈ। ਉਹ ਹਕੀਕਤ ਨੂੰ ਸਿਰ ਪਰਨੇ ਖੜ੍ਹਾ ਕਰ ਦੇਂਦੇ ਹਨ ਅਤੇ ਆਨੇ-ਬਹਾਨੇ ਸਰਕਾਰੀ ਟਾਊਟਗਿਰੀ ਦਾ ਪੱਲਾ ਨਹੀਂ ਛੱਡਦੇ। ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਇਹ ਸਮਝ ਨਹੀਂ ਆਉਂਦਾ ਕਿ ਕਿਉਂ 80ਵਿਆਂ ਤੋਂ ਬਾਅਦ ਸਰਕਾਰਾਂ ਟੈਕਸਾਂ ਰਾਹੀਂ ਪਹਿਲਾਂ ਵਾਂਗ ਪੈਸਾ ਇਕੱਠਾ ਕਰਨ ਦੀ ਬਜਾਏ ਕੇਂਦਰੀ ਸਰਕਾਰ ਤੋਂ ਕਰਜ਼ੇ ਲੈ ਕੇ ਆਪਣਾ ਕੰਮ ਕਰਨ ਲੱਗ ਪਈਆਂ ਅਤੇ ਇਸ ਕਰਜ਼ੇ ਦੇ ਭਾਰ ਹੇਠ ਦੱਬ ਗਈਆਂ। ਅਸਲ ਵਿਚ ਇਹ ਕਰਜ਼ਾ ਵੀ ਅੰਦਰੂਨੀ ਬਸਤੀਵਾਦ ਦੀ ਉੱਭਰਵੀਂ ਮਿਸਾਲ ਹੈ। ਕੇਂਦਰੀ ਦਲਾਲ ਹਾਕਮ ਆਲਮੀ ਸਾਮਰਾਜੀ ਅਦਾਰਿਆਂ ਤੋਂ ਘੱਟ ਵਿਆਜ (2-3 ਫੀਸਦੀ) ਉੱਤੇ ਕਰਜ਼ਾ ਲੈ ਕੇ ਉਸਨੂੰ ਅੱਗੋਂ ਸੂਬਿਆਂ ਨੂੰ ਵੱਧ ਵਿਆਜ (7-8 ਫੀਸਦੀ ਅਤੇ ਕਦੇ-ਕਦੇ 10-11 ਫੀਸਦੀ ਵੀ) ਉੱਤੇ ਕਰਜ਼ੇ ਦੇ ਰੂਪ ਵਿਚ ਦਿੰਦੇ ਹਨ। ਅੱਜ ਕਰਜ਼ਿਆਂ ਦੀ ਅਦਾਇਗੀ ਲਈ ਪੰਜਾਬ ਦੇ ਬਜਟ ਦਾ ਖਰਚਿਆ ਜਾ ਰਿਹਾ 30 ਫੀਸਦੀ ਹਿੱਸਾ ਵੀ ਅਸਲ ਵਿਚ ਅੰਦਰੂਨੀ ਬਸਤੀਵਾਦੀ ਲੁੱਟ ਦੀ ਇਕ ਮਿਸਾਲ ਹੀ ਹੈ।

ਹਕੀਕਤ ਵਿਚ ਪੰਜਾਬ ਦੀ ਮੰਦਹਾਲੀ ਦਾ ਕਾਰਨ ਪੰਜਾਬ ਦੇ ਲੋਕਾਂ ਕੋਲੋਂ ਟੈਕਸਾਂ ਦੀ ਕੀਤੀ ਜਾ ਰਹੀ ਘੱਟ ਉਗਰਾਹੀ ਨਹੀਂ ਸਗੋਂ ਤੀਹਰੀ ਲੁੱਟ ਦਾ ਸ਼ਿਕਾਰ ਪੰਜਾਬ ਦੇ ਲੋਕ ਸਰਕਾਰ ਨੂੰ ਹੋਰ ਟੈਕਸ ਦੇਣ ਦੀ ਹਾਲਤ ਵਿਚ ਹੀ ਨਹੀਂ ਹਨ। ਇਸ ਲਈ ਡਾ. ਗਿੱਲ ਵਲੋਂ ਸੁਝਾਇਆ ਇਹ ਨੁਸਖਾ ਕਿ 'ਸੂਬੇ ਦੇ ਅਮੀਰ ਪੇਂਡੂ ਅਤੇ ਸ਼ਹਿਰੀ ਲੋਕਾਂ ਉੱਪਰ ਟੈਕਸ ਦਾ ਲੋੜੀਂਦਾ ਬੋਝ ਵਧਾਉਣ ਦੀ ਜ਼ਰੂਰਤ ਹੈ' ਅਸਲੋਂ ਹੀ ਹਾਸੋਹੀਣਾ ਅਤੇ ਥੋਥਾ ਹੈ। ਕਿਉਂਕਿ ਸਾਮਰਾਜੀ ਸਰਮਾਇਆ ਇਹ ਗੱਲ ਜਾਣਦਾ ਹੈ ਕਿ ਜੇ ਇਹ ਟੈਕਸ ਵਧਾਏ ਜਾਂਦੇ ਹਨ ਤਾਂ ਉਸ ਦਾ ਖਪਤਕਾਰੀ ਆਧਾਰ ਹੋਰ ਸੁੰਗੜ ਜਾਏਗਾ ਤੇ ਇਹ ਮੋੜਵੇਂ ਰੂਪ 'ਚ ਸਰਮਾਏਦਾਰੀ ਵਿਕਾਸ ਨੂੰ ਮਾੜੇ ਰੁਖ ਪ੍ਰਭਾਵਿਤ ਕਰੇਗਾ।

ਇਹ ਕਿਸ ਕਿਸਮ ਦੇ ਅਰਥਸ਼ਾਸਤਰੀ ਜਾਂ ਵਿਦਵਾਨ ਹਨ, ਜਿਹੜੇ ਆਪਣੇ ਨੱਕ ਤੋਂ ਅੱਗੇ ਨਹੀਂ ਵੇਖ ਸਕਦੇ? ਅੱਜ ਜਦੋਂ ਦੁਨੀਆ ਭਰ ਵਿਚ



ਇਹ ਚਰਚਾ ਜ਼ੋਰਾਂ ਉੱਤੇ ਹੈ ਅਤੇ ਲੱਗਭੱਗ ਸਾਰੇ ਹੀ ਸਿਆਣੇ ਲੋਕ ਇਸ ਰਾਇ ਬਾਰੇ ਇਕਮੱਤ ਹਨ ਕਿ ਮੌਜੂਦਾ ਸਾਮਰਾਜੀ ਤਰਜ਼ ਦਾ ਵਿਕਾਸ ਜਾਰੀ ਰੱਖਣਾ ਅਸੰਭਵ ਹੈ ਤੇ ਹੁਣ ਜਦੋਂ ਕੁਦਰਤ ਨੇ ਹੀ ਇਸ ਤਰਜ਼ ਦੇ ਵਿਕਾਸ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਹਨ, ਉਦੋਂ ਵੀ ਡਾ. ਗਿੱਲ ਉਸੇ ਤਰਜ਼ ਦੇ ਵਿਕਾਸ ਨੂੰ ਅੱਗੇ ਤੋਰਨ ਦੀਆਂ ਨਸੀਹਤਾਂ ਕਰ ਰਹੇ ਹਨ ਜਿਸ ਵਿਕਾਸ ਨੇ ਨਾ ਸਿਰਫ ਪੰਜਾਬ ਦੇ ਕੁਦਰਤੀ ਸੋਮਿਆਂ ਦਾ ਉਜਾੜਾ ਕੀਤਾ ਹੈ ਸਗੋਂ ਰੂਹਾਨੀਅਤ ਪੱਖੋਂ ਅਮੀਰ ਪੰਜਾਬ ਦੇ ਲੋਕਾਂ ਨੂੰ ਰੂਹਾਨੀਅਤ ਤੋਂ ਦੂਰ ਕਰ ਦਿੱਤਾ ਹੈ।

ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦਾ ਜਿਹੜਾ ਵਿਕਾਸ ਦਿਸਦਾ ਹੈ ਇਹ ਪੰਜਾਬ ਦੇ ਕੁਦਰਤੀ ਸੋਮਿਆਂ ਤੇ ਮਿਹਨਤੀ ਲੋਕਾਂ ਦੇ ਉਜਾੜੇ ਦੀ ਕੀਮਤ 'ਤੇ ਹੋਇਆ ਹੈ। ਅੱਜ ਪੰਜਾਬ ਦਾ ਪਾਣੀ ਲੁੱਟਿਆ ਜਾ ਚੁੱਕਾ ਹੈ, ਜਰਖੇਜ਼ ਭੋਇੰ ਨਸ਼ਈ ਹੋ ਗਈ ਹੈ ਜਿਹੜੀ ਰਸਾਇਣਕ ਖਾਦਾਂ ਤੋਂ ਬਿਨਾ ਝਾੜ ਨਹੀਂ ਦਿੰਦੀ ਅਤੇ ਮਿਹਨਤੀ ਲੋਕ ਕੰਮਚੋਰ ਅਤੇ ਨਿਕੰਮੇ ਬਣਾ ਦਿੱਤੇ ਗਏ ਹਨ। ਪੰਜਾਬ ਦੀ ਖੇਤੀ ਵਿਚ ਆਈ ਖੜੋਤ ਅਤੇ ਝਾੜਾਂ ਵਿਚ ਵਾਧਾ ਨਾ ਹੋਣ ਦਾ ਕਾਰਨ ਵੀ ਇਹ ਸਾਮਰਾਜੀ ਤਰਜ਼ ਦੀ ਖੇਤੀ ਹੀ ਹੈ। ਰਸਾਇਣਕ ਖਾਦਾਂ ਨਾਲ ਨਸ਼ਈ ਹੋਈ ਜ਼ਮੀਨ ਦੀ ਵੀ ਇਕ ਸੀਮਾ ਹੈ। ਇਸ ਸੀਮਾ ਤੋਂ ਅਗਾਂਹ ਲੰਘਿਆਂ ਧਰਤੀ ਦੇ ਬੰਜਰ ਹੋਣ ਵਿਚ ਹੀ ਨਿਕਲੇਗਾ। ਲੋਕਾਂ ਦੇ ਨਿਕੰਮੇਪਣ ਅਤੇ ਮਿਹਨਤੀ ਸੁਭਾਅ ਦੇ ਉਲਟ ਕੰਮਚੋਰੀ ਦਾ ਜ਼ਿੰਮੇਵਾਰ ਇਸ ਅਖੌਤੀ ਵਿਕਾਸ ਦੇ ਨਾਲ ਆਇਆ ਸਾਮਰਾਜੀ ਸੱਭਿਆਚਾਰ ਹੈ ਜਿਸਨੇ ਪੰਜਾਬ ਦੇ ਲੋਕਾਂ ਨੂੰ ਹਕੀਕਤ ਤੇ ਗੁਰੂ ਸਾਹਿਬਾਨ ਦੇ ਅਮੀਰ ਸੱਭਿਆਚਾਰ ਤੋਂ ਤੋੜ ਕੇ ਕੱਖੋਂ ਹੌਲੇ ਕਰ ਦਿੱਤਾ ਹੈ ਜਾਂ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਮਾਨਸਿਕ ਰੋਗੀ ਬਣਾਉਣ ਵੱਲ ਤੋਰਿਆ ਹੋਇਆ ਹੈ। ਇਸ ਤਰਜ਼ ਦੇ ਵਿਕਾਸ ਨੂੰ ਜਾਰੀ ਰੱਖਣਾ ਪੰਜਾਬ ਦਾ ਆਤਮ ਹੱਤਿਆ ਕਰਨ ਵੱਲ ਵੱਧਣਾ ਹੈ।

ਅੱਜ ਪੰਜਾਬ ਨੂੰ ਬਦਲਵੇਂ ਵਿਕਾਸ ਮਾਡਲ ਦੀ ਲੋੜ ਹੈ, ਜਿਹੜਾ ਕੁਦਰਤ ਨਾਲ ਇਕਸੁਰ ਹੁੰਦਾ ਹੋਇਆ, ਮਨੁੱਖ ਨੂੰ ਅਸਲੀ ਆਜ਼ਾਦੀ ਦੇ ਅਰਥ ਸਮਝਾਵੇ, ਜਾਤ-ਪਾਤ ਰਹਿਤ ਸਰਬਸਾਂਝੀਵਾਲਤਾ ਦਾ ਭਾਈਚਾਰਾ ਉਸਾਰੇ ਅਤੇ ਪੰਜਾਬ ਦੇ ਕੁਦਰਤੀ ਸੋਮਿਆਂ ਦੀ ਰਾਖੀ ਕਰਦਾ ਹੋਇਆ ਨੌਜਵਾਨਾਂ ਨੂੰ ਰੁਜ਼ਗਾਰ ਦੇ ਅਸਲੀ ਅਰਥ ਦੱਸੇ। ਕੱਖੋਂ ਹੌਲੇ ਸਾਮਰਾਜੀ ਵਿੱਦਿਅਕ ਪ੍ਰਬੰਧ ਦਾ ਵਿਰੋਧ ਕਰਦਾ ਹੋਇਆ 'ਵਿੱਦਿਆ ਵਿਚਾਰੀ ਪਰਉਪਕਾਰੀ' ਦੇਣ ਦਾ ਪ੍ਰਬੰਧ ਕਰੇ। ਮਾਨਸਿਕ ਅਤੇ ਸਰੀਰਕ ਪੱਖੋਂ ਰੋਗੀ ਪੀੜ੍ਹੀਆਂ ਦਾ ਇਲਾਜ ਕਰਨ ਦੀ ਬਜਾਏ ਮਾਨਸਿਕ ਤੌਰ 'ਤੇ ਤੰਦਰੁਸਤ ਅਤੇ ਸਿਹਤਮੰਦ ਪੀੜ੍ਹੀਆਂ ਦੇ ਪੈਦਾ ਹੋਣ ਦੇ ਹਾਲਾਤ ਪੈਦਾ ਕਰੇ।

ਪੰਜਾਬ ਦੇ ਬਦਲਵੇਂ ਵਿਕਾਸ ਮਾਡਲ ਦਾ ਧੁਰਾ ਪਿੰਡਨੁਮਾ ਕਸਬੇ ਜਾਂ ਪੇਂਡੂ ਕਸਬੇ ਹੋਣੇ ਚਾਹੀਦੇ ਹਨ। ਇਸ ਵਿਕਾਸ ਦੀ ਬੁਨਿਆਦ ਖੇਤੀਬਾੜੀ ਤੇ ਇਸ ਨਾਲ ਜੁੜੀ ਸਨਅਤਕਾਰੀ ਹੋਵੇ। ਰਸਾਇਣਕ ਖੇਤੀ ਨੂੰ ਮੁੜ ਤੋਂ ਕੁਦਰਤੀ ਖੇਤੀ ਵੱਲ ਤੋਰਨਾ ਪਵੇਗਾ। ਫਸਲਾਂ ਦੀ ਬਿਜਾਈ ਪੰਜਾਬ ਦੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਅਨੁਸਾਰ ਹੋਣੀ ਚਾਹੀਦੀ ਹੈ। ਹੌਲੀ-ਹੌਲੀ ਅਖੌਤੀ ਵਪਾਰਕ ਖੇਤੀ ਤੇ ਝੋਨੇ ਦੀ ਫਸਲ ਦਾ ਬੀਜਿਆ ਜਾਣਾ ਘਟਾਉਣਾ ਪਵੇਗਾ। ਨੌਜਵਾਨਾਂ ਨੂੰ ਰੁਜ਼ਗਾਰ ਦਾ ਅਸਲੀ ਮੰਤਵ ਸਮਝਾਉਣਾ ਪਵੇਗਾ। ਰੁਜ਼ਗਾਰ ਦਾ ਮਤਲਬ ਬੁਨਿਆਦੀ ਕੁਦਰਤੀ ਲੋੜਾਂ ਪੂਰੀਆਂ ਕਰਨ ਲਈ ਵਸੀਲੇ ਜੁਟਾਉਣਾ ਹੋਣਾ ਚਾਹੀਦਾ ਹੈ। ਸੌਖੇਰੀ ਹੱਥੀਂ ਕਿਰਤ ਕਰਨਾ ਮਨੁੱਖ ਦੀ ਮਾਨਸਿਕ ਤੇ ਸਰੀਰਕ ਲੋੜ ਹੈ। ਲੱਖਾਂ ਰੁਪਏ ਦੇ ਸਾਲਾਨਾ ਠੇਕੇ (ਪੈਕੇਜ) ਵਾਲੀਆਂ ਚਿੱਟਕੱਪੜੀਆ ਵਿਹਲੜ ਰਹਿਣ ਵਾਲੀਆਂ ਨੌਕਰੀਆਂ ਪ੍ਰਾਪਤ ਕਰਨ ਦੀ ਲਾਲਸਾ ਰੁਜ਼ਗਾਰ ਲੱਭਣ ਦੇ ਨਾਂ 'ਤੇ ਕੀਤਾ ਜਾ ਰਿਹਾ ਵੱਡਾ ਫਰੇਬ ਹੈ।

ਵਿੱਦਿਆ ਦਾ ਮਤਲਬ ਕੰਪਿਊਟਰੀ ਜਾਣਕਾਰੀ ਦਾ ਹੜ੍ਹ ਵਗਾਉਣਾ ਨਹੀਂ ਜਾਂ ਬੱਚਿਆਂ ਨੂੰ ਬੇਲੋੜੀ ਜਾਣਕਾਰੀ ਰਟਾਉਣਾ ਨਹੀਂ ਸਗੋਂ ਇਸ ਜਾਣਕਾਰੀ ਨੂੰ ਜਜ਼ਬ ਕਰਨ ਅਤੇ ਆਪਣੇ ਅਨੁਭਵਾਂ ਦੀ ਸਾਣ 'ਤੇ ਲਾ ਕੇ ਇਸ ਦੀ ਪਰਖ ਕਰਨ ਦੀ ਜਾਚ ਸਿਖਾਉਣਾ ਹੈ ਤਾਂ ਕਿ ਬੱਚੇ ਦੇ ਅਨੁਭਵੀ ਗਿਆਨ ਵਿਚ ਵਾਧਾ ਹੋਵੇ ਤੇ ਮਨੁੱਖ ਦਿਨੋ-ਦਿਨ ਹੋਰ ਜਾਣਕਾਰ ਨਹੀਂ ਸਗੋਂ ਸਿਆਣਾ ਬਣੇ।

ਸਿਹਤ ਦਾ ਮਤਲਬ ਬਿਮਾਰੀਆਂ ਦਾ ਇਲਾਜ ਕਰਨਾ ਹੀ ਨਹੀਂ ਸਗੋਂ ਮਾਨਸਿਕ ਤੇ ਸਰੀਰਕ ਤੌਰ 'ਤੇ ਤੰਦਰੁਸਤ ਰਹਿਣਾ ਹੈ। ਸਾਮਰਾਜੀ ਸਰਮਾਏਦਾਰੀ ਵੱਲੋਂ ਪ੍ਰਚਾਰੇ ਜਾਂਦੇ ਸਿਹਤ ਕੇਂਦਰਾਂ (ਜ਼ਿੰਮਾ) ਵਿਚ ਜਾ ਕੇ ਸਰੀਰਾਂ ਨੂੰ ਰਗੜੇ ਲਾਉਣ ਦੀ ਥਾਂ ਹੱਥੀਂ ਕਿਰਤ ਕਰਕੇ ਸਰੀਰ ਨੂੰ ਕਮਾਉਣਾ ਵੱਧ ਮਨੁੱਖੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀ ਮਨੁੱਖੀ ਜੀਵਨ ਜਾਚ ਅਤੇ ਮਾਰਕਸ-ਏਂਗਲਜ਼ ਦੇ ਅਨੁਭਵਾਂ 'ਚ ਤਰਾਸ਼ਿਆ ਕਮਿਊਨਿਜ਼ਮ ਇਸ ਵਿਕਾਸ ਮਾਡਲ ਦੀ ਪੁਸ਼ਟੀ ਕਰਦਾ ਹੈ।

# ਸੋਹਣੀ ਤਸਵੀਰ ਦਾ ਮੁੱਲ

*ਪੰਜਾਬੀ ਸਾਹਿਤਕ ਤ੍ਰੈਮਾਸਕ ਸਿਰਜਣਾ ਦੇ ਸੰਪਾਦਕ ਡਾ. ਰਘਬੀਰ ਸਿੰਘ ਨੂੰ ਪਿਛਲੇ ਦਿਨੀਂ ਇਸ ਸਾਲ ਦੇ ਸ਼ਿਰੋਮਣੀ ਸਾਹਿਤਕ ਪਤਰਕਾਰ ਵਜੋਂ ਸਨਮਾਨਤ ਕਰਨ ਦਾ ਫੈਸਲਾ ਲਿਆ ਗਿਆ ਹੈ। ਪੰਜਾਬ ਸਰਕਾਰ ਵਲੋਂ ਇਹ ਪੁਰਸਕਾਰ ਇਸੇ ਸਾਲ ਸ਼ੁਰੂ ਕੀਤਾ ਗਿਆ ਹੈ। ਇਸ ਪੁਰਸਕਾਰ ਦੀ ਰਾਸ਼ੀ ਢਾਈ ਲੱਖ ਰੁਪਏ ਹੈ। ਸ. ਕਰਤਾਰ ਸਿੰਘ ਦੁੱਗਲ ਨੂੰ ਇਸ ਸਾਲ ਦੇ ਸ਼ਿਰੋਮਣੀ ਸਾਹਿਤਕਾਰ ਵਜੋਂ ਚੁਣਿਆ ਗਿਆ ਹੈ। ਇਹ ਪੁਰਸਕਾਰ ਇਸ ਸਾਲ ਮਾਰਚ ਵਿਚ ਇਕ ਸਮਾਗਮ ਦੌਰਾਨ ਪ੍ਰਦਾਨ ਕੀਤੇ ਜਾਣਗੇ। ਸ੍ਰੀ ਰਘਬੀਰ ਸਿੰਘ ਨੂੰ ਇਹ ਪੁਰਸਕਾਰ ਤੇ ਸਨਮਾਨ ਉਨ੍ਹਾਂ ਦੀਆਂ ਸਾਹਿਤਕ ਪੱਤਰਕਾਰੀ ਹਿੱਤ ਕੀਤੀਆਂ ਅਣਥੱਕ ਘਾਲਣਾਵਾਂ ਕਾਰਨ ਦਿੱਤਾ ਜਾ ਰਿਹਾ ਹੈ। ਉਹ ਪਿਛਲੇ ਕੋਈ ਚਾਲੀ-ਪੰਤਾਲੀ ਸਾਲਾਂ ਤੋਂ ਪੰਜਾਬੀ ਦੇ ਮਿਆਰੀ ਸਾਹਿਤਕ ਤ੍ਰੈਮਾਸਿਕ 'ਸਿਰਜਣਾ' ਦਾ ਸੰਪਾਦਨ ਕਰ ਰਹੇ ਹਨ ਜਿਸ ਦੇ ਹੁਣ ਤੱਕ 155 ਅੰਕ ਪ੍ਰਕਾਸ਼ਤ ਹੋ ਚੁੱਕੇ ਹਨ। ਸੰਪਾਦਨ ਦਾ ਇਹ ਕਾਰਜ ਉਹ ਬਿਨਾ ਕਿਸੇ ਸੰਸਥਾਈ ਅਤੇ ਮਾਇਕ ਸਹਾਇਤਾ ਦੇ ਨੰਗੇ ਧੜ ਕਰਦੇ ਆ ਰਹੇ ਹਨ। ਉਨ੍ਹਾਂ ਇਹ ਪਰਚਾ ਆਪਣੇ ਕੁਝ ਦੋਸਤਾਂ ਨਾਲ ਰਲ ਕੇ ਪਿਛਲੀ ਸਦੀ ਦੇ ਸੱਠਵਿਆਂ ਦੌਰਾਨ ਪੰਜਾਬੀ ਸਾਹਿਤ ਵਿਚ ਪ੍ਰਗਤੀਵਾਦੀ ਧਾਰਾ ਬਲਵਾਨ ਕਰਨ ਦੇ ਇਰਾਦੇ ਨਾਲ ਸ਼ੁਰੂ ਕੀਤਾ ਸੀ। ਇਸ ਮਨੋਰਥ ਵਿਚ ਉਹ ਚੋਖੇ ਸਫ਼ਲ ਹੋਏ ਹਨ। ਇਸ ਅਰਸੇ ਦੌਰਾਨ ਉਨ੍ਹਾਂ ਪੰਜਾਬੀ ਦੇ ਬੇਸ਼ੁਮਾਰ ਆਲੋਚਕ, ਲੇਖਕ ਤੇ ਬੁਧੀਜੀਵੀ ਇਸ ਪਰਚੇ ਨਾਲ ਜੋੜੇ ਹਨ ਤੇ ਅਨੇਕਾਂ ਨਵੇਂ ਪੈਦਾ ਕੀਤੇ ਹਨ। ਸਿਰਜਣਾ ਮੈਗਜ਼ੀਨ ਨੂੰ ਅੱਜ ਪੰਜਾਬੀ ਜਗਤ ਵਿਚ ਚੋਖੀ ਪ੍ਰਤਿਸਠਾ ਤੇ ਮਾਨਤਾ ਹਾਸਿਲ ਹੈ। ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਪ੍ਰੋਫੈਸਰ ਰਹਿ ਚੁੱਕੇ ਹਨ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ ਵੀ ਨਿਭਾਉਂਦੇ ਰਹੇ ਹਨ। ਉਹ ਆਪਣੇ ਵਿਦਿਆਰਥੀਆਂ ਵਿਚ ਬੜੇ ਹਰਮਨ ਪਿਆਰੇ ਅਧਿਆਪਕ ਸਨ ਤੇ ਉਨ੍ਹਾਂ ਨਾਲ ਨਿਕਟ ਅਤੇ ਮਿਤਰਤਾ ਵਾਲੇ ਸੰਬੰਧ ਬਣਾ ਲੈਂਦੇ ਸਨ। ਉਨ੍ਹਾਂ ਦੀ ਸ਼ਖਸੀਅਤ ਅਤੇ ਉਨ੍ਹਾਂ ਦੀ ਸਾਦਗੀ 'ਤੇ ਝਾਤੀ ਪੁਆਉਂਦਾ ਇਹ ਲੇਖ ਉਨ੍ਹਾਂ ਦੀ ਇਕ ਪ੍ਰਸ਼ੰਸਕ ਨੇ ਲਿਖਿਆ ਹੈ ਜੋ ਅਸੀਂ ਵਧਾਈ ਵਜੋਂ ਛਾਪਣ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ*

## ਵਿਚਲੀ ਗੱਲ

**ਅਰਵਿੰਦਰ ਜੌਹਲ**

ਸਵੇਰੇ ਉਠ ਕੇ ਚਾਹ ਦਾ ਘੁੱਟ ਭਰਦਿਆਂ ਅਖਬਾਰਾਂ ਖੋਲ੍ਹੀਆਂ ਹੀ ਸਨ ਕਿ ਕਰਤਾਰ ਸਿੰਘ ਦੁੱਗਲ ਅਤੇ ਹੋਰਾਂ ਦੇ ਨਾਲ ਡਾ. ਰਘਬੀਰ ਸਿੰਘ ਸਿਰਜਣਾ ਦੀ ਤਸਵੀਰ ਨਜ਼ਰੀਂ ਪਈ। ਭਾਸ਼ਾ ਵਿਭਾਗ ਵਲੋਂ ਐਲਾਨੇ ਗਏ ਸਾਲਾਨਾ ਇਨਾਮ ਜੇਤੂਆਂ ਵਿਚ ਉਨ੍ਹਾਂ ਦਾ ਨਾਂ ਵੀ ਸ਼ਾਮਲ ਸੀ। ਡਾ. ਰਘਬੀਰ ਨੂੰ ਇਹ ਐਵਾਰਡ ਸਾਹਿਤਕ ਪੱਤਰਕਾਰੀ ਦੇ ਖੇਤਰ ਵਿਚ ਉਨ੍ਹਾਂ ਦੀ ਸਾਢੇ ਚਾਰ ਦਹਾਕਿਆਂ ਦੀ ਲੰਬੀ ਘਾਲਣਾ ਲਈ ਦਿੱਤਾ ਜਾ ਰਿਹਾ ਹੈ।

ਜ਼ਿਆਦਾਤਰ ਖਾਮੋਸ਼ ਰਹਿਣ ਵਾਲੇ ਅਤੇ ਸੰਗਾਊ ਤਬੀਅਤ ਦੇ ਡਾ. ਰਘਬੀਰ ਦੀ ਤਸਵੀਰ ਦੇਖਦਿਆਂ ਹੀ ਮੇਰੇ ਮਨ 'ਚ ਇਸ ਸੁਆਲ ਨੇ ਖੌਰੂ ਪਾਉਣਾ ਸ਼ੁਰੂ ਕਰ ਦਿੱਤਾ ਕਿ ਕਿਤੇ ਇਹ ਤਸਵੀਰ 'ਉਸੇ ਪੋਰਟਰੇਟ' ਦੀ ਪਰੂਫ ਫੋਟੋ ਤਾਂ ਨਹੀਂ ਜਿਸ ਲਈ ਉਹ ਬੜਾ ਬਣ-ਠਣ ਕੇ ਚੰਡੀਗੜ੍ਹ ਦੇ ਸਭ ਤੋਂ ਮੰਨੇ-ਪ੍ਰਮੰਨੇ ਫੋਟੋ ਸਟੂਡੀਓ 'ਚ ਆਪਣੀ ਬੀਵੀ ਸੁਲੇਖਾ ਨਾਲ ਗਏ ਸਨ। ਸਮਾਜਕ ਸਮਾਰੋਹਾਂ 'ਚ ਅਕਸਰ ਕੈਮਰੇ ਤੋਂ ਅੱਖ ਬਚਾਉਣ ਵਾਲੇ ਡਾ. ਰਘਬੀਰ ਜੇ ਇਸ ਉਮਰੇ ਫੋਟੋ ਸਟੂਡੀਓ ਦੇ ਰਾਹ ਪਏ ਸਨ ਤਾਂ ਆਖਰ ਕੋਈ ਗੱਲ ਤਾਂ ਹੈ ਸੀ। ਹੋਇਆ ਇਹ ਕਿ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਾਲਿਆਂ ਨੇ ਡਾ. ਰਘਬੀਰ ਤੋਂ ਉਨ੍ਹਾਂ ਦੀ ਇਕ ਵੱਡੀ ਤਸਵੀਰ ਮੰਗੀ ਤਾਂ ਜੋ ਵਿਭਾਗ ਦੇ ਹੋਰਨਾਂ ਰਿਟਾਇਰਡ ਮੁਖੀਆਂ ਦੇ ਨਾਲ ਉਨ੍ਹਾਂ ਦੀ ਤਸਵੀਰ ਵੀ ਕੰਧ 'ਤੇ ਟੰਗੀ ਜਾ ਸਕੇ। ਉਨ੍ਹਾਂ ਦਫਤਰੀ ਅਮਲੇ ਨੂੰ ਸਲਾਹ ਦਿੱਤੀ ਕਿ ਉਨ੍ਹਾਂ ਦੀ ਤਸਵੀਰ ਕੰਧ 'ਤੇ ਟੰਗਣ ਦਾ ਖਿਆਲ ਤਾਂ ਉਹ ਮਨੋਂ ਕੱਢ ਹੀ ਦੇਣ ਕਿਉਂਕਿ ਉਨ੍ਹਾਂ ਕੋਲ ਆਪਣੀ ਵੱਡੀ ਸਾਰੀ ਫੋਟੋ ਤਾਂ ਕੀ ਕੋਈ ਨਿੱਕੀ-ਮੋਟੀ ਫੋਟੋ ਵੀ ਨਹੀਂ ਹੈ ਕਿਉਂਕਿ ਉਨ੍ਹਾਂ ਤਾਂ ਜ਼ਿੰਦਗੀ 'ਚ ਅਜਿਹੀਆਂ ਫੋਟੋਆਂ ਖਿਚਵਾਈਆਂ ਹੀ ਨਹੀਂ। ਪਰ ਵਿਭਾਗ ਵਾਲੇ ਕਿੱਥੇ ਮੰਨਦੇ। ਉਨ੍ਹਾਂ ਤਾਂ ਕਾਲਕ੍ਰਮ ਅਨੁਸਾਰ ਆਪਣੇ ਸਾਰੇ ਮੁਖੀਆਂ ਦੀਆਂ ਤਸਵੀਰਾਂ ਕੰਧ 'ਤੇ ਸਜਾਉਣੀਆਂ ਸਨ। ਉਨ੍ਹਾਂ ਡਾ. ਰਘਬੀਰ ਨੂੰ ਕਿਹਾ ਕਿ ਫੋਟੋ ਖਿਚਵਾਉਣੀ ਕਿਹੜੀ ਕੁੰਭ ਦਾ ਮੇਲਾ ਹੈ ਜੋ ਇਕ ਵਾਰੀ ਲੰਘਿਆ 12 ਸਾਲ ਬਾਅਦ ਆਉਂਦਾ ਹੈ। ਜੇ ਜ਼ਿੰਦਗੀ 'ਚ ਪਹਿਲਾਂ ਅਜਿਹੀ ਫੋਟੋ ਨਹੀਂ ਖਿਚਵਾਈ ਤਾਂ ਕੀ ਹੋਇਆ ਹੁਣ ਖਿਚਵਾ ਲੈਣ। ਕੰਧ 'ਤੇ ਰੱਖੀ ਉਸ ਖਾਲੀ ਥਾਂ ਲਈ ਆਖਰ ਇਹ ਕੌੜਾ ਘੁੱਟ ਤਾਂ ਉਨ੍ਹਾਂ ਨੂੰ ਭਰਨਾ ਹੀ ਪੈਣਾ ਸੀ।

ਘਰ ਆ ਕੇ ਉਨ੍ਹਾਂ ਬੀਵੀ ਨਾਲ ਆਪਣੀ ਪ੍ਰੇਸ਼ਾਨੀ ਸਾਂਝੀ ਕੀਤੀ। ਬੀਵੀ ਨੇ ਹੌਂਸਲਾ ਦਿੰਦਿਆਂ ਕਿਹਾ, "ਸਾਹਿਬ, ਕੋਈ ਗੱਲ ਨਹੀਂ। ਮੈਂ ਲੈ ਚੱਲਾਂਗੀ ਤੁਹਾਨੂੰ ਆਪਣੇ ਨਾਲ।" ਸੁਲੇਖਾ ਵਲੋਂ ਡਾ. ਰਘਬੀਰ ਨੂੰ ਹਮੇਸ਼ਾ 'ਸਾਹਿਬ' ਕਹਿ ਕੇ ਹੀ ਸੰਬੋਧਨ ਕੀਤਾ ਜਾਂਦਾ ਹੈ। ਅਗਲੇ ਹੀ ਦਿਨ ਸੁਲੇਖਾ, ਡਾ. ਰਘਬੀਰ ਨੂੰ ਘਰੋਂ ਪੂਰਾ ਸਜਾ ਕੇ ਚੰਡੀਗੜ੍ਹ ਦੇ ਸਭ ਤੋਂ ਮੰਨੇ-ਪ੍ਰਮੰਨੇ ਫੋਟੋ ਸਟੂਡੀਓ 'ਚ ਲੈ ਗਈ। ਉਥੇ ਜਾ ਕੇ ਡਾ. ਰਘਬੀਰ ਨੇ ਦੱਸਿਆ ਕਿ ਉਨ੍ਹਾਂ ਨੇ 'ਪੋਰਟਰੇਟ' ਬਣਵਾਉਣਾ ਹੈ। ਉਨ੍ਹਾਂ ਮੂੰਹੋਂ 'ਪੋਰਟਰੇਟ' ਲਫਜ਼ ਨਿਕਲਣ ਦੀ ਦੇਰ ਸੀ ਕਿ ਸਟੂਡੀਓ ਵਾਲਿਆਂ ਨੇ ਬਹੁਤ ਹੀ ਆਦਰ-ਮਾਣ ਨਾਲ ਉਨ੍ਹਾਂ ਦੋਹਾਂ ਨੂੰ ਬਾਕੀ ਗਾਹਕਾਂ ਤੋਂ ਵੱਖਰਾ ਲਿਜਾ ਕੇ ਬਿਠਾ ਦਿੱਤਾ ਅਤੇ ਵਾਰ-ਵਾਰ ਚਾਹ, ਕੌਫੀ ਅਤੇ ਠੰਢਾ ਪੁੱਛਣ ਲੱਗੇ। ਦੋਹਾਂ ਦੇ ਨਾਂਹ-ਨਾਂਹ ਕਰਨ 'ਤੇ ਵੀ ਉਨ੍ਹਾਂ ਨੇ ਕੌਫੀ ਮੰਗਵਾ ਹੀ ਲਈ। ਦੋਹੇਂ ਜੀਅ ਫੋਟੋ ਸਟੂਡੀਓ ਵਾਲਿਆਂ ਦੇ ਆਦਰ ਸਤਿਕਾਰ ਤੋਂ ਬਹੁਤ ਹੀ ਪ੍ਰਭਾਵਿਤ ਹੋਏ। ਕੌਫੀ ਖਤਮ ਹੋਣ ਬਾਅਦ ਜਦੋਂ ਫੋਟੋਗ੍ਰਾਫਰ ਨੇ ਉਨ੍ਹਾਂ ਨੂੰ ਫੋਟੋ ਖਿਚਵਾਉਣ ਲਈ ਆਖਿਆ ਤਾਂ ਉਨ੍ਹਾਂ ਬੜੇ ਆਤਮਵਿਸ਼ਵਾਸ ਨਾਲ ਕੈਮਰੇ ਨੂੰ ਕਈ ਪੋਜ਼ ਦਿੱਤੇ ਅਤੇ ਮਨ ਹੀ ਮਨ ਸੋਚਿਆ, 'ਏਡੀ ਵੀ ਕੋਈ ਔਖੀ ਗੱਲ ਨਹੀਂ ਸੀ ਐਵੇਂ ਹੀ ਸਾਰੀ ਉਮਰ ਲੰਘਾ ਦਿੱਤੀ ਕੈਮਰੇ ਦੀ ਅੱਖ ਤੋਂ ਸੰਗਦਿਆਂ।'

ਤੁਰਨ ਵੇਲੇ ਸਟੂਡੀਓ ਵਾਲਿਆਂ ਨੇ ਪੁੱਛਿਆ ਕਿ ਪੋਟਰਟਰੇਟ ਦੀਆਂ ਦੋ ਕਾਪੀਆਂ 'ਚੋਂ ਇਕ ਨੂੰ ਉਹ ਫਰੇਮ ਵੀ ਕਰ ਦੇਣ ਤਾਂ ਡਾ. ਰਘਬੀਰ ਨੇ ਫੌਰੀ ਹਾਂ ਕਰ ਦਿੱਤੀ। ਸੋਚਿਆ ਕਿ ਇਕ ਕਾਪੀ ਪਟਿਆਲੇ ਪੰਜਾਬੀ ਵਿਭਾਗ ਵਾਲਿਆਂ ਨੂੰ ਭੇਜ ਦੇਣਗੇ ਅਤੇ ਫਰੇਮ ਕੀਤੀ ਦੂਜੀ ਤਸਵੀਰ ਆਪਣੇ ਡਰਾਇੰਗ ਰੂਮ ਦੀ ਕੰਧ 'ਤੇ ਸਜਾ ਲੈਣਗੇ। ਸਟੂਡੀਓ ਵਾਲਿਆਂ ਨੇ ਅੱਠ ਸੌ ਰੁਪਏ ਮੰਗੇ ਅਤੇ ਇਕ ਪਰਚੀ ਹੱਥ ਫੜਾ ਕੇ ਇਕ ਦਿਨ ਬਾਅਦ ਫੋਟੋਆਂ ਦੇ ਪਰੂਫ ਦੇਖ ਕੇ ਉਨ੍ਹਾਂ ਵਿਚੋਂ ਪੋਰਟਰੇਟ ਲਈ ਫੋਟੋ ਸਿਲੈਕਟ ਕਰਨ ਲਈ ਕਿਹਾ। ਡਾ. ਰਘਬੀਰ ਨੂੰ ਲੱਗਿਆ ਅੱਠ ਸੌ ਰੁਪਏ ਵਿਚ ਸੌਦਾ ਕੀ ਮਾੜੈ! ਆਖਰ ਡਾ. ਹਰਚਰਨ ਸਿੰਘ, ਡਾ. ਪ੍ਰੇਮ ਪ੍ਰਕਾਸ਼ ਸਿੰਘ ਅਤੇ ਡਾ. ਦਲੀਪ ਕੌਰ ਟਿਵਾਣਾ ਜਿਹੀਆਂ ਸਖਸ਼ੀਅਤਾਂ ਦੇ ਗੁਆਂਢ ਵਿਚ ਕੰਧ ਉਤੇ 'ਲਟਕਣਾ' ਹੈ। ਬੜੇ ਹੀ ਸਕੂਨ ਨਾਲ ਦੋਹੇਂ ਜੀਅ ਘਰ ਪਰਤ ਆਏ। ਅਗਲੇ ਦਿਨ ਮਿਥੇ ਸਮੇਂ 'ਤੇ ਦੋਹੇਂ ਪੋਰਟਰੇਟ ਲਈ ਫੋਟੋ ਦੀ ਚੋਣ ਕਰਨ ਲਈ ਫੇਰ ਸਟੂਡੀਓ ਪਹੁੰਚ ਗਏ। ਸਟੂਡੀਓ ਵਾਲਿਆਂ ਦੇ ਆਦਰ-ਸਤਿਕਾਰ 'ਚ ਅੱਜ ਵੀ ਕਿਧਰੇ ਕੋਈ ਕਮੀ ਨਹੀਂ ਸੀ। ਉਨ੍ਹਾਂ ਦੋਹਾਂ ਜੀਆਂ ਨੂੰ ਅੱਠ-ਨੌਂ ਫੋਟੋਆਂ ਦਾ ਸੈੱਟ ਦਿਖਾ ਕੇ ਉਸ ਵਿਚੋਂ ਫੋਟੋ ਦੀ ਚੋਣ ਕਰਨ ਲਈ ਆਖਿਆ। ਉਨ੍ਹਾਂ ਆਪਣੀ ਪਸੰਦ ਦੱਸ ਦਿੱਤੀ।

ਤੁਰਨ ਵੇਲੇ ਸਟੂਡੀਓ ਵਾਲਿਆਂ ਨੇ ਫੋਟੋਆਂ ਦਾ ਇਕ ਸੈੱਟ ਉਨ੍ਹਾਂ ਨੂੰ ਘਰ ਲਿਜਾਣ ਲਈ ਵੀ ਦੇ ਦਿੱਤਾ। ਘਰ ਲਿਜਾ ਕੇ ਸਟੂਡੀਓ ਵਾਲਿਆਂ ਦੀ ਪਰਚੀ ਦੇ ਨਾਲ ਹੀ ਉਨ੍ਹਾਂ ਫੋਟੋਆਂ ਵੀ ਰੱਖ ਦਿੱਤੀਆਂ। ਰਾਤੀਂ ਖਾਣਾ ਖਾ ਕੇ ਜਦੋਂ ਵਿਹਲੇ ਹੋਏ ਤਾਂ ਡਾ. ਰਘਬੀਰ ਦਾ ਜੀਅ ਇਕ ਵਾਰ ਫੇਰ ਆਪਣੀਆਂ ਤਸਵੀਰਾਂ ਦੇਖਣ ਨੂੰ ਕਰ ਆਇਆ। ਬੀਵੀ ਨੇ ਤਸਵੀਰਾਂ ਵਾਲਾ ਲਿਫਾਫਾ ਲਿਆ ਕੇ ਉਨ੍ਹਾਂ ਨੂੰ ਦੇ ਦਿੱਤਾ। ਤਸਵੀਰਾਂ ਬਾਹਰ ਕੱਢਣ ਵੇਲੇ ਨਾਲ ਹੀ ਸਟੂਡੀਓ ਵਾਲਿਆਂ ਦੀ ਪਰਚੀ ਵੀ ਬਾਹਰ ਆ ਡਿੱਗੀ। ਪਰਚੀ 'ਤੇ ਅਚਾਨਕ ਜਦੋਂ ਨਜ਼ਰ ਪਈ ਤਾਂ ਉਸ 'ਤੇ ਅੱਠ ਸੌ ਰੁਪਏ ਐਡਵਾਂਸ ਅਤੇ 2700 ਰੁਪਏ ਬਾਕੀ ਅਦਾ ਕਰਨ ਬਾਰੇ ਲਿਖਿਆ ਹੋਇਆ ਸੀ। ਇਕ ਵਾਰੀ ਤਾਂ ਉਨ੍ਹਾਂ ਨੂੰ ਲੱਗਿਆ ਕਿ ਨਜ਼ਰਾਂ ਧੋਖਾ ਦੇ ਰਹੀਆਂ ਨੇ। ਫੌਰੀ ਬੀਵੀ ਨੂੰ ਪਰਚੀ ਦਿਖਾਈ ਪਰ 27 ਦੇ ਪਿੱਛੇ ਦੋਹੇਂ ਸਿਫਰਾਂ ਆਕੜੀਆਂ ਖੜ੍ਹੀਆਂ ਸਨ। ਮਨ ਦਾ ਸਾਰਾ ਸਕੂਨ ਜਾਂਦਾ ਲੱਗਾ ਤੇ ਫੌਰੀ ਬੁੜਬੁੜਾਏ, "ਹੱਦ ਹੋ ਗਈ, ਸਿਰਫ ਦੋ ਤਸਵੀਰਾਂ ਦੇ ਸਾਢੇ ਤਿੰਨ ਹਜ਼ਾਰ। ਇਹ ਤਾਂ ਨਿਰੀ ਲੁੱਟ ਐ। ਅੱਠ ਸੌ ਰੁਪਏ ਜਾਂਦੇ ਨੇ ਜਾਣ ਪਰ ਮੈਂ ਨਹੀਂ ਬਣਵਾਉਣੀਆਂ ਇਹ ਤਸਵੀਰਾਂ। ਸੁਲੇਖਾ, ਤੂੰ ਕੱਲ੍ਹ ਜਾ ਕੇ ਮਨ੍ਹਾ ਕਰ ਆਵੀਂ ਉਨ੍ਹਾਂ ਨੂੰ।"

"ਮੈਂ ਕੀ ਕਹਾਂਗੀ ਉਨ੍ਹਾਂ ਨੂੰ, ਤੁਸੀਂ ਉਦੋਂ ਚੰਗੀ ਤਰ੍ਹਾਂ ਪਰਚੀ ਦੇਖਣੀ ਸੀ। ਹੁਣ ਆਪ ਹੀ ਮਨ੍ਹਾ ਕਰੋ।" ਬੀਵੀ ਨੇ ਫੌਰੀ ਹੱਥ ਖੜ੍ਹੇ ਕਰਦਿਆਂ ਕਿਹਾ। ਡਾ. ਰਘਬੀਰ ਨੇ ਕਿਸੇ ਤਰ੍ਹਾਂ ਬੀਵੀ ਨੂੰ ਇਕੱਲਿਆਂ ਜਾ ਕੇ ਹੀ ਫੋਟੋ ਸਟੂਡੀਓ ਵਾਲਿਆਂ ਨੂੰ ਪੋਰਟਰੇਟ ਬਣਾਉਣ ਤੋਂ ਰੋਕਣ ਦੀ ਮੁਹਿੰਮ 'ਤੇ ਜਾਣ ਲਈ ਮਨਾ ਲਿਆ। ਹੁਣ ਸੁਲੇਖਾ ਨੂੰ ਸਮਝ ਨਾ ਆਵੇ ਕਿ ਉਹ ਕਿਸ ਆਧਾਰ 'ਤੇ ਉਨ੍ਹਾਂ ਨੂੰ ਜਾ ਕੇ ਫੋਟੋਆਂ ਬਣਾਉਣ ਤੋਂ ਰੋਕੇ।

ਅਖੀਰ ਸਾਰਾ ਹੌਂਸਲਾ ਇਕੱਠਾ ਕਰਕੇ ਸੁਲੇਖਾ ਨੇ ਫੋਟੋ ਸਟੂਡੀਓ ਦੇ ਮਾਲਕ ਨੂੰ ਜਾ ਆਖਿਆ ਕਿ ਉਹ ਉਸਦੇ ਪਤੀ ਦੀਆਂ ਤਸਵੀਰਾਂ ਨਾ ਬਣਾਉਣ। "ਕੀ ਗੱਲ ਹੋਈ?" ਮਾਲਕ ਨੇ ਸੁਆਲ ਕੀਤਾ। "ਕਿਸੇ ਨੇ ਮੇਰੇ ਪਤੀ ਨੂੰ ਵਹਿਮ ਪਾ ਦਿੱਤਾ ਹੈ ਕਿ ਫਰੇਮ ਹੋਈਆਂ ਤਸਵੀਰਾਂ 'ਤੇ ਤਾਂ ਹਾਰ ਲਟਕਾਏ ਜਾਂਦੇ ਹਨ। ਤੁਸੀਂ ਰਹਿਣ ਹੀ ਦੇਵੋ ਤਸਵੀਰਾਂ ਬਣਾਉਣ ਨੂੰ। ਐਡਵਾਂਸ ਦੀ ਕੋਈ ਗੱਲ ਨਹੀਂ, ਸਾਨੂੰ ਨਹੀਂ ਵਾਪਸ ਚਾਹੀਦਾ।" ਸੁਲੇਖਾ ਨੇ ਉਸ ਨੂੰ ਆਪਣਾ ਮਸਲਾ ਦੱਸਿਆ। "ਪਰ ਭੈਣ ਜੀ, ਤਸਵੀਰਾਂ ਤਾਂ ਹੁਣ ਬਣ ਚੁੱਕੀਆਂ ਨੇ। ਹੁਣ ਤਾਂ ਕੁਝ ਨਹੀਂ ਹੋ ਸਕਦਾ। ਐਵੇਂ ਤੁਸੀਂ ਵਹਿਮ 'ਚ ਨਾ ਪਵੋ। ਏਨੇ ਲੋਕ ਰੋਜ਼ਾਨਾ ਸਾਡੇ ਕੋਲੋਂ ਆਪਣੀਆਂ ਤਸਵੀਰਾਂ ਬਣਾਉਂਦੇ ਨੇ।"

ਫੋਟੋ ਸਟੂਡੀਓ ਦੇ ਮਾਲਕ ਤੋਂ ਵਹਿਮ ਭਰਮ ਛੱਡਣ ਦੀ ਸਲਾਹ ਸੁਣ ਅਤੇ ਸਟੂਡੀਓ ਵਾਲਿਆਂ ਨਾਲ ਥੋੜ੍ਹਾ "ਘੱਟ-ਵੱਧ" ਕਰਕੇ ਸੁਲੇਖਾ ਡਾ. ਰਘਬੀਰ ਦੀਆਂ ਤਸਵੀਰਾਂ ਲੈ ਕੇ ਘਰ ਮੁੜ ਆਈ। ਡਾ. ਸਾਹਿਬ ਲੋਹੇ-ਲਾਖੇ ਤਾਂ ਹੋਏ ਪਰ ਹੁਣ ਤਾਂ ਪਾਣੀ ਸਿਰੋਂ ਨਿਕਲ ਚੁੱਕਾ ਸੀ। ਖੈਰ, ਪੰਜਾਬੀ ਵਿਭਾਗ ਵਾਲਿਆਂ ਨੂੰ ਜਦੋਂ ਉਨ੍ਹਾਂ ਨੇ ਤਸਵੀਰ ਸੌਂਪੀ ਤਾਂ ਦਫਤਰੀ ਅਮਲੇ ਦੀ ਇਕ ਮਹਿਲਾ ਮੁਲਾਜ਼ਮ ਨੇ ਫੌਰੀ ਕਿਹਾ, "ਡਾ. ਸਾਹਿਬ ਤੁਹਾਡੀ ਤਸਵੀਰ ਬਹੁਤ ਸੋਹਣੀ ਹੈ।" "ਸ਼ੁਕਰੀਆ" ਇਹ ਕਹਿੰਦਿਆਂ ਡਾ. ਰਘਬੀਰ ਮਨ ਹੀ ਮਨ ਸੋਚ ਰਹੇ ਸਨ, "ਹਾਲੇ ਵੀ ਇਹ ਸੋਹਣੀ ਨਾ ਹੁੰਦੀ? ਆਖਰ ਏਨਾ ਮੁੱਲ ਤਾਰਿਆ ਹੈ ਮੈਂ।"

ਅੱਜ ਵੀ ਜਦੋਂ ਉਹ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ 'ਚ ਕੋਈ ਵਾਈਵਾ ਲੈਣ ਜਾਂ ਕਿਸੇ ਹੋਰ ਕੰਮ ਲਈ ਜਾਂਦੇ ਹਨ ਤਾਂ ਕੰਧ 'ਤੇ ਟੰਗੀ ਤਸਵੀਰ ਦੇਖ ਕੇ ਖੁਸ਼ ਤਾਂ ਹੁੰਦੇ ਹਨ ਪਰ ਨਾਲ ਹੀ ਆਪਣੇ ਵਲੋਂ ਤਾਰਿਆ ਮੁੱਲ ਵੀ ਉਨ੍ਹਾਂ ਨੂੰ ਯਾਦ ਆ ਜਾਂਦਾ ਹੈ।



ਡਾ. ਰਘਬੀਰ ਸਿੰਘ

ਪੰਜਾਬੀ ਸਾਹਿਤਕ ਤ੍ਰੈਮਾਸਕ ਸਿਰਜਣਾ ਦੇ ਸੰਪਾਦਕ ਡਾ. ਰਘਬੀਰ ਸਿੰਘ ਜਿਨ੍ਹਾਂ ਨੂੰ ਹੁਣੇ ਜਿਹੇ ਪੰਜਾਬ ਸਰਕਾਰ ਵਲੋਂ ਸ਼ਿਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ, ਸੁਭਾਅ ਦੇ ਬੜੇ ਸਾਦੇ ਅਤੇ ਨਿਰਕਪਟ ਵਿਅਕਤੀ ਹਨ।

## ਸੋਨੇ ਦੀ ਲਟਕਦੀ ਤਲਵਾਰ

ਇਕ ਵਾਰੀ ਜਦ ਉਹ ਪਹਿਲੀ ਵਾਰੀ ਅਮਰੀਕਾ ਦੇ ਦੌਰੇ 'ਤੇ ਆਏ ਤਾਂ ਉਨ੍ਹਾਂ ਦਾ ਲਾਸ ਏਂਜਲਸ ਰਹਿੰਦਾ ਦੋਸਤ ਉਨ੍ਹਾਂ ਨੂੰ ਹਾਲੀਵੁੱਡ ਦੀ ਇਕ ਬੜੀ ਮਹਿੰਗੀ ਮਾਲ ਦਿਖਾਉਣ ਲੈ ਗਿਆ। ਇਸ ਮਾਲ ਵਿਚ ਹਾਲੀਵੁੱਡ ਦੇ ਐਕਟਰ, ਅਰਬ ਦੇ ਸ਼ੇਖ ਅਤੇ ਹੋਰ ਅਮੀਰ ਹੀ ਖਰੀਦਦਾਰੀ ਕਰਨ ਆਉਂਦੇ ਹਨ। ਉਨ੍ਹਾਂ ਇਕ ਜਗ੍ਹਾ ਇਕ ਸੋਨੇ ਦੀ ਤਲਵਾਰ ਦੇਖੀ ਤੇ ਇਸਦੀ ਚਮਕ-ਦਮਕ ਤੇ ਮੀਨਾਕਾਰੀ ਤੋਂ ਚੁੰਧਿਆ ਗਏ। ਉਨ੍ਹਾਂ ਜਿਗਿਆਸਾਵੱਸ ਇਕ ਮੁਲਾਜ਼ਮ ਤੋਂ ਪੁਛਿਆ ਕਿ ਇਸ ਤਲਵਾਰ ਨੂੰ ਸ਼ਿੱਪ ਕਰਨ ਦੀ ਕੀ ਵਿਧੀ ਹੈ, ਕੀ ਇਸ ਤੇ ਕੋਈ ਕਸਟਮ ਵਗੈਰਾ ਲਗਦਾ ਹੈ? ਉਥੇ ਦੇ ਮੁਲਾਜ਼ਮਾਂ ਮਹਿਸੂਸ ਕੀਤਾ ਕਿ ਕੋਈ ਬਹੁਤ ਵੱਡਾ ਸ਼ੇਖ ਆ ਗਿਆ ਹੈ ਤੇ ਉਨ੍ਹਾਂ ਤੋਂ ਗੁਸਤਾਖੀ ਹੋ ਗਈ ਹੈ ਕਿ ਉਸ ਨੂੰ ਵਿਸ਼ੇਸ਼ ਤੌਰ 'ਤੇ ਅਟੈਂਡ ਨਹੀਂ ਕੀਤਾ। ਜਿਵੇਂ ਉਹ ਸ਼ੇਖਾਂ ਦੇ ਆਇਆਂ 'ਤੇ ਕਰਦੇ ਹਨ, ਉਨ੍ਹਾਂ ਆਦਰ-ਮਾਣ ਵਜੋਂ ਮਾਲ ਦੇ ਸਾਰੇ ਬੂਹੇ ਬੰਦ ਕਰ ਦਿੱਤੇ ਤਾਂ ਕਿ 'ਸ਼ੇਖ ਸਾਹਿਬ' ਨਿਰਵਿਘਨ ਤੇ ਨਿਸਚਿੰਤ ਹੋ ਕੇ ਹੀਰੇ ਜਵਾਹਰਾਤ ਪਸੰਦ ਕਰ ਲੈਣ ਤੇ ਉਨ੍ਹਾਂ ਦੀ ਮਾਲ ਮਾਲਾ-ਮਾਲ ਹੋ ਜਾਵੇ। ਰਘਬੀਰ ਸਿੰਘ ਸ਼ਸ਼ੋਪੰਜ ਵਿਚ ਪੈ ਗਏ ਤੇ ਮਹਿਸੂਸ ਕਰਨ ਲੱਗੇ ਕਿ ਬੰਦਿਆਂ ਨੂੰ ਬੜੀ ਵੱਡੀ ਗ਼ਲਤਫਹਿਮੀ ਵਿਚ ਪਾ ਦਿੱਤਾ ਗਿਆ ਹੈ। ਉਹ ਇਸ ਕੁੜਿੱਕੀ 'ਚੋਂ ਛੁਟਕਾਰਾ ਪਾਉਣ ਦੀ ਸਕੀਮ ਲੜਾਉਣ ਲੱਗ ਪਏ। ਉਹ ਰਾਹਤ ਲਈ ਆਪਣੇ ਦੋਸਤ ਵੱਲ ਝਾਕੇ ਪਰ ਉਹ ਪਹਿਲਾਂ ਹੀ ਬਾਥਰੂਮ ਵੱਲ ਟਿਬ ਚੁੱਕਾ ਸੀ। ਉਨ੍ਹਾਂ ਨੂੰ ਇਕ ਤਰਕੀਬ ਸੁਝੀ, ਉਹ ਬੋਲੇ, "ਇਸ ਮਾਲ ਵਿਚ ਤਾਂ ਮੇਰੀ ਪਸੰਦ ਦੀਆਂ ਬੜੀਆਂ ਵਧੀਆ ਚੀਜ਼ਾਂ ਹਨ, ਇੰਜ ਕਰੋ, ਇਸ ਤਲਵਾਰ ਨੂੰ ਤਾਂ ਸੇਵ ਕਰ ਲਓ, ਮੈਂ ਹੋਟਲ ਤੋਂ ਆਪਣੀ ਸਾਹਿਬਾ ਨੂੰ ਨਾਲ ਲੈ ਆਵਾਂ, ਉਸ ਨੇ ਵੀ ਬੜਾ ਕੁਝ ਖਰੀਦਣਾ ਹੈ।" ਸਾਰਾ ਅਮਲਾ-ਫੈਲਾ ਬੜਾ ਖੁਸ਼ ਹੋਇਆ। ਉਹ ਸਾਰੇ "ਨੋ ਪਰੋਬਲਮ" ਕਹਿੰਦਿਆਂ ਬੂਹੇ ਖੋਲ੍ਹ ਕੇ ਉਨ੍ਹਾਂ ਨੂੰ ਬਾਹਰ ਪਾਰਕ ਤੱਕ ਛੱਡਣ ਆਏ। ਮੂੰਹ ਲਟਕਾਈ ਦੋਸਤ ਵੀ ਨਾਲ ਆ ਰਲਿਆ। ਰਾਹ 'ਚ ਉਹ ਉਸ ਨੂੰ ਛੇੜਨ ਲੱਗੇ, "ਲੈ ਕੇ ਦੇਹ ਹੁਣ ਮੈਨੂੰ ਸੋਨੇ ਦੀ ਤਲਵਾਰ, ਤੂੰ ਹੀ ਲੈ ਕੇ ਆਇਆ ਸੀ।"

**-ਬਲਜੀਤ ਬਾਸੀ**

# ਕੋਸ਼ਿਸ਼ ਤੇ ਫਿਰ ਦੁਆ ਕਰਨੀ ਪਵੇਗੀ ਪੰਜਾਬ ਦੇ ਲੋਕਾਂ ਦੇ ਭਲੇ ਲਈ

ਵੰਡ ਦੇ ਸਦਮੇ ਵਿਚੋਂ ਬੜੀ ਤੇਜ਼ੀ ਨਾਲ ਉਭਰਿਆ ਅਤੇ ਇਸਨੇ ਆਪਣੇ ਆਪ ਨੂੰ ਦੇਸ਼ ਦਾ ਨੰਬਰ ਇਕ ਸੂਬਾ ਬਣਾ ਲਿਆ। ਅੱਜ ਵੀ ਇਸ ਦੀ ਸੰਭਾਵਨਾ ਸੂਬੇ ਵਿਚ ਮੌਜੂਦ ਹੈ। ਇਸ ਸੰਭਾਵਨਾ ਨੂੰ ਪ੍ਰਾਪਤੀ ਵਿਚ ਤਬਦੀਲ ਕਰਨ ਦੀ ਜ਼ਰੂਰਤ ਹੈ। ਇਹ ਕੰਮ ਸੂਬੇ ਦੀ ਸਿਆਸੀ ਲੀਡਰਸ਼ਿਪ ਨੂੰ ਉਸੇ ਤਰ੍ਹਾਂ ਹੀ ਕਰਨਾ ਪਵੇਗਾ, ਜਿਵੇਂ ਇਸ ਸਦੀ ਦੇ ਪੰਜਾਹਵਿਆਂ ਅਤੇ ਸੱਠਵਿਆਂ ਵਿਚ ਸਰਕਾਰ ਨੇ ਸ. ਪ੍ਰਤਾਪ ਸਿੰਘ ਕੈਰੋਂ ਦੀ ਲੀਡਰਸ਼ਿਪ ਵਿਚ ਮੁੜ ਵਸੇਬਾ, ਚੱਕਬੰਦੀ, ਨਹਿਰੀ ਪ੍ਰਬੰਧ, ਖੇਤੀਬਾੜੀ ਖੋਜ, ਵਿੱਦਿਆ ਅਤੇ ਪਸਾਰ ਪ੍ਰਬੰਧ ਆਦਿ ਦੀਆਂ ਨੀਤੀਆਂ ਰਾਹੀਂ ਕੀਤਾ ਸੀ। ਇਸ ਨਾਲ ਹਰੀ ਕ੍ਰਾਂਤੀ ਲਿਆਂਦੀ ਗਈ ਅਤੇ ਰਾਜ ਪ੍ਰਬੰਧ ਨੂੰ ਵਿਕਾਸ-ਮੁਖੀ ਬਣਾ ਦਿੱਤਾ ਗਿਆ। ਇਸ ਨਾਲ ਸੂਬੇ ਵਿਚ ਖੁਸ਼ਹਾਲੀ ਆਈ ਅਤੇ ਲੋਕਾਂ ਨੂੰ ਫਾਇਦਾ ਹੋਇਆ। ਐਸੇ ਹੰਭਲੇ ਦੀ ਮੁੜ ਜ਼ਰੂਰਤ ਹੈ।

ਇਸ ਸਮੇਂ ਸੂਬੇ ਵਿਚ ਪ੍ਰਤੀ ਜੀਅ ਆਮਦਨ 44923 ਰੁਪਏ ਹੈ ਜੋ ਕਿ 1000 ਡਾਲਰ ਦੇ ਲਗਭਗ ਹੈ। ਪ੍ਰਸਿੱਧ ਅਰਥ-ਸ਼ਾਸਤਰੀ ਅਤੇ ਨੋਬਲ ਪੁਰਸਕਾਰ ਜੇਤੂ ਹੋਲਿਸ ਬੀ. ਚੇਨਰੀ ਅਨੁਸਾਰ ਜਿਸ ਦੇਸ਼/ਖੇਤਰ ਦੀ ਪ੍ਰਤੀ ਵਿਅਕਤੀ ਆਮਦਨ ਇਕ ਹਜ਼ਾਰ ਡਾਲਰ ਹੋ ਜਾਵੇ, ਉਸ ਦੇਸ਼/ਖੇਤਰ ਵਿਚ 15-16 ਪ੍ਰਤੀਸ਼ਤ ਆਮਦਨ ਨੂੰ ਟੈਕਸ ਰਾਹੀਂ ਇਕੱਠਾ ਕੀਤਾ ਜਾ ਸਕਦਾ ਹੈ ਅਤੇ ਵਿਕਾਸ ਕਾਰਜਾਂ ਵਿਚ ਕਾਫੀ ਧਨ ਲਗਾਇਆ ਜਾ ਸਕਦਾ ਹੈ। ਪੰਜਾਬ ਵਿਚ ਐਸਾ ਕਰਨ ਨਾਲ ਵਿੱਤੀ ਸੰਕਟ ਹੱਲ ਕੀਤਾ ਜਾ ਸਕਦਾ ਹੈ ਅਤੇ ਸਰਕਾਰ ਦੀ ਕੰਗਾਲੀ ਖ਼ਤਮ ਕਰਕੇ ਇਸ ਦਾ ਧਿਆਨ ਵਿਕਾਸ ਵੱਲ ਕੀਤਾ ਜਾ ਸਕਦਾ ਹੈ। ਦੂਸਰਾ ਕੰਮ ਸਰਕਾਰੀ ਮਸ਼ੀਨਰੀ ਵਿਚ ਸੁਧਾਰ ਲਿਆਉਣ ਵਾਲਾ ਹੈ। ਅਫਸਰਸ਼ਾਹੀ ਦੀ ਜਵਾਬਦੇਹੀ ਕਾਇਮ ਕਰਕੇ ਪ੍ਰਬੰਧ ਨੂੰ ਦੁਬਾਰਾ ਵਿਕਾਸ-ਮੁਖੀ ਬਣਾਇਆ ਜਾ ਸਕਦਾ ਹੈ। ਖੇਤੀ ਖੇਤਰ ਖਾਸ ਕਰਕੇ ਖੇਤੀ ਵਿੱਦਿਆ, ਖੇਤੀ ਖੋਜ ਅਤੇ ਖੇਤੀ ਪਸਾਰ ਰਾਹੀਂ ਪ੍ਰਤੀ ਏਕੜ ਝਾੜ ਵਧਾਏ ਜਾ ਸਕਦੇ ਹਨ। ਨਵੀਆਂ ਫਸਲਾਂ ਨਾਲ ਖੇਤੀ ਵਿਚ ਆਏ ਸੰਕਟ 'ਤੇ ਕਾਬੂ ਪਾਇਆ ਜਾ ਸਕਦਾ ਹੈ। ਨੀਮ ਅਤੇ ਛੋਟੇ ਕਿਸਾਨ ਦੀ ਖੇਤੀ ਬਚਾਈ ਜਾ ਸਕਦੀ ਹੈ ਪਰ ਇਸ ਵਾਸਤੇ ਲੋੜੀਂਦੇ ਮੰਡੀ ਪ੍ਰਬੰਧ, ਖੇਤੀ ਉਪਜਾਂ ਦੀ ਪ੍ਰੋਸੈਸਿੰਗ ਆਦਿ ਦੇ ਪ੍ਰਬੰਧ ਕਰਨੇ ਪੈਣਗੇ। ਕਿਸਾਨੀ ਨੂੰ ਸ਼ਾਹੂਕਾਰਾਂ, ਕਮਿਸ਼ਨ ਏਜੰਟਾਂ ਦੇ ਚੁੰਗਲ 'ਚੋਂ ਬਚਾਉਣਾ ਪਵੇਗਾ। ਨੌਜਵਾਨਾਂ ਵਾਸਤੇ ਵਿੱਦਿਆ ਪ੍ਰਬੰਧ ਠੀਕ ਕਰਕੇ ਆਮ ਆਦਮੀ ਦੇ ਬੱਚਿਆਂ ਨੂੰ ਠੀਕ ਅਤੇ ਮਿਆਰੀ ਵਿੱਦਿਆ ਦੇਣੀ ਪਵੇਗੀ ਅਤੇ ਸਿਹਤ ਸਹੂਲਤਾਂ ਵਿਚ ਸੁਧਾਰ ਕਰਕੇ ਲੋਕਾਂ ਨੂੰ ਮੁਹੱਈਆਂ ਕਰਨੀਆਂ ਪੈਣਗੀਆਂ।

*ਇਹ ਕੰਮ ਸੂਬੇ ਦੀ ਸਿਆਸੀ ਲੀਡਰਸ਼ਿਪ ਨੂੰ ਉਸੇ ਤਰ੍ਹਾਂ ਹੀ ਕਰਨਾ ਪਵੇਗਾ, ਜਿਵੇਂ ਇਸ ਸਦੀ ਦੇ ਪੰਜਾਹਵਿਆਂ ਅਤੇ ਸੱਠਵਿਆਂ ਵਿਚ ਸਰਕਾਰ ਨੇ ਸ. ਪ੍ਰਤਾਪ ਸਿੰਘ ਕੈਰੋਂ ਦੀ ਲੀਡਰਸ਼ਿਪ ਵਿਚ ਮੁੜ ਵਸੇਬਾ, ਚੱਕਬੰਦੀ, ਨਹਿਰੀ ਪ੍ਰਬੰਧ, ਖੇਤੀਬਾੜੀ ਖੋਜ, ਵਿੱਦਿਆ ਅਤੇ ਪਸਾਰ ਪ੍ਰਬੰਧ ਆਦਿ ਦੀਆਂ ਨੀਤੀਆਂ ਰਾਹੀਂ ਕੀਤਾ ਸੀ। ਇਸ ਨਾਲ ਹਰੀ ਕ੍ਰਾਂਤੀ ਲਿਆਂਦੀ ਗਈ ਅਤੇ ਰਾਜ ਪ੍ਰਬੰਧ ਨੂੰ ਵਿਕਾਸ-ਮੁਖੀ ਬਣਾ ਦਿੱਤਾ ਗਿਆ। ਇਸ ਨਾਲ ਸੂਬੇ ਵਿਚ ਖੁਸ਼ਹਾਲੀ ਆਈ ਅਤੇ ਲੋਕਾਂ ਨੂੰ ਫਾਇਦਾ ਹੋਇਆ। ਐਸੇ ਹੰਭਲੇ ਦੀ ਮੁੜ ਜ਼ਰੂਰਤ ਹੈ।*

ਪਲਾਨਿੰਗ ਮਸ਼ੀਨਰੀ ਅਤੇ ਪ੍ਰਬੰਧ ਨੂੰ ਠੀਕ ਕਰਕੇ ਯੋਜਨਾਬੱਧ ਤਰੀਕੇ ਨਾਲ ਰਾਜ ਦਾ ਵਿਕਾਸ ਕੀਤਾ ਜਾ ਸਕਦਾ ਹੈ ਅਤੇ ਵਿਕਾਸ ਨੂੰ ਲੋਕ ਪੱਖੀ ਬਣਾ ਕੇ ਲੋਕਾਂ ਦੀ ਇਸ ਵਿਚ ਹਿੱਸੇਦਾਰੀ ਬਣਾਈ ਜਾ ਸਕਦੀ ਹੈ। ਕੇਂਦਰ ਤੋਂ ਵੱਧ ਫੰਡ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ। ਇਹ ਸੰਭਾਵਨਾਵਾਂ ਸੂਬੇ ਵਿਚ ਮੌਜੂਦ ਹਨ। ਇਸ ਵਾਸਤੇ ਸੂਬੇ ਨੂੰ ਸੁਹਿਰਦ ਅਤੇ ਚੇਤੰਨ ਲੀਡਰਸ਼ਿਪ ਦੀ ਜ਼ਰੂਰਤ ਹੈ। ਇਹ ਲੀਡਰਸ਼ਿਪ ਸੂਬੇ ਨੇ ਸੂਬੇ ਦੇ ਲੋਕਾਂ ਵਿਚੋਂ ਹੀ ਪੈਦਾ ਕਰਨੀ ਹੈ ਬਾਹਰੋਂ ਨਹੀਂ ਆਉਣੀ। ਇਸ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ। ਇਕ ਸੁਯੋਗ ਅਤੇ ਸਿਆਣੀ ਲੀਡਰਸ਼ਿਪ ਹੀ ਸੰਭਾਵਨਾਵਾਂ ਨੂੰ ਪ੍ਰਾਪਤੀਆਂ ਵਿਚ ਬਦਲ ਸਕਦੀ ਹੈ ਅਤੇ ਲੋਕਾਂ ਨੂੰ ਰਾਹਤ ਦੇ ਸਕਦੀ ਹੈ। ਇਸ ਬਾਰੇ ਸਾਨੂੰ ਸਾਰਿਆਂ ਨੂੰ ਦੁਆ ਅਤੇ ਕੋਸ਼ਿਸ਼ ਕਰਨੀ ਪਵੇਗੀ ਤਾਂ ਕਿ ਪੰਜਾਬ ਦਾ ਅਤੇ ਪੰਜਾਬ ਦੇ ਲੋਕਾਂ ਦਾ ਭਲਾ ਹੋ ਸਕੇ।

ਕਹਾਣੀ

# ਘੋਗਾ

ਰਾਠੇਸ਼ਵਰ ਸਿੰਘ 'ਸੂਰਾਪੁਰੀ'
ਫੋਨ:916-969-9337

ਮਨ ਬੜਾ ਈ ਬੇਚੈਨ ਸੀ! ਪਹਿਲੀ ਵਾਰ ਜੁ ਇੰਜ ਹੋਇਆ..ਨਈਂ ਹਫਤੇ ਦੋ ਹਫਤੇ ਬਾਅਦ ਤਾਂ ਚਿੱਠੀ ਓਸ ਦੀ ਆ ਈ ਜਾਂਦੀ ਸੀ। ਮੈਂ ਵੀ ਕਈ ਚਿੱਠੀਆਂ ਪਾ ਚੁੱਕਾ ਸਾਂ...ਕੋਈ ਜਵਾਬ ਈ ਨਈਂ ਸੀ ਆ ਰਿਹਾ! ਉਹ ਸਮਾਂ ਅੱਜ-ਕੱਲ੍ਹ ਵਰਗਾ ਨਈਂ ਸੀ। ਨਾ ਕੋਈ ਨੇੜੇ ਟੈਲੀਫੋਨ ਨਾ ਮੁਬਾਇਲ, ਚਿੰਤਾ ਤਾਂ ਸੁਭਾਵਕ ਈ ਸੀ?

ਗੱਲ ਉਦੋਂ ਦੀ ਏ ਜਦੋਂ ਮੈਂ ਵੀਹ-ਬਾਈ ਕੁ ਸਾਲ ਦਾ ਮੁੱਛ-ਫੁੱਟ ਗਭਰੂ ਸਾਂ। ਪੜ੍ਹਾਈ ਵਾਸਤੇ ਜਲੰਧਰ ਆਪਣੇ ਵੱਡੇ ਭਰਾ ਕੋਲ ਰਹਿੰਦਾ ਸਾਂ। ਅਸੀਂ ਮਾਡਲ-ਟਾਊਨ, ਕਿਰਾਏ ਦੇ ਮਕਾਂ 'ਚ ਰਹਿੰਦੇ ਸਾਂ। ਮਕਾਂ ਮਾਲਕ ਭਾਪਾ ਪਰਿਵਾਰ ਸੀ। ਬੱਚੇ ਆਪਣੇ ਮਾਂ-ਪਿਓ ਨੂੰ ਪਿਤਾ ਜੀ ਤੇ ਝਾਈ ਜੀ ਕਹਿੰਦੇ ਸਨ। ਅਸੀਂ ਵੀ ਉਨ੍ਹਾਂ ਵਾਂਗ ਹੀ ਆਖ ਕੇ ਬੁਲਾਉਣ ਲੱਗ ਪਏ। ਸੁਭਾਓ ਮਿਲਦੇ ਹੋਣ ਤਾਂ ਦਿਲ ਮਿਲਦਿਆਂ ਦੇਰ ਨੀਂ ਲੱਗਦੀ। ਪਹਿਲਾਂ ਖਾਣ-ਪੀਣ ਦੀਆਂ ਚੀਜ਼ਾਂ ਦਾ ਵਟਾਂਦਰਾ ਹੋਣ ਲੱਗਿਆ ਤੇ ਫੇਰ ਸਾਰੇ ਦੁੱਖ-ਸੁੱਖ ਵੀ ਸਾਂਝੇ ਹੋਣ ਲੱਗ ਪਏ।

ਉਨ੍ਹਾਂ ਦੇ ਦੋ ਹੀ ਬੱਚੇ ਸਨ, ਇਕ ਲੜਕਾ-ਇਕ ਲੜਕੀ। ਲੜਕੇ ਦੀ ਰੈਡੀ-ਮੇਡ ਕੱਪੜਿਆਂ ਦੀ ਦੁਕਾਂ ਸੀ। ਉਸ ਦੇ ਪਿਤਾ ਜੀ ਵੀ ਅਕਸਰ ਦੁਕਾਂ ਤੇ ਹੀ ਚਲੇ ਜਾਂਦੇ। ਲੜਕੀ ਮਨਜੀਤ ਨਰਸਿੰਗ ਦਾ ਕੋਰਸ ਕਰਕੇ ਦੋ ਕੁ ਮਹੀਨੇ ਪਹਿਲਾਂ ਹੀ ਜਲੰਧਰ ਪਰਤੀ ਸੀ। ਮਨਜੀਤ ਮਿਲਾਪੜੇ ਸੁਭਾ ਦੀ ਕੁੜੀ ਸੀ। ਰਾਤ ਨੂੰ ਜਦੋਂ ਸਾਰਾ ਟੱਬਰ 'ਕੱਠੇ ਹੋ ਕੇ ਬੈਠਦਾ ਤਾਂ ਵਿਹੜੇ ਵਿਚ ਹਾਸੇ ਫੁੱਲਝੜੀਆਂ ਵਾਂਗ ਬਿਖਰਦੇ। ਮਨਜੀਤ ਨੂੰ ਤਰ੍ਹਾਂ-ਤਰ੍ਹਾਂ ਦੇ ਖਾਣੇ ਬਣਾਉਣ ਦਾ ਸ਼ੌਕ ਸੀ। ਉਹ ਚਾਈਂ-ਚਾਈਂ ਪਰਿਵਾਰ ਵਾਸਤੇ ਸਵਾਦੀ ਪਕਵਾਂ ਤਿਆਰ ਕਰਦੀ ਨਾ ਥੱਕਦੀ। ਕਿਸੇ ਵੇਲੇ ਆਪਣੀ ਬਣਾਈ ਕਿਸੇ ਖਾਸ ਡਿਸ਼ ਦਾ ਸਵਾਦ ਚਖਾਉਣ ਲਈ ਆਵਾਜ਼ ਮਾਰ ਕੇ ਆਖਦੀ, "ਭਾਪਾ ਜੀ! ਆ ਜਾਓ, ਤੁਸੀਂ ਵੀ ਛਕ ਲਓ।" ਮੈਂ ਅਕਸਰ ਟਾਲ ਦਿਆ ਕਰਦਾ ਸਾਂ, "ਨਹੀਂ ਤੁਸੀਂ ਛਕੋ...ਮੈਂ ਤਾਂ ਭਾਜੀ ਦੇ ਆਉਣ ਤੇ ਹੀ ਖਾਵਾਂਗਾ।" ਦਰਅਸਲ ਮੈਨੂੰ ਖੁਲ੍ਹੇ-ਡੁਲ੍ਹੇ ਸੁਭਾ ਵਾਲੇ ਬੰਦਿਆਂ 'ਚ ਬੈਠਣ ਤੋਂ ਬਹੁਤ ਝਿਜਕ ਸੀ।

ਉਹ ਇਕ ਦਿਨ, ਆਪਣੇ ਹੱਥੀਂ ਬਣਾਏ ਕੁੱਝ ਪਕੌੜੇ ਸਾਨੂੰ ਦੇਣ ਵਾਸਤੇ ਆਈ। ਇਕ ਪਕੌੜਾ ਆਪਣੇ ਹੱਥ ਨਾਲ ਮੇਰੇ ਮੂੰਹ 'ਚ ਪਾਉਂਦਿਆਂ ਕਹਿਣ ਲੱਗੀ, "ਖਾ ਕੇ ਤਾਂ ਦੇਖੋ ਭਾਪਾ ਜੀ!...ਕਿੰਨੇ ਸੁਆਦ ਆ?" ਪਕੌੜਾ ਖਿਲਾਉਣ ਦਾ ਅੰਦਾਜ਼ ਕੁਝ ਅਜਿਹਾ ਸੀ ਕਿ ਮੂੰਹ ਨੂੰ ਲੱਗਦੇ ਸਾਰ ਹੀ ਕੰਬਣੀ ਛੇੜ ਗਿਆ। ਬਾਕੀ ਪਕੌੜਿਆਂ ਵਾਲੀ ਪਲੇਟ ਉਸ ਨੇ ਮੇਰੀ ਭਰਜਾਈ ਨੂੰ ਫੜਾ ਦਿੱਤੀ।

ਹੁਣ ਪੜ੍ਹਾਈ 'ਚ ਮਨ ਨਾ ਟਿਕਦਾ। ਦੇਰ ਰਾਤ ਤਕ ਨੀਂਦ ਈ ਨਈਂ ਸੀ ਆਉਂਦੀ। ਪਰ ਮਨਜੀਤ 'ਤੇ ਕੋਈ ਅਸਰ ਨਾ ਸੀ। ਉਸ ਦੀਆਂ ਅੱਖਾਂ ਦੀ ਚਮਕ ਸਗੋਂ ਹੋਰ ਵਧ ਗਈ, ਅਕਸਰ ਹੀ ਔਂ-ਬਹੋਂ ਮੈਨੂੰ ਕੋਲ ਬੁਲਾਉਂਦੀ। ਇਕ ਦਿਨ ਹਾਕ ਮਾਰੀ, "ਪੰਮੀ! ਆਈਂ ਜਰਾ, ਦੇਖੀਂ ਤਾਂ ਕੀ ਗੱਲ ਆ, ਸਟੋਵ ਨੀਂ ਬਲਦਾ...!" ਮੈਂ ਭਰਜਾਈ ਨੂੰ ਸੁਣਾ ਕੇ ਕਿਹਾ, "ਮੈਨੂੰ ਕੇਹੜਾ ਠੀਕ ਕਰਨਾ ਆਉਂਦਾ..." ਫੇਰ ਆਪੇ ਈ ਹੌਲੀ-ਹੌਲੀ ਪੈਰ ਮਲਦਾ ਉਨ੍ਹਾਂ ਦੀ ਰਸੋਈ ਵਲ ਚਲੇ ਗਿਆ। ਸਟੋਵ ਤਾਂ ਚੰਗਾ ਭਲਾ ਸੀ। ਜੇ ਕਿਸੇ ਕਮਰੇ ਦਾ ਬਲਬ ਖਰਾਬ ਹੋ ਜਾਂਦਾ, ਜਾਂ ਕੋਈ ਪਾਣੀ ਵਾਲੀ ਟੂਟੀ ਵਿਗੜ ਜਾਂਦੀ ਤਾਂ ਮੈਨੂੰ ਹੀ ਜਾ ਕੇ ਬਦਲਣੇ ਪੈਂਦੇ। ਇਕ ਦਿਨ ਉਹ ਤਿਆਰ-ਬਿਆਰ ਹੋ ਕੇ ਕਹਿਣ ਲੱਗੀ, "ਪੰਮੀ! ਮੈਨੂੰ ਜ਼ਰਾ ਬਸ ਅੱਡੇ ਤਕ ਤਾਂ ਛੱਡ ਆਈਂ?" ਮੈਂ ਉਪਰਲੇ ਮਨੋਂ ਨਾਂਹ ਕਰਦਿਆਂ ਕਿਹਾ, "ਸਾਈਕਲ ਵਿਚ ਹਵਾ ਨਹੀਂ ਹੈ।" ਉਹ ਝੱਟ ਅੰਦਰੋਂ ਪੰਪ ਚੁਕ ਲਿਆਈ ਤੇ ਹਵਾ ਭਰ ਕੇ ਅਸੀਂ ਬੱਸ ਅੱਡੇ 'ਤੇ ਚਲੇ ਗਏ।

ਉਹ ਆਪਣੀ ਕਿਸੇ ਸਹੇਲੀ ਦੇ ਵਿਆਹ ਤੇ ਜਾ ਰਹੀ ਸੀ। ਬਸ ਦੇ ਤੁਰਨ ਵਿਚ ਅਜੇ ਕੁੱਝ ਸਮਾਂ ਬਾਕੀ ਸੀ। ਮੇਰੇ ਵਲ ਬੜ੍ਹੂ ਨਾਲ ਤੱਕਦੀ ਨੇ ਉਸ ਕਿਹਾ, "ਪੰਮੀ ਤੈਨੂੰ ਹੋਇਆ ਕੀ ਆ?... ਤੂੰ ਖੁਲ੍ਹ ਕੇ ਗੱਲ ਕਿਉਂ ਨੀਂ ਕਰਦਾ?"

"ਉਂਜ ਈ...ਸੰਗ ਜਿਹੀ ਲੱਗਦੀ ਰਹਿੰਦੀ ਆ।"

"ਕਿਸ ਤੋਂ?"

"ਆਪਣੀ ਭਰਜਾਈ ਤੋਂ ਤੇ ਤੇਰੀ ਝਾਈ ਤੋਂ।"

"ਕਿਓਂ?"

"ਭਰਜਾਈ ਕੀ ਆਖੇਗੀ? ਆਇਆ ਤਾਂ ਸਾਡੇ ਕੋਲ ਪੜ੍ਹਨ ਲਈ ਸੀ ਤੇ...!"

"ਪੰਮੀ ਮੈਂ ਤੈਨੂੰ ਬੌਤ ਪਰਖ ਕੇ ਤੇ ਸਮਝਦਾਰ ਜਾਣ ਕੇ ਤੇਰੇ ਵਲ ਦੋਸਤੀ ਦਾ ਹੱਥ ਵਧਾਇਆ ਸੀ... ਤੂੰ ਤਾਂ ਮੇਰਾ ਦਿਲ ਹੀ ਤੋੜ ਕੇ ਰੱਖ ਦੇਨਾਂ...!"

"ਬੌਤ ਮਿਹਰਬਾਨੀ! ਮੈਂ ਤੇਰੀ ਆਸ ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰੂੰਗਾ।"

"ਅੱਛਾ, ਕੂਲ ਸ਼ਾਮ ਨੂੰ, ਮੈਨੂੰ ਚਾਰ ਵਜੇ ਦੀ ਬਸ ਤੋਂ ਆ ਕੇ ਲੈ ਜਾਈਂ...ਭੁੱਲੀਂ ਨਾ?" 'ਤੇ ਉਹ ਬਾਏ-ਬਾਏ ਕਰਦੀ ਬਸ 'ਚ ਜਾ ਬੈਠੀ।

ਸਾਰੀ ਰਾਤ ਸੋਚਾਂ ਵਿਚ ਈ ਲੰਘ ਗਈ। ਨੀਂਦ ਆ ਈ ਨਈਂ ਸੀ ਰਹੀ। ਇਕ ਅਜੀਬ ਕਸ਼ਮਕਸ਼ ਦਿਮਾਗ਼ ਵਿਚ ਚਲ ਰਹੀ ਸੀ। ਕਦੀ ਜਾਪਦਾ, ਇਹ ਪਿਤਾ ਜੀ ਤੇ ਝਾਈ ਜੀ ਨਾਲ ਵਿਸਾਹਘਾਤ ਏ ਤੇ ਕਦੀ ਭਰਾ-ਭਰਜਾਈ ਦਾ ਭਰੋਸਾ ਟੁੱਟਦਾ ਜਾਪਦਾ ਸੀ। ਚਾਰ ਵਜੇ ਮਨਜੀਤ ਨੇ ਬਸ ਅੱਡੇ 'ਤੇ ਸੱਦਿਆ ਸੀ। ਪਤਾ ਈ ਨਈਂ ਲੱਗਾ, ਸਮਾਂ ਕਿਵੇਂ ਸੋਚਾਂ ਵਿਚ ਈ ਲੰਘ ਗਿਆ! ਤੇ ਉਹ ਰਿਕਸ਼ਾ ਲੈ ਕੇ ਘਰ ਆ ਗਈ!

ਮਨਜੀਤ ਮੇਰੇ ਨਾਲ ਦੋ ਕੁ ਦਿਨ ਤਾਂ ਬੋਲੀ ਈ ਨਾ। ਮੈਂ ਕੋਠੇ 'ਤੇ ਧੁੱਪੇ ਬੈਠਾ ਪੜ੍ਹ ਰਿਹਾ ਸਾਂ, ਉਹ ਕਪੜੇ ਸੁੱਕਣੇ ਪਾਉਣ ਉਪਰ ਆਈ। ਉਸ ਨੇ ਤੌਲੀਏ ਨੂੰ ਜ਼ੋਰ ਦੀ ਛੰਡਿਆ। ਕਿਤਾਬ ਤੋਂ ਛਿੱਟੇ ਪੂੰਝਦਿਆਂ, ਜਦ ਮੈਂ ਗੁੱਸੇ ਨਾਲ ਭਰੀ-ਪੀਤੀ ਮਨਜੀਤ ਵਲ ਤੱਕਿਆ, ਮੇਰਾ ਹਾਸਾ ਨਿਕਲ ਗਿਆ। ਮੇਰੇ ਵਲ ਹਰਖੀ ਬਿੱਲੀ ਵਾਂਗ ਝਾਕਦੀ ਕਹਿਣ ਲੱਗੀ, "ਪਰਸੋਂ ਤੂੰ ਲੈਣ ਕਿਉਂ ਨੀਂ ਆਇਆ?...ਦੰਦੀਆਂ ਕੱਢਦਾ ਹੁਣ...ਘੋਗਾ ਜਿਹਾ।" ਮੈਂ ਆਪਣੇ ਕੰਨ ਪਕੜ ਲਏ...ਉਹ ਬੁਲ੍ਹ ਜਿਹੇ ਟੇਰਦੀ ਹੇਠਾਂ ਉਤਰ ਗਈ।

ਆਪਣੇ ਬੀ. ਏ. ਦੇ ਪੇਪਰ ਦੇ ਕੇ ਮੈਂ ਪਿੰਡ ਆ ਗਿਆ। ਮਨਜੀਤ ਨੂੰ ਵੀ ਸਾਡੇ ਪਿੰਡ ਦੇ ਨਜ਼ਦੀਕੀ ਸ਼ਹਿਰ 'ਚ ਨੌਕਰੀ ਮਿਲ ਗਈ। ਇਸੇ ਸ਼ਹਿਰ ਦੇ ਗੌਰਮਿੰਟ ਸਕੂਲ ਤੋਂ ਮੈਂ ਦਸਵੀਂ ਪਾਸ ਕੀਤੀ ਸੀ ਤੇ ਏਹੋ ਸ਼ਹਿਰ ਸਾਡਾ ਸ਼ਾਪਿੰਗ ਸੈਂਟਰ ਵੀ ਸੀ। ਮਨਜੀਤ ਨੂੰ ਮਿਲਣ ਲਈ ਕੋਈ ਉਚੇਚ ਨਈਂ ਸੀ ਕਰਨੀ ਪੈਂਦੀ। ਮੁਸ਼ਕਲ ਉਦੋਂ ਪੇਸ਼ ਆਉਂਦੀ, ਜਦੋਂ ਉਹ ਕਿਸੇ ਪਿੰਡ 'ਚ ਡਿਊਟੀ 'ਤੇ ਗਈ ਹੋਈ ਹੁੰਦੀ। ਸਾਈਕਲ 'ਤੇ ਮਗਰ ਜਾ ਕੇ ਲੱਭਣਾ ਪੈਂਦਾ ਸੀ। "ਪੰਮੀ ਤੂੰ ਸਕੂਟਰ ਕਿਓਂ ਨੀਂ ਲੈ ਲੈਂਦਾ?" ਇਕ ਦਿਨ ਮੈਨੂੰ ਪਸੀਨੋ-ਪਸੀਨੀ ਹੋਏ ਦੇਖ ਕੇ ਉਸ ਨੇ ਆਖਿਆ।

"ਨਜ਼ਦੀਕ ਈ ਤਾਂ ਹੈ...ਜਦੋਂ ਲੋੜ ਪਈ ਲੈ ਲਵਾਂਗੇ।" ਆਖ ਤਾਂ ਮੈਂ ਦਿੱਤਾ, ਪਰ ਮੈਂ ਬੇ-ਰੁਜ਼ਗਾਰ ਸਾਂ। ਪਿਤਾ ਜੀ ਰਿਟਾਇਰ ਹੋ ਚੁੱਕੇ ਸਨ। ਮੇਰੇ ਕੋਲ਼ ਤਾਂ ਨਵਾਂ ਸਾਈਕਲ ਲੈਣ ਦੀ ਵੀ ਹਿੰਮਤ ਨਈਂ ਸੀ।

ਮੈਂ ਉਸ ਵਾਸਤੇ, ਕਦੇ-ਕਦੇ ਸਰ੍ਹੋਂ ਦਾ ਸਾਗ 'ਤੇ ਤਾਜ਼ੀਆਂ ਮੂਲੀਆਂ, ਗਾਜਰਾਂ ਪੁੱਟ ਕੇ ਲੈ ਜਾਂਦਾ। ਸੁੰਢ, ਮੂੰਗਫਲੀ, ਸੌਂਫ ਤੇ ਗਿਰੀਆਂ ਪਾ ਕੇ ਬਣਾਇਆ ਗੁੜ ਉਸ ਨੂੰ ਬਹੁਤ ਪਸੰਦ ਆਇਆ ਸੀ ਜੋ ਮੈਂ ਚਾਚੇ ਬਚਨੇ ਦੇ ਬੇਲਣੇ ਤੋਂ ਇਕ ਦਿਨ ਤਾਜ਼ਾ-ਤਾਜ਼ਾ ਲੈ ਗਿਆ ਸਾਂ।

ਉਹ ਅਕਸਰ ਈ ਮੈਨੂੰ, ਆਪਣੇ ਕੋਲ ਰਾਤ ਰਹਿਣ ਲਈ ਮਜਬੂਰ ਕਰਦੀ ਪਰ ਮੈਂ ਨਈਂ ਮੰਨਦਾ ਸਾਂ। ਬਿਨਾ ਕਿਸੇ ਕਾਰਨ ਘਰ ਤੋਂ ਬਾਹਰ ਰਹਿਣਾ ਮੇਰੇ ਲਈ ਮੁਸ਼ਕਲ ਹੀ ਨਹੀਂ ਅਸੰਭਵ ਸੀ। ਇਕ ਦਿਨ ਤਾਂ ਉਹ ਖਹਿੜੇ ਈ ਪੈ ਗਈ, "ਡਰਪੋਕ ਜਿਹਾ ਨਾ ਹੋਵੇ ਤਾਂ...ਤੇਰੇ ਵਰਗਾ ਮੁੰਡੇ ਤਾਂ...ਤੂੰ ਇਕ ਰਾਤ ਵੀ ਨਈਂ ਰਹਿ ਸਕਦਾ?"

"ਫੇਰ ਕਿਸੇ ਦਿਨ ਸਈਂ, ਘਰ ਦੇ ਉਡੀਕ ਕਰਦੇ ਹੋਣਗੇ।" ਮੈਂ ਮਜਬੂਰੀ ਜ਼ਾਹਿਰ ਕਰਦਿਆਂ ਜਾਣ ਦੀ ਇਜਾਜ਼ਤ ਮੰਗੀ।

"ਤੇਰਾ ਕੋਈ ਮਿੱਤਰ-ਦੋਸਤ ਨੀਂ? ਇਕ ਰਾਤ ਬਾਹਰ ਰਹਿਣ ਲਈ ਤੂੰ ਕੋਈ ਬਹਾਨਾ ਨੀਂ ਬਣਾ ਸਕਦਾ?"

ਉਸ ਦੀ, ਮਿੱਤਰ-ਦੋਸਤ ਵਾਲੀ ਕਹੀ ਗੱਲ ਮੈਨੂੰ ਜਚ ਗਈ। ਦੋਸਤ ਵੀ ਉਹ ਚਾਹੀਦਾ ਸੀ ਜੋ ਹਮ-ਰਾਜ਼ ਹੋਵੇ। ਵਰਨਾ ਪਿਤਾ ਜੀ ਦੇ ਪੁਲਸੀਆ ਸਵਾਲਾਂ ਦਾ ਜਵਾਬ ਦੇਣਾ ਪੈਂਦਾ ਸੀ, ਕਿੰਨੇ ਵਜੇ ਪਹੁੰਚਿਆ ਸੀ? ਕਿਸ ਨੂੰ ਮਿਲਿਆ ਸੀ? ਕੀ ਗੱਲਾਂ ਹੋਈਆਂ ਸਨ? ਕਿੰਨੇ ਵਜੇ ਤੁਰਿਆ ਸੀ? ਆਦਿ। ਉਹ ਵਾਲ ਦੀ ਖੱਲ ਲਾਹੁਣ ਵਾਲੇ ਸਨ। ਆਪ ਉਹ ਕਦੀ ਝੂਠ ਨਈਂ ਸਨ ਬੋਲਦੇ, ਝੂਠ ਤੋਂ ਉਨ੍ਹਾਂ ਨੂੰ ਸਖਤ ਨਫਰਤ ਸੀ।

ਇਕ ਦਿਨ ਰੱਬ ਨੇ ਜਾਣੋ ਮੇਰੀ ਨੇੜੇ ਹੋ ਕੇ ਸੁਣ ਲਈ। ਬਾਜ਼ਾਰ ਵਿਚ ਰਜਿੰਦਰ ਮਿਲ ਪਿਆ, ਮੇਰਾ ਸਕੂਲ ਸਮੇਂ ਦਾ ਦੋਸਤ। ਅਸੀਂ ਇਕੋ ਈ ਡੈਸਕ 'ਤੇ ਬੈਠਦੇ ਸਾਂ। ਅੰਗ੍ਰੇਜ਼ੀ ਵਾਲੇ ਮਾਸਟਰ ਤੋਂ ਸਾਨੂੰ ਬੌਤ ਡਰ ਲੱਗਦਾ ਸੀ। ਕਈ ਵਾਰ ਅਸੀਂ ਉਸ ਦੇ ਜਮਾਤ 'ਚ ਆਉਣ ਤੋਂ ਪਹਿਲਾਂ ਹੀ ਖਿਸਕ ਜਾਂਦੇ। ਉਹ ਬੜੇ ਤਪਾਕ ਨਾਲ ਜੱਫੀ ਪਾ ਕੇ ਮਿਲਿਆ। ਅਸੀਂ ਢੇਰ ਸਾਰੀਆਂ ਗੱਲਾਂ ਕੀਤੀਆਂ। 'ਕੱਠੇ ਪੜ੍ਹਦੇ ਸਮੇਂ ਦੀਆਂ ਤੇ ਉਸ ਤੋਂ ਬਾਅਦ ਦੇ, ਹੁਣ ਤਕ ਦੇ ਸਮੇਂ ਦੀਆਂ। ਅਚਾਨਕ ਹੀ ਉਹ ਖੁਸ਼ੀ ਨਾਲ ਉਛਲ ਪਿਆ, "ਮੇਰੀ ਮੰਗਣੀ ਆਂ ਯਾਰ ਆਉਂਦੇ ਐਤਵਾਰ ਨੂੰ, ਤੂੰ ਆਵੀਂ ਜ਼ਰੂਰ ਨਹੀਂ ਤਾਂ ਮੈਂ ਨਰਾਜ਼ ਹੋ ਜਾਣਾ ਏ।"

"ਕਿੱਥੇ ਹੋ ਰਹੀ ਏ ਮੰਗਣੀ ਤੇਰੀ?" ਮੈਂ ਉਸ ਦੀ ਖੁਸ਼ੀ 'ਚ ਸ਼ਰੀਕ ਹੁੰਦਿਆਂ ਪੁੱਛਿਆ।



"ਫਗਵਾੜੇ ਦੀ ਕੁੜੀ ਏ, ਬਾਹਰੋਂ ਆਈ ਆ ਅਮਰੀਕਾ ਤੋਂ!" ਉਹ ਬੇਹੱਦ ਖੁਸ਼ ਸੀ।

"ਦੇਖੀਂ ਕਿਤੇ ਅਮਰੀਕਾ ਜਾ ਕੇ ਸਾਨੂੰ ਭੁੱਲ ਈ ਨਾ ਜਾਈਂ?"

"ਮੈਂ ਤਾਂ ਕਹਿੰਦਾਂ ਤੂੰ ਵੀ ਕੋਈ ਇਹੋ ਜਿਹਾ ਜੁਗਾੜ ਬਣਾ ਲੈ 'ਕੱਠੇ ਅਮਰੀਕਾ 'ਚ ਕੋਈ ਕੰਮ ਖੋਲ੍ਹ ਲਾਂਗੇ।"

"ਸਭ ਕੁਦਰਤ ਦੇ ਵਸ ਐ!" ਮੈਨੂੰ ਆਪਣੇ ਦੋਸਤ ਦੀ ਕਿਸਮਤ 'ਤੇ ਰਸ਼ਕ ਹੋ ਰਿਹਾ ਸੀ।

"ਹਾਂ ਸੱਚ ਸ਼ਾਮ ਨੂੰ ਪਾਰਟੀ ਐ ਰਾਤ ਰਹਿਣਾ ਪੈਣਾ, ਕੋਈ ਬਹਾਨਾ ਨਈਂ ਜੇ ਚੱਲਣਾ।" ਉਸ ਨੇ ਵਿਦਾਇਗੀ ਲੈਂਦਿਆਂ ਕਿਹਾ। ਮੈਨੂੰ ਤਾਂ ਸਗੋਂ ਬਾਹਰ ਰਹਿਣ ਦਾ ਮੌਕਾ ਮਿਲ ਗਿਆ ਸੀ। ਮੈਂ ਮਨਜੀਤ ਨੂੰ ਵੀ ਸਾਰੀ ਗੱਲ ਦਸ ਦਿੱਤੀ।

"ਉਸ ਦਿਨ ਦਾ ਮੈਂ ਬੇ-ਸਬਰੀ ਨਾਲ ਇੰਤਜ਼ਾਰ ਕਰਾਂਗੀ।" ਉਸ ਨੇ ਬੇਯਕੀਨੀ ਜਿਹੀ ਨਾਲ ਹੀ ਆਖਿਆ ਸੀ।

ਮੰਗਣੀ ਦੀਆਂ ਰਸਮਾਂ ਤੋ ਵਿਹਲੇ ਹੋ ਕੇ ਮੈਂ ਆਪਣੇ ਦੋਸਤ ਨਾਲ ਦਿਲ ਦੀ ਗੱਲ ਸਾਂਝੀ ਕੀਤੀ। ਉਸ ਨੇ ਇਜਾਜ਼ਤ ਦਿੰਦਿਆਂ ਕਿਹਾ, "ਗੁੱਡ ਲਕ ਟੇਕ ਕੇਅਰ, ਹੋ ਸਕੇ ਤਾਂ ਕਲ੍ਹ ਨੂੰ ਮਿਲਦਾ ਜਾਈਂ।"

ਮਨਜੀਤ ਕੋਲ ਪਹੁੰਚਦਿਆਂ ਮੈਂ ਕੁੱਝ ਲੇਟ ਹੋ ਗਿਆ। ਉਹ ਖਾਣਾ ਬਣਾ ਕੇ ਮੈਨੂੰ ਉਡੀਕ ਰਹੀ ਸੀ। ਭੁੱਖ ਨਾ ਹੋਣ ਦੇ ਬਾਵਜੂਦ ਵੀ ਮੈਂ ਇਕ ਫੁਲਕਾ ਉਸ ਦੇ ਨਾਲ ਬੈਠ ਕੇ ਖਾ ਲਿਆ। "ਖਾਣਾ ਬੜਾ ਸਵਾਦ ਏ!" ਮੈਂ ਉਂਗਲੀਆਂ ਚੱਟਦਿਆਂ ਕਿਹਾ।

"ਦੋਸਤ ਦੇ ਘਰ ਦੇ ਖਾਣੇ ਨਾਲੋਂ ਵੀ?"

"ਉਸ ਵਕਤ ਮੇਰਾ ਖਾਣੇ ਵਲ ਧਿਆਨ ਈ ਕਿੱਥੇ ਸੀ?"

"ਨਿਰਾ ਦੁੱਧ ਪੀਵੋਂਗੇ ਜਾਂ ਪੱਤੀ ਪਾ ਕੇ ਉਬਾਲ ਦਿਆਂ?" ਉਸ ਰਸੋਈ ਵਲ ਜਾਂਦਿਆਂ ਪੁੱਛਿਆ।

"ਚਾਹ ਈ ਬਣਾ ਲੈ ਤੇਜ਼ ਜਹੀ।" ਮੁਸਕਾਨ ਸਾਡੇ ਦੋਹਾਂ ਦੇ ਚਿਹਰਿਆਂ 'ਤੇ ਇਕੱਠਿਆਂ ਈ ਫੈਲ ਗਈ।

ਉਸ ਰਾਤ ਅਸੀਂ ਬੌਤ ਸਾਰੀਆਂ ਗੱਲਾਂ ਕੀਤੀਆਂ। ਉਹ ਵਾਰ-ਵਾਰ ਇਕੋ ਹੀ ਸ਼ਿਕਵਾ ਕਰੀ ਜਾਏ ਕਿ ਮੈਂ ਡਰਪੋਕ ਆਂ। ਮੇਰੇ ਵਿਚਾਰ ਪਿੰਡਾਂ ਵਾਲੇ ਪਿਛਾਂਹ-ਖਿੱਚੂ ਨੇ। ਜਲੰਧਰ ਵਰਗੇ ਸ਼ਹਿਰ 'ਚ ਰਹਿ ਕੇ ਵੀ, ਸ਼ਹਿਰੀ ਜੀਵਨ ਦਾ ਅਸਰ ਮੇਰੇ ਤੇ ਕਿਓਂ ਨੀਂ ਹੋਇਆ?

ਉਸ ਦਾ ਸ਼ਿਕਵਾ ਜਾਇਜ਼ ਸੀ। ਪਰ ਇਨ੍ਹਾਂ ਗੱਲਾਂ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਸਿਰਫ ਪਿਆਰ ਸਹਿਤ ਉਸ ਨੂੰ ਆਪਣੇ ਨਾਲ ਘੁੱਟਦਿਆਂ ਮੈਂ ਕਿਹਾ, "ਅੱਛਾ ਬਾਬਾ! ਅੱਗੇ ਤੋਂ ਖਿਆਲ ਰੱਖਾਂਗਾ।" 'ਤੇ ਉਹ ਮੋਮ ਵਾਂਗ ਪਿਘਰ ਗਈ, "ਪੰਮੀ ਮੈਂ ਤੈਨੂੰ ਬੌਤ ਪਿਆਰ ਕਰਦੀ ਆਂ ਇਨਸਾਨ ਨੂੰ ਸਮੇਂ ਦੇ ਨਾਲ ਈ ਕਦਮ ਮਿਲਾ ਕੇ ਚਲਣਾ ਚਾਈਦੈ। ਉਂਜ ਮੈਂ ਤੇਰੀ ਸ਼ਰਾਫਤ ਦੀ ਵੀ ਕਾਇਲ ਆਂ, ਤੂੰ ਬੌਤ ਪਿਆਰਾ ਇਨਸਾਨ ਏਂ।"

ਮੇਰੇ ਬੋਲਣ ਤੋਂ ਪਹਿਲਾਂ ਈ, ਮੇਰੇ ਫਰਕਦੇ ਬੁਲ੍ਹਾਂ 'ਤੇ ਉਸ ਨੇ ਆਪਣੇ ਕੋਮਲ ਹੋਂਠ ਛੁਹਾ ਦਿੱਤੇ। ਜਾਣੋ ਮੇਰੇ ਅੰਦਰਲੇ ਸਾਰੇ ਡਰ ਨੂੰ, ਡੀਕ ਲਾ ਕੇ ਪੀ ਜਾਣਾ ਚਾਹੁੰਦੀ ਹੋਵੇ!

ਮਨਜੀਤ, ਦਿਲ ਨੂੰ ਕੀਲ ਲੈਣ ਵਾਲੇ ਮੁਹਾਂਦਰੇ ਦੀ ਮਾਲਕਣ ਸੀ। ਸੁਰਮਈ ਅੱਖੀਆਂ, ਕਈ ਹਸਰਤਾਂ ਆਪਣੇ ਵਿਚ ਸਮੋਈ ਬੈਠੀਆਂ ਸਨ। ਘੁੰਗਰਾਲੇ ਵਾਲਾਂ 'ਚ ਮੇਰਾ ਹੱਥ ਫਿਰਦਿਆਂ ਈ, ਉਹ ਮਸਤੀ ਵਿਚ ਮੁੰਦ ਹੋ ਗਈਆਂ। ਇਕ ਸੁਖਦ ਅਨੁਭਵ ਨਾਲ ਕਿਤਨਾ ਈ ਚਿਰ ਸਨਾਟਾ ਛਾਇਆ ਰਿਹਾ।

ਉਸ ਨਾਲ ਮੇਰਾ ਇਹ ਮੇਲ, ਜਾਗਦੇ ਈ ਸੁਪਨੇ ਲੈਣ ਵਰਗਾ ਸੀ। ਉਹ ਸ਼ਹਿਰੀ ਮਾਹੌਲ 'ਚ ਜੰਮੀ-ਪਲ਼ੀ ਖੁਲ੍ਹੇ ਵਿਚਾਰਾਂ ਦੀ ਲੜਕੀ ਸੀ। ਉਚੇ-ਉਚੇ ਖੁਆਬ ਸਨ ਉਸਦੇ। ਅਤੇ ਮੈਂ ਇਕ ਸਖ਼ਤ ਸੁਭਾ ਵਾਲੇ ਮਾਂ-ਬਾਪ ਦਾ ਆਗਿਆਕਾਰੀ ਪੇਂਡੂ ਪੁੱਤਰ। ਇਹ ਤਾਂ ਸੰਜੋਗ ਈ ਸਮਝੋ ਜੋ ਦੋਨਾਂ ਨੂੰ ਏਨੇ ਨੇੜੇ ਲੈ ਆਏ ਸਨ। ਕੀ ਮੈਂ ਇਸ ਦੀਆਂ ਇਛਾਵਾਂ ਪੂਰੀਆਂ ਕਰ ਸਕਾਂਗਾ? ਸ਼ਾਇਦ ਨਹੀਂ! ਇਹ ਰੋਗ ਨੰਬਰ ਵਾਂਗ ਈ ਸੀ, ਜੋ ਕਿ ਮਨਜੀਤ ਦਾ ਅਚਾਨਕ ਈ ਮੇਰੇ ਨਾਲ ਲੱਗ ਗਿਆ ਸੀ। ਸੋਚਦਿਆਂ ਇਕ ਲੰਬਾ ਸਾਰਾ ਸਾਹ ਅੰਦਰ ਨੂੰ ਖਿਚਿਆ ਗਿਆ। ਮੇਰੀ ਛਾਤੀ 'ਤੇ ਰੱਖਿਆ ਮਨਜੀਤ ਦਾ ਹੱਥ, ਇਕ-ਦਮ ਉਪਰ-ਥੱਲੇ ਹੋਇਆ ਤੇ ਉਹ ਤ੍ਰਬਕ ਕੇ ਬੋਲੀ, "ਕੀ ਹੋਇਆ?"

"ਕੁੱਝ ਨਈਂ।"

"ਤੁਹਾਡੇ ਮੱਥੇ 'ਤੇ ਤਾਂ ਪਸੀਨਾ ਵੀ ਆਇਆ ਹੋਇਐ! ਠਹਿਰੋ, ਮੈਂ ਪੱਖਾ ਤੇਜ਼ ਕਰਕੇ ਆਉਂਦੀ ਆਂ।"

ਮਨਜੀਤ ਪੱਖਾ ਤੇਜ਼ ਕਰਕੇ ਫਿਰ ਮੇਰੀ ਛਾਤੀ 'ਤੇ ਸਿਰ ਰੱਖ ਕੇ ਪੈ ਗਈ। ਮੈਂ ਹੌਲੀ-ਹੌਲੀ ਉਸ ਦੇ ਜਿਸਮ ਨੂੰ ਸਹਿਲਾਉਣ ਲੱਗਾ। ਮੇਰੇ ਸਾਹ ਤੇਜ਼ ਹੋ ਗਏ, ਦਿਲ ਦੀ ਧੜਕਣ ਵਧ ਗਈ ਜਿਸ ਨੂੰ ਮਨਜੀਤ ਨੇ ਵੀ ਭਾਂਪ ਲਿਆ। "ਦੇਖਿਓ! ਜੇ ਕੋਈ ਐਸੀ-ਵੈਸੀ ਹਰਕਤ ਕੀਤੀ ਤਾਂ...?" ਉਸ ਨੇ ਮਿੱਠੀ ਘੁਰਕੀ ਦਿੱਤੀ।

"ਤਾਂ ਕੀ?"

"ਮੈਂ ਖੂਹ 'ਚ ਛਾਲ ਮਾਰ ਦੇਣੀ ਆਂ।"

ਖੂਹ ਵੀ ਘਰ ਦੇ ਨਜ਼ਦੀਕ ਈ ਸੀ। ਮੇਰੇ ਸਾਹ ਫੇਰ ਠੰਡੇ ਹੋ ਗਏ। ਮੱਥੇ 'ਤੇ ਪਸੀਨਾ ਆਉਣਾ ਦੁਬਾਰਾ ਸ਼ੁਰੂ ਹੋ ਗਿਆ।

ਸਾਰੀ ਰਾਤ ਖੱਟੀਆਂ-ਮਿੱਠੀਆਂ ਗੱਲਾਂ ਕਰਦਿਆਂ, ਗੱਲ ਇਸ ਨਤੀਜੇ 'ਤੇ ਮੁੱਕੀ ਕਿ ਵਿਆਹ ਲਈ ਆਪੋ-ਆਪਣੇ ਘਰਦਿਆਂ ਨਾਲ ਗੱਲ ਤੋਰਨੀ ਚਾਹੀਦੀ ਐ।

ਮਨਜੀਤ ਨੇ ਬਦਲੀ ਜਲੰਧਰ ਸ਼ਹਿਰ ਦੀ ਕਰਵਾ ਲਈ। ਅਗਲੀਆਂ ਬਹੁਤੀਆਂ ਗੱਲਾਂ ਚਿੱਠੀਆਂ ਰਾਹੀਂ ਹੋਣ ਲੱਗੀਆਂ। ਹਫਤੇ 'ਚ ਇਕ ਚਿੱਠੀ ਤਾਂ ਉਸ ਦੀ ਆ ਈ ਜਾਂਦੀ ਸੀ!

ਹੋਰ ਥੋੜ੍ਹੇ ਦਿਨਾਂ ਤਕ ਮਨਜੀਤ ਦੇ ਭਰਾ ਦਾ ਵਿਆਹ ਸੀ। ਕਾਰਡ ਵੀ ਆ ਗਿਆ ਹੋਇਆ ਸੀ। ਵਿਆਹ ਤੇ ਹਰ ਹਾਲਤ 'ਚ ਪਹੁੰਚਣ ਲਈ ਮੈਨੂੰ ਤਾਕੀਦ ਕੀਤੀ ਹੋਈ ਸੀ।

"ਪਿਤਾ ਜੀ! ਮੁੰਡਾ ਕਹਿੰਦਾ ਸੀ ਮੇਰੇ ਵਿਆਹ ਤੇ ਜ਼ਰੂਰ ਆਵੀਂ।" ਵਿਆਹ ਤੋਂ ਇਕ ਦਿਨ ਪਹਿਲਾਂ ਮੈਂ ਉਨ੍ਹਾਂ ਨੂੰ ਵਿਆਹ ਦੇ ਕਾਰਡ ਦਾ ਚੇਤਾ ਕਰਵਾਇਆ।

"ਤੈਨੂੰ ਪਤਾ ਨ੍ਹੀਂ ਘਰ 'ਚ ਕਿੰਨੇ ਕੰਮ ਆ? ਆਲੂਆਂ ਨੂੰ ਦਵਾਈ ਸਪਰੇ ਕਰਨੇ ਆਲੀ ਐ? ਤੂੰ ਨੀਂ ਜਾ ਸਕਦਾ, ਤੇਰੇ ਭਰਾ-ਭਰਜਾਈ ਹੈਨ ਉੱਥੇ, ਆਪੇ ਸ਼ਗਨ ਦੇ ਦੇਣਗੇ। ਪਿਤਾ ਜੀ ਦੇ ਹੁਕਮ ਨੂੰ ਟਾਲਣ ਦੀ ਮੇਰੇ 'ਚ ਜੁਰਅਤ ਨਹੀਂ ਸੀ। ਸਪਰੇ-ਪੰਪ ਲੈ ਕੇ ਮੈਂ ਖੇਤਾਂ ਵਲ ਨੂੰ ਤੁਰ ਪਿਆ।

ਵਿਆਹ ਹੋ ਗਿਆ ਪਰ ਮੈਂ ਨਾ ਜਾ ਸਕਿਆ! ਉਸ ਤੋਂ ਬਾਅਦ ਮਨਜੀਤ ਦੀ ਕੋਈ ਚਿੱਠੀ ਨਾ ਆਈ। ਚਿਤ ਬੌਤ ਉਦਾਸ ਸੀ। ਆਖਿਰ ਇਕ ਦਿਨ ਉਸ ਨੂੰ ਮਿਲਣ ਦਾ ਮਨ ਬਣਾ ਕੇ ਘਰੋਂ ਤੁਰ ਈ ਪਿਆ।

"ਹੁਣ ਕੀ ਕਰਨ ਆਇਆਂ?" ਮਨਜੀਤ ਭਰੀ-ਪੀਤੀ ਪਈ ਸੀ।

"ਤੇਰੀ ਕੋਈ ਚਿੱਠੀ ਜੂ ਨੀਂ ਆਈ ਮੈਂ ਵੀ ਕਈ ਚਿੱਠੀਆਂ ਪਾਈਆਂ, ਤੂੰ ਕੋਈ ਜਵਾਬ ਈ ਨੀਂ ਦਿੱਤਾ?"

"ਕਿਓਂ ਪਾਵਾਂ ਤੈਨੂੰ ਚਿੱਠੀ? ਤੂੰ ਵਿਆਹ ਤੇ ਕਿਓਂ ਨੀਂ ਆਇਆ?" ਆਖਦਿਆਂ ਮਨਜੀਤ ਦਾ ਗਚ ਭਰ ਆਇਆ। ਮੈਂ ਨਿਰਉਤਰ ਸ਼ਰਮਿੰਦਾ ਜਿਹਾ ਹੋਇਆ ਨੀਵੀਂ ਪਾਈ ਬੈਠਾ ਸਾਂ। ਫੇਰ ਓਸ ਨੇ ਸਾਰੀ ਗੱਲ ਵਿਸਥਾਰ ਨਾਲ ਦੱਸੀ ਕਿ ਕਿਵੇਂ ਮੇਰੇ ਨਾ ਜਾ ਸਕਣ ਕਾਰਨ, ਉਸ ਦੇ ਘਰਦਿਆਂ ਨੇ ਜ਼ੋਰ ਪਾ ਕੇ, ਵਿਆਹ 'ਚ ਆਏ ਇਕ ਹੋਰ ਲੜਕੇ ਨਾਲ, ਉਸ ਦੀ ਕੁੜਮਾਈ ਕਰ ਦਿੱਤੀ ਅਤੇ ਉਹ ਮੇਰਾ ਰਾਹ ਤੱਕਦੀ ਰਹਿ ਗਈ ਸੀ।

ਮੈਨੂੰ ਆਪਣੀ ਬੇਬਸੀ 'ਤੇ ਰੋਣਾ ਆ ਗਿਆ। ਭਰੇ ਹੋਏ ਮਨ ਨਾਲ ਉਸ ਨੂੰ ਦਿਲਾਸਾ ਦੇਣਾ ਚਾਹਿਆ, "ਸਭ ਕੁਦਰਤ ਦੇ ਵਸ ਐ ਮਨਜੀਤ! ਤੇਰੀ-ਮੇਰੀ ਜੋੜੀ ਸ਼ਾਇਦ ਰੱਬ ਨੂੰ ਮਨਜ਼ੂਰ ਨਹੀਂ ਸੀ।"

"ਚੁੱਪ...ਡਰਪੋਕ ਕਿਸੇ ਥਾਂ ਦਾ।" ਉਹ ਇਕ ਦਮ ਭਬਕ ਕੇ ਬੋਲੀ।

"ਮਨਜੀਤ! ਇਹ ਗੱਲ ਨ੍ਹੀਂ।" ਮੈਨੂੰ ਕੋਈ ਸ਼ਬਦ ਨ੍ਹੀਂ ਅਹੁੜ ਰਹੇ ਸਨ। ਗੁੜ੍ਹਤੀ 'ਚ ਮਿਲੇ ਉਸ ਤੋਂ ਮੂਲੋਂ ਵੱਖਰੇ, ਸੰਸਕਾਰਾਂ ਦੀ ਹੱਦ ਨਾ ਟੱਪ ਸਕਣਾ ਮੇਰੀ ਮਜਬੂਰੀ ਸੀ। ਜਿਸ ਬਾਰੇ ਮੈਂ ਉਸ ਨੂੰ ਸਦਾ ਸਮਝਾਉਣ ਦੀ ਕੋਸ਼ਿਸ਼ ਕਰਦਾ ਰਿਹਾ ਸਾਂ। ਆਪਣੀ ਸਫਾਈ 'ਚ ਮੈ ਕੁੱਝ ਕਹਿਣ ਹੀ ਲੱਗਾ ਸਾਂ ਕਿ ਉਹ ਵਿਚੋਂ ਹੀ ਟੋਕਦੀ ਹੋਈ ਬੋਲੀ, "ਮੈਂ ਤੇਰੀ ਹੁਣ ਕੋਈ ਗੱਲ-ਗੁੱਲ ਨਹੀਂ ਸੁਣਨੀ...ਤੂੰ ਪੰਮੀ! ਬਸ ਘੋਗਾ-ਏ-ਘੋਗਾ ਨਿਰਾ ਘੋਗਾ, ਆਪਣੇ ਅਤੀਤ ਦੇ ਨਾਲ ਚੁੰਬੜਿਆ ਹੋਇਆ ਘੋਗਾ!"

#

## ਚੁਟਕਲੇ

*ਇੰਦਰਜੀਤ ਮੰਗਾ, ਪਿਟਸਬਰਗ*

ਡਾਕਟਰ (ਮਰੀਜ਼ ਨੂੰ)-ਤੁਸੀਂ ਮੇਰਾ ਧੰਨਵਾਦ ਕਰੋ ਜੋ ਮੇਰੇ ਇਲਾਜ ਨਾਲ ਤੁਹਾਡੀ ਯਾਦਦਾਸ਼ਤ ਵਾਪਸ ਆ ਗਈ।

ਮਰੀਜ਼-ਉਹ ਤਾਂ ਠੀਕ ਹੈ ਪਰ ਇਹ ਤਾਂ ਦੱਸੋ ਤੁਸੀਂ ਹੋ ਕੌਣ?

---

ਇਕ ਵਾਰ ਇਕ ਮਾਸਟਰ ਨੇ ਬੱਚੇ ਨੂੰ ਹਫਤੇ ਦੇ ਦਿਨ ਯਾਦ ਕਰਾਉਣ ਲਈ ਨਵਾਂ ਤਰੀਕਾ ਵਰਤਿਆ। ਉਸ ਨੇ ਬੱਚੇ ਦੇ ਘਰ ਦੇ ਸੱਤ ਚੂਚਿਆਂ ਦੇ ਨਾਂ ਹਫਤੇ ਦੇ ਦਿਨਾਂ 'ਤੇ ਰੱਖ ਦਿੱਤੇ। ਕਾਫੀ ਦਿਨਾਂ ਬਾਅਦ ਬੱਚੇ ਨੂੰ ਹਫਤੇ ਦੇ ਦਿਨਾਂ ਬਾਰੇ ਪੁੱਛਿਆ ਤਾਂ ਉਸਨੇ ਕਿਹਾ, ਸੋਮਵਾਰ, ਮੰਗਲਵਾਰ, ਬੁੱਧਵਾਰ, ਵੀਰਵਾਰ, ਸ਼ੁੱਕਰਵਾਰ, ਸਨਿਚਰਵਾਰ...?

'ਤੇ ਐਤਵਾਰ ਕਿਥੇ ਬਈ?' ਮਾਸਟਰ ਦਾ ਸਵਾਲ ਸੀ।

'ਜੀ ਉਸਨੂੰ ਤਾਂ ਬਿੱਲੀ ਖਾ ਗਈ।' ਬੱਚੇ ਦਾ ਜਵਾਬ ਸੀ।

**ਰਾਏ ਆਪੋ ਆਪਣੀ**

# ਨਾਨਕਸ਼ਾਹੀ ਜੰਤਰੀ, ਦਸਮ ਗ੍ਰੰਥ ਅਤੇ ਸਿੱਖ ਪੰਥ

ਸਤਿਕਾਰ ਯੋਗ ਸੰਪਾਦਕ ਜੀ, 'ਪੰਜਾਬ ਟਾਈਮਜ਼' ਦੇ ਪ੍ਰਕਾਸ਼ਨ ਦੇ 10 ਸਾਲ ਪੂਰੇ ਹੋਣ 'ਤੇ ਬਹੁਤ-ਬਹੁਤ ਵਧਾਈ। ਦੁਆ ਕਰਦੇ ਹਾਂ ਕਿ ਇਹ ਅਖ਼ਬਾਰ ਇਸੇ ਤਰ੍ਹਾਂ ਮਿਆਰੀ ਖਬਰਾਂ ਅਤੇ ਲੇਖਾਂ ਨਾਲ ਪਾਠਕਾਂ ਦੀ ਸੇਵਾ ਕਰਦਾ ਰਹੇ। ਆਪਦੀ ਸਿਹਤ ਲਈ ਵੀ ਕਾਮਨਾ ਕਰਦੇ ਹਾਂ।

ਨਵਾਂ ਸ਼ੁਰੂ ਹੋਣ ਵਾਲਾ ਕਾਲਮ 'ਕਾਮਯਾਬੀ ਦੇ ਝੰਡੇ' ਇਕ ਸ਼ਲਾਘਾਯੋਗ ਕਦਮ ਹੈ ਅਤੇ ਸ. ਦੁਪਾਲਪੁਰ ਦੀ ਹੱਲਾਸ਼ੇਰੀ ਵੀ ਚੰਗੀ ਸੀ। ਜਰਾ ਧਿਆਨ ਲਾ ਕੇ ਚਾਰੇ ਪਾਸੇ ਦੇਖੀਏ ਤਾਂ ਬਹੁਤ ਲੋਕ ਹਨ ਜਿਨ੍ਹਾਂ ਨੇ ਇਥੇ ਝੰਡੇ ਗੱਡੇ ਹਨ। ਕੁਝ ਪ੍ਰੋਫੈਸ਼ਨਲ ਹਨ, ਜਿਵੇਂ ਡਾਕਟਰ ਇੰਜੀਨੀਅਰ ਪ੍ਰੋਫੈਸਰ ਵਗੈਰਾ। ਉਹ ਸ਼ਾਇਦ ਆਪਣੇ ਬਾਬਤ ਆਪ ਲਿਖਣਾ ਪਸੰਦ ਨਾ ਕਰਨ। ਖੇਤੀ ਵਿਚ ਵੀ ਬਹੁਤੇ ਹਨ ਜਿਨ੍ਹਾਂ ਨੇ ਬਹੁਤ ਤਰੱਕੀ ਕੀਤੀ ਹੈ। ਪਰ ਜ਼ਿਆਦਾ ਬਿਜਨਸ ਵਾਲੇ ਜਿਵੇਂ ਸਟੋਰ ਮਾਲਕ, ਗੈਸ ਸਟੇਸ਼ਨ ਮਾਲਕ, ਟਰੱਕਿੰਗ ਕੰਪਨੀਆਂ ਵਾਲੇ ਹਨ। ਇਨ੍ਹਾਂ ਵਿਚੋਂ 90% ਉਹ ਹਨ ਜਿਨ੍ਹਾਂ ਨੇ ਹਰ ਗਲਤ ਤਰੀਕਾ ਵਰਤ ਕੇ ਤਰੱਕੀ ਕੀਤੀ ਹੈ। ਬਹੁਤੇ ਸਟੋਰ ਅਤੇ ਗੈਸ ਸਟੇਸ਼ਨ ਵਾਲਿਆਂ ਨੇ ਟੈਕਸ ਦੀ ਚੋਰੀ ਵਗੈਰਾ ਅਤੇ ਟਰੱਕਾਂ ਵਾਲਿਆਂ ਨੇ ਟਰੱਕਾਂ 'ਤੇ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਕੇ ਤਰੱਕੀ ਕੀਤੀ ਹੈ ਅਤੇ ਉਹ ਹੀ ਹਨ ਜੋ ਗੁਰੂਘਰਾਂ ਵਿਚ ਕਬਜ਼ੇ ਵਾਸਤੇ ਲੜਾਈ-ਝਗੜੇ ਵਿਚ ਮੋਹਰੀ ਹਨ। ਲੋਕ ਦਿਖਾਵੇ ਲਈ ਅੰਮ੍ਰਿਤਧਾਰੀ ਵੀ ਹਨ, ਦਾਨੀ ਪੁਰਸ਼ ਵੀ ਹਨ, ਪਰ ਝੂਠ ਬੋਲਣ ਲੱਗੇ ਅਤੇ ਗਲਤ ਕੰਮ ਕਰਨ ਲੱਗੇ ਕੋਈ ਸ਼ਰਮ ਨਹੀਂ ਕਰਦੇ। ਕਿਸੇ ਗੁਰੂ ਜਾਂ ਰੱਬ ਦਾ ਡਰ ਨਹੀਂ। ਹਾਂ ਉਹ ਜ਼ਰੂਰ ਆਪਣੇ ਕਿਸੇ ਚੇਲੇ-ਚਮਚੇ ਤੋਂ ਲਿਖਵਾ ਕੇ ਭੇਜ ਦੇਣ, ਕਿਉਂਕਿ ਉਨ੍ਹਾਂ ਦੀਆਂ ਅਖਬਾਰਾਂ ਵਿਚ ਫੋਟੋਆਂ ਵੀ ਅਸੀਂ ਅਕਸਰ ਹੀ ਦੇਖਦੇ ਹਾਂ। ਆਪਣੀ ਮਸ਼ਹੂਰੀ ਅਤੇ ਵਡਿਆਈ ਚੰਗੀ ਲਗਦੀ ਹੈ।

ਦੂਜਾ, ਜੋ ਮਸਲਾ ਅੱਜ-ਕੱਲ੍ਹ ਸਿੱਖ ਪੰਥ ਵਿਚ ਗਰਮ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ, ਉਹ ਹੈ ਨਾਨਕਸ਼ਾਹੀ ਕੈਲੰਡਰ। ਇਸ ਬਾਰੇ ਹਰ ਛੋਟੇ-ਵੱਡੇ ਨੇ ਅਖਬਾਰਾਂ ਵਿਚ ਆਪਣਾ ਬਿਆਨ ਦੇਣ ਦੀ ਕੀਤੀ ਹੈ। ਜ਼ਿਆਦਾ ਲੋਕਾਂ ਦਾ ਵਿਰੋਧ ਰਾਜਨੀਤਕ ਹੈ ਜਾਂ ਵਿਰੋਧ ਕਰਨ ਲਈ ਹੀ ਵਿਰੋਧ ਹੈ। ਸਿੱਖ ਧਰਮ ਦਾ ਆਪਣਾ ਕੈਲੰਡਰ ਹੋਵੇ, ਇਸ ਵਿਚ ਕੋਈ ਕਿੰਤੂ ਨਹੀਂ ਹੈ। ਪਰ ਜੋ ਕੈਲੰਡਰ ਸ. ਪਾਲ ਸਿੰਘ ਪੁਰੇਵਾਲ ਨੇ ਬਣਾਇਆ ਸੀ, ਉਸ ਵਿਚ ਜੇ ਕੁਝ ਕਮੀ ਸੀ ਤਾਂ ਉਸ ਨੂੰ ਸੋਧਣ ਵਿਚ ਕੋਈ ਨੁਕਸਾਨ ਨਹੀਂ। ਉਹ ਕੋਈ ਗੁਰੂ ਦੀ ਬਾਣੀ ਨਹੀਂ ਕਿ ਸੋਧ ਹੋ ਹੀ ਨਹੀਂ ਸਕਦੀ। ਵੱਡੀਆਂ-ਵੱਡੀਆਂ ਵਿਗਿਆਨਕ ਖੋਜਾਂ ਤੇ ਕਈ ਵਾਰੀ ਸੋਧ ਹੁੰਦੀ ਹੈ। ਪਲੂਟੋ ਨੂੰ ਕਿੰਨੀ ਦੇਰ ਗ੍ਰਹਿ ਮੰਨਣ ਤੋਂ ਬਾਅਦ ਵਿਗਿਆਨੀਆਂ ਨੇ ਖੋਜ ਕੀਤੀ ਕਿ ਇਹ ਗ੍ਰਹਿ ਨਹੀਂ ਹੈ। ਹਾਂ ਇਹ ਜਰੂਰ ਕਹਿ ਸਕਦੇ ਹਾਂ ਕਿ ਸੋਧਾਂ ਕਰਨ ਲਈ ਧਾਰਮਿਕ ਆਗੂਆਂ ਦੀ ਰਾਏ ਲੈਣ ਨਾਲੋਂ ਜੇ ਵਿਗਿਆਨਕ ਸਮਝ ਅਤੇ ਪਹੁੰਚ ਵਾਲੇ ਮਾਹਿਰਾਂ ਦੀ ਕਮੇਟੀ ਬਣਾ ਕੇ ਤਰਕ ਅਤੇ ਸਿਧਾਂਤ ਨਾਲ ਇਹ ਮਸਲਾ ਹੱਲ ਹੋ ਸਕਦਾ ਸੀ। ਪਰ ਸ਼ਾਇਦ ਅਸੀਂ ਆਪਣੀਆਂ ਗਲਤੀਆਂ ਤੋਂ ਕਦੇ ਸਬਕ ਨਹੀਂ ਸਿੱਖਿਆ ਅਤੇ ਹਰ ਕੰਮ ਹੀ ਜਲਦਬਾਜ਼ੀ ਵਿਚ ਕਰਦੇ ਹਾਂ, ਚਾਹੇ ਉਹ ਪਹਿਲਾਂ ਕੈਲੰਡਰ ਨੂੰ ਲਾਗੂ ਕਰਨ ਦਾ ਸੀ ਜਾਂ ਫਿਰ ਸੋਧਾਂ ਕਰਨ ਦਾ। ਸਾਡੇ ਪੰਥ ਵਿਚਲੇ ਰਾਜਨੀਤਕ ਧੜੇ ਵੀ ਇਕ ਦੂਜੇ ਦੀਆਂ ਲੱਤਾਂ ਖਿੱਚਣ ਲਈ ਤਿਆਰ ਹੀ ਰਹਿੰਦੇ ਹਨ।

ਤੀਜਾ ਮਸਲਾ 'ਦਸਮ-ਗ੍ਰੰਥ' ਦਾ ਹੈ। ਮੈਂ ਇਸ ਦੇ ਬਾਰੇ ਕੋਈ ਜਾਤੀ ਰਾਏ ਨਹੀਂ ਦਿੰਦਾ। ਪਰ ਅਸੀਂ ਰੋਜ਼ ਅਖਬਾਰਾਂ ਵਿਚ ਵੱਖ-ਵੱਖ ਜਥੇਬੰਦੀਆਂ ਦੇ ਇਸ ਦੇ ਹੱਕ ਜਾਂ ਵਿਰੋਧ ਵਿਚ ਬਿਆਨ ਪੜ੍ਹਦੇ ਹਾਂ। ਬਹੁਤ ਸਾਰੀਆਂ ਜਥੇਬੰਦੀਆਂ ਵਿਦੇਸ਼ਾਂ ਵਿਚ ਵੀ ਹਨ, ਬਹੁਤੀਆਂ ਤਾਂ ਕਾਗਜ਼ਾਂ ਉਪਰ ਹੀ ਹਨ ਜਾਂ ਉਨ੍ਹਾਂ ਦੇ ਇਕ-ਦੋ ਅਹੁਦੇਦਾਰ ਹਨ ਜੋ ਸਿਰਫ ਬਿਆਨ ਦੇਣ ਤੱਕ ਹੀ ਸੀਮਤ ਹਨ। ਗੱਲ ਇਥੇ ਫਿਰ ਉਹੀ ਹੈ ਕਿ ਸਿਰ ਜੋੜ ਕੇ ਬੈਠ ਕੇ ਮਸਲੇ ਦਾ ਹੱਲ ਲੱਭਣ ਦੀ ਬਜਾਏ ਸਿਰ ਪਾੜ੍ਹ ਕੇ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਇਕ ਦੂਜੇ 'ਤੇ ਦੂਸ਼ਣ ਲਾਏ ਜਾਂਦੇ ਹਨ, ਕਿਸੇ ਨੂੰ ਆਰ. ਐਸ. ਐਸ. ਦਾ ਦਲਾਲ ਦੱਸਿਆ ਜਾਂਦਾ ਹੈ ਕਿਸੇ ਨੂੰ ਕੁਝ ਹੋਰ। ਹਾਂ, ਇਕ ਗੱਲ ਜ਼ਰੂਰ ਦਿਮਾਗ ਵਿਚ ਆਉਂਦੀ ਹੈ ਕਿ ਬਹੁਤ ਸਾਰੇ ਸਿੱਖ ਵਿਦਵਾਨ ਹੋਏ ਹਨ ਜਿਵੇਂ ਭਾਈ ਸਾਹਿਬ ਭਾਈ ਕਾਹਨ ਸਿੰਘ, ਭਾਈ ਸਾਹਿਬ ਭਾਈ ਰਣਧੀਰ ਸਿੰਘ, ਡਾ. ਗੰਡਾ ਸਿੰਘ, ਦਮਦਮੀ ਟਕਸਾਲ ਤੋਂ ਸੰਤ ਕਰਤਾਰ ਸਿੰਘ, ਸੰਤ ਗੁਰਬਚਨ ਸਿੰਘ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਉਨ੍ਹਾਂ ਵਲੋਂ ਦਸਮ ਗ੍ਰੰਥ ਬਾਬਤ ਕੋਈ ਵਿਵਾਦ ਜਾਂ ਕਦੇ ਕੋਈ ਗੱਲ ਨਹੀਂ ਆਈ। ਕੀ ਹੁਣ ਕਿਸੇ ਵਿਦਵਾਨ ਦੀ ਖੋਜ 'ਤੇ ਆਧਾਰਤ ਇਹ ਮੰਗ ਉੱਠੀ ਹੈ? ਜਾਂ ਇਸ ਵਿਚ ਵੀ ਕੋਈ ਸਿਆਸੀ ਚਾਲ ਹੈ? ਇਸ ਸਭ ਦੇ ਚਲਦਿਆਂ ਸਿੱਖ ਪੰਥ ਦੀਆਂ ਧਾਰਮਿਕ ਸੰਸਥਾਵਾਂ ਦੀ ਮਾਣ-ਮਰਿਯਾਦਾ ਖਤਮ ਕੀਤੀ ਜਾ ਰਹੀ ਹੈ। ਜੇ ਅਕਾਲ ਤਖਤ ਦੇ ਜਥੇਦਾਰ ਜਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਫੈਸਲਾ ਕਿਸੇ ਇੱਕ ਧੜੇ ਨੂੰ ਪਸੰਦ ਨਹੀਂ ਤਾਂ ਉਸ ਧੜੇ ਦੇ ਨੇਤਾ ਜਥੇਦਾਰ ਸਾਹਿਬ ਦੀ ਜਾਂ ਪ੍ਰਧਾਨ ਦੀ ਪੱਗ ਨੂੰ ਹੱਥ ਪਾਉਣ ਲੱਗਿਆਂ ਦੇਰ ਨਹੀਂ ਲਾਉਂਦੇ। ਇਸ ਨਾਲ ਇਨ੍ਹਾਂ ਸੰਸਥਾਵਾਂ ਦਾ ਮਾਣ ਮਿੱਟੀ ਵਿਚ ਮਿਲ ਜਾਂਦਾ ਹੈ। ਇਹ ਗੱਲ ਸਾਨੂੰ ਮੰਨ ਕੇ ਚੱਲਣੀ ਪਵੇਗੀ ਕਿ ਜਿਸ ਰਾਜਨੀਤਕ ਧੜੇ ਦਾ ਕਮੇਟੀ ਵਿਚ ਬਹੁਮਤ ਹੈ, ਉਸ ਦਾ ਪ੍ਰਧਾਨ ਹੈ ਜਾਂ ਜਥੇਦਾਰ ਨੂੰ ਨਿਯੁਕਤ ਕਰਨ ਦਾ ਅਧਿਕਾਰ ਹੈ, ਉਹ ਧੜਾ ਆਪਣੀ ਮਨਮਾਨੀ ਕਰੇਗਾ ਹੀ। ਅਸੀਂ ਗੁਰੂ ਘਰਾਂ ਦੇ ਪ੍ਰਬੰਧਕਾਂ ਵਿਚ ਹੀ ਦੇਖ ਲਈਏ। ਜਿਹੜਾ ਧੜਾ ਕਾਬਜ਼ ਹੋ ਜਾਂਦਾ ਹੈ ਉਹ ਫਿਰ ਗ੍ਰੰਥੀ ਸਿੰਘ ਜਾਂ ਰਾਗੀ ਸਿੰਘਾਂ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੈ। ਗੁਰੂਘਰ ਦੇ ਸੰਵਿਧਾਨ ਦੀ ਪ੍ਰਵਾਹ ਨਾ ਕਰਦਾ ਹੋਇਆ ਸਭ ਢੰਗ-ਤਰੀਕੇ ਵਰਤ ਕੇ ਆਪਣੀ ਪਕੜ ਮਜਬੂਤ ਕਰਕੇ ਉਮਰ ਭਰ ਲਈ ਕਾਬਜ਼ ਹੋਣ ਦੀ ਕੋਸ਼ਿਸ਼ ਕਰਦਾ ਹੈ। ਸੋ ਇਹ ਪ੍ਰਵਿਰਤੀ ਸਭ ਥਾਂ ਹੀ ਹੈ।

ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਜਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਥਾਪਣ ਦੀ ਵਿਧੀ ਵਿਚ ਜੇ ਊਣਤਾਈਆਂ ਹਨ ਅਤੇ ਕੋਈ ਇਕ ਧੜਾ ਇਨ੍ਹਾਂ ਦਾ ਜਾਇਜ਼ ਜਾਂ ਨਾਜਾਇਜ਼ ਫਾਇਦਾ ਲੈਂਦਾ ਹੈ ਤਾਂ ਇਸ ਦੇ ਅਸੀਂ ਸਾਰੇ ਹੀ ਜ਼ਿੰਮੇਵਾਰ ਹਾਂ। ਅੱਜ ਨਹੀਂ, ਪਿਛਲੇ 30 ਸਾਲ ਦੇ ਸ਼੍ਰੋਮਣੀ ਕਮੇਟੀ ਦੇ ਇਤਿਹਾਸ ਨੂੰ ਦੇਖ ਲਵੋ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣਨ ਤੋਂ ਬਾਅਦ ਪ੍ਰਧਾਨ ਸਾਹਿਬ ਨੂੰ ਰਾਜ-ਸਭਾ ਦੀ ਮੈਂਬਰੀ ਲਈ ਗੰਢ-ਤੁਪ ਕਰਦੇ ਸਭ ਨੇ ਦੇਖਿਆ ਹੈ। ਸਾਨੂੰ ਸੰਸਥਾ ਨੂੰ ਮਾਣ ਦੇਣਾ ਚਾਹੀਦਾ ਹੈ। ਜੇ ਉਹ ਸਾਡੀ ਪਸੰਦ ਦਾ ਨਹੀਂ ਹੈ ਤਾਂ ਇਹ ਸਾਡੀ ਆਪਣੀ ਬਣਾਈ ਵਿਧੀ ਦਾ ਹੀ ਕਸੂਰ ਹੈ। ਜੇ ਕੱਲ੍ਹ ਨੂੰ ਕੋਈ ਹੋਰ ਧੜਾ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਹੋ ਜਾਂਦਾ ਹੈ ਤਾਂ ਉਸ ਨੇ ਵੀ ਇਸੇ ਤਰ੍ਹਾਂ ਕਰਨਾ ਹੈ ਜਿਵੇਂ ਹੁਣ ਵਾਲਾ ਧੜਾ ਕਰ ਰਿਹਾ ਹੈ।

ਹੋਰ ਬਹੁਤ ਕੁਝ ਹੈ ਲਿਖਣ ਵਾਲਾ ਪਰ ਕਦੇ ਫਿਰ ਸਹੀ। ਜਾਂਦੇ-ਜਾਂਦੇ ਇਕ ਗੱਲ ਸਰਨਾ ਸਾਹਿਬ ਬਾਰੇ ਵੀ ਕਰਦਾ ਜਾਵਾਂ। ਮੇਰਾ ਨਿਜੀ ਅਕਾਲੀ ਸਿਆਸਤ ਨਾਲ ਕੋਈ ਦੂਰ ਦਾ ਵੀ ਵਾਸਤਾ ਨਹੀਂ ਹੈ ਪਰ ਕਦੇ ਸਰਨਾ ਸਾਹਿਬ ਜਾਂ ਉਨ੍ਹਾਂ ਦੇ ਹਮਾਇਤੀ ਇਹ ਦੱਸਣਗੇ ਕਿ 1984 ਦੇ ਪੀੜਤ ਪਰਿਵਾਰਾਂ ਲਈ ਉਨ੍ਹਾਂ ਨੇ ਦਿੱਲੀ ਵਿਚ ਕੀ ਕੀਤਾ ਹੈ? ਲੁਧਿਆਣੇ ਵਿਚ ਹੋਏ ਦੰਗਿਆਂ ਦੀ ਪੜਤਾਲ ਕਰਨ ਲਈ ਉਨ੍ਹਾਂ ਨੇ ਕਮੇਟੀ ਬਣਾ ਕੇ ਭੇਜ ਦਿੱਤੀ, ਪਰ ਦਿੱਲੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕਦੇ ਕੋਈ ਕੋਸ਼ਿਸ਼ ਕੀਤੀ ਹੈ? ਆਪਣੇ ਆਕਾਵਾਂ ਤੋਂ ਲਾਭ ਲੈ ਕੇ ਆਪਣੇ ਕਾਰੋਬਾਰ ਜ਼ਰੂਰ ਵਧਾਏ ਹਨ ਪਰ ਕਿਸੇ 1984 ਦੇ ਪੀੜਤ ਦੀ ਬਾਂਹ ਫੜ ਕੇ ਉਸ ਨੂੰ ਪੈਰਾਂ ਸਿਰ ਕਰਨ ਵਿਚ ਮਦਦ ਕੀਤੀ ਹੈ? ਜੇ ਕੀਤੀ ਹੁੰਦੀ ਤਾਂ ਟਾਈਟਲਰ ਅਤੇ ਸੱਜਣ ਕੁਮਾਰ ਦੇ ਖਿਲਾਫ ਅੱਜ ਗਵਾਹੀਆਂ ਦੇਣ ਵਾਲੇ 20-25 ਸਾਲ ਗੁਮਨਾਮ ਜ਼ਿੰਦਗੀ ਨਾ ਬਸਰ ਕਰਦੇ। ਉਹ ਵੀ ਦਿੱਲੀ ਵਿਚ ਹੀ ਹੁੰਦੇ।

***-ਮਨਜੀਤ ਸਿੰਘ, ਸੈਕਰਾਮੈਂਟੋ***

# ਸੁਰਜੀਤ ਸਖੀ ਦੀਆਂ ਕੁਝ ਗ਼ਜ਼ਲਾਂ

**(1)**

ਭਿਆਨਕ ਰਾਤ ਬੇਸ਼ਕ ਸੂਕਦੀ
ਕਾਲੀ ਨਜ਼ਰ ਆਏ,
ਪਰ ਇਸ ਦੇ ਨਾਲ ਹੀ,
ਸਰਘੀ ਦੀ ਵੀ ਲਾਲੀ ਨਜ਼ਰ ਆਏ।
ਇਹ ਨਵੀਆਂ ਬਸਤੀਆਂ, ਇੱਟਾਂ,
ਇਹ ਪੱਥਰ, ਦੂਰ ਤੱਕ ਰੇਤਾ,
ਭਲਾ ਏਥੇ ਕਿਵੇਂ, ਸਾਵਣ 'ਚ
ਹਰਿਆਲੀ ਨਜ਼ਰ ਆਏ।
ਇਮਾਰਤ ਖੋਖਲੀ ਹੈ,
ਚਮਕਦੇ ਰੰਗਾਂ ਦਾ ਧੋਖਾ ਹੈ,
ਬੜੀ ਵਕਤੀ ਜਿਹੀ ਹੈ,
ਇਹ ਹੋ ਖੁਸ਼ਹਾਲੀ ਨਜ਼ਰ ਆਏ।
ਮੇਰੇ ਸਾਕੀ, ਮੁਹੱਬਤ ਹੈ,
ਤਿਰੀ ਰਹਿਮਤ ਦਾ ਪੈਮਾਨਾ,
ਸਦਾ ਭਰਿਆ ਰਹੇ ਪਰ
ਦੁਨੀਆਂ ਨੂੰ ਖਾਲੀ ਨਜ਼ਰ ਆਏ।

**(2)**

ਸੱਯਾਦ ਜਦ ਵੀ ਗੁਜ਼ਰੇ,
ਇਸ ਗੁਲਸਿਤਾਨ ਕੋਲੋਂ,
ਡਰ ਜਾਣ ਸਭ ਪਰਿੰਦੇ,
ਖਾਲੀ ਕਮਾਨ ਕੋਲੋਂ।
ਕੰਧਾਂ ਦੇ ਨਾਲ ਲਗ ਕੇ,
ਰੋਣਾ ਪਿਆ ਹੈ ਮੈਨੂੰ,
ਕੀ ਹਾਲ ਪੁੱਛ ਲਿਆ ਮੈਂ,
ਉਜੜੇ ਮਕਾਨ ਕੋਲੋਂ।
ਕੋਈ ਸੀ ਜਦ ਮੁਖਾਤਿਬ,
ਤਾਂ ਸੌਂ ਗਈ ਸੀ ਦੁਨੀਆਂ,
ਕੀ ਦਾਸਤਾਂ ਸੁਣੋਗੇ,
ਹੁਣ ਬੇਜ਼ੁਬਾਨ ਕੋਲੋਂ।
ਆਪਣੇ ਉਦਾਸ ਘਰ 'ਚੋਂ,
ਮੈਂ ਢੂੰਡਿਆ ਨਾ ਤੈਨੂੰ,
ਪੁੱਛਿਆ ਤਿਰਾ ਪਤਾ ਮੈਂ,
ਨਿੱਤ ਅਸਮਾਨ ਕੋਲੋਂ।
ਚੌਰਾਹਿਆਂ 'ਚ ਇਸ ਨੇ
ਕੀ ਬਾਲਣਾ ਏ ਸੂਰਜ,
ਦੀਵਾ ਤਾਂ ਬਲ ਨਾ ਸਕਿਆ,
ਇਸ ਹੁਕਮਰਾਨ ਕੋਲੋਂ।

**(3)**

ਦਿਨ ਰਾਤ ਜਿਨ੍ਹਾਂ ਦੇ ਸਜਦੇ ਵਿਚ,
ਇਹ ਕੱਚੀਆਂ ਕੰਧਾਂ ਖੜ੍ਹੀਆਂ ਨੇ,
ਉਹ ਰਿਸ਼ਮਾਂ ਪਹਿਲੇ ਪਹਿਰ ਦੀਆਂ,
ਕਿਸ ਨੂਰਮਹਿਲ ਤੇ ਅੜੀਆਂ ਨੇ।
ਨਿੱਤ ਆਲ੍ਹਣਿਆਂ ਵਿਚ ਖੁਸ਼ ਰਹਿਣਾ,
ਹੁਣ ਚਿੜੀਆਂ ਦੀ ਤਕਦੀਰ ਨਹੀਂ,
ਜੇ ਬਿਜਲੀ ਕੋਲੋਂ ਬਚੀਆਂ ਤਾਂ,
ਸ਼ਿਕਰੇ ਦੀ ਨਜ਼ਰੇ ਚੜ੍ਹੀਆਂ ਨੇ।

ਦਿਨ ਰਾਤ ਅਨਾਹਦ ਨਾਦ ਵੱਜੇ,
ਹਰ ਪਲ ਤਿਆਰੀ ਮਹਿਫਲ ਦੀ,
ਅੰਬਰ ਦਾ ਸਾਏਬਾਨ ਫੜੀ,
ਦਿਨ ਰਾਤ ਦਿਸ਼ਾਵਾਂ ਖੜ੍ਹੀਆਂ ਨੇ।
ਕੁਝ ਰਸਤਾ ਬੀਆਬਾਨ ਜਿਹਾ,
ਕੁਝ ਲੁਕਣਮੀਟੀ ਮੰਜ਼ਲ ਦੀ,
ਫਿਰ ਹੋਈਆਂ ਸਾਡੇ ਰਹਿਬਰ ਤੋਂ,
ਕੁਝ ਬੇਪਰਵਾਹੀਆਂ ਬੜੀਆਂ ਨੇ।
ਪਾਬੰਦ ਫਿਜ਼ਾ ਵਿਚ ਸਾਡੇ ਤੋਂ,
ਪਾਬੰਦ ਇਬਾਦਤ ਨਾ ਹੋਈ,
ਬਿਨ ਈਦ ਨਿਭਾਏ ਨੇ ਰੋਜ਼ੇ,
ਬੇਵਕਤ ਨਮਾਜ਼ਾਂ ਪੜ੍ਹੀਆਂ ਨੇ।

**(4)**

ਸਿਤਾਰੇ ਬਣ ਕੇ ਚਮਕਾਂਗੇ,
ਘਟਾਵਾਂ ਬਚ ਕੇ ਛਾਵਾਂਗੇ,
ਅਸੀਂ ਆਕਾਸ਼ ਤੇਰੇ 'ਤੇ,
ਕਈ ਰੰਗਾਂ 'ਚ ਆਵਾਂਗੇ।
ਸਰੀਰਕ ਸ਼ਾਂਤੀ ਖਾਤਰ,
ਅਸੀਂ ਪੱਛਮ 'ਚ ਆਏ ਹਾਂ,
ਤੇ ਮੁੜ ਕੇ ਆਤਮਕ ਤ੍ਰਿਪਤੀ ਲਈ,
ਪੂਰਬ 'ਚ ਜਾਵਾਂਗੇ।

ਇਹ ਚਾਦਰ ਪਾਰਦਰਸੀ ਹੈ,
ਤੇ ਮੈਲੀ ਗੰਢੜੀ ਸਾਡੀ,
ਸ਼ਰੀਕਾਂ ਦੇ ਮੁਹੱਲੇ ਵਿਚ,
ਇਹਨੂੰ ਕਿੱਥੇ ਲੁਕਾਵਾਂਗੇ।
ਕਰੀਬੀ ਸਾਕ ਨੇ ਸਾਡੇ,
ਇਹ ਕੰਡੇ, ਜ਼ਹਿਰ ਤੇ ਸੂਲੀ,
ਜੇ ਕਿਧਰੇ ਆ ਬਣੀ,
ਤਾਂ ਬੇਧੜਕ ਰਿਸ਼ਤਾ ਨਿਭਾਵਾਂਗੇ।
ਸਨਾਤਨ ਰੂਪ ਚੇਤਨ ਦਾ,
ਸਦੀਵੀ ਨੂਰ ਦੇ ਵੰਸ਼ਜ,
ਅਸੀਂ ਜਿਥੇ ਵੀ ਹੋਵਾਂਗੇ,
ਹਮੇਸ਼ਾ ਜਗਮਗਾਵਾਂਗੇ।

**(5)**

ਇਹ ਪੱਤਝੜ ਦੀ ਤੇਜ਼ ਹਵਾ,
ਇਹ ਮੌਸਮ ਬੇਇਤਬਾਰੀ ਦਾ,
ਬਿਨ ਦਸਤਕ, ਟੱਪ ਔਣ ਵਰੋਲੇ,
ਬੂਹਾ ਚਾਰਦੀਵਾਰੀ ਦਾ।
ਮੈਂ ਤਾਂ ਆਪਣਾ ਖੂਨ ਵਹਾ ਕੇ,
ਧੋਵਾਂ ਚਿਹਰੇ ਫੁੱਲਾਂ ਦੇ,
ਕੀ ਜਾਣਾਂ, ਬਾਗੀਂ ਲੱਗੀਆਂ,
ਨਜ਼ਰਾਂ ਨੂੰ ਕਿਵੇਂ ਉਤਾਰੀਦਾ।
ਸਿਮ੍ਰਤੀਆਂ ਵਿਚ ਜੰਗਲ ਵੱਸਦਾ,
ਲੋਕੀਂ ਬਣੇ ਮਸ਼ੀਨਾਂ ਵਾਂਗ,
ਜਿਉਂ ਪਿੰਜਰੇ ਦਾ ਪੰਛੀ ਕੋਈ,
ਸੁਪਨਾ ਲਵੇ ਉਡਾਰੀ ਦਾ।

ਮੀਂਹ, ਗਰਦਿਸ਼, ਤੂਫਾਨ ਹਨੇਰੀ,
ਤੇਰੇ ਸਿਰ ਤੋਂ ਗੁਜ਼ਰੇ ਨੇ,
ਮਿੱਤਰਾ! ਫਿਰ ਵੀ ਝਮ ਝਮ ਕਰਦੈ,
ਰੰਗ ਤੇਰੀ ਫੁਲਕਾਰੀ ਦਾ।
ਉਹ ਤੇ ਉਸ ਦੇ ਜੰਗਲ ਪਰਬਤ,
ਦਿਲ ਦੇ ਅੰਬਰ ਰਹਿੰਦੇ ਨੇ,
ਫੁਰਸਤ ਦਾ ਪਲ ਪਲ ਅੱਜ ਕੱਲ੍ਹ,
ਉਸ ਦੇ ਨਾਲ ਗੁਜ਼ਾਰੀਦਾ।

---

## ਆਜ਼ਾਦੀ ਦੀ ਸੱਚਾਈ

ਮੁਸਲਿਮ ਲੀਗ ਤੇ ਕਾਂਗਰਸ ਵੰਡ ਕੀਤੀ,
ਮੁਲਕ ਵੰਡ ਕੇ ਦੋਹਾਂ ਫਨਾਹ ਕੀਤਾ।
ਕੋਈ ਆਖਦਾ ਨਹਿਰੂ ਸੀ ਚਾਲ ਚੱਲੀ
ਕਈਆਂ ਕਿਹਾ ਕਿ ਕੰਮ ਜਿਨਾਹ ਕੀਤਾ।
ਦਾਅਵੇਦਾਰ ਦੋਨੋਂ, ਕੁਰਸੀ ਇਕ ਹੈ ਸੀ
ਕੁਰਸੀ ਲਈ ਸੀ ਦੇਸ਼ ਤਬਾਹ ਕੀਤਾ।

ਤਾਰਾ ਡੁਬ ਗਿਆ ਦੇਸ਼ ਪੰਜਾਬ ਵਾਲਾ
ਅੱਗ ਪਾਣੀਆਂ ਵਿਚ ਵੀ ਲਾ ਦਿਤੀ।
ਪੰਜੇ ਆਬ ਪੰਜਾਬ ਦੇ ਵੰਡ ਦਿੱਤੇ।
ਵੰਡੀ ਉਹਦੀ ਵੀ ਨਾਲ ਪੁਆ ਦਿੱਤੀ।
ਬੰਗਾਲ ਵੰਡਿਆ ਗਿਆ ਬੰਗਾਲੀਆਂ ਦਾ
ਅੱਗ, ਵਿਚ ਕਸ਼ਮੀਰ ਵੀ ਲਾ ਦਿੱਤੀ।

ਅਜ ਤਕ ਉਹ ਅੱਗ ਨਾ ਬੁਝਣ ਦਿੱਤੀ
ਤੇਲ ਅੱਗ 'ਤੇ ਹੋਰ ਇਹ ਪਾਈ ਜਾਂਦੇ।
ਜੰਗ ਸੰਨ ਸੰਤਾਲੀ ਤੋਂ ਚਲ ਰਹੀ ਏ
ਪੁਤਰ ਮਾਂਵਾਂ ਦੇ ਨਿਤ ਮਰਵਾਈ ਜਾਂਦੇ।
ਲੋਕੀਂ ਅੱਜ ਤਕ ਤੜਫਦੇ ਮਿਲਣ ਦੇ ਲਈ
ਅੱਗ ਨਫਰਤ ਦੀ ਇਹ ਭੜਕਾਈ ਜਾਂਦੇ।

ਆਜ਼ਾਦੀ ਮਿਲੀ ਨਾ ਅਜੇ ਕਸ਼ਮੀਰੀਆਂ ਨੂੰ
ਪਾਕਿ-ਹਿੰਦ ਨੇ ਉਥੇ ਖਰੂਦ ਪਾਇਆ।
ਦੋਹੀਂ ਪਾਸੀਂ ਬੇਦੋਸ਼ੇ ਨਿਤ ਮਰੀ ਜਾਵਣ
ਪੱਲੇ ਉਨ੍ਹਾਂ ਦੇ ਅਜੇ ਨਾ ਕੁਝ ਆਇਆ।
ਫੌਜਾਂ ਬਾੜੀਆਂ ਦੋਵਾਂ ਕਸ਼ਮੀਰ ਅੰਦਰ
ਰਸਤਾ ਸੁਲ੍ਹਾ ਦਾ ਅਜੇ ਨਾ ਨਜ਼ਰ ਆਇਆ।

ਸੈਂਟਰ ਸੂਬਿਆਂ ਅੰਦਰ ਹੈ ਬਦਅਮਨੀ
ਸੂਬੇ ਖੁਦ ਮੁਖਤਿਆਰੀ ਲਈ ਲੜੀ ਜਾਂਦੇ।
ਅਜੇ ਮਿਲਿਆ ਨਾ ਕਿਸੇ ਅਧਿਕਾਰ ਕੋਈ
ਜੰਗ ਸੰਨ ਸੰਤਾਲੀ ਤੋਂ ਕਰੀ ਜਾਂਦੇ।
ਸੂਬੀ ਮਿਲੀ ਹੈ ਸ਼ੇਰਾਂ ਪੰਜਾਬੀਆਂ ਨੂੰ
ਰਾਜਧਾਨੀ ਏਹ ਮੰਗਣ ਤੋਂ ਡਰੀ ਜਾਂਦੇ।

ਆਜ਼ਾਦੀ ਮਿਲੀ ਨਾ ਆਜ਼ਾਦੀ ਦੇ ਵਾਰਸਾਂ ਨੂੰ
ਜਾਨਾਂ ਜਿਨ੍ਹਾਂ ਆਜ਼ਾਦੀ ਲਈ ਵਾਰੀਆਂ ਨੇ।
ਕੁਰਸੀਆਂ ਇਨ੍ਹਾਂ ਗੱਦਾਰਾਂ ਨੇ ਸਾਂਭ ਲਈਆਂ
ਮੌਜਾਂ ਅੱਜ ਤਕ ਇਨ੍ਹਾਂ ਹੀ ਮਾਰੀਆਂ ਨੇ।
ਦੋਹੀਂ ਪਾਸੀਂ ਗੱਦਾਰਾਂ ਦੀ ਚੜ੍ਹਤ 'ਬੇਦੀ'
ਪੱਲੇ ਲੋਕਾਂ ਦੇ ਪਈਆਂ ਦੁਸ਼ਵਾਰੀਆਂ ਨੇ।

***-ਬਲਦੇਵ ਸਿੰਘ ਬੇਦੀ***
***ਸੈਨ ਹੋਜ਼ੇ, ਕੈਲੀਫੋਰਨੀਆ।***

## ਗ਼ਜ਼ਲ

ਰੁੱਸ ਜਾਵੇ ਭਾਵੇਂ ਜੱਗ ਸਾਰਾ,
ਮੈਨੂੰ ਕੋਈ ਲੋੜ ਨਹੀਂ,
ਤੇਰਾ ਪਲ ਭਰ ਲਈ ਰੁੱਸ ਜਾਣਾ,
ਦਿਲ ਨੂੰ ਬਹੁਤ ਰੁਲਾਵੇ ਨੀਂ।
ਐਵੇਂ ਕਿਉਂ ਪੁੱਛਦੀ ਰਹਿੰਨੀ ਏਂ,
ਤੈਨੂੰ ਯਾਦ ਕਰਾਂ ਕਿੰਨਾ,
ਯਾਦ ਕਰੀਦਾ ਉਹਨੂੰ, ਜੋ ਦਿਲ ਚੋਂ,
ਨਿਕਲ ਜਾਵੇ ਨੀਂ।

ਤੇਰੇ ਬਿਨ ਚੰਨ-ਤਾਰਿਆਂ ਸੰਗ
ਜੋ ਰਾਤ ਬਿਤਾਵਾਂ ਮੈਂ,
ਇਹ ਝੱਲਾ ਦਿਲ, ਤੇਰੀਆਂ ਹੀ
ਬੱਸ ਬਾਤਾਂ ਪਾਵੇ ਨੀਂ।
ਸੁਣਿਆ ਸੀ ਭੱਠ ਵਿਛੋੜੇ ਦੀ,
ਹੈ ਪਿਆਰ ਵਧਾਉਂਦੀ ਨੀਂ
ਪਰ ਡਰ ਲੱਗਦਾ ਨਾ ਜ਼ਿੰਦਗੀ
ਇੰਝ ਹੀ ਮੁੱਕ ਜਾਵੇ ਨੀਂ।

ਮੈਂ ਤੇਰਾ, ਤੂੰ ਮੇਰਾ ਰਹੀਏ,
ਬਣ ਪਰਛਾਵਾਂ ਨੀਂ
ਕਾਸ਼ ਮੇਰੇ ਲੇਖਾਂ ਵਿਚ,
ਐਸਾ ਮੋੜ ਕੋਈ ਆਵੇ ਨੀਂ।
ਲੱਖਾਂ ਪੀੜ੍ਹਾਂ ਦਰਦ ਦਬਾਈ
ਦਿਲ ਵਿਚ ਫਿਰਦਾ ਏ,
'ਇੰਦਰਜੀਤ' ਲੋਕਾਂ ਵਿਚ,
ਸਦਾ ਹੱਸੇ-ਗਾਵੇ ਨੀਂ।

***-ਇੰਦਰਜੀਤ ਗਰੇਵਾਲ***
***ਸੈਕਰਾਮੈਂਟੋ, ਕੈਲੀਫੋਰਨੀਆ***
***ਫੋਨ: 916-276-8231***

## ਉਹ ਪਿੰਡ ਰਹੇ ਨਾ...

***ਸਿਕੰਦਰ ਇਕੋਲਾਹਾ, ਫੋਨ: 269-744-6986***

ਕਹਿੰਦੇ ਹੁਣ ਉਹ ਪਿੰਡ ਰਹੇ ਨਾ, ਗੱਲ ਆਖੀ ਕਈਆਂ ਨੇ।
ਨਾ ਆਪਸ ਦੇ ਵਿਚ ਪਿਆਰ ਰਹੇ, ਨਾ ਸਾਂਝਾਂ ਰਹੀਆਂ ਨੇ।

ਬਲਦਾਂ ਦੇ ਗਲ ਪੰਜਾਲੀ ਜੱਟ ਹੁਣ ਕੋਈ ਪਾਉਂਦਾ ਨਾ,
ਖੇਤਾਂ ਦੇ ਵਿਚ ਹੇਕਾਂ ਲਾ ਕੋਈ ਹਾਲੀ ਗਾਉਂਦਾ ਨਾ।
ਖੇਤੀ ਦਾ ਕੰਮ ਸਾਂਭ ਲਿਆ ਸਭ ਆ ਕੇ ਭੱਈਆਂ ਨੇ।
ਕਹਿੰਦੇ ਹੁਣ ਉਹ ਪਿੰਡ ਰਹੇ ਨਾ, ਗੱਲ ਆਖੀ ਕਈਆਂ ਨੇ।

ਰੱਖ ਮੋਢੇ ਉਤੇ ਕਹੀ ਜੱਟ ਹੁਣ ਮੋੜਦਾ ਨੱਕੇ ਨਾ,
ਕਹਿੰਦੇ ਹੁਣ ਤਾਂ ਮਾਸਟਰ ਵੀ ਬੱਚਿਆਂ ਨੂੰ ਡੱਕੇ ਨਾ।
ਨਾ ਕਿਸੇ ਦਾ ਡਰ ਨਾ ਉਹ ਪੜ੍ਹਾਈਆਂ ਰਹੀਆਂ ਨੇ,
ਕਹਿੰਦੇ ਹੁਣ ਉਹ ਪਿੰਡ ਰਹੇ ਨਾ, ਗੱਲ ਆਖੀ ਕਈਆਂ ਨੇ।

ਗੀਤ ਸਦੀਕ-ਮਾਣਕ ਦੇ ਉਥੇ ਹੁਣ ਕੋਈ ਸੁਣਦਾ ਨਾ,
ਹੱਥੀਂ ਸਵੈਟਰ ਦਰੀਆਂ ਨੂੰ ਉਥੇ ਹੁਣ ਕੋਈ ਬੁਣਦਾ ਨਾ।
ਸਭਿਆਚਾਰ ਵਿਗਾੜ ਤਾ ਅੱਜ ਦੇ ਇਨ੍ਹਾਂ ਗਵੱਈਆਂ ਨੇ।
ਕਹਿੰਦੇ ਹੁਣ ਉਹ ਪਿੰਡ ਰਹੇ ਨਾ, ਗੱਲ ਆਖੀ ਕਈਆਂ ਨੇ।

ਹੁਣ ਤਾਂ ਮੋਟਰ ਤੋਂ ਸਾਫ ਦਿਸਦਾ ਪਿੰਡ ਦਾ ਡੇਰਾ ਏ,
ਕਿੱਕਰ, ਤੂਤ ਨਾ ਟਾਹਲੀ, ਖਾਲੀ ਚਾਰ ਚੁਫੇਰਾ ਏ।
ਮੌਸਮ ਬਦਲ ਗਿਆ ਚਾਲੇ, ਨਾ ਵੇਲੇ ਸਿਰ ਬਾਰਸ਼ਾਂ ਪਈਆਂ ਨੇ।
ਕਹਿੰਦੇ ਹੁਣ ਉਹ ਪਿੰਡ ਰਹੇ ਨਾ, ਗੱਲ ਆਖੀ ਕਈਆਂ ਨੇ।

ਪਿੰਡ 'ਇਕੋਲਾਹਾ' ਵੀ ਘੇਰ ਲਿਆ ਹੁਣ ਕੋਠੀਆਂ-ਕਾਰਾਂ ਨੇ,
ਤੈਨੂੰ 'ਸਿਕੰਦਰਾ' ਯਾਦ ਨਾ ਕੀਤਾ ਕਦੇ ਵੀ ਬੇਲੀ-ਯਾਰਾਂ ਨੇ।
ਤੂੰ ਹੀ ਕਰ ਕਰ ਫੋਨ ਉਨ੍ਹਾਂ ਦੀਆਂ ਸੁੱਖਾਂ-ਸਾਂਦਾਂ ਲਈਆਂ ਨੇ।
ਕਹਿੰਦੇ ਹੁਣ ਉਹ ਪਿੰਡ ਰਹੇ ਨਾ, ਗੱਲ ਆਖੀ ਕਈਆਂ ਨੇ।
ਨੇ ਆਪਸ ਦੇ ਵਿਚ ਪਿਆਰ ਰਹੇ, ਨਾ ਸਾਂਝਾਂ ਰਹੀਆਂ ਨੇ।

### ਸਫ਼ਰ ਜ਼ਿੰਦਗੀ ਦਾ

# ਚੋਲੇ 'ਤੇ ਲਿਖੀ ਇਬਾਰਤ

**ਦੇਵਨੀਤ**



ਬੰਦੇ ਵਾਂਗ ਰੰਗਾਂ ਦਾ ਵੀ ਆਪਣਾ-ਆਪਣਾ ਸੁਭਾਅ ਹੁੰਦਾ ਹੈ। ਨਰਮ-ਗਰਮ, ਠੰਢਾ-ਤੱਤਾ, ਅੱਖੜ-ਮਿੱਠਾ, ਗੁਸੈਲ-ਸ਼ਾਂਤ, ਕਲਰ-ਥੈਰੇਪੀ ਬੰਦੇ ਦੇ ਸੁਭਾਅ ਨੂੰ ਉਸਦੇ ਰੰਗਾਂ ਦੇ ਸੁਭਾਅ ਨਾਲ ਮੇਲ ਕੇ/ਨਿਖੇੜ ਕੇ ਇਲਾਜ ਕਰਦੀ ਹੈ। ਰੰਗ ਬੰਦੇ 'ਤੇ ਕਿਵੇਂ ਅਸਰ ਕਰਦਾ ਹੈ? ਇਕ ਕਥਨ ਹੈ-ਇਕ ਆਦਮੀ ਨੇ ਜ਼ਿੰਦਗੀ ਭਰ ਮਾੜੇ ਕੰਮ ਕੀਤੇ, ਪਰ ਉਸਦੇ ਇੱਕੋ ਚੰਗੇ ਕੰਮ ਕਾਰਨ ਉਸਨੂੰ ਸਵਰਗ ਅਲਾਟ ਹੋ ਗਿਆ। ਧਰਮਰਾਜ ਦੁਬਿਧਾ ਵਿਚ ਸੀ ਕਿ ਮਾੜੇ ਬੰਦੇ ਨੂੰ ਸਵਰਗ ਕਿਉਂ ਮਿਲਿਆ? ਧਰਮਰਾਜ ਨੇ ਉਸਦਾ ਕਮਰਾ ਸਾਰੇ ਦਾ ਸਾਰਾ ਲਾਲ ਰੰਗ ਨਾਲ ਰੰਗਵਾ ਦਿੱਤਾ। ਲਾਲ ਰੰਗ ਨੂੰ ਉਹ ਘ੍ਰਿਣਾ ਕਰਦਾ ਸੀ। ਇਕ ਹਫਤੇ ਬਾਅਦ ਉਹ ਬੰਦਾ ਕਹਿੰਦਾ, ਮੇਰੇ ਕਮਰੇ ਦਾ ਰੰਗ ਬਦਲ ਦਿਓ ਨਹੀਂ ਤਾਂ ਮੈਨੂੰ ਨਰਕ ਭੇਜ ਦਿਓ। ਇਥੇ ਵੀ ਨਰਕ ਹੈ।

ਬੰਦੇ ਦੀ ਸ਼ਖ਼ਸੀਅਤ ਦਾ ਆਪਣਾ ਇਕ ਰੰਗ ਹੁੰਦਾ ਹੈ ਜੋ ਉਸਦੇ ਕੰਮਾਂ 'ਚ ਝਲਕਦਾ ਹੈ। ਪਿਕਾਸੋ ਵਰ੍ਹਿਆਂਬੱਧੀ ਨੀਲੇ ਰੰਗ ਨਾਲ ਹੀ ਆਪਣੀ ਪੇਂਟਿੰਗ ਕਰਦਾ ਰਿਹਾ ਜਿਸਨੂੰ ਪਿਕਾਸੋ ਦਾ ਨੀਲਾ ਯੁੱਗ ਕਿਹਾ ਜਾਂਦਾ ਹੈ। ਸੁਚੇਤ ਤੌਰ 'ਤੇ ਇਹ ਪਿਕਾਸੋ ਨੂੰ ਵੀ ਨਹੀਂ ਸੀ ਪਤਾ। ਅਸਲ 'ਚ ਕਿਸੇ ਵਸਤ/ਕੱਪੜੇ ਦਾ ਜੋ ਰੰਗ ਸਾਨੂੰ ਦਿਸਦਾ ਹੁੰਦਾ ਹੈ, ਉਹੋ ਉਸਦਾ ਰੰਗ ਨਹੀਂ ਹੁੰਦਾ। ਉਹ ਵਸਤ ਬਾਕੀ ਸਾਰੇ ਰੰਗਾਂ ਨੂੰ ਆਪਣੇ ਅੰਦਰ ਸਮਾ ਕੇ ਉਸ ਰੰਗ ਨੂੰ ਬਾਹਰ ਪਰਤਾ ਰਹੀ ਹੁੰਦੀ ਹੈ ਜੋ ਸਾਨੂੰ ਉਸਦਾ ਰੰਗ ਲੱਗਦਾ ਹੈ। ਭਗਵਾਂ ਰੰਗ ਜੋ ਉਦਾਸੀ ਪਰੰਪਰਾ ਦੇ ਸਾਧ ਪਹਿਨਦੇ ਹਨ, ਅਸਲ 'ਚ ਗੁੱਸੇ ਦਾ ਰੰਗ ਹੈ। ਉਦਾਸੀ ਸੰਤ ਭਗਵਾਂ ਰੰਗ ਪਹਿਨ ਕੇ ਇਸ ਰਾਹੀਂ ਆਪਣੇ ਅੰਦਰਲਾ ਗੁੱਸਾ ਬਾਹਰ ਸੁੱਟ ਰਹੇ ਹੁੰਦੇ ਹਨ। ਖਾਈਏ ਮਨ ਭਾਉਂਦਾ ਤੇ ਹੰਢਾਈਏ ਵੀ ਮਨ ਭਾਉਂਦਾ। ਜੱਗ ਨੂੰ ਤੁਹਾਡੇ ਰੰਗ ਦਾ ਕੀ ਪਤਾ ਹੈ।

ਬੰਦਾ ਜਦੋਂ ਵੀ ਕਿਸੇ ਨੂੰ ਮਿਲਦਾ ਹੈ ਸਭ ਤੋਂ ਪਹਿਲਾਂ ਉਸਦਾ ਪਹਿਰਾਵਾ ਵੇਖਦਾ ਹੈ। ਲਿਬਾਸ ਹੀ ਸਭ ਤੋਂ ਪਹਿਲਾਂ ਬੋਲਦਾ ਹੈ। ਫਿਰ ਚਿਹਰਾ, ਫਿਰ ਅੱਖਾਂ, ਫਿਰ ਜ਼ੁਬਾਨ। ਇਹ ਮਿਲਣ ਵਾਲੇ ਨੇ ਸੋਚਣਾ ਹੁੰਦਾ ਹੈ, ਉਹ ਉਸਦੇ ਪਹਿਰਾਵੇ ਮੁਤਾਬਕ ਬੋਲੇ ਕਿ ਚਿਹਰੇ, ਕਿ ਅੱਖਾਂ, ਕਿ ਜ਼ੁਬਾਨ। ਪਰ ਅਕਸਰ ਹੁੰਦਾ ਇਹ ਹੈ ਕਿ ਬੰਦਾ ਉਸਦੇ ਪਹਿਰਾਵੇ ਮੁਤਾਬਕ ਹੀ ਬੋਲਣਾ ਸ਼ੁਰੂ ਕਰ ਦੇਂਦਾ ਹੈ। ਇਸ ਤਰ੍ਹਾਂ ਉਹ ਬਹੁਤ ਸਾਰੀਆਂ ਮੁਸੀਬਤਾਂ, ਮੁਹਾਵਰੇ ਤੇ ਮਜ਼ਾਕ ਬਣਾ ਲੈਂਦਾ ਹੈ। ਮੈਂ ਪੰਜਾਬੀ ਸ਼ਾਇਰਾ ਨੀਤੂ ਅਰੋੜਾ ਦੀ ਕਿਤਾਬ ਸੁਆਲਾਂ ਦੇ ਸਨਮੁੱਖ ਪੜ੍ਹੀ। ਉਸਦੀ ਕਵਿਤਾ ਨੇ ਮੇਰੇ ਅੰਦਰ ਉਸਦੀ ਇਕ ਸ਼ਖਸੀਅਤ ਸਿਰਜ ਲਈ। ਮਾਰਚ 2009 ਵਿਚ ਅੰਮ੍ਰਿਤਸਰ ਨਵੀਂ ਪੰਜਾਬੀ ਕਵਿਤਾ ਸੈਮੀਨਾਰ ਸੀ। ਮੇਰੇ ਕੋਲ ਸਕਿਨ ਕਲਰ ਦੇ ਮੋਟੇ ਸੂਤੀ ਸੂਟ ਵਿਚ ਇਕ ਸੁਹਣੀ ਜਿਹੀ ਕੁੜੀ ਬੈਠੀ। ਮੈਂ ਉਸ ਵੱਲ ਵੇਖਿਆ ਜਿਵੇਂ ਉਹੀ ਨੀਤੂ ਅਰੋੜਾ ਹੋਵੇ। ਉਹ ਉਹੀ ਸੀ। ਪਹਿਰਾਵਾ ਠੀਕ ਬੋਲ ਗਿਆ ਸੀ।

ਕਵੀਆਂ ਦਾ ਆਪਣਾ ਇਕ ਵਿਸ਼ੇਸ਼ ਲਿਬਾਸ ਹੁੰਦਾ ਹੈ- ਨੀਲੀ ਜੀਨ ਨਾਲ ਲੰਬਾ ਖੱਦਰ ਦਾ ਕੋਕਾ ਕੋਲਾ ਸ਼ੇਡ ਦਾ ਕੁੜਤਾ। ਪੁਸਤਕ ਮੇਲੇ ਵਿਚ ਇਸੇ ਪਹਿਰਾਵੇ 'ਚ ਇਕ ਲੰਬਾ ਆਦਮੀ ਕਵਿਤਾ ਪੜ੍ਹ ਰਿਹਾ ਸੀ, ਰਾਜ ਕਮਲ ਦੀ ਸਟਾਲ 'ਤੇ। ਲੱਗ ਰਿਹਾ ਸੀ ਜ਼ਰੂਰ ਕੋਈ ਵੱਡਾ ਕਵੀ ਹੋਵੇਗਾ-ਹਾਂ ਹੈ ਸੀ ਉਹ ਹਿੰਦੀ ਕਵੀ ਅਲੋਕ ਧਨਵਾ। ਪੰਜਾਬੀ ਕਵੀ ਇਹ ਲਿਬਾਸ ਘੱਟ ਪਹਿਨਦੇ ਹਨ। ਦਰਸ਼ਨ ਬੁੱਟਰ ਕਵੀ ਤੇ ਅਫਸਰ ਹੈ। ਉਹ ਸੁਹਣੀ ਪੱਗ ਨਾਲ ਗਰੇਅ ਕਲਰ ਦੀ ਹਲਕੀ ਕਦੇ ਗੂੜ੍ਹੀ ਸ਼ੇਡ 'ਚ ਰਸਮੀ ਪਹਿਰਾਵਾ ਪਹਿਨਦਾ ਹੈ। ਕਵੀ ਤੇ ਅਫਸਰ 'ਕੱਠਾ ਜਾਪਦੈ। ਮੈਨੂੰ ਮਨਮੋਹਨ ਅਤੇ ਸਵਰਨਜੀਤ ਸਵੀ ਪੱਗ ਵਾਲੇ ਰੂਪ ਵਿਚ ਹੀ ਵੱਧ ਸੁਹਣੇ ਲੱਗਦੇ ਹਨ। ਸਵੀ ਤਾਂ ਪੱਗ ਛੱਡ ਹੀ ਗਿਆ ਹੈ। ਕਿਸੇ ਦੇ ਕਹੇ ਕੌਣ ਕੀ ਕਰਦੈ। ਕਿਉਂ ਕਰੇ?

ਧਰੇਜਾ ਉਸ ਅੰਦਰ ਨੱਚਦਾ ਰਹਿੰਦਾ ਹੈ। ਸਰਬਜੀਤ ਬੇਦੀ ਐਨੇ ਗੋਰੇ ਰੰਗ 'ਤੇ ਵੀ ਹਮੇਸ਼ਾ ਕਾਲੀ ਪੱਗ ਬੰਨ੍ਹਦੈ। ਇਸ ਕੰਟਰਾਸਟ 'ਚੋਂ ਤਾਂ ਚੰਗਾੜੇ ਨਿਕਲਦੇ ਹਨ। ਫਿਰ ਉਹ ਕਿਉਂ ਬੰਨ੍ਹਦਾ ਹੈ, ਹਮੇਸ਼ਾ ਕਾਲਾ ਰੰਗ। ਉਹ ਜਾਣੇ ਜਾਂ ਉਸ ਅੰਦਰਲਾ ਸ਼ਾਇਰ। ਮੈਂ ਕੀ ਜਾਣਾ।

ਪਹਿਰਾਵਾ ਬੰਦੇ ਅੰਦਰਲੇ ਬੰਦੇ ਨੂੰ ਲੁਕਾਉਂਦਾ ਵੀ ਹੈ। ਭਲਾ ਐਂ ਕਿਤੇ ਲੁਕ ਸਕਦੈ, ਬੰਦੇ ਅੰਦਰਲਾ ਬੰਦਾ। ਪਹਿਰਾਵਾ ਨਹੀਂ ਤਾਂ ਕੁਝ ਹੋਰ ਬੋਲ ਪੈਂਦੈ। ਮਾਨਸਾ ਤੋਂ ਮੇਰੇ ਨਾਲ ਇਕ ਧਾਰੀਆਂ ਵਾਲੀ ਕਮੀਜ਼ ਵਾਲੇ ਅਧੇੜ ਉਮਰ ਦਾ ਹਿੰਦੂ ਭੱਦਰਪੁਰਸ਼ ਬੈਠ ਗਿਆ। ਮੈਂ ਸੋਚਿਆ ਟੀਚਰ ਹੋਵੇਗਾ, ਕਮੀਜ਼ ਤੋਂ। ਪਰ ਬੈਠਣ ਬਾਅਦ ਉਸਨੇ ਮੇਰੇ ਹਿੱਸੇ ਦੀ ਸੀਟ ਰੋਕਣੀ ਸ਼ੁਰੂ ਕਰ ਦਿੱਤੀ। ਮੈਂ ਸੁਕੜਨਾ ਸ਼ੁਰੂ ਕਰ ਦਿੱਤਾ। ਉਹ ਬਿਨਾ ਮੂਹਰਲੀ ਸੀਟ ਦਾ ਸਹਾਰਾ ਲਏ, ਬੈਠਾ ਬੈਠਾ ਸੌਂ ਗਿਆ। ਆਪਣਾ ਸੁੱਤਾ ਹੋਇਆ ਭਾਰ ਮੇਰੇ ਮੋਢੇ 'ਤੇ ਸੁੱਟਣ ਲੱਗਾ। ਫੇਰ ਤਾਂ ਉਹ ਮੇਰੇ ਮੋਢੇ 'ਤੇ ਸਿਰ ਰੱਖ ਕੇ ਹੀ ਸੌਂ ਗਿਆ। ਮੈਂ ਸੋਚਿਆ ਇਹ ਟੀਚਰ ਨਹੀਂ ਲੋਹੇ ਦਾ ਵਪਾਰੀ ਹੋਵੇਗਾ। ਉਸਨੂੰ ਫੋਨ ਆ ਗਿਆ। ਫੋਨ 'ਤੇ ਉੱਚੀ ਉੱਚੀ ਗੱਲਾਂ ਕਰਨ ਲੱਗਾ। ਉਹ ਸੀਮਿੰਟ ਦਾ ਵਪਾਰੀ ਸੀ ਤੇ ਸੀ ਵੀ ਪਹਾੜਾਂ ਵਾਲੇ ਏਰੀਏ ਦਾ।

ਡਾ. ਕਰਨੈਲ ਸਿੰਘ ਪੰਜਾਬੀ ਦਾ ਸੂਖਮ ਸ਼ਾਇਰ ਹੈ। ਉਸਦੀ ਕਵਿਤਾ 'ਚ ਰੰਗ, ਵਸਤਾਂ, ਫੁੱਲ, ਸਬਜ਼ੀਆਂ, ਸਹਿਜੇ ਸਹਿਜੇ ਬੋਲਦੀਆਂ ਹਨ। ਉਸਦੀ ਕਵਿਤਾ ਨੇ ਸ਼ੱਕਰਕੰਦੀਆਂ ਨੂੰ, ਝੱਜਰਾਂ ਨੂੰ, ਸੂਟਕੇਸਾਂ ਨੂੰ ਵੀ ਪਹਿਲਾਂ ਨਾਲੋਂ ਹੋਰ ਸੁਹਣਾ ਕਰ ਦਿੱਤਾ ਹੈ। ਤੁਹਾਨੂੰ ਮੇਰੀਆਂ ਗੱਲਾਂ ਦਾ ਸੱਚ ਨਹੀਂ ਆ ਰਿਹਾ। ਹਾਂ, ਮੈਂ ਡਾ. ਕਰਨੈਲ ਸਿੰਘ ਕੱਟ ਕੇ ਅੰਬਰੀਸ਼ ਲਿਖ ਦਿੰਦਾ ਹਾਂ। ਆ ਗਿਆ ਨਾ ਸੱਚ। ਮੈਂ ਅੰਬਰੀਸ਼ ਦੇ ਘਰ ਜਦੋਂ ਵੀ ਰਹਿੰਦਾ ਹਾਂ ਤਾਂ ਵੇਖਦਾ ਰਹਿੰਦਾ ਹਾਂ-ਉਸਦੇ ਘਰ ਦੀ ਹਰ ਸ਼ੈਅ ਉਸਦੀ ਕਵਿਤਾ ਵਰਗੀ ਹੈ-ਚੁੱਪ ਚੁੱਪ, ਸਹਿਜ ਸਹਿਜ ਗਮਲੇ ਵੀ। ਇਥੋਂ ਤੱਕ ਕਿ ਉਸਦੀ ਪਤਨੀ ਪਰਮਜੀਤ, ਜੋ ਉਸਦੀ ਪੰਮੀ ਹੈ, ਵੀ ਉਸਦੀ ਕਵਿਤਾ ਵਰਗੀ ਹੈ। ਅੰਬਰੀਸ਼, ਪਰਮਿੰਦਰ ਸੋਢੀ, ਵਰਿੰਦਰ ਪਰਿਹਾਰ ਤੇ ਮੈਂ ਅੰਬਰਸਰੋਂ ਸ਼ਾਮ ਨੂੰ ਚੱਲੇ, ਅੱਧੀ ਰਾਤ ਚੰਡੀਗੜ੍ਹ ਜਾ ਹੋਟਲ ਦਾ ਕਮਰਾ ਲਿਆ। ਮੈਂ ਤਾਂ ਬੂਟ ਲਾਹੇ ਤੇ ਰਜਾਈ 'ਚ ਘੁਸੜ ਗਿਆ। ਅੰਬਰੀਸ਼ ਕਹਿੰਦਾ 'ਮਿੱਤਰੋ! ਮੁਆਫ ਕਰਿਓ ਮੈਨੂੰ ਸੌਣ ਦੀ ਤਿਆਰੀ ਲਈ ਅੱਧਾ ਪੌਣਾ ਘੰਟਾ ਲੱਗਦੈ। ਉਸਨੇ ਗੀਜ਼ਰ ਛੱਡਿਆ। ਬਿਸਤਰਾ ਸੰਵਾਰਨ ਲੱਗਾ। ਤਹਿ ਦਰ ਤਹਿ ਕੀਤੇ ਰਾਤ ਦੇ ਕੱਪੜੇ ਕੱਢੇ। ਇਹ ਗੱਲਾਂ ਸਵੇਰੇ ਸੁਣੀਆਂ। ਅਸੀਂ ਤਾਂ ਸੌਂ ਗਏ ਸਾਂ। ਜਿਸਨੂੰ ਅਸੀਂ ਉਸਦੇ ਸੌਣ ਦੇ ਟਸਨੇ ਮਸਨੇ ਕਹੇ। ਇਹ ਸਭ ਉਸਦੇ ਉਸ ਵਰਗੇ ਹੀ ਸ਼ਾਇਰ ਹੋਣ ਕਾਰਨ ਹੈ।

ਮੈਂ ਅਮਰਦੀਪ ਗਿੱਲ ਬਾਰੇ ਸੁਣਿਆ ਹੀ ਸੀ। ਵੇਖਿਆ ਨਹੀਂ ਸੀ। ਸੁਣਨ 'ਚ ਮੈਨੂੰ ਉਹ ਸੁਹਣਾ ਪਿਆਰਾ ਮੁੰਡਾ ਜਾਪਿਆ ਸੀ। ਪਰ ਜਦੋਂ ਬਠਿੰਡੇ ਟੀਚਰ ਹੋਮ 'ਚ ਵੇਖਿਆ- ਲੰਬਾ ਕੱਦ, ਬਿਖਰੇ ਲੰਬੇ ਵਾਲ, ਲੰਬਾ ਚੋਗਾ, ਲੰਬਾ ਝੋਲਾ, ਲੋਈ ਦੀ ਬੁੱਕਲ। ਝਾਕੇ ਸਭ ਤੋਂ ਉੱਚਾ। ਮੈਂ ਦੂਰੋਂ ਉਸ ਵੱਲ ਮਿਲਣ ਲਈ ਚੱਲ ਪਿਆ। ਪਰ ਰਾਹ ਵਿਚ ਹੀ ਖੜ੍ਹ ਗਿਆ। ਮੇਰੇ ਅੰਦਰੋਂ ਕੋਈ ਬੋਲਿਆ, 'ਦੇਵਨੀਤ' ਇਹ ਮੁੰਡਾ ਤੈਨੂੰ ਉਵੇਂ ਨਹੀਂ ਮਿਲੇਗਾ, ਜਿਵੇਂ ਤੂੰ ਸੋਚੀਂ ਬੈਠੈਂ, ਰਹਿਣ ਦੇ। ਉਦੋਂ ਤਾਂ ਉਸ ਕੋਲ ਸਿੱਲ੍ਹੀ ਸਿੱਲ੍ਹੀ ਹਵਾ ਵੀ ਨਹੀਂ ਸੀ ਆਈ। ਹੁਣ ਸੁਣਿਆ ਹੈ ਉਹ ਸਭ ਨੂੰ ਜੱਫੀਆਂ ਪਾ ਪਾ ਮਿਲਦਾ ਹੈ- ਨਿਮਾਣਿਆਂ ਵਾਂਗ ਸਿਆਣਿਆਂ ਵਾਂਗ। ਮੇਰਾ ਮਿਲਣਾ ਪਰ ਅਜੇ ਬਾਕੀ ਹੈ। ਕੱਪੜੇ ਪਹਿਨਣ ਦੇ ਢੰਗ ਅਤੇ ਰੰਗ ਤੋਂ ਪਹਿਨਣ ਵਾਲੇ ਦੇ ਕਈ ਰੰਗ ਵੇਖੇ ਜਾ ਸਕਦੇ ਹਨ। ਔਰਤਾਂ ਦੇ ਖਾਸ ਕਰਕੇ। ਮੇਰੀ ਗਲੀ 'ਚ ਮੇਰੇ ਸਾਹਮਣੇ ਇਕ ਔਰਤ ਜਾ ਰਹੀ ਹੈ-ਚੁਤਾਲੀ ਪੰਤਾਲੀ ਉਮਰ ਦੀ ਬਦਾਮੀ ਰੰਗ ਦਾ ਸੂਟ ਪਹਿਨਿਆ ਹੋਇਆ ਹੈ, ਮੈਂ ਉਸਦਾ ਚਿਹਰਾ ਨਹੀਂ ਵੇਖ ਰਿਹਾ, ਸਿਰਫ ਮੋਢਿਆਂ ਉਤੋਂ ਦੀ ਸਾਈਡ ਪੋਜ਼ 'ਚੋਂ ਉਮਰ ਵੇਖ ਰਿਹਾਂ। ਮੇਰੀ ਨਜ਼ਰ ਉਸਦੀ ਦੇਸੀ ਜੁੱਤੀ ਦੀ ਅੱਡੀ 'ਤੇ ਟਿਕ ਗਈ ਹੈ। ਉਹ ਤੁਰ ਰਹੀ ਹੈ, ਮੇਰੀ ਨਜ਼ਰ ਵੀ ਤੁਰ ਰਹੀ ਹੈ। ਉਸਦੀ ਅੱਡੀ 'ਤੇ ਚੜ੍ਹ। ਦੇਸੀ ਜੁੱਤੀ ਦੀ ਅੱਡੀ ਮੋਚੀ ਤਿਕੋਣ ਵਰਗੀ ਬਣਾਉਂਦਾ ਹੈ। ਦਰਜੀ ਸਲਵਾਰ ਦੀ ਜੋ ਲੇਹੜੀ ਹੋਈ ਕਰੜੀ ਮੂਹਰੀ ਬਣਾਉਂਦਾ ਹੈ, ਉਸਨੂੰ ਬੰਦ ਕਰਨ 'ਤੇ ਵੀ ਇਕ ਤਿਕੋਣ ਬਣਦੀ ਹੈ। ਉਸਦੇ ਪਹਿਨਣ ਦਾ ਸਲੀਕਾ ਹੈ ਕਿ ਉਸ ਨੇ ਦੋਹੇਂ ਤਿਕੋਨਾਂ ਨੂੰ ਮੇਲਿਆ ਹੋਇਆ ਹੈ। ਮੂਹਰੀ ਦੀ ਤਿਕੋਣ ਐਨ ਜੁੱਤੀ ਦੀ ਅੱਡੀ 'ਤੇ ਟਿਕਦੀ ਹੈ। ਮੈਂ ਉਸਦੇ ਤੁਰਨ ਦਾ ਦ੍ਰਿਸ਼ ਵੇਖ ਰਿਹਾ ਹਾਂ। ਇਹ ਉਸਦੇ ਚਾਰ ਕਦਮਾਂ ਦਾ ਦ੍ਰਿਸ਼ ਹੈ। ਜਦੋਂ ਉਸਦਾ ਪੈਰ ਧਰਤੀ 'ਤੇ ਟਿਕਦਾ ਹੈ ਦੋਹੇਂ ਤਿਕੋਣਾਂ ਮਿਲ ਜਾਂਦੀਆਂ ਹਨ। ਜਦੋਂ ਉਹ ਪੈਰ ਪੁੱਟਦੀ ਹੈ, ਮੂਹਰੀ ਵਾਲੀ ਤਿਕੋਣ ਅੱਡੀ ਵਾਲੀ ਤਿਕੋਣ ਦੇ ਉਪਰ ਜਾ ਖੜ੍ਹਦੀ ਹੈ। ਬੱਸ ਇੰਜ ਹੀ ਪੱਬ ਧਰਦੀ ਹੈ। ਮੈਂ ਉਸਦੀ ਰਸੋਈ ਵੇਖਣਾ ਚਾਹੁੰਦਾ ਹਾਂ। ਮੈਂ ਕਿਤੇ ਪੜ੍ਹਿਆ ਸੀ। ਮਲਾਰਮੇ ਜਾਂ ਸ਼ਾਇਦ ਰਿਲਕੇ ਨੇ ਕਿਹਾ ਹੈ- 'ਕਵੀ ਦਾ ਪਹਿਰਾਵਾ ਵੀ ਵੱਖਰਾ ਹੋਣਾ ਚਾਹੀਦਾ ਹੈ, ਕਵੀ ਵਰਗਾ। ਕਵੀ ਨੂੰ ਘਰ ਵਿਚ ਹਮੇਸ਼ਾ ਆਪਣੀ ਬੀਵੀ ਨਾਲ ਕਵਿਤਾ ਵਰਗੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ। ਇਸ ਨਾਲ ਉਸਦੀ ਕਵਿਤਾ ਵਿਚ ਨਿਖਾਰ ਆਉਂਦਾ ਹੈ।' ਹੁਣ ਜੇ ਇਹ ਗੱਲ ਪੰਜਾਬੀ ਕਵੀਆਂ 'ਤੇ ਲਾਗੂ ਕਰੀਏ ਤਾਂ ਅੰਬਰੀਸ਼ ਹੀ ਕਵੀ ਰਹੇਗਾ। ਉਸਦੇ ਨਾਲ ਸ਼ਾਇਦ ਕੋਈ ਹੋਰ ਹੋਵੇ। ਮੈਂ ਤਾਂ ਕਵੀ ਹੀ ਨਹੀਂ ਰਹੂੰਗਾ, ਮੇਰੇ ਨਾਲ ਹੀ ਕਈ ਕਵੀ ਉਡ ਜਾਣਗੇ, ਜਿਹੜੇ ਕਵਿਤਾ ਵੀ ਆਪਣੀ ਪਤਨੀ ਨਾਲ ਲੜਨ ਤੋਂ ਬਚਣ ਲਈ ਲਿਖਦੇ ਹਨ। ਕਹਿੰਦੇ ਹਨ-ਜੇ ਪਤਨੀ ਚੰਗੀ ਮਿਲ ਜਾਂਦੀ ਕਵਿਤਾ ਕਿਉਂ ਲਿਖਦੇ। ਮਟਰ ਕੱਢਦੇ ਰਹਿੰਦੇ ਰਸੋਈ 'ਚ ਕੱਠੇ ਬੈਠ।

ਮੇਰਾ ਸੁਭਾਅ ਹੈ-ਮੈਂ ਘਰ ਵਿਚ ਬਦਰੰਗ ਜਿਹਾ ਕੁੜਤਾ, ਪਜਾਮਾ, ਪੈਰੀਂ ਚੱਪਲਾਂ, ਖੇਸੀ ਦੀ ਬੁਕਲ ਤੇ ਸਿਰ 'ਤੇ ਬਿਨ ਵਿਉਂਤਿਆ ਪਰਨਾ ਲਪੇਟ ਲੈਂਦਾ ਹਾਂ। ਇਸੇ ਲਿਬਾਸ ਵਿਚ ਘਰ ਦੇ ਨਾਲ ਹੀ ਬਜ਼ਾਰ ਹੈ, ਨਿਕਲ ਜਾਂਦਾ ਹਾਂ। ਅਕਸਰ ਲੋਕ ਮੈਨੂੰ ਮੇਰੇ ਲਿਬਾਸ ਰਾਹੀਂ ਮਿਲਦੇ ਹਨ। ਇਕ ਜੱਟ ਦੋਹਾਂ ਮੋਢਿਆਂ 'ਤੇ 9 ਨਵੀਆਂ ਕਹੀਆਂ ਚੁੱਕੀ ਆ ਰਿਹਾ ਹੈ। ਕਹੀਆਂ ਪਿੱਛੋਂ ਖਿਸਕ ਗਈਆਂ ਹਨ। ਮੈਨੂੰ ਕਹਿੰਦਾ ਬਾਈ ਆਹ ਉਗਾਸੀਂ ਕਹੀਆਂ। ਉਸਨੇ ਮੈਨੂੰ ਅਨਪੜ੍ਹ ਜੱਟ ਸਮਝਿਆ ਜੋ ਕਹੀਆਂ ਚੁੱਕਦਾ ਰਹਿੰਦਾ ਹੋਵੇ।

ਮੈਂ ਇਕ ਸ਼ਾਮ ਸਾਈਕਲ ਰੇਹੜੀ ਤੋਂ ਗੋਭੀ ਲੈ ਰਿਹਾ ਸਾਂ। ਪਿਛਲੇ ਹਫਤੇ ਭਰ ਤੋਂ ਮੈਂ ਇਸੇ ਮੁੰਡੇ ਤੋਂ ਸਬਜ਼ੀ ਖਰੀਦਦਾ ਹਾਂ। ਕਹਿੰਦਾ, ''ਤੁਸੀਂ ਟੀ.ਵੀ. 'ਤੇ ਤਾਂ ਨੀ ਆਉਂਦੇ ਭਲਾਂ?'' ਮੈ ਕਿਹਾ, ਹਾਂ। ਉਹ ਕਹਿੰਦਾ ਮੈਂ ਸੱਤ ਦਿਨਾਂ ਤੋਂ ਪੁੱਛਣਾ ਪੁੱਛਣਾ ਕਰਦਾ ਰਿਹਾ। ਸੋਚਦਾਂ ਕੱਪੜਿਆਂ ਤੋਂ ਤਾਂ ਨੀ ਲੱਗਦਾ, ਇਹਨੂੰ ਟੀ.ਵੀ. 'ਤੇ ਬੁਲਾਉਣਗੇ। ਮੈਂ ਇਸੇ ਲਿਬਾਸ 'ਚ ਆਪਣੀ ਸ਼ਨਾਖਤੀ ਕਾਰਡ ਵਾਲੀ ਫੋਟੋ ਖਿਚਵਾ ਆਇਆ। ਮੇਰੇ ਨਾਲ ਦੇ ਮੁੰਡੇ ਨੂੰ ਕਲਰਕ ਕਹਿੰਦਾ ਰਿਹਾ- 'ਓ ਯਾਰ, ਉਹ ਮੂਕੇ ਆਲਾ ਜੱਟ ਜਾ ਕਾਰਡ ਲੈਣ ਨੀ ਆਇਆ।' ਕਾਰਡ ਲੈਣ ਗਿਆ ਤਾਂ ਉਹ ਮੈਥੋਂ ਦੂਜੇ ਕਮਰੇ 'ਚੋਂ ਕਾਗਜ਼ ਵਗੈਰਾ ਮੰਗਵਾਉਂਦਾ ਰਿਹਾ। ਜਦੋਂ ਉਸ ਨੇ ਮੈਨੂੰ ਪਾਣੀ ਦਾ ਗਿਲਾਸ ਲਿਆਉਣ ਲਈ ਕਿਹਾ ਮੇਰੇ ਮਿੱਤਰ ਨੇ ਉਸਨੂੰ ਦੱਸਿਆ 'ਇਹ ਜੀਹਨੂੰ ਤੂੰ ਜੱਟ ਜਾ ਸਮਝਦੈਂ, ਇਹ ਆਪਣੇ ਸਕੂਲ ਦਾ ਪ੍ਰਿੰਸੀਪਲ ਐ। ਉਹ ਚੌਂਕਿਆ!! ਹੈਂਅ, ਲੱਗਦਾ ਤਾਂ ਜਮਾ ਈ ਨੀ।''

ਲੇਖਕ ਦਾ ਪਹਿਰਾਵਾ ਉਸ ਅੰਦਰਲੇ ਸਿਰਜਕ ਦਾ ਪ੍ਰਤੀਰੂਪ ਹੁੰਦਾ ਹੈ। ਪਹਿਰਾਵਾ ਉਸ ਅੰਦਰਲੇ ਸਿਰਜਕ ਨੂੰ ਪ੍ਰੇਰਤ ਕਰਦਾ ਹੈ। ਪ੍ਰੋ. ਅਜਮੇਰ ਔਲਖ ਦੇ ਨਾਟਕ ਨਿਮਨ ਕਿਸਾਨੀ ਦੇ ਦਰਦਾਂ ਦੀ ਗਾਥਾ ਹਨ। ਜੇਕਰ ਤੁਸੀਂ ਪ੍ਰੋ. ਔਲਖ ਨੂੰ ਉਸਦੇ ਘਰ ਪਹਿਲੀ ਵਾਰ ਮਿਲਣ ਗਏ ਹੋ ਤਾਂ ਤੁਹਾਡੇ ਸਾਹਮਣੇ ਆਵੇਗਾ-ਇਕ ਅਨਪੜ੍ਹ ਅਧਖੜ੍ਹ ਜੱਟ-ਸਿਰ 'ਤੇ ਡੱਬੀਆਂ ਵਾਲਾ ਪਰਨਾ, ਗਲ ਕੁੜਤਾ, ਪੈਰੀਂ ਜੁੱਤੀ ਪੁਰਾਣੀ ਤੇ ਚਾਰਖਾਨੇ ਦਾ ਲੰਡੂ ਜਾ ਚਾਦਰਾ ਜੋ ਖੁੱਚਾਂ ਤੋਂ ਉੱਤੇ ਉੱਤੇ ਹੀ ਫਿਰਦਾ ਰਹਿੰਦਾ ਹੈ। ਇਹ ਪਹਿਰਾਵਾ ਉਸ ਅੰਦਰਲੇ ਪਾਤਰਾਂ ਦਾ ਹੈ ਜੋ ਜੱਟ, ਕਰਜ਼ੇ ਦਾ ਮਾਰਿਆ, ਲੋੜਾਂ ਥੁੜਾਂ ਸੁਸਾਇਟੀਆਂ, ਆੜ੍ਹਤੀਆਂ ਦਾ ਭੰਨਿਆ। ਮੈਨੂੰ ਪ੍ਰੋ. ਔਲਖ ਇਸੇ ਲਿਬਾਸ 'ਚ ਹੀ ਪੰਜਾਬ ਦਾ ਵੱਡਾ ਨਾਟਕਕਾਰ ਲੱਗਦਾ ਹੈ।

ਦਵਿੰਦਰ ਸਤਿਆਰਥੀ ਦਾ ਪਹਿਰਾਵਾ ਹੀ ਦੱਸਦਾ ਸੀ ਕਿ ਇਹ ਬਾਬਾ ਉਦਾਸੀਆਂ 'ਤੇ ਜਾਏਗਾ, ਮਣਾਂਮੂੰਹੀਂ ਸਾਹਿਤ ਰਚੇਗਾ। ਕਿਸੇ ਬੋਹੜ ਹੇਠ ਬੈਠਾ ਮੰਗਤਾ ਤਾਂ ਲੱਗ ਸਕਦਾ ਹੈ, ਪਰ ਕਦੇ ਵੀ ਐਵਾਰਡ ਨਹੀਂ ਮੰਗੇਗਾ। ਕਿਸੇ ਬੰਦੇ ਦੇ, ਖਾਸ ਕਰਕੇ ਕਲਾਕਾਰ ਦੇ ਲਿਬਾਸ ਨੂੰ ਪੜ੍ਹਨਾ, ਉਸਦੀਆਂ ਮੁਦਰਾਵਾਂ ਨੂੰ ਜਾਨਣਾ, ਉਸਦੇ ਹਾਵ ਭਾਵ ਵੇਖਣੇ, ਸੌਖਾ ਕੰਮ ਨਹੀਂ। ਇਹ ਕੋਈ ਮਨੋਵਿਸ਼ਲੇਸ਼ਕ ਹੀ ਕਰ ਸਕਦਾ ਹੈ। ਉਹ ਉਸਦੇ ਚਾਹ ਦਾ ਕੱਪ ਫੜਨ ਤੋਂ ਲੈ ਕੇ ਖਾਲੀ ਕੱਪ ਰੱਖਣ ਦੇ ਅੰਦਾਜ਼ ਤੋਂ ਹੀ ਬਹੁਤ ਸਾਰਾ ਜਾਣ ਸਕਦਾ ਹੈ।

## ਥਾਂਓ ਨਾਲ ਨਾ ਬੰਦੇ ਬਦਲਦੇ ਨੇ, ਭਾਵੇਂ ਚੀਨ ਤੇ ਭਾਵੇਂ ਇਰਾਕ ਹੋਵੇ

*(ਸਫਾ 27 ਦੀ ਬਾਕੀ)*

ਮਨਮੀਤ ਕੌਰ ਦਾ ਪਤਾ ਥਹੁ ਵੀ ਹੈ ਕਿ ਨਹੀਂ।''

ਮੈਂ ਪਰਿਵਾਰ ਬਾਰੇ ਦੱਸਣ ਵੇਲੇ ਜਿਹੜੀ ਗੱਲ ਜਾਣ ਕੇ ਨਹੀਂ ਸੀ ਦੱਸੀ ਉਹ ਵੀ ਦੱਸ ਦਿੰਦਾ ਹਾਂ ਤੇ ਉਹ ਪੂਰਾ ਉੱਚੀ ਹੱਸਦਾ ਹੈ ਤੇ ਫਿਰ ਪੁਛਦਾ ਹੈ, ''ਇੱਕ ਗੱਲ ਦੱਸ ਜੱਟਾ, ਭਾਪਣ ਜੱਟੀ ਬਣ ਗਈ ਏ ਕਿ ਤੂੰ ਭਾਪਾ ਬਣ ਗਿਆ ਏ। ਇਕ ਜਣਾ ਤੇ ਕਨਵਰਟ ਹੋਇਆ ਹੀ ਹੋਏਗਾ।'' ਮੈਂ ਆਮ ਵਾਂਗ ਉਸਦੀ ਗੱਲ ਹੱਸ ਕੇ ਟਾਲ ਦਿੰਦਾ ਹਾਂ ਤੇ ਉਸ ਨੂੰ ਜਰਾ ਛੇੜਨ ਲਈ ਦੱਸਦਾ ਹਾਂ ਕਿ 4-5 ਸਾਲ ਤੋਂ ਪੁਸ਼ਪਿੰਦਰ ਵੀ ਅਮਰੀਕਾ ਆ ਗਈ ਏ ਤੇ ਆਪਣੇ ਜਵਾਨ ਪੁੱਤਰ ਨਾਲ ਨਿਊ ਯਾਰਕ ਲਾਗੇ ਰਹਿੰਦੀ ਹੈ ਤੇ ਆਪਣੀ ਨਨਾਣ ਦੇ ਸਟੋਰ 'ਤੇ ਕੰਮ ਕਰਦੀ ਹੈ। ਮੇਰੀ ਗੱਲ ਸੁਣ ਕੇ ਉਸਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ।

''ਆ ਗਿਆ ਨਾ ਸਵਾਦ ਜੱਟਾ। ਯੂਨੀਵਰਸਿਟੀ 'ਚ ਮੋਢਿਆਂ ਉੱਤੋਂ ਥੁੱਕਦੀ ਹੁੰਦੀ ਸੀ ਇਹ ਪੁਸ਼ਪਿੰਦਰ ਕੌਰ ਤੇ ਹੁਣ ਪੈ ਗਈ ਏ ਅਮੀਰਜਾਦੇ ਦੇ ਵੱਸ। ਮੇਰੇ ਵਰਗੇ ਜੱਟ ਬੂਟ ਨੇ ਜਰਾ ਨਾਲੋਂ ਹੋ ਕੇ ਲੰਘ ਜਾਣਾ ਤਾਂ ਨੱਕ ਚੜ੍ਹਾ ਕੇ ਪੰਜ ਮਿੰਟ ਪਟਿਆਲਾ ਸ਼ਾਹੀ ਸਲਵਾਰ ਨੂੰ ਇਉਂ ਛੰਡਦੀ ਜਿਵੇਂ ਕੀੜੇ ਚੜ੍ਹ ਗਏ ਹੋਣ। ਵੇਖਿਆ ਸੀ 14 ਤੇ 15 ਸੈਕਟਰ 'ਚ ਨਾਲਦੀਆਂ ਤੋਂ ਅੱਗੇ ਹੋ ਕੇ ਇਉਂ ਤੁਰਦੀ ਹੁੰਦੀ ਸੀ ਜਿਵੇਂ ਮੇਲੇ 'ਚ ਸਿਪਾਹੀਆਂ ਦੇ ਅੱਗੇ ਅੱਗੇ ਠਾਣੇਦਾਰ ਭਲਵਾਨੀ ਗੇੜਾ ਦਿੰਦਾ ਏ। ਆਪਣੇ ਸਟੋਰਾਂ 'ਤੇ ਜਿਆਦਾਤਰ ਅਨਪੜ੍ਹ ਤੋਂ ਅਨਪੜ੍ਹ ਗਾਹਕ ਹੀ ਆਉਂਦੇ ਨੇ। ਜਰਾ ਸੋਚ ਸੰਧੂ ਸਾਹਿਬ ਜਦੋਂ ਇਹ ਸਰਦਾਰਨੀ ਉਨ੍ਹਾਂ ਨੂੰ ਹੈਲੋ ਸਰ, ਜੈਸ ਸਰ, ਸੋਰੀ ਸਰ ਤੇ ਥੈਂਕ ਯੂ ਸਰ ਕਹਿੰਦੀ ਹੋਣੀ ਐ। ਭਾਵੇਂ ਮੈਂ ਕੰਮ ਤਾਂ ਨਹੀਂ ਕੀਤਾ ਪਰ ਮੈਨੂੰ ਪਤਾ ਐ ਕਿ ਅਮਰੀਕਾ 'ਚ ਸਟੋਰਾਂ ਦੇ ਕਲਰਕਾਂ ਨੂੰ ਗਾਹਕਾਂ ਦੀ ਕਿੰਨੀ ਖੁਸ਼ਾਮਦ ਕਰਨੀ ਪੈਂਦੀ ਐ, ਖਾਸ ਕਰਕੇ ਆਪਣੇ ਪੰਜਾਬੀਆਂ ਦੇ ਸਟੋਰਾਂ ਤੇ।''

ਭਜਨ ਇਉਂ ਖੁਸ਼ ਹੋ ਰਿਹਾ ਸੀ ਜਿਵੇਂ ਗੁਲਾਟੀ ਦੀ ਕੰਟੀਨ ਤੇ ਪੁਸ਼ਪਿੰਦਰ ਵਲੋਂ ਕੀਤੀ ਬੇਇਜ਼ਤੀ ਦਾ ਅੱਜ ਉਸ ਨੇ ਬਦਲਾ ਲੈ ਲਿਆ ਹੋਵੇ। ਫਿਰ ਕਹਿਣ ਲੱਗਾ, ''ਸੰਧੂ ਸਾਹਿਬ ਕਿਸੇ ਤਰ੍ਹਾਂ ਮੈਨੂੰ ਉਹਦਾ ਫੋਨ ਨੰਬਰ ਲੱਭ ਕੇ ਦਿਓ ਨਾ ਮੈਂ ਜਰਾ ਉਹਦੇ ਨਾਲ ਗੱਲਾਂ ਕਰਕੇ ਉਹਦਾ ਹਾਲ-ਚਾਲ ਜਾਨਣਾ ਚਾਹੁੰਦਾ ਹਾਂ। ਪਿਛਲੀ ਉਮਰ 'ਚ ਅਮਰੀਕਾ ਆਈ ਏ, ਲੁਧਿਆਣੇ ਦੇ ਰੱਜੇ ਪੁੱਜੇ ਪਰਿਵਾਰਾਂ ਦੀ ਨੂੰਹ ਧੀ ਏ, ਦੁਖੀ ਤੇ ਹੋਣੀ ਏ। ਨਾਲੇ ਮੈਂ ਚਾਚੇ ਗੁਲਾਟੀ ਦੀ ਕੰਟੀਨ ਵਾਲੀ ਗੱਲ ਉਸ ਨੂੰ ਚੇਤੇ ਕਰਵੌਣੀ ਏ ਤੇ ਨਾਲੇ ਉਹਨੇ ਮੈਨੂੰ ਝੱਗਾ ਵੀ ਨਵਾਂ ਲੈ ਕੇ ਦੇਣਾ ਏ।''

ਉਹ ਇਸੇ ਤਰ੍ਹਾਂ ਦੀਆਂ ਗੱਲਾਂ ਕਿੰਨਾ ਚਿਰ ਕਰਦਾ ਰਿਹਾ। ਮੈਂ ਸੋਚ ਰਿਹਾ ਸਾਂ ਕਿ ਇਹ ਬੰਦਾ ਲਗਭਗ 37-38 ਸਾਲਾਂ ਤੋਂ ਲਗਾਤਾਰ ਇਕ ਵੱਖਰੀ ਧਰਤੀ ਅਤੇ ਰਹਿਤਲ 'ਤੇ ਵਿਚਰ ਰਿਹਾ ਹੈ ਪਰ ਆਪਣੀ ਜੰਮਣ ਭੋਇੰ ਤੋਂ ਗ੍ਰਹਿਣ ਕੀਤੀਆਂ ਕੁਝ ਗੱਲਾਂ ਅੱਜ ਵੀ ਇਸਦੇ ਅੰਗ-ਸੰਗ ਹਨ ਹਾਲਾਂਕਿ ਇਸ ਥਾਂ ਤੇ ਇਨ੍ਹਾਂ ਗੱਲਾਂ ਦਾ ਕੋਈ ਪ੍ਰਸੰਗ ਨਹੀਂ ਬਣਦਾ।

## ਸਿਆਸਤਦਾਨਾਂ ਤੋਂ ਖਹਿੜਾ ਛੁਡਾਓ

**ਸੰਪਾਦਕ ਦੀ ਡਾਕ**

ਪੰਜਾਬ ਵਿਚ ਸਰਕਾਰੀ ਮੁਲਾਜ਼ਮਾਂ ਦੇ ਰਿਟਾਇਰ ਹੋਣ ਦੀ ਉਮਰ 58 ਸਾਲ ਹੈ ਜਦੋਂਕਿ ਸਿਆਸਤਦਾਨਾਂ ਦੇ ਰਿਟਾਇਰ ਹੋਣ ਦੀ ਕੋਈ ਉਮਰ ਨਹੀਂ। ਕੀ ਮੰਤਰੀਆਂ ਲਈ ਰਿਟਾਇਰਮੈਂਟ ਦੀ ਉਮਰ 58 ਸਾਲ ਨਹੀਂ ਹੋਣੀ ਚਾਹੀਦੀ? ਇਕ ਗੱਲ ਹੋਰ, ਪੰਜਾਬ ਦਾ ਹਰ ਮੰਤਰੀ ਦੇਸ਼ ਵਿਚ ਹੋਏ ਜਾਂ ਵਿਦੇਸ਼ ਵਿਚ ਨਸ਼ਿਆਂ ਵਿਰੁਧ ਆਪਣੀ ਭੜਾਸ ਜ਼ਰੂਰ ਕੱਢਦਾ ਹੈ ਪਰ ਕੀ ਇਹ ਗੱਲ ਕਿਸੇ ਤੋਂ ਲੁਕੀ ਹੋਈ ਹੈ ਕਿ ਚੋਣਾਂ ਵੇਲੇ ਇਹੋ ਸਿਆਸਤਦਾਨ ਟਰੱਕਾਂ ਦੇ ਟਰੱਕ ਸ਼ਰਾਬ, ਅਫੀਮ ਅਤੇ ਡੋਡਿਆਂ ਦੇ ਵਰਤਾ ਕੇ ਲੋਕਾਂ ਦੀਆਂ ਵੋਟਾਂ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਲੋਕਾਂ ਨੂੰ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ।

ਬਾਹਰੋਂ ਜਾ ਕੇ ਬਹੁਤ ਸਾਰੇ ਪਰਵਾਸੀ ਭਰਾ ਪੰਜਾਬ ਵਿਚ ਪਿੰਡਾਂ ਦੀ ਨੁਹਾਰ ਬਦਲਣ ਲਈ ਪੈਸਾ ਖਰਚਦੇ ਹਨ ਅਤੇ ਖੇਡਾਂ ਦੇ ਟੂਰਨਾਮੈਂਟ ਕਰਵਾਉਂਦੇ ਹਨ। ਪੰਜਾਬ ਦੇ ਮੰਤਰੀ ਇਨ੍ਹਾਂ ਖੇਡਾਂ ਦੇ ਉਦਘਾਟਨੀ ਸਮਾਗਮ ਵੇਲੇ ਫੀਤਾ ਕੱਟਣ ਅਤੇ ਫੋਟੋਆਂ ਖਿਚਵਾਉਣ ਤੋਂ ਇਲਾਵਾ ਕੁਝ ਵੀ ਨਹੀਂ ਕਰਦੇ। ਮੇਰੀ ਪਰਵਾਸੀ ਭਰਾਵਾਂ ਨੂੰ ਬੇਨਤੀ ਹੈ ਕਿ ਮੰਤਰੀਆਂ ਤੋਂ ਫੀਤੇ ਕਟਵਾਉਣ ਦੀ ਥਾਂ 'ਤੇ ਪਿੰਡ ਦੇ ਹੀ ਕਿਸੇ ਸਿਆਣੇ ਬਜ਼ੁਰਗ ਕੋਲੋਂ ਇਹ ਕੰਮ ਕਰਵਾ ਲਿਆ ਜਾਣਾ ਚਾਹੀਦਾ ਹੈ ਅਤੇ ਸਿਆਸਤਦਾਨਾਂ ਤੋਂ ਖਹਿੜਾ ਛੁਡਾਉਣਾ ਚਾਹੀਦਾ ਹੈ।

**-ਲਾਲੀ ਤੂਰ, ਟਰੇਸੀ (ਕੈਲੀਫੋਰਨੀਆ)**

---

## ਚੰਗੀਆਂ ਰਚਨਾਵਾਂ

ਸੰਪਾਦਕ ਜੀ, ਪੰਜਾਬ ਟਾਈਮਜ਼ ਲਗਾਤਾਰ ਪੜ੍ਹਦੀ ਹਾਂ। ਹਮੇਸ਼ਾ ਚੰਗੀਆਂ ਰਚਨਾਵਾਂ ਪੜ੍ਹਨ ਨੂੰ ਮਿਲਦੀਆਂ ਹਨ। ਗੁਰਬਚਨ ਜੀ ਦੀ ਸਾਹਿਤਕ ਚਰਚਾ 'ਪੰਜਾਬੀ ਸਾਹਿਤ ਅਕਾਦਮੀ-ਪੰਜਾਬ ਸਾਲ ਪਹਿਲਾਂ' ਨਿਰਸੰਦੇਹ ਸਲਾਹੁਣਯੋਗ ਜਾਣਕਾਰੀ ਹੈ। ਮੇਜਰ ਕੁਲਾਰ ਦੀ 'ਸੋਹਣੀ ਪੱਗ ਤੇ ਮਾਰਤੀਓ' ਵੀ ਇਕ ਮਾਣਯੋਗ ਯਾਦਗਾਰ ਹੈ।

ਪ੍ਰੋ. ਕੁਲਵੰਤ ਸਿੰਘ ਰੋਮਾਣਾ ਦਾ ਲੇਖ 'ਰੂਪੋਸ਼ੀ ਸਮੇਂ ਦੀਆਂ ਮਾਂਵਾਂ...' ਵਿਲੱਖਣ ਵਿਰਸੇ ਦੀ ਬਾਤ ਹੈ। ਰੰਗ ਬੇਰੰਗ ਪੜ੍ਹ ਕੇ ਤਾਂ ਸੱਚਮੁੱਚ ਆਪਣੇ ਪਿੰਡ ਪਹੁੰਚ ਜਾਈਦਾ ਹੈ। ਪੰਜਾਬ ਦੀ ਸਿਆਸਤ ਬਾਰੇ ਗਹਿਰ ਗੰਭੀਰ ਲੇਖ ਪੜ੍ਹ ਕੇ ਦ੍ਰਿਸ਼ਟੀਕੋਣ ਦੀਆਂ ਨਵੀਆਂ ਦਿਸ਼ਾਵਾਂ ਖੁਲ੍ਹਦੀਆਂ ਹਨ। ਸ਼ਾਲਾ! ਪੰਜਾਬ ਟਾਈਮਜ਼ ਹੋਰ ਤਰੱਕੀਆਂ ਕਰੇ।

***-ਸੁਰਜੀਤ ਸਖੀ***

# ਖੂਬਸੂਰਤੀ ਅਤੇ ਆਕਰਸ਼ਣ ਦਾ ਸੁਮੇਲ -ਮਾਧੁਰੀ ਦੀਕਸ਼ਿਤ



ਫਿਲਮੀ ਅਦਾਕਾਰਾ ਹੋਣ ਲਈ ਬਹੁਤ ਜ਼ਿਆਦਾ ਖੂਬਸੂਰਤੀ ਅਤੇ ਹਰੇਕ ਮਰਦ ਨੂੰ ਆਪਣਾ ਦੀਵਾਨਾ ਬਣਾ ਲੈਣ ਵਾਲੀ ਫਿੱਗਰ ਹੋਣੀ ਇਕ ਬਹੁਤ ਜ਼ਰੂਰੀ ਸ਼ਰਤ ਹੈ। ਬੇਹੱਦ ਖੂਬਸੂਰਤ ਅਤੇ ਆਕਰਸ਼ਕ ਫਿੱਗਰ ਵਾਲੀਆਂ ਕਈ ਅਜਿਹੀਆਂ ਹੀਰੋਇਨਾਂ ਵੀ ਹੋਈਆਂ ਹਨ, ਜਿਨ੍ਹਾਂ ਦੀ ਖੂਬਸੂਰਤੀ ਨੇ ਕਲਾ ਦੇ ਪਾਰਖੂਆਂ ਲਈ ਪ੍ਰੇਰਨਾ ਸਰੋਤ ਦਾ ਕੰਮ ਕੀਤਾ। ਮਾਧੁਰੀ ਦੀਕਸ਼ਿਤ ਇਕ ਅਜਿਹੀ ਹੀ ਅਦਾਕਾਰਾ ਹੈ, ਜਿਸ ਦੀ ਖੂਬਸੂਰਤੀ ਅਤੇ ਆਕਰਸ਼ਕ ਫਿੱਗਰ ਨੇ ਐਮ. ਐਫ. ਹੁਸੈਨ ਵਰਗੇ ਵਿਸ਼ਵ ਪ੍ਰਸਿੱਧ ਚਿੱਤਰਕਾਰ ਨੂੰ ਉਨ੍ਹਾਂ 'ਤੇ ਆਧਾਰਤ ਇਕ ਚਿੱਤਰ ਲੜੀ ਅਤੇ ਉਨ੍ਹਾਂ ਨੂੰ ਲੈ ਕੇ ਇਕ ਫਿਲਮ ਬਣਾਉਣ ਲਈ ਪ੍ਰੇਰਿਤ ਕੀਤਾ ਸੀ। ਉਨ੍ਹਾਂ ਦੇ ਜ਼ਿਆਦਾਤਰ ਪ੍ਰਸ਼ੰਸਕ ਉਨ੍ਹਾਂ ਨੂੰ ਭਾਰਤੀ ਸਿਨੇਮਾ ਦੀ 'ਆਧੁਨਿਕ ਮਧੂਬਾਲਾ' ਮੰਨਦੇ ਹਨ।

ਮਾਧੁਰੀ ਨੇ ਰਾਜਸ਼੍ਰੀ ਪ੍ਰੋਡਕਸ਼ਨ ਦੀ ਹੀਰੇਨ ਨਾਗ ਵਲੋਂ ਨਿਰਦੇਸ਼ਤ ਫਿਲਮ 'ਅਬੋਧ' ਜੋ ਕਿ 1984 ਵਿਚ ਆਈ, ਰਾਹੀਂ ਆਪਣਾ ਅਦਾਕਾਰੀ ਦਾ ਸਫਰ ਸ਼ੁਰੂ ਕੀਤਾ ਸੀ, ਜੋ ਬਾਕਸ ਆਫਿਸ 'ਤੇ ਫਲਾਪ ਰਹੀ ਸੀ। ਉਸ ਪਿਛੋਂ ਕਈ ਛੋਟੀਆਂ-ਮੋਟੀਆਂ ਫਿਲਮਾਂ ਨਾਲ ਹੀ ਉਨ੍ਹਾਂ ਨੇ 'ਦਇਆਵਾਨ' ਅਤੇ 'ਵਰਦੀ' ਵਰਗੀਆਂ ਇਕ-ਦੋ ਚਰਚਿਤ ਫਿਲਮਾਂ 'ਚ ਕੰਮ ਕੀਤਾ ਪਰ ਜਦੋਂ ਸੰਨ 1988 'ਚ ਐਨ. ਚੰਦਰਾ ਦੀ 'ਤੇਜ਼ਾਬ' ਆਈ ਤਾਂ ਫਿਲਮ 'ਚ ਮਾਧੁਰੀ ਦੇ ਕਿਰਦਾਰ ਨੇ ਬਾਕਸ ਆਫਿਸ 'ਤੇ ਧਮਾਲ ਮਚਾ ਦਿੱਤੀ। ਇਸੇ ਫਿਲਮ ਦੇ ਗੀਤ ਕਾਰਨ ਉਨ੍ਹਾਂ ਨੂੰ 'ਏਕ ਦੋ ਤੀਨ' ਗਰਲ ਕਿਹਾ ਜਾਣ ਲੱਗਾ ਸੀ।

'ਤੇਜ਼ਾਬ' ਰਾਹੀਂ ਰਾਤੋ ਰਾਤ ਸਟਾਰਡਮ ਦੀਆਂ ਸਿਖਰਾਂ ਨੂੰ ਛੂਹਣ ਵਾਲੀ ਮਾਧੁਰੀ ਨੇ ਇਸ ਪਿਛੋਂ ਕਈ ਸੁਪਰਹਿੱਟ ਫਿਲਮਾਂ ਦਿੱਤੀਆਂ, ਜਿਵੇਂ ਰਾਮ ਲਖਨ, ਪਰਿੰਦਾ, ਤ੍ਰਿਦੇਵ ਅਤੇ ਕਿਸ਼ਨ ਕਨ੍ਹਈਆ। ਸੰਨ 1990 'ਚ ਆਮਿਰ ਖਾਨ ਨਾਲ ਆਈ ਉਨ੍ਹਾਂ ਦੀ ਫਿਲਮ 'ਦਿਲ' ਇਕ ਜ਼ਬਰਦਸਤ ਹਿੱਟ ਸੀ।

20ਵੀਂ ਸਦੀ ਦੇ ਆਖਰੀ ਦਹਾਕੇ 'ਚ ਤਾਂ ਮਾਧੁਰੀ ਨੇ 'ਸਾਜਨ', 'ਬੇਟਾ', 'ਖਲਨਾਇਕ' ਅਤੇ 'ਹਮ ਆਪ ਕੇ ਹੈਂ ਕੌਨ', 'ਦਿਲ ਤੋ ਪਾਗਲ ਹੈ' ਅਤੇ 'ਰਾਜਾ' ਵਰਗੀਆਂ ਸੁਪਰ-ਡੁਪਰ ਹਿੱਟ ਫਿਲਮਾਂ ਦਿੱਤੀਆਂ। 'ਹਮ ਆਪ ਕੇ ਹੈਂ ਕੌਨ' ਤਾਂ ਇਤਿਹਾਸਕ ਸਿੱਧ ਹੋਈ ਸੀ, ਜਿਸ ਨੇ ਪੂਰੀ ਦੁਨੀਆਂ 'ਚ ਰਿਕਾਰਡ ਕੁਲੈਕਸ਼ਨ ਕੀਤੀ ਸੀ।

ਐਮ. ਐਫ. ਹੁਸੈਨ ਮਾਧੁਰੀ ਨੂੰ ਭਾਰਤੀ ਨਾਰੀਪਣ ਦੀ ਪ੍ਰਤੀਕ ਕਹਿੰਦੇ ਹਨ। ਜਿਥੇ ਉਨ੍ਹਾਂ ਨੇ ਮਾਧੁਰੀ 'ਤੇ ਇਕ ਚਿੱਤਰ ਲੜੀ ਤਿਆਰ ਕੀਤੀ, ਉਥੇ ਹੀ ਉਨ੍ਹਾਂ ਨੂੰ ਲੈ ਕੇ 'ਗਜਗਾਮਿਨੀ' ਵਰਗੀ ਇਕ ਗੰਭੀਰ ਫਿਲਮ ਵੀ ਬਣਾਈ। ਸੰਨ 2002 'ਚ ਉਹ ਸੰਜੇ ਲੀਲਾ ਭੰਸਾਲੀ ਦੀ ਬਹੁਤੀਆਂ ਆਸਾਂ ਵਾਲੀ ਫਿਲਮ 'ਦੇਵਦਾਸ' 'ਚ ਚੰਦਰਮੁਖੀ ਦੇ ਕਿਰਦਾਰ 'ਚ ਨਜ਼ਰ ਆਈ।

ਹਿੱਟ ਫਿਲਮਾਂ ਦੀ ਪ੍ਰਤੀਕ ਰਹਿ ਚੁੱਕੀ ਮਾਧੁਰੀ ਨੇ ਸੰਨ 1999 'ਚ ਸ੍ਰੀਰਾਮ ਨੇਨੇ ਨਾਲ ਵਿਆਹ ਕਰ ਲਿਆ। ਸੰਨ 2007 'ਚ ਉਨ੍ਹਾਂ ਨੇ 'ਆਜਾ ਨੱਚ ਲੈ' ਰਾਹੀਂ ਸੁਨਹਿਰੀ ਪਰਦੇ 'ਤੇ ਫਿਰ ਵਾਪਸੀ ਕੀਤੀ ਪਰ ਇਹ ਫਿਲਮ ਕੋਈ ਕਮਾਲ ਨਹੀਂ ਦਿਖਾ ਸਕੀ। ਅੱਜਕਲ ਮਾਧੁਰੀ ਆਪਣੇ ਪਰਿਵਾਰ ਨਾਲ ਅਮਰੀਕਾ ਦੇ ਕੋਲੋਰਾਡੋ ਦੇ ਡੈਨਵਰ ਇਲਾਕੇ 'ਚ ਰਹਿ ਰਹੀ ਹੈ।

# ਸਭ ਤੋਂ ਵਧ ਡਰਾਉਣੀ ਫਿਲਮ ਬਣਾਉਣਗੇ ਰਾਮੂ



ਰਾਤ, ਭੂਤ ਅਤੇ ਫੂਕ ਨਾਲ ਦਰਸ਼ਕਾਂ ਨੂੰ ਡਰ ਦਾ ਇਕ ਨਵਾਂ ਰੂਪ ਦਿਖਾਉਣ ਵਾਲੇ ਰਾਮ ਗੋਪਾਲ ਵਰਮਾ ਹੁਣ ਦਰਸ਼ਕਾਂ ਨੂੰ ਬਾਲੀਵੁੱਡ ਦੀ ਹੁਣ ਤਕ ਦੀ ਸਭ ਤੋਂ ਜ਼ਿਆਦਾ ਡਰਾਉਣੀ ਫਿਲਮ ਦਿਖਾਉਣ ਵਾਲੇ ਹਨ। ਰਾਮੂ ਨੇ ਫੂਕ ਦਾ ਦੂਜਾ ਭਾਗ ਫੂਕ-2 ਬਨਾਉਣ ਦਾ ਫੈਸਲਾ ਕੀਤਾ ਹੈ, ਜਿਸ ਨੂੰ ਉਹ ਤਿੰਨ ਭਾਸ਼ਾਵਾਂ ਵਿਚ ਬਨਾਉਣ ਜਾ ਰਹੇ ਹਨ। ਰਾਮੂ ਨੇ ਆਪਣੇ ਬਲਾਗ ਵਿਚ ਲਿਖਿਆ ਹੈ ਕਿ ਫੂਕ ਦੇ ਲੇਖਕ ਮਿਲਿੰਗ ਡਾਗੇਕਰ ਜਦੋਂ ਮੇਰੇ ਕੋਲ ਫੂਕ-2 ਦਾ ਵਿਚਾਰ ਲੈ ਕੇ ਆਏ ਤਾਂ ਮੈਂ ਆਪਣੀ ਕੁਰਸੀ ਤੋਂ ਉਛਲ ਪਿਆ ਸੀ। ਮੈਂ ਪੂਰੀ ਕਹਾਣੀ ਪੜ੍ਹੀ ਤੇ ਫੈਸਲਾ ਕੀਤਾ ਕਿ ਮਿਲਿੰਦ ਨੂੰ ਹੀ ਇਸ ਦਾ ਨਿਰਦੇਸ਼ਨ ਕਰਨਾ ਚਾਹੀਦਾ ਹੈ। ਰਾਮੂ ਨੇ ਲਿਖਿਆ ਹੈ ਕਿ ਮੈਂ ਇਸ ਨੂੰ ਤਿੰਨ ਭਾਸ਼ਾਵਾਂ ਵਿਚ ਬਣਾਵਾਂਗਾ। ਹਿੰਦੀ ਵਿਚ ਇਹ ਫੂਕ-2 ਹੋਵੇਗੀ ਜਦਕਿ ਤੇਲਗੂ ਵਿਚ ਇਸ ਨੂੰ ਆਵਾਹਮ ਦਾ ਨਾਮ ਦੇਵਾਂਗੇ। ਰਾਮੂ ਅਨੁਸਾਰ ਫੂਕ-2 ਦੇ ਪਹਿਲੇ ਹੀ ਦ੍ਰਿਸ਼ ਵਿਚ ਜਾਦੂ ਟੂਣਾ ਕਰਨਾ ਵਾਲੀ ਇਕ ਮਹਿਲਾ ਭੂਤ ਬਣਕੇ ਆਵੇਗੀ ਅਤੇ ਤਾਂਤਰਿਕ ਨੂੰ ਮਾਰ ਦੇਵੇਗੀ। ਫੂਕ ਵਿਚ ਇਸੇ ਤਾਂਤਰਿਕ ਨੇ ਮਹਿਲਾ ਨੂੰ ਮਾਰ ਕੇ ਨਾਇਕ ਰਾਜੀਵ ਦੇ ਪਰਿਵਾਰ ਨੂੰ ਕਾਲੇ ਜਾਦੂ ਤੋਂ ਬਚਾਇਆ ਸੀ। ਉਨ੍ਹਾਂ ਲਿਖਿਆ ਹੈ ਕਿ ਰਾਜੀਵ ਦੇ ਪਰਿਵਾਰ ਨੂੰ ਇਸ ਫਿਲਮ ਵਿਚ ਹੋਰ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਹੁਣ ਖਲਨਾਇਕਾ ਭੂਤ ਬਣ ਜਾਵੇਗੀ ਅਤੇ ਰਾਜੀਵ ਨੂੰ ਬਚਾਉਣ ਵਾਲਾ ਤਾਂਤਰਿਕ ਵੀ ਨਹੀਂ ਹੋਵੇਗਾ। ਰਾਮੂ ਨੇ ਲਿਖਿਆ ਹੈ ਕਿ ਮੈਨੂੰ ਲੱਗਦਾ ਹੈ ਕਿ ਇਹ ਹੁਣ ਤੱਕ ਦੀ ਸਭ ਤੋਂ ਡਰਾਉਣੀ ਫਿਲਮ ਹੋਵੇਗੀ।



# ਪਾਣੀ 'ਚ ਫਿਲਮਾਂਕਣ ਦਾ ਰੁਝਾਨ ਵਧਿਆ

ਪਹਿਲਾਂ ਹਾਲੀਵੁੱਡ ਦੀਆਂ ਫਿਲਮਾਂ ਵਿਚ 'ਅੰਡਰ ਵਾਟਰ ਥੀਮ' ਭਾਵ ਪਾਣੀ ਜਾਂ ਸਮੁੰਦਰ ਵਿਚ ਜਾ ਕੇ ਦ੍ਰਿਸ਼ਾਂ ਨੂੰ ਫਿਲਮਾਇਆ ਗਿਆ, ਜੋ ਸਫਲ ਰਿਹਾ ਤੇ ਇਨ੍ਹਾਂ ਫਿਲਮਾਂ ਨੇ ਖੂਬ ਕਮਾਈ ਕੀਤੀ ਜਿਵੇਂ ਕਿ 1989 ਵਿਚਲੀਆਂ ਫਿਲਮਾਂ 'ਦਾ ਏਬਿਸ', 'ਦਾ ਲਿਟਲ ਮਰਮੇਡ' ਤੇ 'ਲੇਵੀਆਥਨ'। ਫਿਰ 'ਵਾਟਰਵਰਲਡ', 'ਡੀਪ ਡਬਲਿਊ ਸੀ', 'ਮੈਨ ਆਫ ਆਨਰ' 'ਸ਼ਾਰਕ ਟੇਲ', 'ਏਕਵੇਟਿਕ ਦਿਵ ਸਵੀਟ ਜਿਸਾਊ' ਤੇ 'ਇਨ ਟੂ ਦਾ ਬਲੂ' ਇਸੇ ਤਰਜ਼ 'ਤੇ ਬਣੀਆਂ। ਉਪਰੰਤ ਬਲੀਵੁੱਡ ਨੇ ਵੀ ਰੀਸੋ-ਰੀਸ ਪਾਣੀ ਦੇ ਅੰਦਰ ਸ਼ੂਟਿੰਗ ਕਰਨੀ ਸ਼ੁਰੂ ਕਰ ਦਿੱਤੀ ਤੇ 'ਅਨਮੋਲ ਮੋਤੀ' ਬਣਾਈ ਜੋ ਸਮੁੰਦਰ ਵਿਚੋਂ ਮੋਤੀ ਇਕੱਠੇ ਕਰਨ ਦੀ ਕਹਾਣੀ 'ਤੇ ਸੀ। ਨਿਰਮਾਤਾ-ਨਿਰਦੇਸ਼ਕ ਐਸ. ਡੀ. ਨਾਰੰਗ ਨੇ ਤਦ ਦਾਅਵਾ ਕੀਤਾ ਕਿ ਇਹ ਦੇਸ਼ ਦੀ ਪਹਿਲੀ ਅੰਡਰ ਵਾਟਰ ਹਿੰਦੀ ਫਿਲਮ ਹੈ, ਪਰ ਬਾਅਦ ਵਿਚ ਪਤਾ ਲੱਗਾ ਕਿ ਸਮੁੰਦਰ ਦੀ ਜਗ੍ਹਾ ਇਕ ਹੋਟਲ ਵਿਚਲੇ ਸਵਿਮਿੰਗ ਪੂਲ ਵਿਚ ਹੀ ਇਸਨੂੰ ਫਿਲਮਾਇਆ ਗਿਆ ਸੀ। ਫਿਰ 'ਲੱਕ', 'ਕਿਡਨੈਪ' ਤੇ 'ਥੋੜ੍ਹਾ ਪਿਆਰ ਥੋੜ੍ਹਾ ਮੈਜਿਕ' ਵਰਗੀਆਂ ਅੰਡਰ ਵਾਟਰ ਹਿੰਦੀ ਫਿਲਮਾਂ ਬਣੀਆਂ, ਪਰ ਅਸਫਲ ਰਹੀਆਂ। 'ਥੋੜ੍ਹਾ ਪਿਆਰ ਥੋੜ੍ਹਾ ਇਸ਼ਕ' ਵਿਚਲੀ ਨਾਇਕਾ ਅਮੀਸ਼ਾ ਪਟੇਲ ਨੇ ਅੰਧੇਰੀ ਦੇ 'ਦਾ ਕਲੱਬ' ਵਿਚੋਂ ਸਕੂਬਾ ਡਾਈਵਿੰਗ' ਦੀ ਸਿਖਲਾਈ ਲੈ ਕੇ ਇਕ ਗੀਤ ਸਵਿਮਿੰਗ ਪੂਲ ਦੇ 16 ਫੁੱਟ ਡੂੰਘੇ ਪਾਣੀ ਵਿਚ ਹੀਰੋ ਸੈਫ ਅਲੀ ਖਾਨ ਨੂੰ ਚੁੰਮਣ ਦੀ ਕੋਸ਼ਿਸ਼ ਕੀਤੀ ਸੀ। ਤਦ ਉਸਦੇ ਪਿੱਛੇ ਆਕਸੀਜਨ ਟੈਂਕੀ ਰੱਖੀ ਗਈ ਸੀ ਤਾਂ ਜੋ ਸਾਹ ਲੈਣਾ ਸੌਖਾ ਰਹੇ। ਫਲਾਪ ਫਿਲਮ 'ਦਰੋਣ' ਵਿਚ ਅਭਿਸ਼ੇਕ ਨੇ ਵੀ ਅੰਡਰ ਵਾਟਰ ਦ੍ਰਿਸ਼ ਲਈ ਕਾਫੀ ਮਿਹਨਤ ਕੀਤੀ ਸੀ। 'ਕਮਬਖਤ ਇਸ਼ਕ' ਵਿਚ ਅਕਸ਼ੈ ਕੁਮਾਰ ਨੇ ਅਜਿਹੇ ਕੰਮ ਖਾਤਰ ਸਕੂਲ ਡਾਈਵਿੰਗ ਸਰਟੀਫਿਕੇਟ ਪ੍ਰਾਪਤ ਕੀਤਾ ਅਤੇ ਇੰਜ ਹੀ ਨਸੀਰੂਦੀਨ ਸ਼ਾਹ, ਪ੍ਰਵੀਣ ਡਬਾਸ ਤੇ ਪਾਣੀ ਤੋਂ ਡਰਨ ਵਾਲੀ ਲਾਰਾ ਦੱਤਾ ਨੇ ਨਵੀਂ ਫਿਲਮ 'ਬਲੂ' ਖਾਤਰ ਸਰਟੀਫਿਕੇਟ ਹਾਸਲ ਕੀਤੇ। 'ਬੀਇੰਗ ਸਾਯਰਸ' ਦੇ ਨਿਰਦੇਸ਼ਕ ਹੋਮੀ ਅਡਜਾਨੀਆ ਕੋਲ ਵੀ ਅਜਿਹਾ ਹੀ ਸਰਟੀਫਿਕੇਟ ਹੈ।

'ਲੱਕ' ਵਿਚ ਮਿਥੁਨ, ਇਮਰਾਨ ਤੇ ਸ਼ਰੁਤੀ ਹਸਨ ਨੇ ਸਮੁੰਦਰ ਵਿਚ ਜਾ ਕੇ ਚਾਬੀਆਂ ਪ੍ਰਾਪਤ ਕਰਕੇ ਖੁਦ ਨੂੰ ਜਕੜਨ ਤੋਂ ਆਜ਼ਾਦ ਕਰਨਾ ਸੀ ਤੇ ਸਮੁੰਦਰ ਵਿਚ ਖਤਰਨਾਕ ਸ਼ਾਰਕ ਮੱਛੀਆਂ ਆਸਪਾਸ ਘੁੰਮ ਰਹੀਆਂ ਸਨ। ਇਮਰਾਨ ਖਾਨ ਦੀ 'ਕਿਡਨੈਪ' ਵਿਚ ਨਾਇਕਾ ਮਨੀਸ਼ਾ ਲਾਂਬਾ, ਸੰਜੇ ਦੱਤ ਤੇ ਇਮਰਾਨ ਵਿਚਕਾਰ ਖਤਰਨਾਕ ਟੱਕਰ ਸੀ ਤੇ ਮਨੀਸ਼ਾ ਤੈਰ ਰਹੀ ਸੀ। ਪ੍ਰਿਯ ਦਰਸ਼ਨ ਦੀ ਨਵੀਂ ਫਿਲਮ 'ਦੇ ਦਨਾ ਦਨ' ਸਿੰਗਾਪੁਰ ਬਾਰੇ ਹੈ ਪਰ ਸਾਰੇ ਅੰਡਰ ਵਾਟਰ ਸੀਨ ਫਿਲਮ ਸਿਟੀ ਮੁੰਬਈ ਵਿਚ ਹੀ ਫਿਲਮਾਏ ਗਏ ਹਨ, ਇਕ ਵੱਡੇ ਪਾਣੀ ਦੇ ਟੈਂਕ ਵਿਚ...। 'ਗੈਂਗਸਟਰ' ਵਿਚ ਇਮਰਾਨ ਹਾਸ਼ਮੀ ਤੇ ਕੰਗਣਾ ਰਾਣੌਤ ਅਤੇ ਪਿਆਰ ਕੇ ਸਾਈਡ ਇਫੈਕਟਸ ਵਿਚ ਰਹੁਲ ਬੋਸ ਤੇ ਮਲਿਕਾ ਸ਼ੇਰਾਵਤ ਨੇ ਅੰਡਰ ਵਾਟਰ ਦ੍ਰਿਸ਼ ਦਿੱਤੇ ਸਨ।

# ਬਿਪਾਸ਼ਾ ਨੇ ਬਣਾਈ ਫਿਟਨੈਸ ਵੀਡੀਓ

ਬਿਪਾਸ਼ਾ ਬਸੂ ਪਿਛਲੇ ਕੁਝ ਮਹੀਨਿਆਂ ਤੋਂ ਆਪਣੀ ਪਸੰਦੀਦਾ ਰੁਚੀ 'ਤੇ ਲੁਕਵੇਂ ਤੌਰ 'ਤੇ ਕੰਮ ਕਰ ਰਹੀ ਹੈ। ਉਸਦੀ ਫਿਟਨੈਸ ਵੀਡੀਓ 'ਦਿ ਫਿਟ ਐਂਡ ਦਿ ਫੈਬੂਲਸ' ਸਟੋਰਾਂ 'ਚ ਪਹੁੰਚ ਚੁੱਕੀ ਹੈ। ਉਸ ਨੇ ਆਪਣੇ ਇਸ ਡਰੀਮ ਪ੍ਰਜੈਕਟ ਬਾਰੇ ਕਿਹਾ ਕਿ ਇਹ ਕਾਫੀ ਔਖਾ ਕੰਮ ਸੀ। ਮੈਨੂੰ ਕੰਮ ਨਿਬੇੜਨਾ ਚੰਗਾ ਲੱਗਦਾ ਹੈ ਪਰ ਕਈ ਵਾਰ ਮੈਨੂੰ ਕਸਰਤ ਦੇ ਸਮੇਂ 'ਚੋਂ ਇਕ ਘੰਟਾ ਕੱਢਣਾ ਪੈਂਦਾ ਹੈ। ਇਹ ਵੀਡੀਓ ਉਨ੍ਹਾਂ ਲਈ ਹੈ, ਜਿਹੜੇ ਜਿਮ ਜਾਣ ਤੋਂ ਸ਼ਰਮਾਉਂਦੇ ਹਨ ਅਤੇ ਇਸ ਦਾ ਖਰਚਾ ਨਹੀਂ ਦੇ ਸਕਦੇ ਜਾਂ ਉਨ੍ਹਾਂ ਕੰਮਕਾਜੀ ਮਾਂਵਾਂ ਲਈ ਹੈ, ਜਿਹੜੀਆਂ ਸਮਾਂ ਕੱਢਣ ਲਈ ਜੱਦੋ-ਜਹਿਦ ਕਰਦੀਆਂ ਹਨ। ਇਹ ਕਿਸੇ ਬਾਲੀਵੁੱਡ ਐਕਟ੍ਰੈਸ ਦਾ ਦਿਲਪ੍ਰਚਾਵਾ ਨਹੀਂ ਹੈ। ਇਹ ਇਕ ਪੂਰੀ ਨਿਰੋਲ ਪਹਿਲਕਦਮੀ ਹੈ। ਡੀ. ਵੀ. ਡੀ. ਕੇਵਲ ਇਕ ਕਦਮ ਦੀ ਵੀਡੀਓ ਨਹੀਂ ਹੈ। ਮੈਂ ਫੈਸ਼ਨ ਤੋਂ ਲੈ ਕੇ ਭੋਜਨ ਤਕ ਫਿਟਨੈਸ ਦੇ ਸਮੁੱਚੇ ਨੁਸਖੇ ਇਸ ਵਿਚ ਭਰੇ ਹਨ। ਉਨ੍ਹਾਂ ਅੱਗੇ ਕਿਹਾ ਕਿ ਚਾਰ ਸਾਲ ਪਹਿਲਾਂ 'ਮਿਡ ਡੇ' ਵਿਚ ਇਕ ਲੇਖ ਛਪਿਆ ਸੀ 'ਬਿਪਾਸ਼ਾ ਮੋਟੀ ਹੋ ਗਈ।' ਇਸ ਨਾਲ ਮੇਰੀਆਂ ਅੱਖਾਂ ਖੁੱਲ੍ਹ ਗਈਆਂ। ਦਰਅਸਲ 'ਜਿਸਮ' ਅਤੇ 'ਗੁਨਾਹ' ਦੌਰਾਨ ਮੇਰਾ ਭਾਰ ਵਧ ਗਿਆ ਸੀ ਅਤੇ ਮੇਰਾ ਬੁਆਏਫ੍ਰੈਂਡ ਕਹਿਣ ਲੱਗ ਪਿਆ ਸੀ ਕਿ ਮੈਂ ਧਰਤੀ ਉਪਰ ਸਭ ਤੋਂ ਗਰਮ ਚੀਜ਼ ਹਾਂ, ਇਸ ਕਰਕੇ ਮੈਂ ਕਦੇ ਨਹੀਂ ਸੋਚਿਆ ਸੀ ਕਿ ਮੈਂ ਮੋਟੀ ਹਾਂ। ਅਖਬਾਰ ਨੇ ਜੋ ਵੀ ਲਿਖਿਆ ਸੀ, ਉਸ ਦੀ ਮੈਂ ਸ਼ਲਾਘਾ ਕਰਦੀ ਹਾਂ।

ਸ਼ੁਰੂ ਵਿਚ ਮੈਂ ਕਾਫੀ ਗਲਤੀਆਂ ਕੀਤੀਆਂ ਸਨ। ਵੇਟਸ ਨਾਲ ਮੇਰਾ ਗੋਡਾ ਜ਼ਖਮੀ ਵੀ ਹੋ ਗਿਆ ਸੀ, ਫਿਰ ਮੈਂ ਮਹਿਸੂਸ ਕੀਤਾ ਕਿ ਮੈਨੂੰ ਸਿਹਤ ਅਤੇ ਫਿਟਨੈਸ ਦਾ ਇਹ ਮਾਧਿਅਮ ਸਮਝਣ ਦੀ ਲੋੜ ਹੈ। ਮੈਂ ਟ੍ਰੇਨਰਾਂ ਨਾਲ ਯਾਤਰਾ ਅਤੇ ਗੱਲਬਾਤ ਸ਼ੁਰੂ ਕਰ ਦਿੱਤੀ। ਅੱਜ ਮੈਨੂੰ ਫਿਟਨੈਸ ਦੀ ਸਮਝ ਹੈ। ਕਿਸੇ ਵੀ ਤਰ੍ਹਾਂ ਦੀ ਸਰੀਰਕ ਕਸਰਤ ਮੇਰੇ ਲਈ ਭਗਤੀ ਜਾਂ ਪ੍ਰਾਰਥਨਾ ਵਾਂਗ ਹੈ। ਮੈਂ ਫਿਟਨੈਸ ਦੀ ਪਾਲਣਾ ਧਰਮ ਵਾਂਗ ਕਰਦੀ ਹਾਂ। ਮੈਨੂੰ ਆਪਣੇ ਬਦਲ ਪ੍ਰਤੀ ਪਿਆਰ ਅਤੇ ਮਾਣ ਹੈ। ਮੈਂ ਕਸਰਤ ਦਾ ਇਕ ਘੰਟਾ ਕਿਸੇ ਨਾਲ ਸਾਂਝਾ ਨਹੀਂ ਕਰਦੀ।



# ਲਾਰਾ ਦੇ ਕੈਰੀਅਰ 'ਚ ਹਰਿਆਲੀ



ਬਾਲੀਵੁੱਡ ਦੀ ਹੌਟ ਅਦਾਕਾਰਾ ਲਾਰਾ ਦੱਤਾ ਨੇ ਪ੍ਰਿਯੰਕਾ ਚੋਪੜਾ ਨਾਲ ਹੀ ਅਕਸ਼ੈ ਕੁਮਾਰ ਦੇ ਆਪੋਜ਼ਿਟ ਫਿਲਮ 'ਅੰਦਾਜ਼' ਰਾਹੀਂ ਆਪਣੇ ਅਦਾਕਾਰੀ ਦੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਫਿਲਮ 'ਹਿੱਟ' ਵੀ ਰਹੀ ਪਰ ਇਸ ਦੇ ਬਾਵਜੂਦ ਸਫਲਤਾ ਦੇ ਮਾਮਲੇ 'ਚ ਉਹ ਪ੍ਰਿਯੰਕਾ ਤੋਂ ਕਾਫੀ ਪੱਛੜ ਗਈ। ਭਾਵੇਂ ਬਾਅਦ 'ਚ ਉਸਨੇ ਕਈ ਫਿਲਮਾਂ ਜਿਵੇਂ ਨੋ ਐਂਟਰੀ, ਝੂਮ ਬਰਾਬਰ ਝੂਮ, ਪਾਰਟਨਰ ਆਦਿ 'ਚ ਬਿਹਤਰੀਨ ਅਦਾਕਾਰੀ ਦਾ ਨਮੂਨਾ ਪੇਸ਼ ਕੀਤਾ ਅਤੇ ਬਿੱਲੂ 'ਚ ਤਾਂ ਬਿਨਾ ਮੇਕਅਪ ਦੇ ਪਰਦੇ 'ਤੇ ਆ ਕੇ ਲੋਕਾਂ ਨੂੰ ਹੈਰਾਨ ਵੀ ਕੀਤਾ ਪਰ ਜਿਥੋਂ ਤਕ ਉਸਦੀ ਕਿਸਮਤ ਦੇ ਸਿਤਾਰੇ ਚਮਕਣ ਦੀ ਗੱਲ ਹੈ ਤਾਂ ਇਹ ਸੁੱਖ ਉਸਨੂੰ ਪਿਛਲੇ ਸਾਲ ਆਈ ਫਿਲਮ 'ਬਲਿਊ' ਤੋਂ ਨਸੀਬ ਹੋਇਆ।

ਬੇਸ਼ੱਕ ਬਾਕਸ ਆਫਿਸ 'ਤੇ ਇਹ ਫਿਲਮ ਢੇਰ ਹੋ ਗਈ ਪਰ ਇਸ 'ਚ ਕੰਮ ਕਰਨ ਨਾਲ ਲਾਰਾ ਦਾ ਕੈਰੀਅਰ ਉਡਾਰੀਆਂ ਮਾਰ ਰਿਹਾ ਹੈ। ਇਸ ਫਿਲਮ 'ਚ ਲਾਰਾ ਦੱਤਾ ਨੇ ਅਜਿਹੀ ਕੁੜੀ ਦਾ ਕਿਰਦਾਰ ਨਿਭਾਇਆ ਜੋ ਪਾਣੀ ਦੇ ਨੇੜੇ ਰਹਿ ਕੇ ਵੱਡੀ ਹੋਈ ਹੈ। ਇਸ ਫਿਲਮ ਲਈ ਲਾਰਾ ਨੇ ਖਾਸ ਤੌਰ 'ਤੇ ਸਵਿਮਿੰਗ ਦੀ ਸਿਖਲਾਈ ਲਈ ਸੀ ਤਾਂ ਕਿ ਸ਼ੂਟਿੰਗ 'ਚ ਕਿਸੇ ਕਿਸਮ ਦੀ ਰੁਕਾਵਟ ਨਾ ਆਵੇ। ਕੰਮ ਪ੍ਰਤੀ ਇਸ ਸਮਰਪਣ ਕਾਰਨ ਹੀ ਅੱਜ ਲਾਰਾ ਦੀ ਝੋਲੀ ਫਿਲਮਾਂ ਨਾਲ ਭਰੀ ਪਈ ਹੈ। ਲਾਰਾ ਦੱਤਾ ਦੀਆਂ ਆਉਣ ਵਾਲੀਆਂ ਫਿਲਮਾਂ 'ਚ ਔਰ ਦੇਵਦਾਸ, ਬੰਦਾ ਯੇ ਬਿੰਦਾਸ ਹੈ ਅਤੇ ਹਾਉਸਫੁਲ ਸ਼ਾਮਲ ਹਨ। ਕਿਹਾ ਜਾ ਸਕਦਾ ਹੈ ਕਿ ਬਲਿਊ ਨੇ ਲਾਰਾ ਦੇ ਸਿਤਾਰੇ ਬੁਲੰਦ ਕਰ ਦਿੱਤੇ ਹਨ।



ਦਿਲ ਪੰਜਾਬੀ...
ਡਿਸ਼ ਪੰਜਾਬੀ...
JANTA DI AWAZ
Punjabi Pack now includes
JUS one
the spiritual channel - no price increase!
PUNJABI PACK $19.99/mo.
jus punjabi
MH ONE
punjjabi
JUS one
LOCAL CHANNELS $9.99/mo.
abc CBS NBC FOX CW PBS
= $29.98/mo
Get Punjabi Pack with American Local channels and receive
- No equipment to buy
- Free Activation (with Agreement)
- Free DVR Upgrade ($6/mo. DVR Service fee applies)
- No Additional Service Access fee
Subscribe Today
1-888-242-2276
dish NETWORK INTERNATIONAL TV
Digital Home Advantage offer requires 24-month commitment and credit qualification. If service is terminated before the end of commitment, a cancellation fee of $17.50/month remaining will apply. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees will apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels only available in certain areas. Offer is subject to the terms of applicable Promotional and Residential Customer Agreements. Additional restrictions and fees may apply. First-time DISH Network customers only. Offer ends 5/31/10. © 2010, DISH Network L.L.C. All rights reserved.


ੴ
ਕੌਮੀ ਅਣਖ ਨੂੰ ਜੇ ਮਾਰੇ ਸੱਟ ਦੁਸ਼ਮਣ, ਉਥੇ ਸ਼ਾਂਤੀ ਦਾ ਨਿਰਾ ਨੀ ਜਾਪ ਹੁੰਦਾ
ਉਦੋਂ ਪੈਦਾ ਹੋਵੇ ਸੰਤ ਜਰਨੈਲ ਵਰਗਾ, ਉਦੋਂ ਜੰਮਦੇ ਨੇ ਸਿੰਘ ਸੂਰਮੇ
ਕੌਮਾਂ ਵਾਸਤੇ ਮਰਨ ਦਾ ਪਾਕ ਜਜ਼ਬਾ, ਪੈਦਾ ਦਿਲਾਂ ਦੇ ਅੰਦਰ ਆਪਣੇ ਆਪ ਹੁੰਦਾ
ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਜਿਨ੍ਹਾਂ ਨੇ ਸੁੱਤੀ ਸਿੱਖ ਕੌਮ ਜਗਾਈ ਅਤੇ ਆਪਣੇ ਹੱਕ ਲੈਣ ਲਈ ਕੌਮ ਨੂੰ ਪ੍ਰੇਰਤ ਕੀਤਾ।
ਉਸ ਮਹਾਨ ਸੂਰਮੇ, ਮਰਦ-ਏ-ਕੌਮ, ਜਰਨੈਲਾਂ ਦੇ ਜਰਨੈਲ ਦੇ 64ਵੇਂ ਜਨਮ
ਦਿਹਾੜੇ ਤੇ ਸਮੂਹ ਸਿੱਖ ਸੰਗਤਾਂ ਨੂੰ ਸੱਚ ਦੇ ਮਾਰਗ ਉਪਰ ਪਹਿਰਾ
ਦੇਣ ਦੀ ਬੇਨਤੀ ਕਰਦੇ ਹਾਂ।
EP
Easy Pay
CREDIT & DEBIT CARD PROCESSING CORP.
4401 Belle Terrace, Bakersfield CA 93309
Phone: 1800-258-1927 Fax:661-397-7741, 1888-327-6115
email: gurmann@hotmail.com
SINGH
PINLESS COMMUNICATION
www.singhpinless.com
$100 ਵਿਚ 100 ਘੰਟੇ
MANDEEP MANN (CEO)
661-889-1927